Start CDL TRAINING
Become Professional Truck Driver
www.cdlstart.com
startcdl@gmail.com
(844) 227-2162
We speak Hindi and English
START CDL TRAINING

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com

University Motors
3312 Klondike Rd, West Lafayette, IN 47906
Ph: 765-497-1100
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

ੴ
Regal Jewels
22kt Gold, & Diamonds
Best Jewelry Selection in the Midwest
SEE HOW YOU CAN SECURE YOUR FUTURE.
24KT GOLD
TALK TO OUR GOLD SPECIALIST
Rajveer Singh Gill
847-907-1525
www.RegalJewels.com




Twenty-Third Year of Publication
ਨਿਊ ਯਾਰਕ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 23, Issue 39, September 24, 2022 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਵੱਖਰੀ ਸਿੱਖ ਗੁਰਦੁਆਰਾ ਕਮੇਟੀ ’ਤੇ ਮੋਹਰ

## ਸੁਪਰੀਮ ਕੋਰਟ ਵੱਲੋਂ ਸ਼੍ਰੋਮਣੀ ਕਮੇਟੀ ਦੀਆਂ ਦਲੀਲਾਂ ਰੱਦ

**ਚੰਡੀਗੜ੍ਹ:** ਸੁਪਰੀਮ ਕੋਰਟ ਨੇ ਆਪਣੇ ਅਹਿਮ ਫੈਸਲੇ ਵਿਚ ਹਰਿਆਣਾ ਸਿੱਖ ਗੁਰਦੁਆਰਾ (ਮੈਨੇਜਮੈਂਟ) ਐਕਟ-2014 ਨੂੰ ਮਾਨਤਾ ਦੇ ਦਿੱਤੀ ਹੈ। ਸੁਪਰੀਮ ਕੋਰਟ ਦੇ ਜਸਟਿਸ ਹੇਮੰਤ ਗੁਪਤਾ ਦੀ ਅਗਵਾਈ ਵਾਲੇ ਦੋ ਮੈਂਬਰੀ ਬੈਂਚ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਹ ਦਲੀਲ ਰੱਦ ਕਰ ਦਿੱਤੀ ਹੈ ਕਿ ਹਰਿਆਣਾ ਸਰਕਾਰ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਕੰਟਰੋਲ ਕਰਨਾ ਚਾਹੁੰਦੀ ਹੈ।

ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿਚ ਸ਼੍ਰੋਮਣੀ ਕਮੇਟੀ ਦੀ ਪਟੀਸ਼ਨ ਰੱਦ ਕਰਦਿਆਂ ਹਰਿਆਣਾ ਸਿੱਖ ਗੁਰਦੁਆਰਾ (ਮੈਨੇਜਮੈਂਟ) ਐਕਟ-2014 ਦੀ ਮਾਨਤਾ ਬਹਾਲ ਰੱਖੀ ਹੈ। ਯਾਦ ਰਹੇ ਕਿ ਹਰਭਜਨ ਸਿੰਘ ਨਾਂ ਦੇ ਪਟੀਸ਼ਨਕਰਤਾ ਨੇ ਐਕਟ ਨੂੰ ਚੁਣੌਤੀ ਦਿੰਦਿਆਂ ਕਿਹਾ ਸੀ ਕਿ ਹਰਿਆਣਾ ਅਸੈਂਬਲੀ ਕੋਲ ਗੁਰਦੁਆਰਾ ਪ੍ਰਬੰਧਨ ਬਾਬਤ ਕਾਨੂੰਨ ਪਾਸ ਕਰਨ ਦਾ ਅਧਿਕਾਰ ਨਹੀਂ ਹੈ। ਪਟੀਸ਼ਨਕਰਤਾ ਨੇ ਇਸ ਐਕਟ ਨੂੰ ਸਿੱਖ ਗੁਰਦੁਆਰਾ ਐਕਟ-1925 ਅਤੇ ਦਿ ਸਟੇਟ ਰੀਆਰਗੇਨਾਈਜੇਸ਼ਨ ਐਕਟ-1956, ਪੰਜਾਬ ਪੁਨਰ ਗਠਨ ਐਕਟ-1966 ਅਤੇ ਅੰਤਰ ਸੂਬਾਈ ਸਹਿਯੋਗ ਐਕਟ-1957 ਦੀ ਉਲੰਘਣਾ ਦੱਸਿਆ ਸੀ।

ਇਸ ਤੋਂ ਪਹਿਲਾਂ ਭਾਰਤ ਦੀ ਸਰਬਉੱਚ ਅਦਾਲਤ ਨੇ ਇਸ ਮਾਮਲੇ ਉਤੇ 2 ਸਤੰਬਰ ਨੂੰ ਫੈਸਲਾ ਰਾਖਵਾਂ ਰੱਖ ਲਿਆ ਸੀ। ਸੁਪਰੀਮ ਕੋਰਟ ਦੇ ਇਸ ਫੈਸਲੇ ਤੋਂ ਬਾਅਦ ਹੁਣ ਹਰਿਆਣਾ ਵਿਚਲੇ ਇਤਿਹਾਸਕ ਸਿੱਖ ਗੁਰਦੁਆਰਿਆਂ ਦੀ ਸਾਂਭ-ਸੰਭਾਲ ਤੇ ਪ੍ਰਬੰਧ ਚਲਾਉਣ ਲਈ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਾਨੂੰਨੀ ਤੌਰ ਉਤੇ ਮਾਨਤਾ ਹਾਸਲ ਹੋ ਗਈ ਹੈ। ਇਸ ਤੋਂ ਪਹਿਲਾਂ ਸਿੱਖ ਗੁਰਦੁਆਰਾ ਐਕਟ-1925 ਤਹਿਤ ਹੋਂਦ ਵਿਚ ਆਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਜਾਬ, ਹਰਿਆਣਾ, ਹਿਮਾਚਲ ਤੇ ਚੰਡੀਗੜ੍ਹ ਵਿਚਲੇ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਸੰਭਾਲ ਕਰਦੀ ਸੀ।




### ਸ਼੍ਰੋਮਣੀ ਕਮੇਟੀ ਵੱਲੋਂ ਵਿਰੋਧ, ਹਰਿਆਣਾ ਕਮੇਟੀ ਵੱਲੋਂ ਸਵਾਗਤ

**ਚੰਡੀਗੜ੍ਹ:** ਹਰਿਆਣਾ ਦੇ ਸਿੱਖਾਂ ਵੱਲੋਂ ਜਿਥੇ ਫੈਸਲਾ ਦਾ ਸਵਾਗਤ ਕੀਤਾ ਜਾ ਰਿਹਾ ਹੈ, ਉਥੇ ਸ਼੍ਰੋਮਣੀ ਕਮੇਟੀ ਨੇ ਇਸ ਫੈਸਲੇ ਨੂੰ ਚੁਣੌਤੀ ਦੇਣ ਦੀ ਗੱਲ ਆਖੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਿਹਾ ਕਿ ਭਾਰਤ ਦੀ ਸਰਵਉੱਚ ਅਦਾਲਤ ਦੇ ਇਸ ਫੈਸਲੇ ਨਾਲ ਸਿੱਖ ਕੌਮ ਕਮਜ਼ੋਰ ਹੋਈ ਹੈ। ਇਹ ਸਿੱਧੇ ਤੌਰ ‘ਤੇ ਸਿੱਖ ਧਰਮ ਵਿਚ ਦਖ਼ਲ-ਅੰਦਾਜ਼ੀ ਹੈ ਜੋ ਕਿ ਬੇਹੱਦ ਮੰਦਭਾਗੀ ਹੈ। ਬਲਜੀਤ ਸਿੰਘ ਦਾਦੂਵਾਲ ਨੇ ਹਰਿਆਣਾ ਦੇ ਸਿੱਖਾਂ ਤੇ ਵੱਖਰੀ ਕਮੇਟੀ ਦੇ ਸਾਰੇ ਸਮਰਥਕਾਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਸ ਫੈਸਲੇ ਨਾਲ ਹਰਿਆਣਾ ਦੇ ਸਿੱਖਾਂ ਨੂੰ ਸੂਬੇ ਦੇ ਸਾਰੇ ਇਤਿਹਾਸਕ ਗੁਰਦੁਆਰਿਆਂ, ਸਕੂਲਾਂ, ਕਾਲਜਾਂ ਅਤੇ ਸੰਸਥਾਵਾਂ ਦੀ ਸੰਭਾਲ ਮਿਲੇਗੀ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ।

ਚੇਤੇ ਰਹੇ ਕਿ ਹਰਿਆਣਾ ਦੇ ਸਿੱਖਾਂ ਵੱਲੋਂ ਸੂਬੇ ਦੀ ਵੱਖਰੀ ਕਮੇਟੀ ਦੀ ਮੰਗ ਪਿਛਲੇ ਕਈ ਦਹਾਕਿਆਂ ਤੋਂ ਕੀਤੀ ਜਾ ਰਹੀ ਸੀ। ਹਰਿਆਣਾ ਦੇ ਕਈ ਸਿੱਖ ਆਗੂਆਂ ਦਾ ਇਲਜ਼ਾਮ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਰਿਆਣਾ ਦੇ ਸਿੱਖਾਂ ਨਾਲ ਮਤਭੇਦ ਕਰਦੀ ਹੈ। ਸ਼੍ਰੋਮਣੀ ਕਮੇਟੀ ਦੀ ਸੱਤਾਧਾਰੀ ਧਿਰ ਅਕਾਲੀ ਦਲ ਅਤੇ ਪੰਜਾਬ ਦੇ ਕਈ ਪੰਥਕ ਆਗੂ ਇਨ੍ਹਾਂ ਇਲਜ਼ਾਮਾਂ ਨੂੰ ਰੱਦ ਕਰਦੇ ਰਹੇ ਹਨ, ਉਨ੍ਹਾਂ ਦਾ ਕਹਿਣਾ ਸੀ ਕਿ ਸ਼੍ਰੋਮਣੀ ਕਮੇਟੀ ਨੂੰ ਕਮਜ਼ੋਰ ਕਰਨ ਅਤੇ ਸਿੱਖ ਭਾਈਚਾਰੇ ਵਿਚ ਵੰਡੀਆਂ ਪੁਆਉਣ ਦੀ ਸਿਆਸੀ ਸਾਜ਼ਿਸ਼ ਤਹਿਤ ਇਹ ਮੰਗ ਕੀਤੀ ਜਾ ਰਹੀ ਹੈ ਪਰ ਸੂਬੇ ਦੇ ਸਿੱਖਾਂ ਦੀ ਮੰਗ ਨੂੰ ਲੈ ਕੇ ਭੁਪਿੰਦਰ ਸਿੰਘ ਹੁੱਡਾ ਦੀ ਸਰਕਾਰ ਨੇ ਹਰਿਆਣਾ ਦੀ ਵੱਖਰੀ ਕਮੇਟੀ ਕਾਇਮ ਕਰਨ ਲਈ ਕੈਬਨਿਟ ਮੰਤਰੀ ਹਰਮੋਹਿੰਦਰ ਸਿੰਘ ਚੱਠਾ ਤੇ ਰਣਦੀਪ ਸਿੰਘ ਸੂਰਜੇਵਾਲਾ ਦੀ ਅਗਵਾਈ ਵਿਚ ਦੋ ਕਮੇਟੀਆਂ ਦਾ ਗਠਨ ਕੀਤਾ ਸੀ। ਇਨ੍ਹਾਂ ਕਮੇਟੀਆਂ ਨੇ ਹਰਿਆਣਾ ਦੇ ਸਿੱਖਾਂ ਨਾਲ ਬੈਠਕਾਂ ਕਰਨ ਤੋਂ ਬਾਅਦ ਸੂਬੇ ਦੀ ਵੱਖਰੀ ਕਮੇਟੀ ਬਣਾਉਣ ਦੀ ਸਿਫਾਰਸ਼ ਕੀਤੀ ਸੀ। ਜਿਸ ਤੋਂ ਬਾਅਦ ਹਰਿਆਣਾ ਵਿਧਾਨ ਸਭਾ ਨੇ ਇਸ ਬਾਬਤ ਬਿੱਲ ਪਾਸ ਕੀਤਾ। 26 ਜੁਲਾਈ 2014 ਨੂੰ ਹਰਿਆਣਾ ਗੁਰਦੁਆਰਾ ਕਮੇਟੀ ਹੋਂਦ ਵਿਚ ਆਈ ਅਤੇ ਜਗਦੀਸ਼ ਸਿੰਘ ਝੀਂਡਾ ਇਸ ਦੇ ਪਹਿਲੇ ਪ੍ਰਧਾਨ ਬਣੇ ਸਨ।

ਇਸ ਵੇਲੇ ਬਲਜੀਤ ਸਿੰਘ ਦਾਦੂਵਾਲ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਨ। ਹਰਿਆਣਾ ਦੀ ਵੱਖਰੀ ਕਮੇਟੀ ਬਣਾਏ ਜਾਣ ਖਿਲਾਫ ਸ਼੍ਰੋਮਣੀ ਕਮੇਟੀ ਨੇ ਅਦਾਲਤ ਦਾ ਰੁਖ ਕੀਤਾ ਅਤੇ ਹਰਿਆਣਾ ਸਿੱਖ ਗੁਰਦੁਆਰਾ (ਪ੍ਰਬੰਧਕ) ਐਕਟ-2014 ਨੂੰ ਚੁਣੌਤੀ ਦਿੱਤੀ ਜਿਸ ਦੀ ਸੁਣਵਾਈ ਪਿਛਲੇ ਲੰਮੇ ਸਮੇਂ ਤੋਂ ਸੁਪਰੀਮ ਕੋਰਟ ਵਿਚ ਸੁਣਵਾਈ ਅਧੀਨ ਸੀ। ਹੁਣ ਸੁਪਰੀਮ ਕੋਰਟ ਦੇ ਫੈਸਲਾ ਹਰਿਆਣਾ ਕਮੇਟੀ ਦੇ ਹੱਕ ਵਿਚ ਸੁਣਾਇਆ ਹੈ। ਇਹ ਫੈਸਲਾ ਧਾਰਮਿਕ ਮਸਲਿਆਂ ਦੇ ਨਾਲ-ਨਾਲ ਪੰਥਕ ਸਿਆਸਤ ਦੇ ਸਮੀਕਰਨ ਬਦਲਣ ਵਾਲਾ ਸਾਬਤ ਹੋ ਸਕਦਾ ਹੈ।

# ਬਿਜਲੀ ਵੰਡ ਪ੍ਰਾਈਵੇਟ ਹੱਥਾਂ ’ਚ ਦੇਣ ਨੂੰ ਹਰੀ ਝੰਡੀ

**ਚੰਡੀਗੜ੍ਹ:** ਕੇਂਦਰ ਸਰਕਾਰ ਬਿਜਲੀ ਖੇਤਰ ਦੇ ਤਮਾਮ ਫੈਸਲੇ ਹੱਥ ਲੈਣ ਅਤੇ ਨਿੱਜੀ ਕਾਰਪੋਰੇਟ ਘਰਾਣਿਆਂ ਦੇ ਕਬਜ਼ੇ ਲਈ ਰਾਹ ਤਿਆਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਕੇਂਦਰ ਸਰਕਾਰ ਨੇ ਹੁਣ ਸੂਬਾਈ ਹਿੱਤਾਂ ਦੀ ਅਣਦੇਖੀ ਕਰ ਕੇ ਸੂਬਿਆਂ ਵਿਚ ਬਿਜਲੀ ਵੰਡ ਦਾ ਕੰਮ ਪ੍ਰਾਈਵੇਟ ਹੱਥਾਂ ਵਿਚ ਦੇਣ ਨੂੰ ਹਰੀ ਝੰਡੀ ਦੇ ਦਿੱਤੀ ਹੈ।

ਕੇਂਦਰੀ ਬਿਜਲੀ ਮੰਤਰਾਲੇ ਵੱਲੋਂ ਹੁਣ ਨਵਾਂ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ ਜਿਸ ਤਹਿਤ ਕੇਂਦਰੀ ‘ਡਿਸਟ੍ਰੀਬਿਊਸ਼ਨ ਆਫ ਇਲੈਕਟ੍ਰੀਸਿਟੀ ਲਾਇਸੈਂਸ ਰੂਲਜ਼-2022’ ਬਣਾਏ ਗਏ ਹਨ। ਇਨ੍ਹਾਂ ਨੇਮਾਂ ਜ਼ਰੀਏ ਸੂਬਿਆਂ ਵਿਚ ਬਿਜਲੀ ਵੰਡ ਲਈ ਲਾਇਸੈਂਸ ਦੇਣ ਲਈ ਘੱਟੋ-ਘੱਟ ਖੇਤਰ ਨਿਰਧਾਰਿਤ ਕੀਤੇ ਗਏ ਹਨ। ਨਵੇਂ ਨੇਮਾਂ ਅਨੁਸਾਰ ਇਕੱਲੇ ਨਗਰ ਨਿਗਮ ਦੇ ਖੇਤਰ ਜਾਂ ਤਿੰਨ ਇਕੱਠੇ ਜ਼ਿਲ੍ਹਿਆਂ ਜਾਂ ਘੱਟੋ-ਘੱਟ ਖੇਤਰ ਲਈ ਵੱਖਰੇ ਤੌਰ ‘ਤੇ ਵੀ ਬਿਜਲੀ ਵੰਡ ਦਾ ਕੰਮ ਪ੍ਰਾਈਵੇਟ ਲਾਇਸੈਂਸੀ ਨੂੰ ਦਿੱਤਾ ਜਾ ਸਕਦਾ ਹੈ। ਸਾਫ ਹੈ ਕਿ ਪ੍ਰਾਈਵੇਟ ਕੰਪਨੀਆਂ ਉਨ੍ਹਾਂ ਸ਼ਹਿਰਾਂ ‘ਚ ਬਿਜਲੀ ਵੰਡ ਦਾ ਕੰਮ ਲੈਣ ਵਿਚ ਦਿਲਚਸਪੀ ਦਿਖਾਉਣਗੀਆਂ ਜਿਥੇ ਮੁਨਾਫੇ ਦੀ ਸੰਭਾਵਨਾ ਜ਼ਿਆਦਾ ਹੋਵੇਗੀ।

ਯਾਦ ਰਹੇ ਕਿ ਸੰਸਦ ਅੰਦਰ ਵਿਰੋਧੀ ਧਿਰ ਤੇ ਬਾਹਰ ਕਿਸਾਨਾਂ ਤੇ ਹੋਰ ਲੋਕਾਂ ਦੇ ਵਿਰੋਧ ਕਾਰਨ ਬਿਜਲੀ ਸੋਧ ਕਾਨੂੰਨ-2020 ਭਾਵੇਂ ਸੰਸਦ ਦੀ ਸਟੈਂਡਿੰਗ ਕਮੇਟੀ ਕੋਲ ਭੇਜ ਦਿੱਤਾ ਗਿਆ ਪਰ ਕੇਂਦਰ ਨੇ ਕਾਰਜਕਾਰੀ ਤਰੀਕੇ ਨਾਲ ਹੀ ਤਾਕਤਾਂ ਹਾਸਲ ਕਰਨ ਦਾ ਤਰੀਕਾ ਅਪਣਾ ਲਿਆ ਹੈ। ਬਿਜਲੀ ਨਿਯਮਾਂ ‘ਚ ਤਬਦੀਲੀ ਕਰਕੇ ਕੇਂਦਰ ਦਾ ਕੰਟਰੋਲ ਮਜ਼ਬੂਤ ਕਰਨ ਅਤੇ ਨਿੱਜੀਕਰਨ ਦਾ ਰਾਹ ਪੱਧਰਾ ਕੀਤਾ ਜਾ ਰਿਹਾ ਹੈ।


*(ਬਾਕੀ ਸਫਾ 6 ‘ਤੇ)*




M Vivek Malik
Law Office of M Vivek Malik
Toll free no 866-424-4000
ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰੋ
ACCOMPLISHED IMMIGRATION Attorneys Help FAMILIES REUNITE in the UNITED STATES
Our Global & Nationwide Services in the field of U.S. Immigration & Nationality law
Business immigration & worksite compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇੰਸ
Family & general immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ
Naturalization & citizenship
ਨੈਚੁਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ
Removal defense & waivers
Our offices
432 S. Emerson Ave, Suite 220, Greenwood, IN 46143
Ph: 317 560 4777
1067 N Mason Rd, Suite 4, St Louis, Missouri 63141
Ph: 314-416-8000
2440 W Shaw Ave, Suite 205, Fresno, California 93711
Ph: 559-578-4344
www.usa.immigrationlaw.com


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
ਪੰਜਾਬੀ ਭਰਾਵਾਂ ਦੀ ਸੇਵਾ ’ਚ ਹਰ ਪਲ ਹਾਜ਼ਰ
120-20 101 Ave. S. Richmond Hill, New York 11419



Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
100% OWNER OPERATOR COMPANY
Pay Single 60 Cent + Team 70 Cent
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਉਂਟ
XPressCargo
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com

# ਪਰਾਲੀ: ਕੇਂਦਰ ਦੀ ਨਾਂਹ ਪਿੱਛੋਂ ਪੰਜਾਬ ਅਤੇ ਦਿੱਲੀ ਸਰਕਾਰ ਨੇ ਸੰਭਾਲਿਆ ਮੋਰਚਾ



**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਮਿਲੇ ਕੋਰੇ ਜਵਾਬ ਪਿੱਛੋਂ ਪਰਾਲੀ ਦੇ ਪ੍ਰਬੰਧਨ ਲਈ ਪੰਜਾਬ ਤੇ ਦਿੱਲੀ ਸਰਕਾਰ ਨੇ ਸਾਂਝੇ ਤੌਰ 'ਤੇ ਪਹਿਲ ਕੀਤੀ ਹੈ ਜਿਸ ਤਹਿਤ ਪੰਜਾਬ ਵਿਚ ਪੂਸਾ ਬਾਇਓ ਡੀ ਕੰਪੋਜ਼ਰ ਦਾ 5000 ਏਕੜ ਵਿਚ ਪਾਇਲਟ ਪ੍ਰੋਜੈਕਟ ਕਰਨ ਦਾ ਫੈਸਲਾ ਕੀਤਾ ਗਿਆ ਹੈ। ਦੱਸ ਦਈਏ ਕਿ ਕੇਂਦਰ ਨੇ ਪੰਜਾਬ ਦੇ ਕਿਸਾਨਾਂ ਨੂੰ ਇਸ ਸਬੰਧੀ ਮੁਆਵਜ਼ਾ ਦੇਣ ਤੋਂ ਹੱਥ ਖਿੱਚ ਲਏ ਸਨ।

ਪੰਜਾਬ ਦੇ ਖੇਤੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕੇਂਦਰ ਸਰਕਾਰ ਵੱਲੋਂ ਕਿਸਾਨ ਵਿਰੋਧੀ ਅਪਣਾਏ ਰੁਖ ਦੀ ਨਿਖੇਧੀ ਕੀਤੀ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਕੇਂਦਰ ਸਰਕਾਰ ਨੇ ਪਰਾਲੀ ਪ੍ਰਬੰਧਨ ਲਈ ਪੰਜਾਬ ਦੇ ਕਿਸਾਨਾਂ ਨੂੰ ਮੁਆਵਜ਼ਾ ਜਾਂ ਵਿੱਤੀ ਸਹਾਇਤਾ ਦੇਣ ਦੀ ਮੰਗ ਨੂੰ ਠੁਕਰਾ ਦਿੱਤਾ ਸੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਸੂਬੇ ਦੇ ਕਿਸਾਨਾਂ ਦੀ ਮਦਦ ਕਰਨ ਤੋਂ ਨਾਂਹ ਕਰ ਦਿੱਤੀ ਹੈ, ਪਰ ਪੰਜਾਬ ਸਰਕਾਰ ਪਰਾਲੀ ਨੂੰ ਅੱਗ ਲਾਉਣ ਤੋਂ ਹੋਣ ਵਾਲੇ ਪ੍ਰਦੂਸ਼ਣ ਨੂੰ ਰੋਕਣ ਲਈ ਆਪਣੇ ਪੱਧਰ 'ਤੇ ਹਰ ਹੀਲਾ ਵਸੀਲਾ ਵਰਤੇਗੀ। ਜਾਣਕਾਰੀ ਦਿੰਦਿਆਂ ਖੇਤੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਇਸ ਬਾਰੇ ਨਵੀਂ ਦਿੱਲੀ ਵਿਚ ਉਚ ਪੱਧਰੀ ਮੀਟਿੰਗਾਂ ਕੀਤੀਆਂ ਗਈਆਂ। ਉਹ ਇਸ ਸਬੰਧੀ ਪਹਿਲਾਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਮਿਲੇ। ਮਗਰੋਂ ਦਿੱਲੀ ਦੇ ਖੇਤੀ ਮੰਤਰੀ ਗੋਪਾਲ ਰਾਏ ਨਾਲ ਵੀ ਮੁਲਾਕਾਤ ਕੀਤੀ। ਇਹ ਪ੍ਰੋਜੈਕਟ ਦੋਵੇਂ ਸੂਬਿਆਂ ਦੀਆਂ ਸਰਕਾਰਾਂ ਵੱਲੋਂ ਮਿਲ ਕੇ ਪੰਜਾਬ ਵਿਚ ਕੀਤਾ ਜਾਵੇਗਾ।

ਸ੍ਰੀ ਧਾਲੀਵਾਲ ਨੇ ਨੇ ਕਿਹਾ ਕਿ ਡੀ ਕੰਪੋਜ਼ਰ ਉਹ ਵਿਧੀ ਹੈ, ਜਿਸ ਰਾਹੀਂ ਪਰਾਲੀ ਛਿੜਕਾਅ ਤੋਂ ਬਾਅਦ ਬਿਨਾਂ ਜਲਾਏ ਖੇਤ ਵਿਚ ਮਿੱਟੀ 'ਚ ਰਲਾ ਦਿੱਤੀ ਜਾਂਦੀ ਹੈ। ਪੰਜਾਬ ਸਰਕਾਰ ਵੱਲੋਂ ਝੋਨੇ ਦੀ ਪਰਾਲੀ ਤੋਂ ਹੋਣ ਵਾਲੇ ਪ੍ਰਦੂਸ਼ਣ ਨੂੰ ਰੋਕਣ ਤਹਿਤ ਜਾਗਰੂਕ ਤੇ ਚੌਕਸੀ ਟੀਮਾਂ ਦੀ ਪ੍ਰਚਾਰ ਮੁਹਿੰਮ ਅਤੇ ਖੇਤੀਬਾੜੀ ਸੰਦਾਂ ਉਤੇ ਸਬਸਿਡੀ ਮੁਹੱਈਆ ਕਰਵਾਉਣਾ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਪਰਾਲੀ ਨਾ ਸਾੜਨ ਲਈ ਕਿਸਾਨਾਂ ਨੂੰ ਜਾਗਰੂਕ ਕਰਨ ਦੇ ਨਾਲ-ਨਾਲ ਖੇਤੀ ਸੰਦ ਵੀ ਸਸਤੇ ਭਾਅ 'ਤੇ ਮੁਹੱਈਆ ਕਰਵਾਏ ਜਾਣਗੇ।

## ਵਿਗਿਆਨਕ ਤਰੀਕੇ ਰਾਹੀਂ ਪਰਾਲੀ ਦਾ ਹੱਲ ਕਰਾਂਗੇ: ਆਪ

**ਚੰਡੀਗੜ੍ਹ:** ਆਪ ਸਰਕਾਰ ਨੇ ਆਖਿਆ ਹੈ ਕਿ ਪਰਾਲੀ ਸਾੜਨ ਨਾਲ ਹੋਣ ਵਾਲੇ ਪ੍ਰਦੂਸ਼ਣ ਤੋਂ ਰਾਹੀਂ ਨਿਜਾਤ ਦਿਵਾਉਣ ਤੇ ਵਿਗਿਆਨਕ ਤਰੀਕਿਆਂ ਦੀ ਖੋਜ ਨਾਲ ਪਰਾਲੀ ਤੋਂ ਬਿਜਲੀ ਪੈਦਾ ਕਰਕੇ ਕਿਸਾਨਾਂ ਦੀ ਆਮਦਨ ਵਿਚ ਵਾਧਾ ਕਰਨਾ ਸੂਬਾ ਸਰਕਾਰ ਦੀ ਪ੍ਰਮੁੱਖ ਤਰਜੀਹ ਹੋਵੇਗੀ। ਪੰਜਾਬ ਦੇ ਵਾਤਾਵਰਨ ਤੇ ਸਾਇੰਸ ਤਕਨਾਲੋਜੀ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਦੱਸਿਆ ਕਿ ਪਿੰਡ ਸ਼ਾਹਪੁਰ ਵਿਖੇ ਸ੍ਰੀ ਗਣੇਸ਼ ਐਡੀਬਲਜ ਪ੍ਰਾਈਵੇਟ ਲਿਮਟਿਡ ਵੱਲੋਂ ਪਟਿਆਲਾ, ਫਤਹਿਗੜ੍ਹ ਸਾਹਿਬ ਤੇ ਲੁਧਿਆਣਾ ਜ਼ਿਲ੍ਹੇ ਵਿਚ ਪੈਂਦੇ ਪਿੰਡਾਂ ਦੀ ਝੋਨੇ ਦੀ ਪਰਾਲੀ ਦਾ ਸੁਚੱਜਾ ਪ੍ਰਬੰਧਨ ਕੀਤਾ ਜਾ ਰਿਹਾ ਹੈ, ਜਿਸ ਵੱਲੋਂ ਪਿਛਲੇ ਸੀਜ਼ਨ ਵਿਚ ਝੋਨੇ ਦੀ ਪਰਾਲੀ ਦੀ ਚੁਕਾਈ ਲਈ 135 ਰੁਪਏ ਪ੍ਰਤੀ ਕੁਇੰਟਲ ਦਿੱਤੇ ਗਏ ਸਨ।

# ਸਰਕਾਰੀ ਨੌਕਰੀਆਂ ਦੀ ਭਰਤੀ ਪ੍ਰਕਿਰਿਆ 'ਚ ਤੇਜ਼ੀ ਦੇ ਹੁਕਮ




**ਚੰਡੀਗੜ੍ਹ:** ਪੰਜਾਬ ਦੇ ਮੁੱਖ ਸਕੱਤਰ ਵੀ. ਕੇ. ਜੰਜੂਆ ਨੇ ਵੱਖ-ਵੱਖ ਵਿਭਾਗਾਂ ਦੇ ਉਚ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਸਰਕਾਰੀ ਨੌਕਰੀਆਂ ਦੀ ਭਰਤੀ ਪ੍ਰਕਿਰਿਆ ਵਿਚ ਤੇਜ਼ੀ ਲਿਆਉਣ ਉਤੇ ਜ਼ੋਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਪਹਿਲੇ ਦਿਨ ਤੋਂ ਹੀ ਪੰਜਾਬ ਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਬਹੁਤ ਸਾਰੇ ਮੌਕੇ ਪੈਦਾ ਕਰ ਰਹੀ ਹੈ।

ਨੌਜਵਾਨਾਂ ਨੂੰ ਵਿਦੇਸ਼ਾਂ ਵਿਚ ਜਾਣ ਤੋਂ ਰੋਕਣ ਲਈ ਮੁੱਖ ਮੰਤਰੀ ਵੱਲੋਂ ਵੱਧ ਤੋਂ ਵੱਧ ਨੌਜਵਾਨਾਂ ਨੂੰ ਪੰਜਾਬ ਵਿਚ ਹੀ ਰੁਜ਼ਗਾਰ ਮੁਹੱਈਆ ਕਰਵਾਉਣ ਦੇ ਟੀਚੇ ਦੀ ਪ੍ਰਾਪਤੀ ਲਈ ਮੁੱਖ ਸਕੱਤਰ ਨੇ ਸਾਰੇ ਵਿਭਾਗਾਂ ਨੂੰ ਸਮੇਂ ਸਿਰ ਭਰਤੀ ਮੁਕੰਮਲ ਕਰਨ ਦੀਆਂ ਹਦਾਇਤਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਜਿਹੜੇ ਵੀ ਵਿਭਾਗਾਂ ਵਿਚ ਭਰਤੀ ਪ੍ਰਕਿਰਿਆ ਚੱਲ ਰਹੀ ਹੈ, ਉਸ ਨੂੰ ਸਮੇਂ ਸਿਰ ਮੁਕੰਮਲ ਕਰਨ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ ਤਾਂ ਜੋ ਜ਼ਿਆਦਾ ਤੋਂ ਜ਼ਿਆਦਾ ਮੁੰਡੇ-ਕੁੜੀਆਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕੀਤੇ ਜਾ ਸਕਣ।

ਉਨ੍ਹਾਂ ਹਦਾਇਤ ਕੀਤੀ ਕਿ ਸਾਰੀ ਭਰਤੀ ਪ੍ਰਕਿਰਿਆ ਪਾਰਦਰਸ਼ੀ ਤਰੀਕੇ ਨਾਲ ਨੇਪਰੇ ਚਾੜ੍ਹੀ ਜਾਵੇ। ਮੀਟਿੰਗ ਦੌਰਾਨ ਮੁੱਖ ਸਕੱਤਰ ਨੂੰ ਦੱਸਿਆ ਕਿ ਵੱਖ-ਵੱਖ 24 ਵਿਭਾਗਾਂ ਵਿਚ 26 ਹਜ਼ਾਰ 454 ਅਸਾਮੀਆਂ ਲਈ ਭਰਤੀ ਪ੍ਰਕਿਰਿਆ ਚੱਲ ਰਹੀ ਹੈ, ਜਿਨ੍ਹਾਂ ਵਿਭਾਗਾਂ ਵਿਚ ਭਰਤੀ ਕੀਤੀ ਜਾਣੀ ਹੈ, ਉਨ੍ਹਾਂ ਵਿਚ ਗ੍ਰਹਿ ਵਿਭਾਗ (ਪੁਲਿਸ), ਸਕੂਲੀ ਸਿੱਖਿਆ (ਅਧਿਆਪਕਾਂ ਦੀ ਭਰਤੀ), ਸਿਹਤ, ਬਿਜਲੀ, ਤਕਨੀਕੀ ਸਿੱਖਿਆ, ਵਿੱਤ ਵਿਭਾਗ, ਪੇਂਡੂ ਵਿਕਾਸ, ਸਹਿਕਾਰੀ ਵਿਭਾਗ ਅਤੇ ਜਲ ਸਪਲਾਈ ਵਿਭਾਗ ਪ੍ਰਮੁੱਖ ਹਨ।

# ਅਫਗਾਨ ਸਰਕਾਰ ਵੱਲੋਂ ਪਾਵਨ ਸਰੂਪ ਭਾਰਤ ਲਿਆਉਣ 'ਤੇ ਰੋਕ



**ਅੰਮ੍ਰਿਤਸਰ:** ਅਫ਼ਗਾਨਿਸਤਾਨ ਦੀ ਤਾਲਿਬਾਨ ਸਰਕਾਰ ਨੇ ਉਥੇ ਰਹਿੰਦੇ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਆਪਣੇ ਦੇਸ਼ ਤੋਂ ਬਾਹਰ ਲਿਜਾਣ 'ਤੇ ਰੋਕ ਲਾ ਦਿੱਤੀ ਹੈ। ਅਫ਼ਗਾਨਿਸਤਾਨ ਵਿਚ ਤਾਲਿਬਾਨ ਸਰਕਾਰ ਦੇ ਸਥਾਪਤ ਹੋਣ ਮਗਰੋਂ ਘੱਟ ਗਿਣਤੀ 'ਤੇ ਹੋ ਰਹੇ ਹਮਲਿਆਂ ਕਾਰਨ ਉਥੇ ਵਸਦੇ ਹਿੰਦੂ ਤੇ ਸਿੱਖ ਆਪਣੇ ਦੇਸ਼ ਪਰਤ ਰਹੇ ਹਨ।

ਵੇਰਵਿਆਂ ਮੁਤਾਬਕ ਅਫ਼ਗਾਨਿਸਤਾਨ ਵਿਚ ਰਹਿ ਰਹੇ 60 ਸਿੱਖਾਂ ਨੇ ਅਫ਼ਗਾਨਿਸਤਾਨ ਤੋਂ ਦਿੱਲੀ ਆਉਣਾ ਸੀ ਤੇ ਉਨ੍ਹਾਂ ਆਪਣੇ ਨਾਲ ਗੁਰੂ ਗ੍ਰੰਥ ਸਾਹਿਬ ਦੇ ਚਾਰ ਪਾਵਨ ਸਰੂਪ ਵੀ ਲਿਆਉਣੇ ਸਨ, ਪਰ ਅਫ਼ਗਾਨਿਸਤਾਨ ਦੇ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਵੱਲੋਂ ਇਨ੍ਹਾਂ ਪਾਵਨ ਸਰੂਪਾਂ ਨੂੰ ਆਪਣੇ ਦੇਸ਼ ਤੋਂ ਬਾਹਰ ਲਿਜਾਣ 'ਤੇ ਰੋਕ ਲਾ ਦਿੱਤੀ ਗਈ ਹੈ, ਜਿਸ ਮਗਰੋਂ ਉਹ ਸਿੱਖ ਵੀ ਭਾਰਤ ਨਹੀਂ ਪਰਤ ਸਕੇ ਹਨ।

ਇਸ ਸਬੰਧੀ ਇੰਡੀਅਨ ਵਰਲਡ ਫੋਰਮ ਦੇ ਪ੍ਰਧਾਨ ਪੁਨੀਤ ਸਿੰਘ ਚੰਡੋਕ ਨੇ ਦੱਸਿਆ ਕਿ ਅਫ਼ਗਾਨਿਸਤਾਨ ਤੋਂ ਆਉਣ ਵਾਲੇ ਸੱਠ ਸਿੱਖਾਂ ਦੇ ਗਰੁੱਪ ਨੇ ਆਪਣੇ ਨਾਲ ਚਾਰ ਪਾਵਨ ਸਰੂਪ ਲਿਆ ਕੇ ਸ੍ਰੀ ਦਰਬਾਰ ਸਾਹਿਬ ਵਿਖੇ ਸੌਂਪਣੇ ਸਨ। ਉਨ੍ਹਾਂ ਦੱਸਿਆ ਕਿ ਅਫ਼ਗਾਨਿਸਤਾਨ 'ਚੋਂ ਹਿੰਦੂਆਂ ਤੇ ਸਿੱਖਾਂ ਦੇ ਬਾਹਰ ਜਾਣ 'ਤੇ ਕੋਈ ਰੋਕ ਨਹੀਂ ਹੈ, ਪਰ ਪਾਵਨ ਸਰੂਪ ਬਾਹਰ ਲਿਜਾਣ 'ਤੇ ਰੋਕ ਲਾ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਅਫ਼ਗਾਨੀ ਅਧਿਕਾਰੀਆਂ ਨਾਲ ਵੀ ਗੱਲਬਾਤ ਕੀਤੀ ਗਈ ਹੈ, ਪਰ ਹਾਲੇ ਮਸਲਾ ਹੱਲ ਨਹੀਂ ਹੋ ਸਕਿਆ ਹੈ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਅਫ਼ਗਾਨ ਤੋਂ ਪਰਤੇ ਸਿੱਖ ਕਈ ਪਾਵਨ ਸਰੂਪ ਭਾਰਤ ਲਿਆ ਚੁੱਕੇ ਹਨ।

## ਧਾਮੀ ਵੱਲੋਂ ਪਾਵਨ ਸਰੂਪ ਲਿਆਉਣ 'ਤੇ ਪਾਬੰਦੀ ਦੀ ਨਿਖੇਧੀ

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅਫ਼ਗਾਨਿਸਤਾਨ ਦੀ ਤਾਲਿਬਾਨ ਸਰਕਾਰ ਵੱਲੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅਫ਼ਗਾਨਿਸਤਾਨ ਤੋਂ ਬਾਹਰ ਲਿਜਾਣ 'ਤੇ ਪਾਬੰਦੀ ਲਗਾਉਣ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ 11 ਸਤੰਬਰ ਨੂੰ 60 ਅਫ਼ਗਾਨੀ ਸਿੱਖਾਂ ਦੇ ਜਥੇ ਨੇ ਭਾਰਤ ਆਉਣਾ ਸੀ, ਪਰ ਉਨ੍ਹਾਂ ਨੂੰ ਪਾਵਨ ਸਰੂਪ ਨਾਲ ਲਿਆਉਣ ਤੋਂ ਰੋਕਣ ਕਾਰਨ ਉਹ ਭਾਰਤ ਨਹੀਂ ਆ ਸਕੇ। ਉਨ੍ਹਾਂ ਕਿਹਾ ਕਿ ਇਹ ਅਫ਼ਗਾਨ ਸ਼ਾਸਨ ਵੱਲੋਂ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਸਿੱਧਾ ਦਖਲ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮਾਮਲੇ ਵਿਚ ਦਖ਼ਲ ਦੇਣ ਅਤੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਵਿਰੁੱਧ ਅਫ਼ਗਾਨਿਸਤਾਨ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਕਾਰਵਾਈਆਂ ਨੂੰ ਰੁਕਵਾਉਣ।

## ਮੋਦੀ ਦੀ ਨਿਊ ਯਾਰਕ ਫੇਰੀ ਮੌਕੇ ਸਿੱਖ ਜਥੇਬੰਦੀਆਂ ਵੱਲੋਂ ਵਿਖਾਵਾ ਕਰਨ ਦਾ ਐਲਾਨ



**ਅੰਮ੍ਰਿਤਸਰ:** ਵਿਦੇਸ਼ ਦੀਆਂ ਸਿੱਖ ਜਥੇਬੰਦੀਆਂ ਦੀ ਬਣੀ ਜਥੇਬੰਦੀ ਵਰਲਡ ਸਿੱਖ ਪਾਰਲੀਮੈਂਟ ਵੱਲੋਂ ਐਲਾਨ ਕੀਤਾ ਗਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਿਊ ਯਾਰਕ ਆਉਣ 'ਤੇ ਉਨ੍ਹਾਂ ਖ਼ਿਲਾਫ ਰੋਸ ਵਿਖਾਵਾ ਕੀਤਾ ਜਾਵੇਗਾ। ਜਥੇਬੰਦੀ ਦੇ ਕੋਆਰਡੀਨੇਟਰ ਹਿੰਮਤ ਸਿੰਘ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨੇ 29 ਸਤੰਬਰ ਨੂੰ ਸੰਯੁਕਤ ਰਾਸ਼ਟਰ ਦੇ ਸਮਾਗਮ ਦੌਰਾਨ ਸੰਬੋਧਨ ਕਰਨ ਲਈ ਨਿਊ ਯਾਰਕ ਆਉਣਾ ਹੈ। ਉਨ੍ਹਾਂ ਕਿਹਾ ਕਿ ਉਸ ਦਿਨ ਸਿੱਖ ਜਥੇਬੰਦੀਆਂ ਤੇ ਹੋਰ ਘੱਟ ਗਿਣਤੀਆਂ ਵੱਲੋਂ ਭਾਰਤ ਵਿਚ ਘੱਟ ਗਿਣਤੀਆਂ ਦੇ ਮਨੁੱਖੀ ਅਧਿਕਾਰਾਂ ਦੀ ਹੋ ਰਹੀ ਉਲੰਘਣਾ ਖ਼ਿਲਾਫ਼ ਰੋਸ ਵਿਖਾਵਾ ਕੀਤਾ ਜਾਵੇਗਾ। ਇਸ ਦੌਰਾਨ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਵੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਿੱਖਾਂ ਵੱਲੋਂ ਸਵੈ ਨਿਰਣੇ ਦਾ ਹੱਕ ਮੰਗਿਆ ਜਾ ਰਿਹਾ ਹੈ ਪਰ ਭਾਰਤ ਸਰਕਾਰ ਇਸ ਨੂੰ ਅਪਰਾਧ ਵਜੋਂ ਪੇਸ਼ ਕਰ ਰਹੀ ਹੈ।

## ਕਿਸਾਨਾਂ ਨੂੰ ਹੁਣ ਆਸਾਨ ਕਿਸ਼ਤਾਂ 'ਤੇ ਮਿਲਣਗੇ 'ਐਗਰੀਜ਼ੋਨ' ਦੇ ਔਜ਼ਾਰ

**ਪਟਿਆਲਾ:** ਸਟੇਟ ਬੈਂਕ ਆਫ ਇੰਡੀਆ ਵੱਲੋਂ ਪੰਜਾਬ ਦੇ ਕਿਸਾਨਾਂ ਨੂੰ ਵੱਡੀ ਰਾਹਤ ਦਿੰਦਿਆਂ, ਸੀ.ਐਮ.ਸੀ. ਮਸ਼ੀਨਾਂ ਖਰੀਦਣ ਲਈ ਆਸਾਨ ਕਿਸ਼ਤਾਂ ਅਤੇ ਘੱਟ ਵਿਆਜ 'ਤੇ ਪੈਸਾ ਮੁਹੱਈਆ ਕਰਵਾਉਣ ਦਾ ਐਲਾਨ ਕੀਤਾ ਗਿਆ ਹੈ। ਸਟੇਟ ਬੈਂਕ ਆਫ ਇੰਡੀਆ ਨੇ ਇਸ ਸਬੰਧੀ ਪੰਜਾਬ ਦੀ ਸਭ ਤੋਂ ਵੱਡੀ ਖੇਤੀਬਾੜੀ ਔਜ਼ਾਰ ਬਣਾਉਣ ਵਾਲੀ ਕੰਪਨੀ 'ਐਗਰੀਜੋਨ' ਨਾਲ ਸਮਝੌਤਾ ਕੀਤਾ ਹੈ। ਜੀ.ਐਸ.ਏ. ਇੰਡਸਟਰੀ 'ਐਗਰੀਜ਼ੋਨ' ਦੌਲਤਪੁਰ ਪਟਿਆਲਾ ਵਿਚ ਸਟੇਟ ਬੈਂਕ ਆਫ ਇੰਡੀਆ ਦੇ ਡੀ.ਜੀ.ਐਮ. ਚੰਡੀਗੜ੍ਹ ਵਿਪਨ ਗੁਪਤਾ ਤੇ ਬੈਂਕ ਦੇ ਹੋਰ ਸੀਨੀਅਰ ਅਧਿਕਾਰੀਆਂ ਵੱਲੋਂ ਇਹ ਜਾਣਕਾਰੀ ਦਿੱਤੀ ਗਈ। ਉਨ੍ਹਾਂ ਕਿਹਾ ਕਿ ਆਗਾਮੀ ਝੋਨੇ ਦੀ ਵਾਢੀ ਦੇ ਸੀਜ਼ਨ ਵਿਚ ਪਰਾਲੀ ਤੇ ਪ੍ਰਦੂਸ਼ਣ ਦੀ ਸਮੱਸਿਆ ਨੂੰ ਹੱਲ ਕਰਨ ਲਈ ਬੈਂਕ ਬਹੁਤ ਹੀ ਘੱਟ ਵਿਆਜ ਅਤੇ ਆਸਾਨ ਕਿਸ਼ਤਾਂ 'ਤੇ ਔਜ਼ਾਰ ਖਰੀਦਣ ਵਿਚ ਕਿਸਾਨਾਂ ਦੀ ਮਦਦ ਕਰੇਗਾ ਤੇ ਕਿਸਾਨਾਂ ਨੂੰ 72 ਘੰਟੇ ਵਿਚ ਕਰਜ਼ ਉਪਲਬਧ ਕਰਵਾਇਆ ਜਾਵੇਗਾ।

## ਧਰਮ ਪਰਿਵਰਤਨ ਕਰਨ ਵਾਲੇ 45 ਪਰਿਵਾਰਾਂ ਦੀ 'ਘਰ ਵਾਪਸੀ'

**ਅੰਮ੍ਰਿਤਸਰ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਜਾਬ ਵਿਚ ਆਰੰਭ ਕੀਤੀ ਗਈ ਧਰਮ ਜਾਗਰੂਕਤਾ ਲਹਿਰ ਵੱਲੋਂ ਦੋ ਪਿੰਡਾਂ ਦੇ 45 ਦੇ ਕਰੀਬ ਇਸਾਈ ਬਣੇ ਸਿੱਖ ਪਰਿਵਾਰਾਂ ਦੀ ਮੁੜ ਸਿੱਖ ਧਰਮ ਵਿਚ ਘਰ ਵਾਪਸੀ ਕਰਵਾਈ ਗਈ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਤੇ ਘਰ ਵਾਪਸ ਆਉਣ ਵਾਲੇ ਪਿੰਡਾਂ ਚੀਚਾ ਤੇ ਵਣੀਏਕੇ ਦੇ 45 ਕਰੀਬ ਪਰਿਵਾਰਾਂ ਨੂੰ ਮੀਡੀਆ ਦੇ ਰੂਬਰੂ ਕਰਾਉਂਦੇ ਹੋਏ ਦੱਸਿਆ ਕਿ ਦਿੱਲੀ ਕਮੇਟੀ ਵੱਲੋਂ ਸਰਹੱਦੀ ਖੇਤਰਾਂ ਦੇ ਪਿੰਡ-ਪਿੰਡ ਜਾ ਕੇ ਜਬਰੀ ਧਰਮ ਪਰਿਵਰਤਨ ਵਿਰੁੱਧ ਇਕ ਮੁਹਿੰਮ ਵਿੱਢੀ ਸੀ ਜਿਸ ਦੇ ਸਿੱਟੇ ਵਜੋਂ 28 ਅਗਸਤ ਨੂੰ 12 ਸਿੱਖ ਪਰਿਵਾਰਾਂ ਨੇ ਸਿੱਖ ਧਰਮ ਵਿਚ ਵਾਪਸੀ ਕੀਤੀ ਸੀ।

ਇਸੇ ਲੜੀ ਤਹਿਤ ਲਹਿਰ ਦੇ ਪ੍ਰਚਾਰਕਾਂ ਦੀਆਂ ਪੰਜ ਟੀਮਾਂ ਸਰਗਰਮ ਹਨ, ਜਿਨ੍ਹਾਂ ਵੱਲੋਂ ਦੋ ਪਿੰਡਾਂ ਚੀਚਾ ਤੇ ਵਣੀਏਕੇ ਦੇ 45 ਦੇ ਕਰੀਬ ਪਰਿਵਾਰਾਂ ਦੇ 200 ਮੈਂਬਰਾਂ ਨੇ ਆਪਣੇ ਧਰਮ ਵਿਚ ਮੁੜ ਵਾਪਸੀ ਕੀਤੀ ਹੈ, ਜਿਨ੍ਹਾਂ ਦਾ ਇਸਾਈ ਪਾਸਟਰਾਂ ਨੇ ਗੁੰਮਰਾਹ ਕਰਕੇ ਜਬਰੀ ਧਰਮ ਪਰਿਵਰਤਨ ਕਰਵਾਇਆ ਸੀ।

# 'ਇਕ ਵਿਧਾਇਕ-ਇਕ ਪੈਨਸ਼ਨ' ਖਿਲਾਫ ਹਾਈ ਕੋਰਟ ਪਹੁੰਚੇ ਵਿਧਾਇਕ

**ਚੰਡੀਗੜ੍ਹ:** ਪੰਜਾਬ ਦੇ ਅੱਧੀ ਦਰਜਨ ਸਾਬਕਾ ਵਿਧਾਇਕਾਂ ਨੇ 'ਇਕ ਵਿਧਾਇਕ-ਇਕ ਪੈਨਸ਼ਨ' ਨੀਤੀ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਹੈ। ਹਾਈ ਕੋਰਟ ਨੇ ਇਸ ਮਾਮਲੇ 'ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗ ਲਿਆ ਹੈ।

'ਇਕ ਵਿਧਾਇਕ-ਇਕ ਪੈਨਸ਼ਨ' ਨੂੰ ਚੁਣੌਤੀ ਦੇਣ ਵਾਲਿਆਂ ਵਿਚ ਸਾਬਕਾ ਵਿਧਾਇਕ ਲਾਲ ਸਿੰਘ, ਗੁਰਵਿੰਦਰ ਸਿੰਘ ਅਟਵਾਲ, ਰਾਕੇਸ਼ ਪਾਂਡੇ, ਸਰਵਣ ਸਿੰਘ, ਮੋਹਨ ਲਾਲ ਅਤੇ ਸੋਹਣ ਸਿੰਘ ਠੰਡਲ ਸ਼ਾਮਲ ਹਨ। ਚੇਤੇ ਰਹੇ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਕਈ ਟਰਮਾਂ ਦੀਆਂ ਪੈਨਸ਼ਨਾਂ ਲੈਣ ਵਾਲੇ ਸਾਬਕਾ ਵਿਧਾਇਕਾਂ ਨੂੰ 'ਇਕ ਵਿਧਾਇਕ-ਇਕ ਪੈਨਸ਼ਨ' ਦੇਣ ਦਾ ਐਲਾਨ ਕੀਤਾ ਸੀ ਅਤੇ ਪੰਜਾਬ ਵਿਧਾਨ ਸਭਾ ਨੇ ਇਸ ਬਿੱਲ ਨੂੰ ਪਾਸ ਕਰ ਦਿੱਤਾ ਸੀ।

ਪੰਜਾਬ ਸਰਕਾਰ ਨੇ ਰਾਜਪਾਲ ਤੋਂ ਹਰੀ ਝੰਡੀ ਮਿਲਣ ਮਗਰੋਂ 13 ਅਗਸਤ ਨੂੰ ਇਸ ਬਾਰੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਸੀ। ਪੰਜਾਬ ਸਰਕਾਰ ਦੇ ਇਸ ਫੈਸਲੇ ਦੀ ਕਾਫੀ ਸ਼ਲਾਘਾ ਹੋਈ ਸੀ। ਇਸ ਫੈਸਲੇ ਨਾਲ ਕਰੀਬ 225 ਸਾਬਕਾ ਵਿਧਾਇਕਾਂ ਦੀ ਪੈਨਸ਼ਨ ਪ੍ਰਭਾਵਿਤ ਹੋਈ ਹੈ। ਸਾਬਕਾ ਵਿਧਾਇਕਾਂ ਨੇ ਪਟੀਸ਼ਨ ਵਿਚ ਕਿਹਾ ਹੈ ਕਿ ਜੋ ਨਵਾਂ ਕਾਨੂੰਨ ਬਣਾਇਆ ਗਿਆ ਹੈ, ਉਸ ਨੂੰ ਪਿਛਲੀ ਤਰੀਕ ਤੋਂ ਲਾਗੂ ਕੀਤਾ ਗਿਆ ਹੈ। ਉਨ੍ਹਾਂ ਪਟੀਸ਼ਨ ਵਿਚ ਕਿਹਾ ਹੈ ਕਿ ਇਸ ਕਾਨੂੰਨ ਨੂੰ ਨਵੇਂ ਵਿਧਾਇਕਾਂ ਤੋਂ ਲਾਗੂ ਕੀਤਾ ਜਾਵੇ।

ਪਟੀਸ਼ਨ ਮੁਤਾਬਕ ਦਹਾਕਿਆਂ ਪੁਰਾਣੇ ਸਾਬਕਾ ਵਿਧਾਇਕਾਂ ਨੂੰ ਅੱਜ ਨਵੇਂ ਸਾਬਕਾ ਵਿਧਾਇਕਾਂ ਦੇ ਬਰਾਬਰ ਖੜ੍ਹਾ ਕਰ ਦਿੱਤਾ ਗਿਆ ਹੈ। ਇਸ ਫੈਸਲੇ ਨੂੰ ਗੈਰ ਸੰਵਿਧਾਨਕ ਕਿਹਾ ਗਿਆ ਹੈ। ਉਨ੍ਹਾਂ ਤਰਕ ਦਿੱਤਾ ਹੈ ਕਿ ਜਿਸ ਦਿਨ ਤੋਂ ਕਾਨੂੰਨ ਬਣਦਾ ਹੈ, ਉਸ ਦਿਨ ਤੋਂ ਹੀ ਲਾਗੂ ਹੁੰਦਾ ਹੈ, ਨਾ ਕਿ ਪਿਛਲੀ ਤਰੀਕ ਤੋਂ। ਹੁਣ ਪੰਜਾਬ ਸਰਕਾਰ ਵੱਲੋਂ ਹਾਈ ਕੋਰਟ ਵਿਚ ਆਪਣਾ ਜਵਾਬ ਪੇਸ਼ ਕੀਤਾ ਜਾਵੇਗਾ। ਚੇਤੇ ਰਹੇ ਕਿ ਇਸ ਵੇਲੇ ਕਰੀਬ 325 ਸਾਬਕਾ ਵਿਧਾਇਕ ਹਨ ਜਿਨ੍ਹਾਂ 'ਚੋਂ 225 ਇਕ ਤੋਂ ਜ਼ਿਆਦਾ ਟਰਮਾਂ ਦੀ ਪੈਨਸ਼ਨ ਲੈ ਰਹੇ ਹਨ। ਪੰਜਾਬ ਸਰਕਾਰ ਨੇ ਦਾਅਵਾ ਕੀਤਾ ਸੀ ਕਿ ਇਸ ਫੈਸਲੇ ਨਾਲ ਪੰਜ ਵਰ੍ਹਿਆਂ ਵਿਚ ਕਰੀਬ 100 ਕਰੋੜ ਰੁਪਏ ਦੀ ਬੱਚਤ ਹੋਵੇਗੀ। ਹੁਣ ਨਵੇਂ ਕਾਨੂੰਨ ਮਗਰੋਂ ਸਾਬਕਾ ਵਿਧਾਇਕਾਂ ਨੂੰ ਸਿਰਫ ਡੀਏ ਤੋਂ ਇਲਾਵਾ 60 ਹਜ਼ਾਰ ਰੁਪਏ ਪੈਨਸ਼ਨ ਹੀ ਮਿਲੇਗੀ।

# Matrimonials

## ਲੜਕੇ ਦੀ ਲੋੜ ਹੈ

Jatt Sikh parents invite matrimonial alliance for their US born daughter 36, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891 38-41

Jatt Sikh family looking for a well-settled Jatt Sikh boy for their 29/5'6", RN, BSN, USA citizen daughter. A boy on study visa or H1B visa holder can also be considered. Please contact us at: Whatapp (1)-224-361-1456 37-40

Jatt Sikh family looking for a USA citizen equal qualification boy for their smart and beautiful girl, October 1990 born, 5' 4". B.Sc Nursing (NCLEX) NY RN passed.Presently working as RN in Government Health sector in Punjab. Family currently residing at Moga, Punjab and very soon moving to USA. Contact us at: 1 (414) 574-1313 USA or 91 9417931388 India 34-37

A Sikh Hundal family seeking a suitable, well educated, well settled boy from USA or Canada for their 32 years old, daughter, height 5-3", smart, well educated knowing both cultures very well. She did Bachelor of Dental Surgery, Master degree Epidemiology from UNSW Sydney, Australia), Currently working as a Research Fellow with Bill and Malinda Gates Foundation, in collaboration World Health Organization, Public Health Foundation. Previously in Australia worked as Health Officer .Father B.Tech. (GNE, Ludh. retired from Government job). Family currently residing in Chandigarh and owns rural and urban agriculture land. Contact us at: ranjitsingh56@yahoo.com or 1+905-866-6091 Canada 91+896-869-7166. 29-32

## ਲੜਕੀ ਦੀ ਲੋੜ ਹੈ

Looking for a Suitable match for a Khatri sikh boy 1992 born 6'1", Masters in SCM from UTD and working in IT with Deloitte on H1-B visa. He holds Canadian PR and we prefer a Punjabi girl (caste no bar) settled in the USA or Canada. Please contact us at 516-532-3023 or email at 10.guneet@gmail.com 38-41

ਜੱਟ ਸਿੱਖ ਪਰਿਵਾਰ ਨਾਲ ਸੰਬੰਧਤ 40 ਸਾਲਾ, 5'8" ਗ੍ਰੀਨ ਕਾਰਡ ਹੋਲਡਰ, ਤਲਾਕਸ਼ੁਦਾ, ਆਪਣਾ ਰੈਸਟੋਰੈਂਟ ਚਲਾਉਂਦੇ ਲੜਕੇ ਲਈ ਚੰਗੇ ਪਰਿਵਾਰ ਨਾਲ ਸੰਬੰਧਤ ਲੜਕੀ ਦੀ ਲੋੜ ਹੈ। (ਜਾਤੀ ਬੰਧਨ ਨਹੀਂ) ਬੱਚਿਆਂ ਤੋਂ ਰਹਿਤ ਤਲਾਕਸ਼ੁਦਾ ਲੜਕੀ ਵੀ ਵਿਚਾਰਨਯੋਗ। ਲੜਕਾ ਆਪਣੇ ਪਰਿਵਾਰ ਨਾਲ ਕੋਲੰਬਸ ਜਾਰਜੀਆ (ਅਮਰੀਕਾ) ਰਹਿੰਦਾ ਹੈ ਤੇ ਉਸ ਲੜਕੇ ਦਾ ਆਪਣੀ ਪਹਿਲੀ ਪਤਨੀ ਅਤੇ ਬੱਚਿਆਂ ਨਾਲ ਹੁਣ ਕੋਈ ਸਬੰਧ ਨਹੀਂ ਹੈ। ਚਾਹਵਾਨ ਸੰਪਰਕ ਕਰਨ: 205-799-2350 ਜਾਂ 762-332-2936 37-40

Ravidasia Sikh family looking for a well educated, USA citizen or permanent resident girl for their turbaned son, 1993 born, 5'10", Canadian permanent resident. Younger sister is in Canada and older sister is US citizen and living in Wisconsin. Please send biodata at: knavm1993@gmail.com 37-40

Looking for suitable match for 42, 6", clean shaven Jatt Sikh Neuro-surgeon boy, working in Chicago. Divorcee, one daughter custody with mother. Contact us at: 917-238-3060 35----

Jatt Sikh family looking for a Jatt Sikh match for their 1993 born, 5' 11", Canadian PR son. Currently working as a software engineer after completing his Masters in Electrical Engineering from university in USA (USA Green Card applied). Family is well educated and has urban and rural property (parents reside in Ludhiana). Please contact us at: +12488540003 or email: jpssandhu17@gmail.com 33-36

# ਸਾਬਕਾ ਅਕਾਲੀ ਮੰਤਰੀਆਂ ਖਿਲਾਫ ਲੁੱਕ ਆਊਟ ਸਰਕੂਲਰ ਜਾਰੀ

**ਚੰਡੀਗੜ੍ਹ:** ਪੰਜਾਬ 'ਚ ਅਕਾਲੀ-ਭਾਜਪਾ ਸਰਕਾਰ ਵੇਲੇ ਸਿੰਜਾਈ ਵਿਭਾਗ 'ਚ ਹੋਏ ਕਥਿਤ ਬਹੁ-ਕਰੋੜੀ ਘੁਟਾਲੇ 'ਚ ਵਿਜੀਲੈਂਸ ਬਿਊਰੋ ਵੱਲੋਂ ਕਾਰਵਾਈ ਆਰੰਭ ਦਿੱਤੀ ਗਈ ਹੈ। ਸੂਤਰਾਂ ਮੁਤਾਬਕ ਵਿਜੀਲੈਂਸ ਵੱਲੋਂ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਆਗੂ ਜਨਮੇਜਾ ਸਿੰਘ ਸੇਖੋਂ, ਸ਼ਰਨਜੀਤ ਸਿੰਘ ਢਿੱਲੋਂ ਜੋ ਕਿ ਸਾਬਕਾ ਮੰਤਰੀ ਹਨ, ਸਮੇਤ ਤਿੰਨ ਸੇਵਾਮੁਕਤ ਆਈ.ਏ.ਐਸ. ਅਧਿਕਾਰੀਆਂ ਖਿਲਾਫ ਲੁੱਕ ਆਊਟ ਸਰਕੂਲਰ (ਐਲ.ਓ.ਸੀ.) ਜਾਰੀ ਕਰਵਾ ਦਿੱਤੇ ਗਏ ਹਨ। ਇਸ ਤਰ੍ਹਾਂ ਦੇਸ਼ ਦੇ ਸਮੁੱਚੇ ਹਵਾਈ ਅੱਡਿਆਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਵਿਜੀਲੈਂਸ ਦੇ ਇਕ ਸੀਨੀਅਰ ਅਧਿਕਾਰੀ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਇਸ ਮਾਮਲੇ ਵਿਚ ਤਫਤੀਸ਼ ਨੂੰ ਅੱਗੇ ਵਧਾਉਣ ਲਈ ਸਬੰਧਤ ਸਿਆਸਤਦਾਨਾਂ ਅਤੇ ਸੇਵਾਮੁਕਤ ਨੌਕਰਸ਼ਾਹਾਂ ਦੇ ਐਲ.ਓ.ਸੀ. ਜਾਰੀ ਕਰਾਉਣੇ ਜ਼ਰੂਰੀ ਸਨ।



ਵਿਜੀਲੈਂਸ ਸੂਤਰਾਂ ਮੁਤਾਬਕ ਜਿਨ੍ਹਾਂ ਸੇਵਾਮੁਕਤ ਆਈ.ਏ.ਐਸ. ਅਧਿਕਾਰੀਆਂ ਦੇ ਐਲ.ਓ.ਸੀ. ਜਾਰੀ ਕਰਾਏ ਗਏ ਹਨ, ਉਨ੍ਹਾਂ ਵਿਚ ਸਾਬਕਾ ਮੁੱਖ ਸਕੱਤਰ ਸਰਵੇਸ਼ ਕੌਸ਼ਲ, ਸਾਬਕਾ ਵਿਸ਼ੇਸ਼ ਮੁੱਖ ਸਕੱਤਰ ਕੇ.ਬੀ.ਐੱਸ. ਸਿੱਧੂ ਅਤੇ ਸਾਬਕਾ ਸਕੱਤਰ ਕਾਹਨ ਸਿੰਘ ਪੰਨੂ ਦੇ ਨਾਂ ਸ਼ਾਮਲ ਹਨ। ਸੂਤਰਾਂ ਮੁਤਾਬਕ ਵਿਜੀਲੈਂਸ ਨੂੰ ਇਨ੍ਹਾਂ ਵਿਚੋਂ ਇਕ ਅਧਿਕਾਰੀ ਦੇ ਪਹਿਲਾਂ ਤੋਂ ਹੀ ਵਿਦੇਸ਼ ਵਿਚ ਹੋਣ ਦੀ ਜਾਣਕਾਰੀ ਮਿਲੀ ਹੈ। ਅਕਾਲੀ ਦਲ ਨਾਲ ਸਬੰਧਤ ਸਿਆਸੀ ਆਗੂਆਂ ਵੱਲੋਂ ਵੀ ਆਪਣੇ ਬਚਾਅ ਲਈ ਭੱਜ-ਨੱਠ ਕੀਤੀ ਜਾ ਰਹੀ ਹੈ। ਵਿਜੀਲੈਂਸ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਵੱਲੋਂ ਤਫਤੀਸ਼ ਨੂੰ ਪ੍ਰਵਾਨਗੀ ਦੇਣ ਤੋਂ ਬਾਅਦ ਲੰਘੇ ਹਫਤੇ ਹੀ ਫਾਈਲ ਬਿਊਰੋ ਕੋਲ ਪਹੁੰਚ ਗਈ ਸੀ ਤੇ ਉਸ ਤੋਂ ਬਾਅਦ ਐਲ.ਓ.ਸੀ. ਜਾਰੀ ਕਰਨ ਦੀ ਕਾਰਵਾਈ ਆਰੰਭ ਦਿੱਤੀ ਗਈ ਸੀ। ਵਿਜੀਲੈਂਸ ਵੱਲੋਂ ਭੇਜੇ ਜਾਂਦੇ ਦਸਤਾਵੇਜ਼ਾਂ ਦੇ ਅਧਾਰ 'ਤੇ ਇੰਟੈਲੀਜੈਂਸ ਵਿੰਗ ਵੱਲੋਂ ਐਲ.ਓ.ਸੀ. ਜਾਰੀ ਕਰਨ ਦੀ ਕਾਰਵਾਈ ਕੀਤੀ ਜਾਂਦੀ ਹੈ ਤੇ ਸਬੰਧਤ ਵਿਅਕਤੀਆਂ ਸਬੰਧੀ ਠੋਸ ਜਾਣਕਾਰੀ ਭੇਜਣੀ ਜ਼ਰੂਰੀ ਹੁੰਦੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਜਰਮਨੀ ਦੌਰੇ ਉਤੇ ਜਾਣ ਤੋਂ ਐਨ ਪਹਿਲਾਂ ਕਥਿਤ ਬਹੁ-ਕਰੋੜੀ ਸਿੰਜਾਈ ਘੁਟਾਲੇ ਦੇ ਮਾਮਲੇ ਵਿਚ ਸਿਆਸਤਦਾਨਾਂ ਅਤੇ ਸੇਵਾਮੁਕਤ ਨੌਕਰਸ਼ਾਹਾਂ ਤੋਂ ਪੁੱਛ-ਪੜਤਾਲ ਦੀ ਪ੍ਰਵਾਨਗੀ ਦੇ ਦਿੱਤੀ ਸੀ।

ਵਿਜੀਲੈਂਸ ਬਿਊਰੋ ਨੇ ਇਸ ਕੇਸ ਵਿਚ ਠੇਕੇਦਾਰ ਗੁਰਿੰਦਰ ਸਿੰਘ ਸਮੇਤ ਗੁਲਸ਼ਨ ਨਾਗਪਾਲ ਐਕਸੀਅਨ, ਪਰਮਜੀਤ ਸਿੰਘ ਘੁੰਮਣ ਚੀਫ ਇੰਜੀਨੀਅਰ (ਸੇਵਾਮੁਕਤ), ਬਜਰੰਗ ਲਾਲ ਸਿੰਗਲਾ ਐਕਸੀਅਨ, ਹਰਵਿੰਦਰ ਸਿੰਘ, ਚੀਫ ਇੰਜੀਨੀਅਰ (ਸੇਵਾਮੁਕਤ) ਕਮਿੰਦਰ ਸਿੰਘ ਦਿਓਲ ਐੱਸ.ਡੀ.ਓ (ਸੇਵਾਮੁਕਤ), ਗੁਰਦੇਵ ਸਿੰਘ ਮਿਨ੍ਹਾ, ਚੀਫ ਇੰਜੀਨੀਅਰ (ਸੇਵਾਮੁਕਤ) ਵਿਮਲ ਕੁਮਾਰ ਸ਼ਰਮਾ ਸੁਪਰਵਾਇਜ਼ਰ ਅਤੇ ਸਿੰਜਾਈ ਵਿਭਾਗ ਦੇ ਕੁਝ ਅਧਿਕਾਰੀਆਂ, ਇੰਜੀਨੀਅਰਾਂ ਅਤੇ ਕਰਮਚਾਰੀਆਂ ਨੂੰ ਵੀ ਨਾਮਜ਼ਦ ਕੀਤਾ ਸੀ। ਮਹੱਤਵਪੂਰਨ ਤੱਥ ਇਹ ਹੈ ਕਿ ਕੈਪਟਨ ਅਮਰਿੰਦਰ ਸਿੰਘ ਅਤੇ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਹੇਠਲੀਆਂ ਕਾਂਗਰਸ ਸਰਕਾਰਾਂ ਵੱਲੋਂ ਅਧਿਕਾਰੀਆਂ ਤੇ ਸਿਆਸਤਦਾਨਾਂ ਖਿਲਾਫ ਕਾਰਵਾਈ ਦੇ ਮਾਮਲੇ 'ਤੇ ਚੁੱਪ ਧਾਰ ਲਈ ਸੀ। ਇਹ ਵੀ ਜ਼ਿਕਰਯੋਗ ਹੈ ਕਿ ਪਿਛਲੇ ਦਿਨਾਂ ਦੌਰਾਨ ਠੇਕੇਦਾਰ ਗੁਰਿੰਦਰ ਸਿੰਘ ਨੇ ਵਿਜੀਲੈਂਸ ਦੇ ਦਸਤਾਵੇਜ਼ 'ਤੇ ਆਪਣੇ ਦਸਤਖ਼ਤ ਨਾ ਹੋਣ ਦਾ ਦਾਅਵਾ ਕਰਕੇ ਮਾਮਲੇ ਨੂੰ ਪੁੱਠਾ ਗੇੜਾ ਦੇ ਦਿੱਤਾ ਸੀ।

ਵਿਜੀਲੈਂਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਮਾਮਲੇ ਦੀ ਤਫਤੀਸ਼ ਦੌਰਾਨ ਸਾਰੇ ਤੱਥਾਂ ਅਤੇ ਗਵਾਹਾਂ ਦੀ ਪੁਣਛਾਣ ਕੀਤੀ ਜਾਵੇਗੀ। ਜਿਨ੍ਹਾਂ ਵਿਅਕਤੀਆਂ ਨੂੰ ਹੁਣ ਤੱਕ ਤਫਤੀਸ਼ 'ਚ ਸ਼ਾਮਲ ਨਹੀਂ ਕੀਤਾ ਗਿਆ, ਉਨ੍ਹਾਂ ਨੂੰ ਤਾਂ ਬੁਲਾਇਆ ਹੀ ਜਾਵੇਗਾ ਤੇ ਜੇਕਰ ਲੋੜ ਪਈ ਤਾਂ ਜਿਨ੍ਹਾਂ ਵਿਅਕਤੀਆਂ ਤੋਂ ਪਹਿਲਾਂ ਪੁੱਛਗਿੱਛ ਕੀਤੀ ਗਈ ਸੀ ਉਨ੍ਹਾਂ ਨੂੰ ਵੀ ਮੁੜ ਬੁਲਾਇਆ ਜਾਵੇਗਾ। ਇਸ ਮਾਮਲੇ ਦੇ ਮੁੜ ਤੋਂ ਖੁੱਲ੍ਹਣ ਕਰਕੇ ਕਾਂਗਰਸ ਸਰਕਾਰ ਦੇ ਸਮੇਂ ਤਫਤੀਸ਼ ਨਾਲ ਜੁੜੇ ਰਹੇ ਵਿਜੀਲੈਂਸ ਦੇ ਅਫਸਰ ਵੀ ਘਬਰਾਏ ਹੋਏ ਹਨ।

### ਵਿਜੀਲੈਂਸ ਵੱਲੋਂ ਪੰਜ ਠੇਕੇਦਾਰਾਂ ਖਿਲਾਫ ਕੇਸ ਦਰਜ

**ਫਰੀਦਕੋਟ:** ਭਾਰਤ ਭੂਸ਼ਨ ਆਸ਼ੂ ਦੇ ਮੰਤਰੀ ਹੁੰਦਿਆਂ ਹੋਏ ਟੈਂਡਰ ਘਪਲੇ ਦੀ ਜਾਂਚ ਲਗਾਤਾਰ ਅੱਗੇ ਵਧ ਰਹੀ ਹੈ। ਇਸ ਸਬੰਧੀ ਪੰਜਾਬ ਵਿਜੀਲੈਂਸ ਬਿਊਰੋ ਨੇ ਫਰੀਦਕੋਟ ਜ਼ਿਲ੍ਹੇ ਦੀਆਂ ਜੈਤੋ ਅਤੇ ਕੋਟਕਪੂਰਾ ਦੀਆਂ ਅਨਾਜ ਮੰਡੀਆਂ ਲਈ ਢੋਆ-ਢੁਆਈ ਸਬੰਧੀ ਟੈਂਡਰ ਮਨਜ਼ੂਰ ਕਰਨ ਤੇ ਇਸ ਅਮਲ 'ਚ ਬੇਨਿਯਮੀਆਂ ਦੇ ਦੋਸ਼ ਹੇਠ ਦੋਵੇਂ ਮੰਡੀਆਂ ਦੇ ਪੰਜ ਠੇਕੇਦਾਰਾਂ ਸਮੇਤ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਤੇ ਸਬੰਧਤ ਖਰੀਦ ਏਜੰਸੀਆਂ ਦੇ ਕਰਮਚਾਰੀਆਂ ਵਿਰੁੱਧ ਕੇਸ ਦਰਜ ਕੀਤਾ ਹੈ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਸ ਸਬੰਧੀ ਸ਼ਿਕਾਇਤ ਮਿਲੀ ਸੀ, ਜਿਸ ਦੇ ਆਧਾਰ 'ਤੇ ਕੀਤੀ ਗਈ ਪੜਤਾਲ ਮਗਰੋਂ ਠੇਕੇਦਾਰ ਰਿਸ਼ੂ ਮਿੱਤਲ, ਠੇਕੇਦਾਰ ਪਵਨ ਕੁਮਾਰ, ਠੇਕੇਦਾਰ ਵਿਸ਼ੂ ਮਿੱਤਲ, ਠੇਕੇਦਾਰ ਪ੍ਰੇਮ ਚੰਦ ਤੇ ਠੇਕੇਦਾਰ ਯੋਗੇਸ਼ ਗੁਪਤਾ ਖਿਲਾਫ ਕੇਸ ਦਰਜ ਕੀਤਾ ਗਿਆ ਹੈ।

# ਕੈਨੇਡੀਅਨ ਗਦਰੀ ਯੋਧਿਆਂ ਦੀ ਗੈਲਰੀ ਵਿਚ ਨਵੇਂ ਚਿੱਤਰਾਂ ਦਾ ਉਦਘਾਟਨ

**ਸਰੀ:** ਗੁਰਦੁਆਰਾ ਕੈਨੇਡੀਅਨ ਸਿੰਘ ਸਭਾ ਸਰੀ ਵਿਖੇ ਕੈਨੇਡੀਅਨ ਗਦਰੀ ਯੋਧਿਆਂ ਦੇ ਨਵੇਂ ਚਿੱਤਰਾਂ ਦਾ ਉਦਘਾਟਨ ਕੀਤਾ ਗਿਆ। ਇਹ ਗੈਲਰੀ ਉਨ੍ਹਾਂ ਕੈਨੇਡੀਅਨ ਗਦਰੀ ਯੋਧਿਆਂ ਦੀ ਯਾਦ ਨੂੰ ਸਮਰਪਿਤ ਹੈ, ਜਿਨ੍ਹਾਂ ਨੇ ਕੈਨੇਡਾ ਤੋਂ ਹਿੰਦੋਸਤਾਨ ਜਾ ਕੇ ਉਥੇ ਆਜ਼ਾਦੀ ਵਾਸਤੇ ਜੱਦੋ ਜਹਿਦ ਕੀਤੀ, ਫਾਂਸੀਆਂ ਦੇ ਰੱਸੇ ਚੁੰਮੇ, ਉਮਰ ਕੈਦਾਂ ਕੱਟੀਆਂ ਤੇ ਕਾਲੇ ਪਾਣੀ ਦੀਆਂ ਸਜ਼ਾਵਾਂ ਦੇ ਨਾਲ ਨਾਲ ਜਾਇਦਾਦ ਜ਼ਬਤ, ਜੂਹ ਬੰਦੀ ਤੇ ਜੇਲ੍ਹਾਂ ਵਿਚ ਤਸੀਹੇ ਝੱਲੇ। **ਇਨ੍ਹਾਂ ਮਹਾਨ ਸ਼ਹੀਦਾਂ ਦੇ ਚਿੱਤਰ ਜੋ ਉਘੇ ਚਿਤਰਕਾਰ ਸ. ਜਰਨੈਲ ਸਿੰਘ ਨੇ ਚਿੱਤਰੇ ਹਨ, ਦਾ ਉਦਘਾਟਨ 17 ਸਤੰਬਰ ਨੂੰ ਸ਼ਾਮ 5.30 ਵਜੇ ਰਹਿਰਾਸ ਸਾਹਿਬ ਦੀ ਸਮਾਪਤੀ ਬਾਅਦ ਕੀਤਾ ਗਿਆ। ਇਨ੍ਹਾਂ ਮਹਾਨ 40 ਸ਼ਹੀਦਾਂ ਤੇ ਦੇਸ਼ ਭਗਤਾਂ ਦੀ ਯਾਦ ਨੂੰ ਸਮਰਪਿਤ ਇਸ ਚਿੱਤਰ ਗੈਲਰੀ ਦੇ ਉਦਘਾਟਨ ਵਿਚ ਸ਼ਮੂਲੀਅਤ ਕਰ ਕੇ ਮਹਾਨ ਦੇਸ਼ ਭਗਤਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਗੁਰਦੁਆਰਾ ਕੈਨੇਡੀਅਨ ਸਿੰਘ ਸਭਾ ਵਿਖੇ ਸੰਗਤ ਨੇ ਹਾਜ਼ਰੀਆਂ ਭਰੀਆਂ।**

**ਵਰਣਨਯੋਗ ਹੈ ਕਿ ਸ. ਜਰਨੈਲ ਸਿੰਘ ਦੇ ਬਣਾਏ ਇਹ ਗਦਰੀ ਯੋਧਿਆਂ ਦੇ ਚਿੱਤਰ ਗੁਰਦੁਆਰਾ ਕੈਨੇਡੀਅਨ ਸਿੰਘ ਸਭਾ ਦੇ ਯਤਨਾਂ ਸਦਕਾ ਕੇਂਦਰੀ ਸਿੱਖ ਅਜਾਇਬਘਰ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਵੀ 2020 ਵਿਚ ਸਥਾਪਤ ਕੀਤੇ ਜਾ ਚੁੱਕੇ ਹਨ।**

ਟਰੱਕ ਵਾਸ਼ ਵਿਕਾਊ ਜਾਂ ਲੀਜ਼ 'ਤੇ ਉਪਲੱਬਧ ਹੈ

I-80 'ਤੇ 'ਟੂ ਵੇਅ' ਟਰੱਕ ਵਾਸ਼ ਵਿਕਾਊ ਜਾਂ ਲੀਜ਼ 'ਤੇ ਉਪਲੱਬਧ ਹੈ

ਚਾਹਵਾਨ ਸੰਪਰਕ ਕਰਨ


ਫੋਨ: 815-603-5877

LAW OFFICES OF
VIVEK MALIK

Follow us on :



ACCOMPLISHED
IMMIGRATION Attorneys
help FAMILIES
REUNITE in the



UNITED STATES

Our Global & Nationwide Services
in the field of
U.S. Immigration & Nationality Law

Come talk to an experienced immigration attorney

Toll Free No.
866-424-4000

OUR OFFICES
- 432 S Emerson Ave, Suite 220, Greenwood, IN 46143
Phone: 317.560.4777
- 1067 N Mason Rd., Suite 4, St Louis, Missouri 63141
Phone: 314.416.8000
- 2440 W Shaw Ave., Suite 205, Fresno, California 93711
Phone: 559.578.4344

www.usa-immigrationlaw.com

- Business Immigration & Worksite Compliance
ਬਿੰਜਨੈਸ ਇੰਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
- Family & General Immigration
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
- Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
- Removal Defense & Waivers
ਰੀਮੂਵਲ ਡਿਫੈਂਸੀ ਐਂਡ ਵੈਵੇਰਸ

Languages SPOKEN Punjabi | Hindi | Urdu | Spanish & English



# AVEER TRAVEL SOLUTIONS LLC

ਇਮੀਗ੍ਰੇਸ਼ਨ ਨਾਲ ਸਬੰਧਤ ਹੇਠ ਲਿਖੀਆਂ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ:

- US Passport Services
- EAD Renewal
- Indian Passport Renewal
- Flight Tickets
- US Citizenship Application
- Visa Services
- Green Card Renewal
- Notary Services
- OCI & Renunciation
- Power of Attorney
- Airport Pick-up & Drop-Off Services

Contact: Aman Kaur Ph: 847-338-2141
(Consular Expert with more than 10 years of experience)
E-mail: Aveertravel@gmail.com

ਤੁਸੀਂ ਸਾਡੇ ਨਾਲ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਗੱਲ ਕਰ ਸਕਦੇ ਹੋ।

*For Airport Drop-Off and Pickup Indy to Chicago Please Contact AVI at: 847-226-2323*

*We provide the service all over AMERICA.*
*Located in INDIANAPOLIS (IN)*



***To Advertise with Punjab Times Call: 847-359-0746***
***Fax:847-705-9388, e-mail:punjabtimes1@sbcglobal.net***
*Visit us on the web:**www.punjabtimesusa.com***



# ਸੀ. ਡੀ. ਐੱਲ. ਸਟਾਰ ਲਰਨਿੰਗ ਸਕੂਲ

ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ 'ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ?
ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ 'ਸੀ. ਡੀ. ਐੱਲ. ਸਟਾਰਟ' ਵਿਚ ਆਓ।




## ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:

*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।

## ਸਿਖਲਾਈ ਦੀਆਂ ਸੱਤ ਸਟੇਜਾਂ:

*ਪ੍ਰੀ-ਟਰਿੱਪ ਨਿਰੀਖਣ *ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ 'ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐੱਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)

## ਲੋੜੀਂਦੇ ਦਸਤਾਵੇਜ਼:

*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)

## ਤਿੰਨ ਸਿਖਲਾਈ ਪ੍ਰੋਗਰਾਮ:

*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ

ਸਫਲਤਾਪੂਰਵਕ ਸਿਖਲਾਈ ਪੂਰੀ ਹੋਣ 'ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।

*ਵਿਦਿਆਰਥੀਆਂ ਲਈ: ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ 'ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।*

ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)
ਈ-ਮੇਲ: info@cdlstart.com / www.cdlstart.com

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਦਿਦਾਰ ਸਿੰਘ ਬੈਂਸ ਦੇ ਅੰਤਮ ਦਰਸ਼ਨਾਂ ਲਈ ਲੋਕ ਵੱਡੀ ਗਿਣਤੀ 'ਚ ਪੁੱਜੇ

## ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਭਾਈ ਰਘਵੀਰ ਸਿੰਘ ਵੀ ਸ਼ਾਮਿਲ ਹੋਏ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਦੁਨੀਆ ਭਰ ਵਿਚ ਸਿੱਖ ਆਗੂ ਅਤੇ ਦਾਨੀ ਵਜੋਂ ਸਥਾਪਿਤ ਸਰਦਾਰ ਦਿਦਾਰ ਸਿੰਘ ਬੈਂਸ (84) ਦਾ ਅੰਤਮ ਸੰਸਕਾਰ ਯੂਬਾ ਸਿਟੀ ਵਿਚ ਕਰ ਦਿੱਤਾ ਗਿਆ। ਇਸ ਮੌਕੇ ਉਨਾਂ ਨੂੰ ਪਿਆਰ ਕਰਨ ਵਾਲੇ ਵੱਡੀ ਗਿਣਤੀ ਵਿਚ ਪੁੱਜੇ ਹੋਏ ਸਨ। ਇਸ ਦੌਰਾਨ ਉਨ੍ਹਾਂ ਦੇ ਪਰਿਵਾਰਿਕ ਮੈਂਬਰਾਂ ਪਤਨੀ ਸੰਤੀ ਬੈਂਸ, ਪੁੱਤਰ ਅਜੀਤ ਸਿੰਘ ਬੈਂਸ ਤੇ ਪੁੱਤਰ ਕਰਮਦੀਪ ਸਿੰਘ ਬੈਂਸ, ਧੀ ਦਲਜੀਤ ਕੌਰ ਅਤੇ ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਸਮੇਤ ਵੱਡੇ ਪਰਿਵਾਰ ਵੱਲੋਂ ਸਰਦਾਰ ਦਿਦਾਰ ਸਿੰਘ ਬੈਂਸ ਨਾਲ ਆਪੋ-ਆਪਣੇ ਤਜਰਬੇ ਤੇ ਵਿਹਾਰ ਸਾਂਝੇ ਕੀਤੇ ਗਏ।

ਰਿਵਰ ਵੈਲੀ ਹਾਈ ਸਕੂਲ ਦੇ ਇੰਨਡੋਰ ਸਟੇਡੀਅਮ ਵਿਚ ਪ੍ਰਭਾਵਸ਼ਾਲੀ ਸਮਾਗਮ ਵਿਚ ਵੱਖ-ਵੱਖ ਸ਼ਖਸੀਅਤ ਸ਼ਾਮਿਲ ਹੋਈਆਂ। ਇਨ੍ਹਾਂ ਵਿਚ ਕੈਲੀਫੋਰਨੀਆ ਦੇ ਸਾਬਕਾ ਗਵਰਨਰ ਜੈਰੀ ਬਰਾਊਨ, ਕਾਂਗਰਸਮੈਨ, ਕਾਊਂਟੀ ਸੁਪਰਵਾਈਜ਼ਰ, ਯੂਬਾ ਤੇ ਯੋਲੋ ਕਾਊਂਟੀ ਦੇ ਉਚ ਅਧਿਕਾਰੀ, ਮੇਅਰ ਯੂਬਾ ਸਿਟੀ, ਮੇਅਰ ਲੈਥਰੋਪ ਸੁਖਮਿੰਦਰ ਧਾਲੀਵਾਲ ਤੋਂ ਇਲਾਵਾ ਸਿੱਖ ਭਾਈਚਾਰੇ ਵਿਚੋਂ ਸ੍ਰੀ ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਭਾਈ ਰਘਵੀਰ ਸਿੰਘ, ਗੁਰਦੁਆਰਾ ਬੰਗਲਾ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਰਣਜੀਤ



ਸਿੰਘ, ਦਿਲਬਾਗ ਸਿੰਘ ਬੈਂਸ, ਜਸਵੰਤ ਸਿੰਘ ਬੈਂਸ, ਅਕਾਲੀ ਆਗੂ ਦਰਸ਼ਨ ਸਿੰਘ ਧਾਲੀਵਾਲ, ਬਾਬਾ ਬਲਬੀਰ ਸਿੰਘ ਬੁੱਢਾ ਦਲ, ਜੰਗ ਸਿੰਘ, ਗਿਆਨ ਸਿੰਘ ਸੰਧੂ ਕੈਨੇਡਾ, ਹਰਭਜਨ ਸਿੰਘ ਯੋਗੀ ਦੇ ਪੁੱਤਰ ਭਾਈ ਰਣਵੀਰ ਸਿੰਘ ਤੇ ਭਾਈ ਕੁਲਬੀਰ ਸਿੰਘ, ਬਲਦੇਵ ਸਿੰਘ ਸੱਲਾ ਈਸਟ ਕੋਸਟ, ਰਣਜੀਤ ਸਿੰਘ ਟੁੱਟ, ਜਥੇਦਾਰ ਤਾਰਾ ਸਿੰਘ, ਜਸਵਿੰਦਰ ਸਿੰਘ ਜੱਸੀ, ਨਿੱਝਰ ਬ੍ਰਦਰਜ਼, ਬਲਜੀਤ ਸਿੰਘ ਮਾਨ, ਸੁਰਿੰਦਰ ਸਿੰਘ ਅਟਵਾਲ, ਸੁਰਜੀਤ ਟੁੱਟ, ਦਲਵੀਰ ਸਿੰਘ ਸੰਘੇੜਾ, ਸੁਖਵੰਤ ਸਿੰਘ ਥੇਰਾ, ਜਤਿੰਦਰ ਭੰਗੂ, ਪੌਲ ਰਾਮ, ਸਰਬਜੀਤ ਥਿਆੜਾ, ਰੌਣਕ ਸਿੰਘ ਐਲ.ਏ., ਸੁਖਵਿੰਦਰ ਅਬਲੋਵਾਲ, ਮੱਖਣ ਸਿੰਘ ਮੱਲਾ ਬੇਦੀਆਂ ਆਦਿ ਨੇ ਹਾਜ਼ਰੀ ਭਰੀ।

ਇਸ ਤੋਂ ਬਾਅਦ ਗੁਰਦੁਆਰਾ ਟਾਇਰਾ ਬਿਉਨਾ ਜਿਸ ਦੇ ਸਰਦਾਰ ਬੈਂਸ ਬਾਨੀ ਸਨ, ਵਿਚ ਅੰਤਮ ਅਰਦਾਸ ਕੀਤੀ ਗਈ। ਇਸ ਮੌਕੇ ਸ੍ਰੀ ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਭਾਈ ਰਘਵੀਰ ਸਿੰਘ ਨੇ ਬੈਂਸ ਪਰਿਵਾਰ ਨੂੰ ਸਿਰੋਪਾਓ ਅਤੇ ਗੁਰਦੁਆਰਾ ਕਮੇਟੀ ਨੇ ਉਨ੍ਹਾਂ ਦੇ ਨਾਂ ਦੀ ਪਲੈਕ ਭੇਂਟ ਕੀਤੀ ਗਈ। ਜਥੇਦਾਰ ਭਾਈ ਰਘਵੀਰ ਸਿੰਘ ਜੀ ਨੇ ਕਿਹਾ ਕਿ ਸਰਦਾਰ ਦਿਦਾਰ ਸਿੰਘ ਬੈਂਸ ਨੇ ਬੜੀ ਸਾਦਗੀ ਵਾਲਾ ਜੀਵਨ ਜੀਵਿਆ ਤੇ ਉਹ ਮਹਾਨ ਦਾਨੀ ਸਨ ਜਿਨਾਂ ਨੇ ਸਿੱਖ ਕੌਮ ਲਈ ਕਿਰਤ ਕਰਦਿਆਂ ਸਾਰਾ ਜੀਵਨ ਲਾ ਦਿੱਤਾ। ਗੁਰਦੁਆਰਾ ਬੰਗਲਾ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਰਣਜੀਤ ਸਿੰਘ ਨੇ ਕਥਾ ਕੀਤੀ ਤੇ ਸਰਦਾਰ ਬੈਂਸ ਦੇ ਨਾਂ 'ਤੇ ਕੋਈ ਖਾਸ ਯਾਦਗਾਰ ਬਣਾਉਣ ਦੀ ਪ੍ਰਬੰਧਕਾਂ ਨੂੰ ਬੇਨਤੀ ਕੀਤੀ। ਜਥੇਦਾਰ ਭਾਈ ਰਘਵੀਰ ਸਿੰਘ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵਲੋਂ ਭੇਜੇ ਸੋਗ ਸੰਦੇਸ਼ ਪੜ੍ਹੇ।

ਵਰਨਣਯੋਗ ਹੈ ਕਿ ਸਰਦਾਰ ਦਿਦਾਰ ਸਿੰਘ ਬੈਂਸ ਦਾ ਪਿੰਡ ਨੰਗਲ ਖੁਰਦ (ਨੇੜੇ ਮਾਹਿਲਪੁਰ, ਜ਼ਿਲ੍ਹਾ ਹੁਸ਼ਿਆਰਪੁਰ) ਹੈ।

ਇਹ ਸਰਦਾਰ ਦਿਦਾਰ ਸਿੰਘ ਬੈਂਸ ਹੀ ਸਨ ਜਿਨ੍ਹਾਂ ਯੂਬਾ ਸਿਟੀ ਸਥਿਤ ਗੁਰਦੁਆਰਾ ਟਾਇਰਾ ਬਿਓਨਾ ਤੋਂ ਵਿਦੇਸ਼ਾਂ ਵਿਚ ਸਭ ਤੋਂ ਪਹਿਲਾਂ ਨਗਰ ਕੀਰਤਨ ਕੱਢਣ ਦੀ ਰੀਤ ਤੋਰੀ ਸੀ। ਸ੍ਰੀ ਅਕਾਲ ਤਖਤ ਸਾਹਿਬ ਨੇ ਉਨਾਂ ਨੂੰ ਪੰਥ ਰਤਨ ਅਤੇ ਭਾਈ ਸਾਹਿਬ ਦਾ ਖਿਤਾਬ ਦਿੱਤਾ ਸੀ। ਇਸੇ ਤਰ੍ਹਾਂ ਨਾਨਕਸਰ ਸੰਪਰਦਾ ਨੇ ਉਨ੍ਹਾਂ ਨੂੰ ਰਾਜ ਯੋਗੀ ਦਾ ਖਿਤਾਬ ਦਿੱਤਾ ਸੀ। ਸੰਤ ਲਾਭ ਸਿੰਘ ਵੱਲੋਂ ਆਰੰਭੀ ਲੋੜਵੰਦ ਪਰਿਵਾਰਾਂ ਦੀਆਂ ਕੁੜੀਆਂ ਦੇ ਵਿਆਹਾਂ ਦੌਰਾਨ ਉਨ੍ਹਾਂ ਵੱਖ-ਵੱਖ ਸਮੇਂ ਸੈਂਕੜੇ ਕੁੜੀਆਂ ਦੇ ਵਿਆਹ ਕੀਤੇ। ਉਨ੍ਹਾਂ ਯੂਬਾ ਸਿਟੀ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 14 ਏਕੜ ਜ਼ਮੀਨ ਸਿੱਖ ਪ੍ਰਚਾਰ ਲਈ ਦਾਨ ਦਿੱਤੀ। ਉਹ ਵਰਲਡ ਸਿੱਖ ਆਰਗੇਨਾਈਜੇਸ਼ਨ ਦੇ ਪ੍ਰਧਾਨ ਰਹੇ। ਇਸ ਤੋਂ ਇਲਾਵਾ ਉਨ੍ਹਾਂ ਹੋਰ ਬਹੁਤ ਸਾਰੀਆਂ ਸੰਸਥਾਵਾਂ ਅਤੇ ਵੱਖ-ਵੱਖ ਗੁਰਦੁਆਰਿਆਂ ਲਈ ਲੱਖਾਂ ਡਾਲਰ ਦਾਨ ਕੀਤੇ। ਇੱਕ ਸਮੇਂ ਉਹ ਪ੍ਰੈਜੀਡੈਂਸ਼ੀਅਲ ਰਾਊਂਡ ਟੇਬਲ ਦੇ ਮੈਂਬਰ ਰਹੇ।

## ਬੰਬੀਹਾ ਗੈਂਗ ਨੇ ਲਈ ਸੰਦੀਪ ਬਿਸ਼ਨੋਈ ਦੀ ਹੱਤਿਆ ਦੀ ਜ਼ਿੰਮੇਵਾਰੀ

**ਮਾਨਸਾ:** ਰਾਜਸਥਾਨ ਵਿਚ ਨਿਗੌਰ ਅਦਾਲਤ ਦੇ ਬਾਹਰ ਗੈਂਗਸਟਰ ਸੰਦੀਪ ਬਿਸ਼ਨੋਈ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਬੰਬੀਹਾ ਗੈਂਗ ਨੇ ਉਸ ਨੂੰ ਮਾਰਨ ਦੀ ਜ਼ਿੰਮੇਵਾਰੀ ਲਈ ਹੈ ਜਿਸ ਸਬੰਧੀ ਦਵਿੰਦਰ ਬੰਬੀਹਾ ਗਰੁੱਪ ਨੇ ਸੋਸ਼ਲ ਮੀਡੀਆ 'ਤੇ ਪੋਸਟ ਵੀ ਨਸ਼ਰ ਕੀਤੀ ਹੈ। ਬੰਬੀਹਾ ਗਰੁੱਪ ਨੇ ਸੁਲਤਾਨ ਦਵਿੰਦਰ ਬੰਬੀਹਾ ਫੇਸਬੁੱਕ ਅਕਾਊਂਟ ਤੋਂ ਪੋਸਟ ਪਾ ਕੇ ਕਿਹਾ ਕਿ ਸੰਦੀਪ ਦਾ ਕੰਮ ਉਨ੍ਹਾਂ ਦੇ ਸ਼ੇਰ ਭਰਾਵਾਂ ਵੱਲੋਂ ਕੰਮ ਕੀਤਾ ਗਿਆ ਹੈ। ਆਉਣ ਵਾਲੇ ਸਮੇਂ ਵਿਚ ਲਾਰੈਂਸ ਬਿਸ਼ਨੋਈ, ਜੱਗੂ ਅਤੇ ਗੋਲਡੀ ਦਾ ਵੀ ਇਹੋ ਹਸ਼ਰ ਹੋਵੇਗਾ। ਦੱਸਣਾ ਬਣਦਾ ਹੈ ਕਿ ਇਹ ਤਿੰਨੋਂ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੇ ਦੋਸ਼ ਹੇਠ ਨਾਮਜ਼ਦ ਹਨ।

## ਕੈਪਟਨ ਅਮਰਿੰਦਰ ਸਾਥੀਆਂ ਸਣੇ ਭਾਜਪਾ ਨਾਲ ਰਲੇ

**ਨਵੀਂ ਦਿੱਲੀ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੇਂਦਰੀ ਮੰਤਰੀਆਂ ਨਰੇਂਦਰ ਤੋਮਰ ਤੇ ਕਿਰਨ ਰਿਜਿਜੂ ਅਤੇ ਹੋਰ ਸੀਨੀਅਰ ਆਗੂਆਂ ਦੀ ਮੌਜੂਦਗੀ ਵਿਚ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਗਏ। ਇਸ ਮੌਕੇ ਪੰਜਾਬ ਨਾਲ ਸਬੰਧਤ ਸੀਨੀਅਰ ਆਗੂ ਅਸ਼ਵਨੀ ਸ਼ਰਮਾ, ਸੁਨੀਲ ਜਾਖੜ ਵੀ ਹਾਜ਼ਰ ਸਨ।

ਭਾਜਪਾ ਵਿਚ ਸ਼ਾਮਲ ਹੋਣ ਵਾਲੇ ਹੋਰਨਾਂ ਆਗੂਆਂ ਵਿਚ ਸਾਬਕਾ ਡਿਪਟੀ ਸਪੀਕਰ ਅਜਾਇਬ ਸਿੰਘ ਭੱਟੀ, ਸਾਬਕਾ ਸੰਸਦ ਮੈਂਬਰ ਅਮਰੀਕ ਸਿੰਘ ਆਲੀਵਾਲ, ਕੇਵਲ ਸਿੰਘ, ਸਾਬਕਾ ਵਿਧਾਇਕ ਪ੍ਰੇਮ ਮਿੱਤਲ, ਹਰਚੰਦ ਕੌਰ, ਹਰਜਿੰਦਰ ਠੇਕੇਦਾਰ, ਬਲਬੀਰ ਰਾਣੀ ਸੋਢੀ, ਕੈਪਟਨ ਦੇ ਪੁੱਤਰ ਰਣਇੰਦਰ ਸਿੰਘ, ਧੀ ਬੀਬਾ ਜਯਾ ਇੰਦਰ ਕੌਰ, ਨਿਰਵਾਨ ਸਿੰਘ, ਕਮਲਜੀਤ ਸੈਨੋ ਆਦਿ ਸ਼ਾਮਲ ਸਨ। ਕੈਪਟਨ ਨੇ ਆਪਣੀ ਪਾਰਟੀ ਪੰਜਾਬ ਲੋਕ ਕਾਂਗਰਸ ਦੇ ਭਾਜਪਾ ਵਿਚ ਰਸਮੀ ਰਲੇਵੇਂ ਤੋਂ ਪਹਿਲਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਡਾ ਨਾਲ ਵੀ ਮੁਲਾਕਾਤ ਕੀਤੀ।

ਚੇਤੇ ਰਹੇ ਕਿ ਕੈਪਟਨ ਅਮਰਿੰਦਰ ਸਿੰਘ ਨੇ ਪਿਛਲੇ ਸਾਲ ਕਾਂਗਰਸ ਹਾਈ ਕਮਾਂਡ ਦੇ ਕਹਿਣ 'ਤੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਕੁਝ ਦਿਨਾਂ ਮਗਰੋਂ ਕਾਂਗਰਸ ਨੂੰ ਅਲਵਿਦਾ ਆਖਦਿਆਂ ਉਨ੍ਹਾਂ ਪੰਜਾਬ ਅਸੈਂਬਲੀ ਚੋਣਾਂ ਤੋਂ ਐਨ ਪਹਿਲਾਂ 'ਪੰਜਾਬ ਲੋਕ ਕਾਂਗਰਸ' ਨਾਂ ਦੀ ਪਾਰਟੀ ਬਣਾਉਣ ਦਾ ਐਲਾਨ ਕੀਤਾ ਸੀ। ਉਨ੍ਹਾਂ ਵਿਧਾਨ ਸਭਾ ਚੋਣਾਂ ਭਾਜਪਾ ਤੇ ਸ਼੍ਰੋਮਣੀ ਅਕਾਲੀ ਦਲ (ਡੈਮੋਕਰੈਟਿਕ) ਨਾਲ ਗਠਜੋੜ ਤਹਿਤ ਲੜੀਆਂ ਸਨ।

## ਪੰਜਾਬ ਨੂੰ 150 ਮਿਲੀਅਨ ਡਾਲਰ ਕਰਜ਼ ਨੂੰ ਮਨਜ਼ੂਰੀ

**ਵਾਸ਼ਿੰਗਟਨ:** ਵਰਲਡ ਬੈਂਕ ਦੇ ਕਾਰਜਕਾਰੀ ਪ੍ਰਬੰਧਕੀ ਮੰਡਲ ਨੇ ਪੰਜਾਬ ਨੂੰ ਆਪਣੇ ਵਿੱਤੀ ਸਰੋਤਾਂ ਦੇ ਬਿਹਤਰ ਪ੍ਰਬੰਧਨ ਅਤੇ ਜਨਤਕ ਸੇਵਾਵਾਂ ਵਿਚ ਸੁਧਾਰ ਕਰਨ ਵਿਚ ਮਦਦ ਕਰਨ ਲਈ 150 ਮਿਲੀਅਨ ਅਮਰੀਕੀ ਡਾਲਰ ਦੇ ਕਰਜ਼ੇ ਦੀ ਮਨਜ਼ੂਰੀ ਦੇ ਦਿੱਤੀ ਹੈ। ਸਰਕਾਰੀ ਵਿੱਤੀ ਸੰਸਥਾ ਨੇ ਇਹ ਜਾਣਕਾਰੀ ਬਿਆਨ ਜਾਰੀ ਕਰਦਿਆਂ ਦਿੱਤੀ। ਵਿਸ਼ਵ ਬੈਂਕ ਦੀ ਡਾਇਰੈਕਟਰ ਅਗਸਟੇ ਤਾਨੋ ਨੇ ਕਿਹਾ ਕਿ ਵਿਸ਼ਵ ਬੈਂਕ ਵੱਲੋਂ ਸਮੇਂ-ਸਮੇਂ 'ਤੇ ਅਜਿਹੀ ਸਹਾਇਤਾ ਰਾਸ਼ੀ ਜਾਰੀ ਕੀਤੀ ਜਾਂਦੀ ਹੈ। ਇਹ ਯੋਜਨਾ ਦੋ ਪੜਾਵਾਂ ਵਿਚ ਲਾਗੂ ਕੀਤੀ ਜਾਵੇਗੀ। ਪਹਿਲੇ ਪੜਾਅ ਹੇਠ ਸੇਵਾ ਮੁਹੱਈਆ ਕਰਵਾਉਣ ਵਿਚ ਸੁਧਾਰ ਕਰਨ ਲਈ ਨਗਰ ਨਿਗਮਾਂ ਵਿਚ ਇਹ ਯੋਜਨਾ ਲਾਗੂ ਕੀਤੀ ਜਾਵੇਗੀ। ਇਹ ਤਹਿਤ ਅੰਮ੍ਰਿਤਸਰ ਅਤੇ ਲੁਧਿਆਣਾ ਵਿਚ ਵੱਡੀ ਗਿਣਤੀ ਲੋਕਾਂ ਨੂੰ 247 ਪਾਣੀ ਦੀ ਸਪਲਾਈ ਜਾਰੀ ਰੱਖਣ 'ਤੇ ਕੰਮ ਕੀਤਾ ਜਾਵੇਗਾ। ਵਿਸ਼ਵ ਬੈਂਕ ਅਨੁਸਾਰ ਇਹ ਕਰਜ਼ 15 ਸਾਲਾਂ ਲਈ ਦਿੱਤਾ ਗਿਆ ਹੈ ਜਿਸ ਵਿਚ 6 ਮਹੀਨਿਆਂ ਦੀ ਛੋਟ ਵੀ ਦਿੱਤੀ ਗਈ ਹੈ।

## ਕੈਨੇਡਾ ਗੋਲੀਬਾਰੀ 'ਚ ਜ਼ਖਮੀ ਪੰਜਾਬੀ ਵਿਦਿਆਰਥੀ ਦੀ ਮੌਤ

**ਟੋਰਾਂਟੋ:** ਕੈਨੇਡਾ ਦੇ ਓਂਟਾਰੀਓ ਸੂਬੇ ਦੇ ਮਿਲਟਨ ਵਿਚ ਵਾਪਰੀ ਗੋਲੀਬਾਰੀ ਦੀ ਘਟਨਾ 'ਚ ਜਖਮੀ ਹੋਏ ਭਾਰਤੀ ਵਿਦਿਆਰਥੀ ਸਤਵਿੰਦਰ ਸਿੰਘ (28) ਦੀ ਮੌਤ ਹੋ ਗਈ ਹੈ। ਇਸ ਘਟਨਾ ਵਿਚ ਪੁਲਿਸ ਕਾਂਸਟੇਬਲ ਸਣੇ ਦੋ ਜਣਿਆਂ ਦੀ ਮੌਤ ਪਹਿਲਾਂ ਹੀ ਹੋ ਚੁੱਕੀ ਹੈ। ਖੇਤਰੀ ਪੁਲਿਸ ਨੇ ਦੱਸਿਆ ਕਿ ਸਤਵਿੰਦਰ ਦੀ ਮੌਤ ਹੈਮਿਲਟਨ ਜਨਰਲ ਹਸਪਤਾਲ ਵਿਚ ਹੋਈ ਹੈ। ਇਸ ਮੌਕੇ ਉਸ ਦੇ ਪਰਿਵਾਰਕ ਮੈਂਬਰ ਤੇ ਦੋਸਤ ਮੌਜੂਦ ਸਨ। ਸਤਵਿੰਦਰ ਭਾਰਤ ਤੋਂ ਕੈਨੇਡਾ ਵਿਦਿਆਰਥੀ ਵੀਜ਼ਾ 'ਤੇ ਗਿਆ ਸੀ ਤੇ ਪੜ੍ਹਾਈ ਦੇ ਨਾਲ-ਨਾਲ ਐਮਕੇ ਆਟੋ ਰਿਪੇਅਰਜ 'ਤੇ ਕੰਮ ਕਰ ਰਿਹਾ ਸੀ। ਗੋਲੀਬਾਰੀ ਵੇਲੇ ਉਹ ਉਥੇ ਹੀ ਕੰਮ ਕਰ ਰਿਹਾ ਸੀ। ਪੁਲਿਸ ਨੇ ਪੀੜਤ ਪਰਿਵਾਰ ਤੇ ਭਾਰਤੀ ਭਾਈਚਾਰੇ ਨਾਲ ਸੰਵੇਦਨਾ ਪ੍ਰਗਟ ਕੀਤੀ ਹੈ।

## ਭਗਵੰਤ ਮਾਨ ਬਾਰੇ ਜਾਂਚ ਕਰਵਾਉਣ ਦੀ ਤਿਆਰੀ

**ਨਵੀਂ ਦਿੱਲੀ:** ਕੇਂਦਰੀ ਜਹਾਜ਼ਰਾਨੀ ਮੰਤਰੀ ਜਯੋਤਿਰਦਿਤਿਆ ਸਿੰਧੀਆ ਨੇ ਕਿਹਾ ਕਿ ਉਹ ਉਨ੍ਹਾਂ ਦੋਸ਼ਾਂ 'ਤੇ ਚਰਚਾ ਤੇ ਸਮੀਖਿਆ ਕਰਨਗੇ ਜਿਸ ਤਹਿਤ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਫਰੈਂਕਫਰਟ ਹਵਾਈ ਅੱਡੇ 'ਤੇ ਦਿੱਲੀ ਆਉਣ ਵਾਲੀ ਉਡਾਣ ਤੋਂ ਲਾਹ ਦਿੱਤਾ ਗਿਆ ਸੀ। ਕੇਂਦਰੀ ਮੰਤਰੀ ਨੇ ਜੋਰ ਦੇ ਕੇ ਕਿਹਾ ਕਿ ਤੱਥਾਂ ਦੀ ਜਾਂਚ ਕਰਨੀ ਬਹੁਤ ਜਰੂਰੀ ਹੈ। ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਮੁਖੀ ਸੁਖਬੀਰ ਸਿੰਘ ਬਾਦਲ ਨੇ ਦੋਸ਼ ਲਾਇਆ ਸੀ ਕਿ ਸ੍ਰੀ ਮਾਨ ਨੂੰ ਫਰੈਂਕਫਰਟ ਹਵਾਈ ਉਡਾਣ ਤੋਂ ਇਸ ਲਈ ਲਾਹਿਆ ਗਿਆ ਸੀ ਕਿਉਂਕਿ ਉਹ ਨਸ਼ੇ ਵਿਚ ਸਨ।

## ਬਿਜਲੀ ਵੰਡ ਪ੍ਰਾਈਵੇਟ ਹੱਥਾਂ 'ਚ ਦੇਣ ਨੂੰ ਹਰੀ ਝੰਡੀ

***(ਪਹਿਲੇ ਸਫੇ ਦੀ ਬਾਕੀ)***

ਕੇਂਦਰ ਸਰਕਾਰ ਨੇ ਪਹਿਲਾਂ ਬਿਜਲੀ ਪੈਦਾਵਾਰ ਸੈਕਟਰ ਦਾ ਦਰਵਾਜ਼ਾ ਪ੍ਰਾਈਵੇਟ ਕੰਪਨੀਆਂ ਲਈ ਖੋਲ੍ਹਿਆ ਸੀ ਤੇ ਹੁਣ ਬਿਜਲੀ ਵੰਡ (ਡਿਸਟ੍ਰੀਬਿਊਸ਼ਨ) ਦੇ ਰਾਹ ਵੀ ਪ੍ਰਾਈਵੇਟ ਕੰਪਨੀਆਂ ਲਈ ਮੋਕਲੇ ਕਰ ਦਿੱਤੇ ਹਨ। ਮਾਹਿਰ ਦੱਸਦੇ ਹਨ ਕਿ ਅਸਲ ਵਿਚ ਬਿਜਲੀ ਸੋਧ ਬਿੱਲ ਵਿਚ ਇਹ ਸਾਰੀਆਂ ਵਿਵਸਥਾਵਾਂ ਕੀਤੀਆਂ ਗਈਆਂ ਸਨ ਪਰ ਬਿਜਲੀ ਸੋਧ ਬਿੱਲ ਪਾਸ ਕਰਨ ਤੋਂ ਪਹਿਲਾਂ ਹੀ ਕੇਂਦਰ ਸਰਕਾਰ ਨੇ ਨਵੇਂ ਨੇਮ ਬਣਾ ਕੇ ਇਹ ਨਵਾਂ ਰਾਹ ਕੱਢ ਲਿਆ ਹੈ। ਹੁਣ ਸੂਬਾਈ ਸਰਕਾਰ 'ਤੇ ਨਿਰਭਰ ਕਰੇਗਾ ਕਿ ਉਸ ਨੇ ਬਿਜਲੀ ਵੰਡ ਦਾ ਕੰਮ ਕਦੋਂ ਪ੍ਰਾਈਵੇਟ ਹੱਥਾਂ ਵਿਚ ਦੇਣਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਬਿਜਲੀ ਦਾ ਵਿਸ਼ਾ ਸਮਵਰਤੀ ਸੂਚੀ ਵਿਚ ਆਉਂਦਾ ਹੈ ਜਿਸ ਕਰਕੇ ਕੋਈ ਵੀ ਵੱਡੀ ਤਬਦੀਲੀ ਤੋਂ ਪਹਿਲਾਂ ਸੂਬਿਆਂ ਨਾਲ ਸਲਾਹ ਮਸ਼ਵਰਾ ਕੀਤਾ ਜਾਣਾ ਜ਼ਰੂਰੀ ਹੁੰਦਾ ਹੈ ਪਰ ਕੇਂਦਰ ਸਰਕਾਰ ਨਿੱਜੀ ਘਰਾਣਿਆਂ ਦੇ ਹਿੱਤ ਪੂਰਨ ਲਈ ਨਵੇਂ ਨੇਮ ਘੜ ਕੇ ਸੂਬਿਆਂ ਦੇ ਹਿੱਤਾਂ ਨੂੰ ਨਜ਼ਰ-ਅੰਦਾਜ਼ ਕਰ ਰਹੀ ਹੈ।

## ਮਹਾਰਾਣੀ ਐਲਿਜ਼ਬੈੱਥ ਸਪੁਰਦ-ਏ-ਖਾਕ

**ਲੰਡਨ:** ਮਹਾਰਾਣੀ ਐਲਿਜ਼ਬੈੱਥ ਦੋਇਮ ਨੂੰ ਇਥੇ ਪੂਰੇ ਸਰਕਾਰੀ ਸਨਮਾਨਾਂ ਨਾਲ ਵੈਸਟਮਿਨਸਟਰ ਐਬੇ ਵਿਚ ਨਿਭਾਈਆਂ ਅੰਤਿਮ ਰਸਮਾਂ ਮਗਰੋਂ ਕਿੰਗ ਜੌਰਜ 6 ਮੈਮੋਰੀਅਲ ਚੈਪਲ ਵਿਚ ਸਪੁਰਦ-ਏ-ਖਾਕ ਕਰ ਦਿੱਤਾ ਗਿਆ। ਮਹਾਰਾਣੀ ਨੂੰ ਉਨ੍ਹਾਂ ਦੇ ਮਰਹੂਮ ਪਤੀ ਪ੍ਰਿੰਸ ਫਿਲਿਪ ਦੇ ਤਾਬੂਤ ਨੇੜੇ ਹੀ ਦਫਨਾਇਆ ਗਿਆ। ਡਿਊਕ ਆਫ ਐਡਿਨਬਰਗ ਪ੍ਰਿੰਸ ਫਿਲਿਪ ਦਾ ਪਿਛਲੇ ਸਾਲ ਦੇਹਾਂਤ ਹੋ ਗਿਆ ਸੀ। ਮਹਾਰਾਣੀ ਦਾ 8 ਸਤੰਬਰ ਨੂੰ 96 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ ਸੀ। ਉਨ੍ਹਾਂ 70 ਸਾਲ ਬਰਤਾਨੀਆ ਦੇ ਤਖਤ 'ਤੇ ਰਾਜ ਕੀਤਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਜਸਬੀਰ ਕੌਰ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# 'ਆਪ' ਦੇ ਛੇ ਮਹੀਨਿਆਂ ਦੇ ਲੇਖੇ ਜੋਖੇ 'ਤੇ ਸਵਾਲ ਚੁੱਕਣ ਵਾਲਿਆਂ ਨੂੰ ਵੰਗਾਰਿਆ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਵੱਲੋਂ ਆਪਣੇ 6 ਮਹੀਨਿਆਂ ਦੇ ਲੇਖੇ ਜੋਖੇ ਵਿਚ ਗਿਣਾਈਆਂ ਪ੍ਰਾਪਤੀਆਂ ਉਪਰ ਵਿਰੋਧੀ ਧਿਰਾਂ ਨੇ ਸਵਾਲ ਖੜ੍ਹੇ ਕੀਤੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਕਾਂਗਰਸੀ ਆਗੂ ਤੇ ਵਿਰੋਧੀ ਧਿਰ ਨੇਤਾ ਪ੍ਰਤਾਪ ਸਿੰਘ ਬਾਜਵਾ ਵੱਲੋਂ ਸਰਕਾਰ ਨੂੰ ਨਿਸ਼ਾਨੇ ਉਤੇ ਲਿਆ ਗਿਆ ਸੀ। ਹਾਲਾਂਕਿ ਆਮ ਆਦਮੀ ਪਾਰਟੀ ਨੇ ਆਪਣਾ ਰਿਪੋਰਟ ਕਾਰਡ ਪੇਸ਼ ਕਰਦਿਆਂ ਇਨ੍ਹਾਂ ਦੋਵਾਂ ਆਗੂਆਂ ਨੂੰ ਚੁਣੌਤੀ ਦਿੱਤੀ ਕਿ ਉਹ ਆਪਣੀ-ਆਪਣੀ ਸਰਕਾਰ ਦੇ ਪਹਿਲੇ ਛੇ ਮਹੀਨਿਆਂ ਦੌਰਾਨ ਸਾਡੇ ਕਾਰਜਕਾਲ ਤੋਂ ਅੱਧੇ ਕੰਮ ਵੀ ਕੀਤੇ ਹੋਏ ਸਾਬਤ ਕਰਕੇ ਦਿਖਾਉਣ ਤਾਂ ਉਹ ਜਨਤਕ ਤੌਰ ਉਤੇ ਮੁਆਫੀ ਮੰਗ ਲੈਣਗੇ।



'ਆਪ' ਸਰਕਾਰ ਦੇ ਪੰਜਾਬ ਵਿਚ ਛੇ ਮਹੀਨੇ ਪੂਰੇ ਹੋਣ 'ਤੇ ਪਾਰਟੀ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਪਾਰਟੀ ਵੱਲੋਂ ਕੀਤੇ ਕੰਮਾਂ ਦਾ ਰਿਪੋਰਟ ਕਾਰਡ ਜਨਤਕ ਕੀਤਾ ਹੈ। ਸ੍ਰੀ ਕੰਗ ਨੇ ਕਿਹਾ ਕਿ ਮਾਨ ਸਰਕਾਰ ਨੇ ਛੇ ਮਹੀਨਿਆਂ ਵਿਚ ਉਹ ਕੰਮ ਕਰ ਦਿਖਾਏ ਹਨ, ਜੋ ਪਿਛਲੀਆਂ ਸਰਕਾਰਾਂ ਪੰਜ ਸਾਲਾਂ ਵਿਚ ਵੀ ਨਹੀਂ ਕਰਦੀਆਂ ਸਨ। ਸ੍ਰੀ ਕੰਗ ਨੇ ਕਾਂਗਰਸੀ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਚੁਣੌਤੀ ਦਿੱਤੀ ਹੈ ਕਿ ਉਹ ਆਪਣੀਆਂ ਸਰਕਾਰਾਂ ਵੇਲੇ ਦੇ ਪਹਿਲੇ ਛੇ ਮਹੀਨਿਆਂ ਦੀ ਕਾਰਗੁਜ਼ਾਰੀ ਜਨਤਕ ਕਰਕੇ ਦਿਖਾਉਣ। ਪਾਰਟੀ ਦੇ ਮੁੱਖ ਬੁਲਾਰੇ ਨੇ ਕਿਹਾ ਕਿ ਮਾਨ ਸਰਕਾਰ ਨੇ ਆਪਣੇ ਚੋਣ ਵਾਅਦੇ ਅਨੁਸਾਰ ਛੇ ਮਹੀਨਿਆਂ ਵਿਚ 20 ਹਜ਼ਾਰ ਨੌਕਰੀਆਂ ਦਿੱਤੀਆਂ ਹਨ ਤੇ ਨੌਂ ਹਜ਼ਾਰ ਠੇਕਾ ਮੁਲਾਜ਼ਮਾਂ ਨੂੰ ਪੱਕਾ ਕੀਤਾ ਹੈ। ਖੇਤੀ ਖੇਤਰ ਵਿਚ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਲਈ 1500 ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਜਾ ਰਹੀ ਹੈ। ਲੋਕਾਂ ਨੂੰ 600 ਯੂਨਿਟ ਮੁਫਤ ਬਿਜਲੀ ਦੀ ਸ਼ੁਰੂਆਤ ਕੀਤੀ ਹੈ। ਸ੍ਰੀ ਕੰਗ ਨੇ ਕਿਹਾ ਕਿ ਸਰਕਾਰ ਨੇ ਬਲਬੀਰ ਸਿੰਘ ਸੀਨੀਅਰ ਦੇ ਨਾਂ 'ਤੇ ਸਪੋਰਟਸ ਸਕਾਲਰਸ਼ਿਪ ਸ਼ੁਰੂ ਕੀਤੀ ਹੈ ਤੇ ਸਰਕਾਰ ਨੇ ਰਾਸ਼ਟਰਮੰਡਲ ਖੇਡਾਂ ਦੇ ਸਿਤਾਰਿਆਂ ਨੂੰ ਵੀ ਸਨਮਾਨਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਭ੍ਰਿਸ਼ਟ ਸਾਬਕਾ ਮੰਤਰੀਆਂ ਤੇ ਸੀਨੀਅਰ ਅਫਸਰਾਂ 'ਤੇ ਸ਼ਿਕੰਜੇ ਕੱਸੇ ਗਏ ਹਨ। ਸਿਹਤ ਦੇ ਮਿਆਰ ਨੂੰ ਉਚਾ ਚੁੱਕਣ ਲਈ ਵੀ 100 ਆਮ ਆਦਮੀ ਕਲੀਨਿਕ ਸਥਾਪਤ ਕੀਤੇ ਹਨ। 'ਆਪ' ਆਗੂ ਨੇ ਕਿਹਾ ਕਿ ਸੂਬਾ ਸਰਕਾਰ ਨੇ ਇਕ ਐਂਟੀ ਗੈਂਗਸਟਰ ਟਾਸਕ ਫੋਰਸ ਦਾ ਗਠਨ ਕੀਤਾ ਅਤੇ ਸੰਗਠਿਤ ਅਪਰਾਧ ਨਾਲ ਜੁੜੇ 300 ਤੋਂ ਵੱਧ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ, ਜਦਕਿ ਪੰਜਾਬ ਵਿਚ ਨਸ਼ਿਆਂ ਦੀ ਤਸਕਰੀ ਨੂੰ ਰੋਕਣ ਲਈ 4000 ਤੋਂ ਵੱਧ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਇਸ ਤੋਂ ਪਹਿਲਾਂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਮਾਨ ਸਰਕਾਰ ਨੇ ਜਿਹੜੀਆਂ ਪ੍ਰਾਪਤੀਆਂ ਦੇ 6 ਮਹੀਨਿਆਂ ਵਿਚ ਦਾਅਵੇ ਕਰਕੇ ਗਿਣਾਈਆਂ ਹਨ, ਉਹ ਸਿਰਫ ਬਿਆਨਬਾਜ਼ੀ ਤੱਕ ਹੀ ਸੀਮਤ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦੇ ਛੇ ਮਹੀਨਿਆਂ ਦਾ ਮਾੜਾ ਪ੍ਰਸ਼ਾਸਨ, ਖੋਖਲੇ ਵਾਅਦੇ ਅਤੇ ਜ਼ੀਰੋ ਵਿਕਾਸ, ਭ੍ਰਿਸ਼ਟਾਚਾਰ ਆਪਣੇ ਸਿਖਰਾਂ ਨੂੰ ਛੂਹ ਰਿਹਾ ਹੈ, ਸੱਤਾ ਵਿਰੋਧੀ ਆਵਾਜ਼ਾਂ ਸੱਜੇ-ਖੱਬੇ ਗੂੰਜ ਰਹੀਆਂ ਹਨ। ਆਮ ਆਦਮੀ ਪਾਰਟੀ ਹਰ ਮੋਰਚੇ ਉਤੇ ਫੇਲ੍ਹ ਹੋਈ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦਾ ਟਵਿੱਟਰ ਹੈਂਡਲ ਦਿੱਲੀ ਤੋਂ ਚੱਲ ਰਿਹਾ ਹੈ, ਜਿਨ੍ਹਾਂ ਨੂੰ ਪੰਜਾਬੀ ਤੱਕ ਲਿਖਣੀ ਨਹੀਂ ਆਉਂਦੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਜਦੋਂ 6 ਮਹੀਨਿਆਂ ਵਿਚ ਕੁਝ ਨਾ ਕਰ ਸਕੀ ਤਾਂ ਵਿਧਾਇਕਾਂ ਦੀ ਖ਼ਰੀਦੋ ਫਰੋਖ਼ਤ ਦਾ ਮਾਮਲਾ ਬਣਾ ਲਿਆ ਪਰ ਜੇਕਰ ਕੋਈ ਸੱਚਾਈ ਸੀ ਤਾਂ ਭਾਜਪਾ ਆਗੂਆਂ ਦੇ ਨਾਮ ਕਿਉਂ ਨਾ ਜਨਤਕ ਕੀਤੇ। ਉੱਧਰ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸਰਕਾਰ ਨੂੰ ਬਿਆਨਾਂ ਵਿਚ ਕੀਤੇ ਦਾਅਵਿਆਂ ਦੇ ਉਲਟ ਜ਼ਮੀਨੀ ਪੱਧਰ ਉਤੇ ਇਕ ਵੀ ਪ੍ਰਾਪਤੀ ਸਾਬਤ ਕਰਨ ਲਈ ਕਿਹਾ ਹੈ।

## ਕੇਜਰੀਵਾਲ ਨੇ ਲੋਕਾਂ ਨੂੰ ਮੂਰਖ ਬਣਾ ਸੱਤਾ ਹਥਿਆਈ: ਭਾਜਪਾ

**ਚੰਡੀਗੜ੍ਹ:** ਭਾਜਪਾ ਪੰਜਾਬ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦੀ ਛੇ ਮਹੀਨਿਆਂ ਦੀ ਕਾਰਗੁਜ਼ਾਰੀ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਇਨ੍ਹਾਂ ਮਹੀਨਿਆਂ ਦੌਰਾਨ ਲੋਕਾਂ ਨੂੰ ਦਿਖਾਏ ਗਏ ਸੁਨਹਿਰੀ ਸੁਪਨੇ ਚਕਨਾਚੂਰ ਹੋ ਗਏ ਹਨ। ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਨੇ ਪੰਜਾਬ ਦੀ ਜਨਤਾ ਨੂੰ ਮੂਰਖ ਬਣਾ ਕੇ ਸੱਤਾ ਹਾਸਲ ਕੀਤੀ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਦੇ ਵਾਅਦੇ ਸਿਰਫ ਐਲਾਨਾਂ ਤੱਕ ਸੀਮਤ ਰਹਿ ਗਏ ਹਨ। ਸ੍ਰੀ ਸ਼ਰਮਾ ਨੇ ਕਿਹਾ ਕਿ ਪੰਜਾਬ ਵਿਚ ਉਦਯੋਗ ਬੰਦ ਹੋ ਰਹੇ ਹਨ ਤੇ ਸਨਅਤਕਾਰ ਦੂਜੇ ਰਾਜਾਂ ਦਾ ਰੁਖ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਛੇ ਮਹੀਨਿਆਂ ਵਿਚ 12 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਚੁੱਕ ਲਿਆ ਹੈ।

## ਕਿਸਾਨਾਂ ਦੀ ਆਰਥਿਕਤਾ ਨੂੰ ਲੀਹ 'ਤੇ ਲਿਆਵਾਂਗੇ: ਚੀਮਾ

**ਪਟਿਆਲਾ:** ਪੀ.ਏ.ਯੂ. ਵੱਲੋਂ ਰੌਣੀ ਕ੍ਰਿਸ਼ੀ ਵਿਗਿਆਨ ਕੇਂਦਰ ਵਿਚ ਕਰਵਾਏ ਗਏ ਕਿਸਾਨ ਮੇਲੇ ਦਾ ਉਦਘਾਟਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਇਕ ਖੇਤੀ ਪ੍ਰਧਾਨ ਸੂਬਾ ਹੈ ਤੇ ਖੇਤੀਬਾੜੀ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ ਤੇ ਪੰਜਾਬੀ ਇਸ ਮਿੱਟੀ ਵਿਚੋਂ ਸੋਨਾ ਉਗਾਉਣ ਦੀ ਸਮਰੱਥਾ ਰੱਖਦੇ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਖੇਤੀ ਦੇ ਧੰਦੇ ਵਿਚ ਆਏ ਨਿਘਾਰ ਕਾਰਨ ਕਿਸਾਨਾਂ ਦੀ ਵਿਗੜੀ ਆਰਥਿਕਤਾ ਨੂੰ ਮੁੜ ਲੀਹ 'ਤੇ ਲਿਆਉਣ ਲਈ ਸੰਜੀਦਗੀ ਨਾਲ ਯਤਨ ਕਰ ਰਹੀ ਹੈ। ਵਿੱਤ ਮੰਤਰੀ ਨੇ ਕਿਹਾ ਕਿ ਪਰਾਲੀ ਸਾੜਨ ਦੇ ਰੁਝਾਨ ਨੂੰ ਪੂਰਨ ਰੂਪ 'ਚ ਠੱਲ੍ਹ ਪਾਉਣ ਦੇ ਯਤਨ ਕੀਤੇ ਜਾਣਗੇ।

## ਦੁਬਈ ਤੋਂ ਆਈ ਉਡਾਣ ਰਾਹੀਂ ਲਿਆਂਦਾ 1050 ਗ੍ਰਾਮ ਸੋਨਾ ਬਰਾਮਦ

**ਅੰਮ੍ਰਿਤਸਰ:** ਸਥਾਨਕ ਹਵਾਈ ਅੱਡੇ 'ਤੇ ਤਾਇਨਾਤ ਕਸਟਮ ਵਿਭਾਗ ਨੇ ਦੁਬਈ ਤੋਂ ਅੰਮ੍ਰਿਤਸਰ ਆਈ ਉਡਾਣ ਰਾਹੀਂ ਲਿਆਂਦਾ 1050 ਗ੍ਰਾਮ ਸੋਨਾ ਬਰਾਮਦ ਕੀਤਾ ਹੈ। ਇਸ ਦੀ ਮਾਰਕੀਟ ਕੀਮਤ 54 ਲੱਖ 70 ਹਜ਼ਾਰ ਰੁਪਏ ਹੈ। ਇਸ ਸਬੰਧੀ ਹਵਾਈ ਕੰਪਨੀ ਦਾ ਕਰਮਚਾਰੀ ਵੀ ਕਾਬੂ ਕੀਤਾ ਹੈ। ਕਸਟਮ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਸਪਾਈਸ ਜੈੱਟ ਹਵਾਈ ਕੰਪਨੀ ਦੀ ਇਹ ਉਡਾਣ ਸਵੇਰੇ ਦੁਬਈ ਤੋਂ ਅੰਮ੍ਰਿਤਸਰ ਆਈ ਸੀ। ਉਨ੍ਹਾਂ ਦੱਸਿਆ ਕਿ ਹਵਾਈ ਕੰਪਨੀ ਦਾ ਕਰਮਚਾਰੀ ਜਹਾਜ਼ ਵਿਚ ਦਾਖਲ ਹੋਣ ਮਗਰੋਂ ਜਦੋਂ ਵਾਪਸ ਆਇਆ ਤਾਂ ਸ਼ੱਕ ਪੈਣ 'ਤੇ ਉਸ ਦੀ ਜਾਂਚ ਕੀਤੀ। ਤਲਾਸ਼ੀ ਦੌਰਾਨ ਉਸ ਕੋਲੋਂ ਦੋ ਪੈਕੇਟ ਬਰਾਮਦ ਹੋਏ ਜੋ ਕਾਲੀ ਟੇਪ ਨਾਲ ਲਪੇਟੇ ਹੋਏ ਸਨ। ਇਨ੍ਹਾਂ ਵਿਚ ਸੋਨੇ ਦੇ 9 ਬਿਸਕੁਟ ਸਨ, ਜਿਨ੍ਹਾਂ ਦਾ ਭਾਰ 1050 ਗ੍ਰਾਮ ਹੈ।

# ਦੋ ਸਾਲਾਂ ਦੀ ਥਾਂ ਦਲੇਰ ਮਹਿੰਦੀ ਦੋ ਮਹੀਨਿਆਂ ਪਿੱਛੋਂ ਹੀ ਜੇਲ੍ਹ ਵਿਚੋਂ ਰਿਹਾਅ

**ਪਟਿਆਲਾ:** ਵਿਦੇਸ਼ ਭੇਜਣ ਦੇ ਮਾਮਲੇ 'ਚ ਧੋਖਾਧੜੀ ਦੇ ਦੋਸ਼ਾਂ ਤਹਿਤ ਹੋਈ ਦੋ ਸਾਲਾਂ ਦੀ ਸਜ਼ਾ ਅਧੀਨ ਦੋ ਮਹੀਨਿਆਂ ਤੋਂ ਪਟਿਆਲਾ ਜੇਲ੍ਹ 'ਚ ਬੰਦ ਗਾਇਕ ਦਲੇਰ ਮਹਿੰਦੀ ਹਾਈ ਕੋਰਟ ਤੋਂ ਰਾਹਤ ਮਿਲਣ ਮਗਰੋਂ ਜੇਲ੍ਹ ਤੋਂ ਬਾਹਰ ਆ ਗਏ। ਉਨ੍ਹਾਂ ਵੱਲੋਂ ਪਾਈ ਗਈ ਅਪੀਲ 'ਤੇ ਰਾਹਤ ਤਾਂ 15 ਸਤੰਬਰ ਨੂੰ ਹੀ ਮਿਲ ਗਈ ਸੀ ਪਰ ਰਿਹਾਈ 16 ਸਤੰਬਰ ਨੂੰ ਸ਼ਾਮ ਪੰਜ ਵਜੇ ਹੀ ਸੰਭਵ ਹੋ ਸਕੀ ਕਿਉਂਕਿ ਪਹਿਲਾਂ ਦਸਤਾਵੇਜ਼ ਨਹੀਂ ਪੁੱਜੇ ਸਨ।

ਜ਼ਿਕਰਯੋਗ ਹੈ ਕਿ ਉਨ੍ਹਾਂ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ 19 ਸਤੰਬਰ 2003 ਨੂੰ ਥਾਣਾ ਸਦਰ ਪਟਿਆਲਾ ਵਿਚ ਕੇਸ ਦਰਜ ਕੀਤਾ ਗਿਆ ਸੀ। ਮਹਿੰਦੀ ਉਤੇ ਦੋਸ਼ ਲੱਗੇ ਸਨ ਕਿ ਉਨ੍ਹਾਂ 13 ਲੱਖ 'ਚ ਕਲਾਕਾਰ ਮੰਡਲੀ ਦੇ ਮੈਂਬਰ ਵਜੋਂ ਵਿਅਕਤੀ ਨੂੰ ਕੈਨੇਡਾ ਲਿਜਾਣ ਦਾ ਵਾਅਦਾ ਕੀਤਾ ਸੀ ਜੋ ਕਿ ਪੂਰਾ ਨਹੀਂ ਕੀਤਾ ਗਿਆ, ਤੇ ਨਾ ਹੀ ਪੈਸੇ ਮੋੜੇ ਗਏ।

ਇਸ ਕੇਸ ਦੌਰਾਨ ਦਲੇਰ ਦੇ ਭਰਾ ਸ਼ਮਸ਼ੇਰ ਮਹਿੰਦੀ ਨੂੰ ਵੀ ਕਈ ਮਹੀਨੇ ਜੇਲ੍ਹ 'ਚ ਰਹਿਣਾ ਪਿਆ। ਜੇਲ੍ਹ ਤੋਂ ਬਾਹਰ ਆਉਣ ਮਗਰੋਂ ਸ਼ਮਸ਼ੇਰ ਮਹਿੰਦੀ ਤੇ ਇਕ ਹੋਰ ਮੁਲਜ਼ਮ ਦੀ ਮੌਤ ਹੋ ਗਈ ਸੀ। ਮਗਰੋਂ 2004 'ਚ ਚਲਾਨ ਪੇਸ਼ ਕਰਦਿਆਂ ਪੁਲਿਸ ਨੇ ਦਲੇਰ ਮਹਿੰਦੀ ਨੂੰ 'ਬੇਕਸੂਰ' ਵੀ ਗਰਦਾਨਿਆ। ਇਸ ਕਰਕੇ ਕਈ ਸਾਲਾਂ ਤੱਕ ਉਹ ਟਰਾਇਲ 'ਚ ਵੀ ਸ਼ਾਮਲ ਨਾ ਹੋਏ। ਪਰ ਮੁੱਦਈ ਧਿਰ ਦੇ ਵਕੀਲ ਦੀ ਅਰਜ਼ੀ 'ਤੇ ਅਦਾਲਤ ਨੇ ਦਲੇਰ ਮਹਿੰਦੀ ਨੂੰ ਟਰਾਇਲ ਦਾ ਸਾਹਮਣਾ ਕਰਨ ਦੀ ਤਾਕੀਦ ਕੀਤੀ। ਇਸ ਦੌਰਾਨ 2018 'ਚ ਦਲੇਰ ਨੂੰ ਦੋ ਸਾਲ ਦੀ ਸਜ਼ਾ ਹੋ ਗਈ। ਪਰ ਫੈਸਲੇ ਨੂੰ ਚੁਣੌਤੀ ਦੇਣ ਕਰ ਕੇ ਉਨ੍ਹਾਂ ਨੂੰ ਜ਼ਮਾਨਤ ਮਿਲ ਗਈ।



ਹਾਲਾਂਕਿ ਜੁਲਾਈ 2022 ਨੂੰ ਇਥੋਂ ਦੀ ਹੀ ਇਕ ਉਪਰਲੀ ਅਦਾਲਤ ਵੱਲੋਂ ਦੋ ਸਾਲ ਦੀ ਸਜ਼ਾ ਵਾਲਾ ਹੇਠਲੀ ਅਦਾਲਤ ਦਾ ਫੈਸਲਾ ਬਰਕਰਾਰ ਰੱਖੇ ਜਾਣ ਕਰਕੇ 14 ਜੁਲਾਈ ਨੂੰ ਉਨ੍ਹਾਂ ਨੂੰ ਜੇਲ੍ਹ ਜਾਣਾ ਪਿਆ। ਇਸ ਤੋਂ ਬਾਅਦ ਉਨ੍ਹਾਂ ਹਾਈ ਕੋਰਟ ਦਾ ਰੁਖ ਕੀਤਾ।

# ਸੁਖਬੀਰ ਨੇ ਜਥੇਬੰਦਕ ਢਾਂਚੇ ਦੇ ਮੁੜ ਗਠਨ ਲਈ ਫੜੀ ਸਰਗਰਮੀ

## ਬਾਗੀ ਸੁਰ ਚੁੱਕਣ ਵਾਲਿਆਂ ਨੂੰ ਨਿਯੁਕਤੀਆਂ 'ਚ ਥਾਂ ਨਹੀਂ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਜਥੇਬੰਦਕ ਢਾਂਚੇ ਦੇ ਮੁੜ ਗਠਨ ਲਈ ਸੂਬਾ ਤੇ ਜ਼ਿਲ੍ਹਾ ਪੱਧਰੀ ਨਿਗਰਾਨ ਤੇ ਤਾਲਮੇਲ ਕਮੇਟੀ ਦੇ ਮੁਖੀ ਨਿਯੁਕਤ ਕੀਤੇ ਹਨ। ਪਾਰਟੀ ਦੇ ਜਥੇਬੰਦਕ ਢਾਂਚੇ ਵਿਚ ਭਵਿੱਖੀ ਤਬਦੀਲੀਆਂ ਤੇ ਚੋਣਾਂ ਦੇ ਐਲਾਨ ਤੋਂ ਬਾਅਦ ਅਕਾਲੀ ਦਲ ਨੇ ਇਹ ਨਿਯੁਕਤੀਆਂ ਕੀਤੀਆਂ ਹਨ। ਬਾਗੀ ਮੰਨੇ ਜਾਂਦੇ ਦਾਖਾ ਹਲਕੇ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਅਤੇ ਜਗਮੀਤ ਸਿੰਘ ਬਰਾੜ ਨੂੰ ਨਵੀਆਂ ਨਿਯੁਕਤੀਆਂ ਵਿਚ ਥਾਂ ਨਹੀਂ ਦਿੱਤੀ ਗਈ।

ਪਾਰਟੀ ਵੱਲੋਂ ਜੋ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ, ਉਨ੍ਹਾਂ ਮੁਤਾਬਕ ਬਲਵਿੰਦਰ ਸਿੰਘ ਭੂੰਦੜ ਮੁੱਖ ਸੂਬਾਈ ਨਿਗਰਾਨ ਹੋਣਗੇ ਅਤੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਗੁਲਜ਼ਾਰ ਸਿੰਘ ਰਣੀਕੇ, ਬੀਬੀ ਜਗੀਰ ਕੌਰ ਅਤੇ ਅਨਿਲ ਜੋਸ਼ੀ ਸੂਬਾ ਨਿਗਰਾਨ ਦੀ ਜ਼ਿੰਮੇਵਾਰੀ ਨਿਭਾਉਣਗੇ। ਡਾ. ਦਲਜੀਤ ਸਿੰਘ ਚੀਮਾ ਨੂੰ ਤਾਲਮੇਲ ਕਮੇਟੀ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਜ਼ਿਲ੍ਹਾ ਅਬਜ਼ਰਵਰਾਂ ਵਿਚ ਬਿਕਰਮ ਸਿੰਘ ਮਜੀਠੀਆ ਨੂੰ ਅੰਮ੍ਰਿਤਸਰ (ਸ਼ਹਿਰੀ), ਲਖਬੀਰ ਸਿੰਘ ਲੋਧੀਨੰਗਲ ਤੇ ਹਰਮੀਤ ਸਿੰਘ ਸੰਧੂ ਨੂੰ ਅੰਮ੍ਰਿਤਸਰ (ਦਿਹਾਤੀ), ਸਿਕੰਦਰ ਸਿੰਘ ਮਲੂਕਾ ਤੇ ਪ੍ਰਕਾਸ਼ ਚੰਦ ਗਰਗ ਨੂੰ ਪਟਿਆਲਾ, ਜਨਮੇਜਾ ਸਿੰਘ ਸੇਖੋਂ ਨੂੰ ਮੋਗਾ, ਮਹੇਸ਼ਇੰਦਰ ਸਿੰਘ ਗਰੇਵਾਲ ਨੂੰ ਰੋਪੜ, ਸ਼ਰਨਜੀਤ ਸਿੰਘ ਢਿੱਲੋਂ ਨੂੰ ਜਲੰਧਰ (ਦਿਹਾਤੀ), ਗੁਲਜ਼ਾਰ ਸਿੰਘ ਰਣੀਕੇ ਤੇ ਵੀਰ ਸਿੰਘ ਲੋਪੋਕੇ ਨੂੰ ਗੁਰਦਾਸਪੁਰ, ਸੁਰਜੀਤ ਸਿੰਘ ਰੱਖੜਾ ਨੂੰ ਫਤਹਿਗੜ੍ਹ ਸਾਹਿਬ, ਹੀਰਾ ਸਿੰਘ ਗਾਬੜੀਆ ਨੂੰ ਪੁਲਿਸ ਜ਼ਿਲ੍ਹਾ ਖੰਨਾ, ਪਰਮਬੰਸ ਸਿੰਘ ਬੰਟੀ ਰੋਮਾਣਾ ਤੇ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਨੂੰ ਬਰਨਾਲਾ, ਇਕਬਾਲ ਸਿੰਘ ਝੂੰਦਾਂ ਤੇ ਨੁਸਰਤ ਇਕਰਾਮ ਖਾਂ ਨੂੰ ਸੰਗਰੂਰ ਤੇ ਮਾਲੇਰਕੋਟਲਾ, ਵਰਦੇਵ ਸਿੰਘ ਮਾਨ ਤੇ ਹਰਪ੍ਰੀਤ ਸਿੰਘ ਕੋਟਭਾਈ ਨੂੰ ਬਠਿੰਡਾ, ਬਲਦੇਵ ਸਿੰਘ ਮਾਨ ਤੇ ਹਰਦੀਪ ਸਿੰਘ ਡਿੰਪੀ ਢਿੱਲੋਂ ਨੂੰ ਮਾਨਸਾ, ਗੁਰਪ੍ਰਤਾਪ ਸਿੰਘ ਵਡਾਲਾ ਨੂੰ ਫਰੀਦਕੋਟ, ਜੀਤਮਹਿੰਦਰ ਸਿੰਘ ਸਿੱਧੂ ਨੂੰ ਸ੍ਰੀ ਮੁਕਤਸਰ ਸਾਹਿਬ, ਗੁਰਪ੍ਰੀਤ ਸਿੰਘ ਰਾਜੂ ਖੰਨਾ ਨੂੰ ਮੁਹਾਲੀ ਤੇ ਬਰਜਿੰਦਰ ਸਿੰਘ ਬਰਾੜ ਨੂੰ ਕਪੂਰਥਲਾ ਜ਼ਿਲ੍ਹੇ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

# ਪੰਜਾਬ ਪੁਲਿਸ ਨੇ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ



**ਚੰਡੀਗੜ੍ਹ:** ਪੰਜਾਬ ਭਰ 'ਚ ਪੁਲਿਸ ਨੇ ਵੱਡੀ ਪੱਧਰ 'ਤੇ ਤਲਾਸ਼ੀ ਮੁਹਿੰਮ ਚਲਾ ਕੇ ਨਸ਼ੀਲੇ ਪਦਾਰਥ, ਡਰੱਗ ਮਨੀ, ਨਾਜਾਇਜ਼ ਸ਼ਰਾਬ ਤੇ ਹਥਿਆਰ ਬਰਾਮਦ ਕੀਤੇ ਹਨ। ਸੂਤਰਾਂ ਮੁਤਾਬਕ ਇਸ ਮੁਹਿੰਮ ਦੌਰਾਨ ਕਈ ਜ਼ਿਲ੍ਹਿਆਂ 'ਚ ਪੁਲਿਸ ਨੇ ਕਈ ਮਸ਼ਕੂਕ ਵੀ ਹਿਰਾਸਤ 'ਚ ਲਏ ਹਨ। ਪੁਲਿਸ ਨੂੰ ਕਈ ਥਾਈਂ ਲੋਕਾਂ ਦੇ ਵਿਰੋਧ ਦਾ ਸਾਹਮਣਾ ਵੀ ਕਰਨਾ ਪਿਆ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿਚ ਵੱਡੇ ਪੱਧਰ 'ਤੇ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ (ਸੀ.ਏ.ਐਸ.ਓ.) ਚਲਾਈ।

ਡੀ.ਜੀ.ਪੀ. ਗੌਰਵ ਯਾਦਵ ਨੇ ਕਿਹਾ ਕਿ ਇਹ ਮੁਹਿੰਮਾਂ ਚਲਾਉਣ ਦਾ ਉਦੇਸ਼ ਆਮ ਲੋਕਾਂ ਵਿਚ ਸੁਰੱਖਿਆ ਤੇ ਪੁਲਿਸ 'ਤੇ ਯਕੀਨ ਕਰਨ ਦੀ ਭਾਵਨਾ ਪੈਦਾ ਕਰਨਾ ਤੇ ਨਸ਼ਿਆਂ ਦੇ ਜ਼ਖੀਰਿਆਂ ਨੂੰ ਜ਼ਬਤ ਕਰਨਾ ਹੈ। ਇਹ ਮੁਹਿੰਮ ਸੂਬੇ ਭਰ 'ਚ ਇਕੋ ਸਮੇਂ ਸਵੇਰੇ 11 ਤੋਂ ਬਾਅਦ ਦੁਪਹਿਰ 3 ਵਜੇ ਤੱਕ ਚਲਾਈ ਗਈ ਅਤੇ ਪੁਲਿਸ ਹੈੱਡਕੁਆਰਟਰ ਤੋਂ ਏ.ਡੀ.ਜੀ.ਪੀ/ ਆਈ.ਜੀ.ਪੀ. ਰੈਂਕ ਦੇ ਅਧਿਕਾਰੀਆਂ ਨੂੰ ਹਰੇਕ ਪੁਲਿਸ ਜ਼ਿਲ੍ਹੇ ਵਿਚ ਨਿੱਜੀ ਤੌਰ 'ਤੇ ਕਾਰਵਾਈ ਦੀ ਨਿਗਰਾਨੀ ਕਰਨ ਲਈ ਤਾਇਨਾਤ ਕੀਤਾ ਗਿਆ ਸੀ। ਡੀ.ਜੀ.ਪੀ. ਨੇ ਦੱਸਿਆ ਕਿ ਇਸ ਅਪ੍ਰੇਸ਼ਨ ਵਿਚ ਸਬੰਧਤ ਜ਼ਿਲ੍ਹਿਆਂ ਦੇ ਸਾਰੇ ਪੁਲਿਸ ਕਮਿਸ਼ਨਰਾਂ ਤੇ ਜ਼ਿਲ੍ਹਾ ਪੁਲਿਸ ਮੁਖੀਆਂ ਨੇ ਵੱਧ ਤੋਂ ਵੱਧ ਪੁਲਿਸ ਕਰਮਚਾਰੀ ਤਾਇਨਾਤ ਕੀਤੇ। ਇਹ ਮੁਹਿੰਮ ਘੱਟੋ-ਘੱਟ 227 ਪਛਾਣ ਕੀਤੇ ਗਏ ਹੌਟਸਪੌਟਸ 'ਤੇ ਚਲਾਈ ਗਈ। ਡੀ.ਜੀ.ਪੀ. ਗੌਰਵ ਯਾਦਵ ਨੇ ਕਿਹਾ, "ਸਾਰੇ ਪੁਲਿਸ ਮੁਲਾਜ਼ਮਾਂ ਨੂੰ ਇਸ ਕਾਰਵਾਈ ਦੌਰਾਨ ਹਰੇਕ ਨਿਵਾਸੀ ਨਾਲ ਦੋਸਤਾਨਾ ਢੰਗ ਅਤੇ ਨਿਮਰਤਾ ਨਾਲ ਪੇਸ਼ ਆਉਣ ਲਈ ਸਖ਼ਤ ਹਦਾਇਤ ਕੀਤੀ ਗਈ ਸੀ।" ਡੀ.ਜੀ.ਪੀ. ਨੇ ਕਿਹਾ ਕਿ ਸਰਹੱਦੀ ਸੂਬੇ ਵਿਚੋਂ ਨਸ਼ਿਆਂ ਅਤੇ ਗੈਂਗਸਟਰਾਂ ਤੇ ਸਮਾਜ ਵਿਰੋਧੀ ਅਨਸਰਾਂ 'ਤੇ ਠੱਲ੍ਹ ਪਾਉਣ ਲਈ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ ਤੇ ਇਹ ਮੁਹਿੰਮਾਂ ਉਦੋਂ ਤੱਕ ਜਾਰੀ ਰਹਿਣਗੀਆਂ ਜਦੋਂ ਤੱਕ ਪੰਜਾਬ ਵਿਚੋਂ ਨਸ਼ਿਆਂ ਅਤੇ ਗੈਂਗਸਟਰਾਂ ਦਾ ਸਫਾਇਆ ਨਹੀਂ ਹੋ ਜਾਂਦਾ।

## ਤਸਕਰਾਂ ਖਿਲਾਫ ਕਾਰਵਾਈ ਨਾ ਕਰਨ ਵਾਲੇ 11 ਮੁਲਾਜ਼ਮਾਂ ਦਾ ਤਬਾਦਲਾ

**ਸੰਗਰੂਰ:** ਜ਼ਿਲ੍ਹਾ ਪੁਲਿਸ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਅਤੇ ਡੀ.ਜੀ.ਪੀ. ਗੌਰਵ ਯਾਦਵ ਦੀਆਂ ਹਦਾਇਤਾਂ 'ਤੇ ਨਸ਼ਾ ਤਸਕਰਾਂ ਖ਼ਿਲਾਫ਼ ਵਿਸ਼ੇਸ਼ ਸਰਚ ਅਪ੍ਰੇਸ਼ਨ 'ਕਾਸੋ' ਚਲਾਇਆ ਗਿਆ। ਇਸ ਅਪਰੇਸ਼ਨ ਦੌਰਾਨ ਨਸ਼ਾ ਤਸਕਰਾਂ ਖ਼ਿਲਾਫ਼ ਢੁਕਵੀਂ ਕਾਰਵਾਈ ਨਾ ਕਰਨ ਕਰਕੇ ਪੁਲਿਸ ਚੌਕੀ ਅਨਾਜ ਮੰਡੀ ਸੁਨਾਮ ਵਿਚ ਤਾਇਨਾਤ 11 ਪੁਲਿਸ ਮੁਲਾਜ਼ਮਾਂ ਦਾ ਪੁਲਿਸ ਲਾਈਨ ਅਤੇ ਦੂਰ-ਦਰਾਡੇ ਪੁਲਿਸ ਥਾਣਿਆਂ ਵਿਚ ਤਬਾਦਲਾ ਕਰ ਦਿੱਤਾ ਗਿਆ ਹੈ। ਏ.ਐਸ.ਆਈ. ਬਲਕਾਰ ਸਿੰਘ ਨੂੰ ਨਸ਼ਾ ਤਸਕਰਾਂ ਨਾਲ ਤਾਲਮੇਲ ਰੱਖਣ, ਨਸ਼ਾ ਤਸਕਰਾਂ ਵਿਰੁੱਧ ਨਰਮ ਰੁਖ ਅਪਨਾਉਣ ਅਤੇ ਕਾਰਵਾਈ ਨਾ ਕਰਨ ਦੇ ਦੋਸ਼ ਹੇਠ ਨੌਕਰੀ ਤੋਂ ਮੁਅੱਤਲ ਕਰਕੇ ਵਿਭਾਗੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਸ਼੍ਰੋਮਣੀ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਕਾਨੂੰਨੀ ਚਾਰਾਜੋਈ ਦੀ ਤਿਆਰੀ



**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਸੰਘਰਸ਼ ਤੇ ਰਾਜਸੀ ਪਹੁੰਚ ਦੀ ਨੀਤੀ ਦੇ ਨਾਲ-ਨਾਲ ਕਾਨੂੰਨੀ ਲੜਾਈ ਤੇਜ਼ ਕਰਨ ਦਾ ਐਲਾਨ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਥੇ ਸੇਵਾਮੁਕਤ ਸਿੱਖ ਜੱਜਾਂ ਅਤੇ ਸੀਨੀਅਰ ਵਕੀਲਾਂ ਨਾਲ ਇਸ ਮੁੱਦੇ 'ਤੇ ਵਿਸ਼ੇਸ਼ ਮੀਟਿੰਗ ਕੀਤੀ।

ਉਨ੍ਹਾਂ ਕਿਹਾ ਕਿ ਇਹ ਮਾਮਲਾ ਕੌਮ ਦਾ ਸਭ ਤੋਂ ਅਹਿਮ ਮਾਮਲਾ ਹੈ, ਕਿਉਂਕਿ ਸਜ਼ਾਵਾਂ ਪੂਰੀਆਂ ਕਰਨ ਮਗਰੋਂ ਵੀ ਸਿੱਖ ਬੰਦੀਆਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ ਹੈ। ਇਸ ਸਬੰਧੀ ਕਾਨੂੰਨੀ ਮਾਹਰਾਂ ਨੇ ਬੈਠਕ ਦੌਰਾਨ ਅਹਿਮ ਸੁਝਾਅ ਦਿੱਤੇ ਹਨ, ਜਿਸ ਤਹਿਤ ਕਾਨੂੰਨੀ ਲੜਾਈ ਅੱਗੇ ਵਧਾਈ ਜਾਵੇਗੀ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਭਾਵੇਂ ਪਹਿਲਾਂ ਹੀ ਬੰਦੀ ਸਿੰਘਾਂ ਨੂੰ ਕਾਨੂੰਨੀ ਸਹਾਇਤਾ ਮੁਹੱਈਆ ਕਰਵਾ ਰਹੀ ਹੈ, ਪਰ ਹੁਣ ਵੱਖ-ਵੱਖ ਕਾਨੂੰਨੀ ਪਹਿਲੂਆਂ ਦੇ ਮੱਦੇਨਜ਼ਰ ਸਮੂਹਕ ਤੌਰ 'ਤੇ ਸਿੱਖ ਬੰਦੀਆਂ ਦਾ ਕੇਸ ਰੱਖਿਆ ਜਾਵੇਗਾ। ਐਡਵੋਕੇਟ ਧਾਮੀ ਨੇ ਕਿਹਾ ਕਿ ਇਕੱਤਰਤਾ 'ਚ ਬਿਹਤਰੀਨ ਸੁਝਾਅ ਪ੍ਰਾਪਤ ਹੋਏ ਹਨ ਤੇ ਆਉਂਦੇ ਦਿਨਾਂ ਵਿਚ ਇਕੱਤਰਤਾ ਮੁੜ ਬੁਲਾਈ ਜਾਵੇਗੀ।

ਉਨ੍ਹਾਂ ਇਹ ਵੀ ਦੱਸਿਆ ਕਿ ਲੰਬੇ ਅਰਸੇ ਤੋਂ ਜੇਲ੍ਹਾਂ ਵਿਚ ਬੰਦ ਸਿੱਖ ਕੈਦੀਆਂ ਤੋਂ ਇਲਾਵਾ ਮੌਜੂਦਾ ਸਮਿਆਂ ਦੌਰਾਨ ਕਈ ਕੇਸਾਂ 'ਚ ਫਸਾਏ ਗਏ ਸਿੱਖ ਨੌਜਵਾਨਾਂ ਨੂੰ ਛੁਡਾਉਣ ਲਈ ਵੀ ਯਤਨ ਕੀਤੇ ਜਾਣਗੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਕਾਂਗਰਸ ਤੇ 'ਆਪ' ਬੰਦੀ ਸਿੰਘਾਂ ਦੇ ਵਿਰੋਧ ਵਿਚ ਭੁਗਤ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜੇਕਰ 'ਆਪ' ਬੰਦੀ ਸਿੰਘਾਂ ਨਾਲ ਹਮਦਰਦੀ ਰੱਖਦੀ ਹੁੰਦੀ ਤਾਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਇਕ ਆਦੇਸ਼ 'ਤੇ ਬਾਹਰ ਆ ਸਕਦੇ ਹਨ। ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਦੇ ਕੋਲ ਉਹ (ਐਡਵੋਕੇਟ ਧਾਮੀ) ਖੁਦ ਵਫ਼ਦ ਲੈ ਕੇ ਪੁੱਜੇ ਸਨ, ਪਰ ਉਨ੍ਹਾਂ ਮਿਲਣਾ ਵੀ ਮੁਨਾਸਬ ਨਹੀਂ ਸਮਝਿਆ। ਦੂਸਰੇ ਪਾਸੇ ਕਾਂਗਰਸ ਦੇ ਆਗੂਆਂ ਵੱਲੋਂ ਵੀ ਲਗਾਤਾਰ ਇਸ ਦਾ ਵਿਰੋਧ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿੱਖ ਬੰਦੀਆਂ ਦਾ ਮਾਮਲਾ ਹਾਲਾਤਾਂ 'ਚੋਂ ਨਿਕਲੀਆਂ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ ਤੇ ਇਹ ਗੱਲ ਸਰਕਾਰਾਂ ਨੂੰ ਸਮਝਣੀ ਚਾਹੀਦੀ ਹੈ।

# ਤਖਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਬਾਰੇ ਨਿਯਮ ਬਣਾਉਣ ਦੀ ਮੰਗ ਮੁੜ ਉਠੀ

**ਅੰਮ੍ਰਿਤਸਰ:** ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ, ਸੇਵਾਮੁਕਤੀ, ਕਾਰਜ ਖੇਤਰ ਆਦਿ ਬਾਰੇ ਨਿਯਮ ਤਿਆਰ ਕਰਨ ਦੀ ਮੰਗ ਮੁੜ ਉਭਰੀ ਹੈ। ਇਸ ਵਾਰ ਇਹ ਮੰਗ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਕੀਤੀ ਗਈ ਹੈ।

ਉਨ੍ਹਾਂ ਇਹ ਮੁੱਦਾ ਸ੍ਰੀ ਅਕਾਲ ਤਖ਼ਤ ਵਿਖੇ ਇਕ ਸਮਾਗਮ ਦੌਰਾਨ ਉਭਾਰਿਆ ਤੇ ਉਸ ਵੇਲੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੀ ਉਥੇ ਹਾਜ਼ਰ ਸਨ। ਸ਼੍ਰੋਮਣੀ ਕਮੇਟੀ ਨੂੰ ਕਿਹਾ ਕਿ ਉਹ ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ, ਸੇਵਾਮੁਕਤੀ, ਸੇਵਾਕਾਲ ਦੀ ਮਿਆਦ ਆਦਿ ਬਾਰੇ ਨਿਯਮ ਬਣਾਵੇ। ਇਸ ਬਾਰੇ ਪਹਿਲਾਂ ਵੀ ਕਿਹਾ ਜਾ ਚੁੱਕਿਆ ਹੈ ਪਰ ਇਸ 'ਤੇ ਕੋਈ ਅਮਲ ਨਹੀਂ ਹੋਇਆ। ਉਨ੍ਹਾਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੀਆਂ ਪ੍ਰਬੰਧਕੀ ਕਮੇਟੀਆਂ ਦੀ ਵੀ ਗੱਲ ਕੀਤੀ।

ਉਨ੍ਹਾਂ ਐਡਵੋਕੇਟ ਧਾਮੀ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਹੁਣ ਤੱਕ ਇਹ ਨਿਯਮ ਕਿਉਂ ਨਹੀਂ ਬਣਾ ਸਕੀ ਹੈ। ਉਨ੍ਹਾਂ ਕਿਹਾ ਕਿ ਜਥੇਦਾਰਾਂ ਲਈ ਨਿਯਮ ਹੋਣੇ ਚਾਹੀਦੇ ਹਨ। ਉਂਜ ਸਿੱਖ ਜਥੇਬੰਦੀ ਦਲ ਖਾਲਸਾ ਨੇ ਆਪਣੇ ਪੱਧਰ 'ਤੇ ਸਿੱਖ ਵਿਦਵਾਨਾਂ ਦੀ ਰਾਏ ਨਾਲ ਤਖ਼ਤਾਂ ਦੇ ਜਥੇਦਾਰਾਂ ਦੀ ਸੇਵਾ ਲਈ ਨਿਯਮਾਂ ਦਾ ਇਕ ਖਰੜਾ ਤਿਆਰ ਕੀਤਾ ਸੀ ਜੋ ਸ਼੍ਰੋਮਣੀ ਕਮੇਟੀ ਨੂੰ ਸੌਂਪਿਆ ਗਿਆ ਸੀ ਪਰ ਇਸ ਮਾਮਲੇ ਵਿਚ ਅਗਾਂਹ ਕੋਈ ਕਾਰਵਾਈ ਨਹੀਂ ਹੋਈ। ਜਥੇਦਾਰਾਂ ਦੀ ਨਿਯੁਕਤੀ ਅਤੇ ਹੋਰ ਅਧਿਕਾਰਾਂ ਆਦਿ ਬਾਰੇ ਕੋਈ ਨਿਯਮ ਨਾ ਹੋਣ ਕਾਰਨ ਕਈ ਵਾਰ ਤਖ਼ਤਾਂ ਦੇ ਜਥੇਦਾਰਾਂ ਨੂੰ ਗੈਰ ਜਮਹੂਰੀ ਤਰੀਕੇ ਨਾਲ ਹਟਾਇਆ ਗਿਆ ਹੈ। ਹਾਲ ਹੀ ਵਿਚ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ 1999 ਵਿਚ ਭਾਈ ਰਣਜੀਤ ਸਿੰਘ, 2000 ਵਿਚ ਗਿਆਨੀ ਪੂਰਨ ਸਿੰਘ, 2008 ਵਿਚ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, 2015 ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਅਤੇ 2017 ਵਿਚ ਇਸੇ ਤਖ਼ਤ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੂੰ ਗੈਰ ਜਮਹੂਰੀ ਤਰੀਕੇ ਨਾਲ ਹਟਾਇਆ ਗਿਆ ਸੀ। ਇਹ ਮੁੱਦਾ ਸਾਬਕਾ ਜਥੇਦਾਰ ਮਰਹੂਮ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਵੱਲੋਂ ਵੀ ਉਭਾਰਿਆ ਗਿਆ ਸੀ।



# ਬਹਿਬਲ ਇਨਸਾਫ ਮੋਰਚੇ ਵੱਲੋਂ ਸਰਕਾਰ ਨੂੰ 14 ਅਕਤੂਬਰ ਤੱਕ ਦਾ ਅਲਟੀਮੇਟਮ



**ਬਰਗਾੜੀ:** ਬੇਅਦਬੀ ਤੇ ਗੋਲੀਕਾਂਡ ਦੇ ਇਨਸਾਫ ਲਈ ਬਹਿਬਲ ਮੋਰਚਾ ਸਥਾਨ ਉਤੇ ਸ੍ਰੀ ਸਹਿਜ ਪਾਠ ਦੇ ਭੋਗ ਉਪਰੰਤ ਇਨਸਾਫ ਲਈ ਵਿਚਾਰ ਚਰਚਾ ਹੋਈ। ਬਹੁਤ ਸਾਰੇ ਬੁਲਾਰਿਆਂ ਤੇ ਸੰਗਤਾਂ ਵੱਲੋਂ ਇਨਸਾਫ ਲੈਣ ਲਈ ਸਰਕਾਰ ਨਾਲ ਆਰ-ਪਾਰ ਦਾ ਸੰਘਰਸ਼ ਕਰਨ ਦੀ ਮੰਗ ਉਤੇ ਬਹਿਬਲ ਇਨਸਾਫ ਮੋਰਚਾ ਦੇ ਪ੍ਰਬੰਧਕਾਂ ਵੱਲੋਂ ਭਾਈ ਸੁਖਰਾਜ ਸਿੰਘ ਖਾਲਸਾ ਅਤੇ ਭਾਈ ਸਾਧੂ ਸਿੰਘ ਦੀ ਅਗਵਾਈ ਹੇਠ ਸਰਕਾਰ ਨੂੰ ਇਨਸਾਫ ਦੇਣ ਲਈ 14 ਅਕਤੂਬਰ ਤੱਕ ਦਾ ਅਲਟੀਮੇਟਮ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ 14 ਅਕਤੂਬਰ ਤੱਕ ਇਨਸਾਫ ਨਾ ਦਿੱਤਾ ਤਾਂ ਇਸ ਸਥਾਨ ਉਤੇ ਸ਼ਹੀਦੀ ਸਮਾਗਮ ਉਪਰੰਤ ਤਿੱਖਾ ਸੰਘਰਸ਼ ਸ਼ੁਰੂ ਕਰਨ ਲਈ ਰੂਪ ਰੇਖਾ ਐਲਾਨੀ ਜਾਵੇਗੀ।

# ਸਿਮਰਨਜੀਤ ਸਿੰਘ ਮਾਨ ਵੱਲੋਂ ਸ਼੍ਰੋਮਣੀ ਕਮੇਟੀ ਚੋਣਾਂ ਜਲਦੀ ਕਰਵਾਉਣ ਦੀ ਮੰਗ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਇਥੇ ਜਮਹੂਰੀਅਤ ਬਹਾਲੀ ਦਿਵਸ ਮਨਾਉਂਦਿਆਂ ਕੇਂਦਰ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਜਲਦੀ ਕਰਵਾਈਆਂ ਜਾਣ। ਇਸ ਮੌਕੇ ਬੰਦੀ ਸਿੱਖਾਂ ਦੀ ਰਿਹਾਈ ਦੀ ਮੰਗ ਅਤੇ ਲਾਪਤਾ 328 ਪਾਵਨ ਸਰੂਪਾਂ ਦੇ ਮਾਮਲੇ ਵਿਚ ਦੋਸ਼ੀਆਂ ਵਿਰੁੱਧ ਕਾਰਵਾਈ ਦੀ ਮੰਗ ਵੀ ਕੀਤੀ ਗਈ।

ਮਾਨ ਦਲ ਵੱਲੋਂ ਇਹ ਸਮਾਗਮ ਇਥੇ ਸ੍ਰੀ ਦਰਬਾਰ ਸਾਹਿਬ ਨੇੜੇ ਵਿਰਾਸਤੀ ਮਾਰਗ ਵਿਚ ਸਥਾਪਤ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਨੇੜੇ ਕੀਤਾ ਗਿਆ। ਇਸ ਵਿਚ ਵਾਰਸ ਪੰਜਾਬ ਦੇ ਜਥੇਬੰਦੀ ਸਮੇਤ ਹੋਰ ਜਥੇਬੰਦੀਆਂ ਦੇ ਨੁਮਾਇੰਦੇ ਸ਼ਾਮਲ ਹੋਏ। ਰੈਲੀ ਨੂੰ ਪਾਰਟੀ ਪ੍ਰਧਾਨ ਤੇ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ, ਵਾਰਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਸਮੇਤ ਹੋਰ ਆਗੂਆਂ ਨੇ ਸੰਬੋਧਨ ਕੀਤਾ। ਇਸ ਮੌਕੇ ਕੁਝ ਮਤੇ ਵੀ ਪਾਸ ਕੀਤੇ ਗਏ। ਇਸ ਮੌਕੇ ਸਿਮਰਨਜੀਤ ਸਿੰਘ ਮਾਨ ਨੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨਾ ਕਰਵਾਉਣ ਦਾ ਦੋਸ਼ ਕੇਂਦਰ ਸਰਕਾਰ 'ਤੇ ਲਾਉਂਦਿਆਂ ਕਿਹਾ ਕਿ ਜੇ ਚੋਣਾਂ ਕਰਵਾ ਕੇ ਜਮਹੂਰੀਅਤ ਬਹਾਲ ਕਰਨ ਦੀ ਮੰਗ ਪੂਰੀ ਨਾ ਹੋਈ ਤਾਂ ਉਨ੍ਹਾਂ ਦੀ ਪਾਰਟੀ ਵੱਲੋਂ ਰੋਜ਼ ਸ਼ਹੀਦੀ ਜਥੇ ਭੇਜੇ ਜਾਣਗੇ। ਬੰਦੀ ਸਿੱਖਾਂ ਦੀ ਰਿਹਾਈ ਦੀ ਮੰਗ ਕਰਦਿਆਂ ਉਨ੍ਹਾਂ ਵਿਅੰਗ ਕੀਤਾ ਕਿ ਸ਼੍ਰੋਮਣੀ ਕਮੇਟੀ ਦੇ ਮੈਂਬਰ ਕਾਲੇ ਕੱਪੜੇ ਪਾ ਕੇ ਰਿਹਾਈ ਦੀ ਮੰਗ ਸਬੰਧੀ ਡਰਾਮਾ ਕਰ ਰਹੇ ਹਨ। ਉਨ੍ਹਾਂ ਮੋਦੀ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਉਸ ਨੇ ਸਿੱਖਾਂ ਵੱਲੋਂ ਜਿੱਤਿਆ ਹੋਇਆ ਲੱਦਾਖ ਦਾ ਇਕ ਵੱਡਾ ਹਿੱਸਾ ਚੀਨ ਨੂੰ ਦੇ ਦਿੱਤਾ ਹੈ। ਉਨ੍ਹਾਂ ਅਗਨੀਵੀਰ ਯੋਜਨਾ ਦੀ ਵੀ ਆਲੋਚਨਾ ਕੀਤੀ।

## ਕੋਹਿਨੂਰ ਸਿੱਖਾਂ ਦੀ ਖਾਲਸਈ ਵਿਰਾਸਤ ਕਰਾਰ

**ਫਤਹਿਗੜ੍ਹ ਸਾਹਿਬ:** ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਆਖਿਆ ਹੈ ਕਿ ਕੋਹਿਨੂਰ ਹੀਰਾ ਮਹਾਰਾਜਾ ਰਣਜੀਤ ਸਿੰਘ ਦੇ ਲਾਹੌਰ ਖਾਲਸਾ ਰਾਜ ਦਰਬਾਰ ਦੀ ਮਲਕੀਅਤ ਤੇ ਸਿੱਖ ਕੌਮ ਦੀ ਵਿਰਾਸਤ ਹੈ, ਇਸ ਕੋਹਿਨੂਰ ਹੀਰੇ ਨੂੰ ਉੜੀਸਾ ਦੇ ਮੰਦਿਰ ਜਗਨਨਾਥ ਨਾਲ ਜੋੜ ਕੇ ਸਿੱਖ ਕੌਮ ਦੀ ਇਸ ਵਿਰਾਸਤ ਉਤੇ ਵਿਵਾਦ ਖੜ੍ਹਾ ਕਰਨ ਪਿੱਛੇ ਸਿੱਖ ਵਿਰੋਧੀ ਹਿੰਦੂਤਵ ਤਾਕਤਾਂ ਦੀ ਇਕ ਗਿਣੀ ਮਿਥੀ ਸਾਜ਼ਿਸ਼ ਹੈ ਜਿਸ ਪ੍ਰਤੀ ਸਿੱਖ ਕੌਮ ਨੂੰ ਸੁਚੇਤ ਹੋਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਬਰਤਾਨੀਆ ਦੀ ਹਕੂਮਤ ਨੂੰ ਵੀ ਚਾਹੀਦਾ ਹੈ ਕਿ ਸਾਡੀ ਇਸ ਕੌਮੀ ਵਿਰਾਸਤ ਨੂੰ ਸਾਡੀ ਕੌਮੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰਕੇ ਵਾਪਸ ਕਰਨ ਦੀ ਜ਼ਿੰਮੇਵਾਰੀ ਨਿਭਾਵੇ।

# ਗੁਰਦੁਆਰੇ 'ਚ ਸਾਂਭੀ ਹੱਥ ਲਿਖਤ ਕੁਰਾਨ ਸ਼ਰੀਫ ਮਸਜਿਦ ਕਮੇਟੀ ਨੂੰ ਸੌਂਪੀ

**ਜਲੰਧਰ:** ਪਿੰਡ ਬੁੱਟਰਾਂ ਸਥਿਤ ਗੁਰਦੁਆਰਾ ਸਿੰਘ ਸਭਾ ਵਿਚ ਦੇਸ਼ ਦੀ ਵੰਡ ਵੇਲੇ ਤੋਂ ਸਾਂਭੀ ਹੱਥ ਲਿਖਤ ਕੁਰਾਨ ਸ਼ਰੀਫ ਜਲੰਧਰ ਦੀ ਸਭ ਤੋਂ ਵੱਡੀ ਮਸਜਿਦ ਇਮਾਮ ਨਾਸਿਰ ਦੇ ਪ੍ਰਬੰਧਕਾਂ ਨੂੰ ਸੌਂਪ ਦਿੱਤੀ ਹੈ। ਗੁਰਦੁਆਰਾ ਸਿੰਘ ਸਭਾ ਬੁੱਟਰਾਂ ਦੇ ਪ੍ਰਬੰਧਾਂ ਦੀ ਦੇਖ-ਰੇਖ ਕਰ ਰਹੇ ਗ੍ਰੰਥੀ ਗੁਰਮੇਜ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਬਜ਼ੁਰਗ ਦੱਸਦੇ ਸਨ ਕਿ ਪਿੰਡ ਵਿਚ ਮੁਸਲਿਮ ਪਰਿਵਾਰ ਰਹਿੰਦਾ ਸੀ।

ਦੇਸ਼ ਦੀ ਵੰਡ ਵੇਲੇ ਇਹ ਪਰਿਵਾਰ ਇਥੋਂ ਪਾਕਿਸਤਾਨ ਚਲਾ ਗਿਆ ਅਤੇ ਜਾਣ ਤੋਂ ਪਹਿਲਾਂ ਉਹ ਗੁਰੂ ਘਰ ਵਿਚ ਕੁਰਾਨ ਸ਼ਰੀਫ ਰੱਖ ਗਏ ਸਨ। ਮਸਜਿਦ ਇਮਾਮ ਨਾਸਿਰ ਤੋਂ ਆਏ ਪ੍ਰਬੰਧਕਾਂ ਮਸਜਿਦ ਇਮਾਮ ਨਾਸਿਰ ਤੋਂ ਮੌਲਾਨਾ ਅਦਨਾਨ ਜਮਾਈ, ਮੌਲਾਨਾ ਸਮਸਾਦ, ਮੁਹੰਮਦ ਕਲੀਮ ਸਿੱਦੀਕੀ ਨੇ ਦੱਸਿਆ ਕਿ ਇਹ ਹੱਥ ਲਿਖਤ ਕੁਰਾਨ ਸ਼ਰੀਫ 1938 ਵਿਚ ਲਾਹੌਰ 'ਚ ਤਿਆਰ ਕੀਤੀ ਗਈ ਸੀ। ਅਜੇ ਵੀ ਇਸ ਪੁਰਾਤਨ ਕੁਰਾਨ ਸ਼ਰੀਫ ਦੇ ਵਰਕੇ ਸੁਰੱਖਿਅਤ ਹਨ। ਗ੍ਰੰਥੀ ਸਿੰਘ ਨੇ ਦੱਸਿਆ ਕਿ ਗੁਰੂ ਘਰ ਵਿਚ ਪਵਿੱਤਰ ਕੁਰਾਨ ਸ਼ਰੀਫ ਨੂੰ ਪੂਰੀ ਸ਼ਾਨ ਨਾਲ ਰੱਖਿਆ ਹੋਇਆ ਸੀ। ਉਨ੍ਹਾਂ ਦੱਸਿਆ ਕਿ ਪਿੰਡ ਦੀ ਅਗਲੀ ਪੀੜ੍ਹੀ ਉਰਦੂ ਤੇ ਫਾਰਸੀ ਤੋਂ ਜਾਣੂ ਨਹੀਂ ਹੈ। ਇਸ ਲਈ ਉਨ੍ਹਾਂ ਨੇ ਕੁਰਾਨ ਸ਼ਰੀਫ ਨੂੰ ਮਸਜਿਦ ਇਮਾਮ ਨਾਸਿਰ ਨੂੰ ਸੌਂਪਣ ਦਾ ਫੈਸਲਾ ਕੀਤਾ।

# ਗੁਰਦੁਆਰੇ ਦੀ ਪ੍ਰਧਾਨਗੀ ਪਿੱਛੇ ਚੱਲੀਆਂ ਕਿਰਪਾਨਾਂ



**ਫਰੀਦਕੋਟ:** ਇਥੇ ਜਰਮਨ ਕਲੋਨੀ ਦੇ ਗੁਰਦੁਆਰੇ ਵਿਚ ਅੱਸੂ ਦੀ ਸੰਗਰਾਂਦ ਸਬੰਧੀ ਧਾਰਮਿਕ ਸਮਾਗਮ ਦੀ ਸਮਾਪਤੀ ਮਗਰੋਂ ਦੋ ਧਿਰਾਂ ਦਰਮਿਆਨ ਝੜਪ ਹੋ ਗਈ ਤੇ ਇਸ ਮੌਕੇ ਕਿਰਪਾਨਾਂ ਵੀ ਚੱਲੀਆਂ। ਜਾਣਕਾਰੀ ਅਨੁਸਾਰ, ਬੰਸਾ ਸਿੰਘ ਨਾਮ ਦੇ ਵਿਅਕਤੀ ਨੇ ਗੁਰਦੁਆਰੇ ਦਾ ਕਥਿਤ ਕਬਜ਼ਾ ਲੈਣ ਦੀ ਕੋਸ਼ਿਸ਼ ਕੀਤੀ। ਗੁਰਦੁਆਰੇ ਦੇ ਮੌਜੂਦਾ ਪ੍ਰਧਾਨ ਜਸਵੰਤ ਸਿੰਘ ਨੇ ਕਿਹਾ ਕਿ ਬੰਸਾ ਸਿੰਘ ਆਪਣੇ ਨਾਲ ਕੁਝ ਵਿਅਕਤੀਆਂ ਨੂੰ ਲੈ ਕੇ ਆਇਆ ਸੀ, ਜਿਸ ਨੇ ਸੰਗਤ 'ਤੇ ਕਥਿਤ ਹਮਲਾ ਕਰ ਦਿੱਤਾ।

ਗੁਰਦੁਆਰਾ ਸਾਹਿਬ ਅੰਦਰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੋਈ ਲੜਾਈ ਦੌਰਾਨ ਪੱਗਾਂ ਲੱਥ ਗਈਆਂ। ਘਟਨਾ ਵਿਚ ਨਰਿੰਦਰ ਸਿੰਘ ਤੇ ਪ੍ਰਭਜੀਤ ਕੌਰ ਗੰਭੀਰ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਇਥੋਂ ਦੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ।

ਗੁਰਦੁਆਰੇ 'ਚ ਦੋ ਧਿਰਾਂ ਵਿਚਾਲੇ ਹੋਈ ਲੜਾਈ ਦੇ ਮਾਮਲੇ 'ਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਇਸ ਮਾਮਲੇ ਦੀ ਤੁਰਤ ਜਾਂਚ ਕਰਵਾਉਣ ਦੇ ਆਦੇਸ਼ ਦਿੱਤੇ ਹਨ। ਸ਼੍ਰੋਮਣੀ ਕਮੇਟੀ ਨੇ ਵੀ ਘਟਨਾ ਦੀ ਜਾਂਚ ਲਈ ਕਮੇਟੀ ਬਣਾ ਦਿੱਤੀ ਹੈ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਅਜਿਹੀ ਘਟਨਾ ਨੂੰ ਮੰਦਭਾਗਾ ਆਖਦਿਆਂ ਕਿਹਾ ਕਿ ਗੁਰੂ ਘਰਾਂ ਵਿਚ ਆਪਸੀ ਮਸਲੇ ਮਿਲ ਬੈਠ ਕੇ ਹੱਲ ਕਰਨੇ ਚਾਹੀਦੇ ਹਨ। ਇਸ ਦੌਰਾਨ ਸ਼੍ਰੋਮਣੀ ਕਮੇਟੀ ਨੇ ਘਟਨਾ ਦੀ ਜਾਂਚ ਵਾਸਤੇ ਜਾਂਚ ਕਮੇਟੀ ਬਣਾ ਦਿੱਤੀ ਗਈ ਹੈ।

## ਸੰਸਥਾਵਾਂ 'ਤੇ ਕਬਜ਼ੇ ਲਈ ਹੋ ਰਹੀ ਹੈ ਲੜਾਈ: ਜਥੇਦਾਰ

ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਕੌਮ ਵਿਚ ਆਈ ਗਿਰਾਵਟ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਇਸ ਨੂੰ ਦੂਰ ਕਰਨ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅੱਜ ਸਿੱਖ ਸੰਸਥਾਵਾਂ 'ਤੇ ਕਬਜ਼ੇ ਲੈਣ ਲਈ ਲੜਾਈ ਹੋ ਰਹੀ ਹੈ। ਇਹ ਲੜਾਈ ਸਿਰਫ ਸਿੱਖ ਸੰਸਥਾਵਾਂ ਦੀ ਗੋਲਕ 'ਤੇ ਕਬਜ਼ਾ ਕਰਨ ਤੇ ਆਪਣੀ ਚੌਧਰ ਦਿਖਾਉਣ ਦੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਵਿਚ ਪੁੱਜ ਰਹੀਆਂ ਵਧੇਰੇ ਸ਼ਿਕਾਇਤਾਂ ਵਿਚੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਕਮੇਟੀਆਂ ਦੀਆਂ ਆਪਸੀ ਲੜਾਈਆਂ ਨਾਲ ਸਬੰਧਤ ਹੁੰਦੀਆਂ ਹਨ ਅਤੇ ਇਨ੍ਹਾਂ ਵਿਚੋਂ ਵੀ ਵਧੇਰੇ ਵਿਦੇਸ਼ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੀਆਂ ਹਨ। ਉਨ੍ਹਾਂ ਸਿੱਖ ਕੌਮ ਨੂੰ ਸੱਦਾ ਦਿੱਤਾ ਹੈ ਕਿ ਉਹ ਆਪਣੀਆਂ ਸੰਸਥਾਵਾਂ ਨੂੰ ਮਜ਼ਬੂਤ ਬਣਾਉਣ।

## ਸੁਖਦੇਵ ਸਿੰਘ ਢੀਂਡਸਾ ਵੱਲੋਂ ਘਟਨਾ ਦੀ ਨਿੰਦਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਜ਼ਿਲ੍ਹਾ ਫਰੀਦਕੋਟ ਦੀ ਜਰਮਨ ਕਲੋਨੀ ਸਥਿਤ ਗੁਰਦੁਆਰੇ ਵਿਚ ਸਿੱਖ ਧਿਰਾਂ ਵਿਚਕਾਰ ਵਾਪਰੀ ਕੁੱਟਮਾਰ ਦੀ ਘਟਨਾ ਦੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਅਜਿਹਾ ਕਰਨ ਤੋਂ ਪਹਿਲਾਂ ਉਥੇ ਮੌਜੂਦ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਮਰਿਆਦਾ ਦਾ ਧਿਆਨ ਰੱਖਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਝਗੜੇ ਦਾ ਕਾਰਨ ਕੁਝ ਵੀ ਹੋਵੇ ਪਰ ਦੋਵੇਂ ਧਿਰਾਂ ਨੂੰ ਗੁਰਦੁਆਰਾ ਸਾਹਿਬ ਵਿਚ ਕਿਸੇ ਵੀ ਕੀਮਤ 'ਤੇ ਆਪਸ ਵਿਚ ਲੜਨਾ ਨਹੀਂ ਚਾਹੀਦਾ ਤੇ ਸਿੱਖ ਸਿਧਾਂਤਾਂ ਮੁਤਾਬਕ ਮਸਲਿਆਂ ਦਾ ਹੱਲ ਕੱਢਣਾ ਚਾਹੀਦਾ ਹੈ।

# ਪੰਜਾਬ ਵਿਚ ਭਾਜਪਾ ਦੇ ਅਪਰੇਸ਼ਨ ਲੋਟਸ ਉਤੇ ਸਿਆਸਤ ਭਖੀ

**ਚੰਡੀਗੜ੍ਹ:** ਭਾਜਪਾ ਦੇ ਪੰਜਾਬ ਵਿਚ ਕਥਿਤ 'ਅਪਰੇਸ਼ਨ ਲੋਟਸ' ਉਤੇ ਸਿਆਸਤ ਭਖ ਗਈ ਹੈ। ਆਮ ਆਦਮੀ ਪਾਰਟੀ ਵੱਲੋਂ ਜਿਥੇ ਦਾਅਵਾ ਕੀਤਾ ਜਾ ਰਿਹਾ ਹੈ ਕਿ 'ਅਪਰੇਸ਼ਨ ਲੋਟਸ' ਤਹਿਤ ਉਨ੍ਹਾਂ ਦੇ 11 ਵਿਧਾਇਕਾਂ ਨੂੰ ਖਰੀਦਣ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਨੂੰ 25-25 ਕਰੋੜ ਰੁਪਏ ਦੀ ਪੇਸ਼ਕਸ਼ ਕੀਤੀ ਗਈ ਹੈ। ਇਸ ਦੇ ਨਾਲ ਹੀ ਇਕ ਵਿਧਾਇਕ ਨੂੰ ਜਾਨੋਂ ਮਾਰਨ ਦੀ ਧਮਕੀ ਵੀ ਦਿੱਤੀ ਹੈ। ਉਧਰ, ਭਾਜਪਾ ਨੇ ਰਾਜਪਾਲ ਕੋਲ ਪਹੁੰਚ ਕਰਕੇ ਮੰਗ ਕੀਤੀ ਹੈ ਕਿ ਇਸ ਦੀ ਜਾਂਚ ਹਾਈਕੋਰਟ ਦੇ ਜੱਜ ਤੋਂ ਕਰਵਾਈ ਜਾਵੇ।

ਭਾਰਤੀ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਅਗਵਾਈ ਵਾਲੇ ਵਫਦ ਨੇ ਸੂਬੇ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨਾਲ ਮੁਲਾਕਾਤ ਕਰ ਕੇ ਪੰਜਾਬ ਦੇ 'ਆਪ' ਵਿਧਾਇਕਾਂ ਦੀ ਖਰੀਦੋ-ਫਰੋਖਤ ਦੇ ਦੋਸ਼ਾਂ ਦੀ ਜਾਂਚ ਹਾਈ ਕੋਰਟ ਦੇ ਮੌਜੂਦਾ ਜੱਜ ਤੋਂ ਕਰਾਉਣ ਦੀ ਮੰਗ ਕੀਤੀ ਹੈ। ਭਾਜਪਾ ਵਫਦ ਨੇ ਰਾਜਪਾਲ ਨੂੰ ਕਿਹਾ ਕਿ ਆਮ ਆਦਮੀ ਪਾਰਟੀ ਨੇ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋਣ ਤੋਂ ਬਾਅਦ ਲੋਕਾਂ ਨਾਲ ਕੀਤੇ ਵਾਅਦਿਆਂ 'ਚੋਂ ਇਕ ਵੀ ਪੂਰਾ ਨਹੀਂ ਕੀਤਾ।

ਹਾਲਾਂਕਿ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦਾ ਦਾਅਵਾ ਹੈ ਕਿ ਭਾਜਪਾ ਨੇ 'ਅਪਰੇਸ਼ਨ ਲੋਟਸ' ਤਹਿਤ ਸਾਡੇ 11 ਵਿਧਾਇਕਾਂ ਨੂੰ ਖਰੀਦਣ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਨੂੰ 25-25 ਕਰੋੜ ਰੁਪਏ ਦੀ ਪੇਸ਼ਕਸ਼ ਕੀਤੀ ਗਈ ਹੈ। ਇਸ ਦੇ ਨਾਲ ਹੀ ਇਕ ਵਿਧਾਇਕ ਨੂੰ ਜਾਨੋਂ ਮਾਰਨ ਦੀ ਧਮਕੀ ਵੀ ਦਿੱਤੀ ਹੈ।




## ਖਰੀਦੋ-ਫਰੋਖਤ ਮਾਮਲੇ ਦੀ ਸੀ.ਬੀ.ਆਈ. ਜਾਂਚ ਮੰਗੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਮੰਗ ਕੀਤੀ ਹੈ ਕਿ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਭਾਜਪਾ 'ਤੇ 'ਆਪ' ਵਿਧਾਇਕਾਂ ਦੀ ਖਰੀਦੋ ਫਰੋਖਤ ਕਰਨ ਦੇ ਲਾਏ ਦੋਸ਼ਾਂ ਦੀ ਸੀ.ਬੀ.ਆਈ. ਅਤੇ ਈ.ਡੀ. ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕਦੇ ਵੀ ਇਸ ਪੱਧਰ 'ਤੇ ਰਿਸ਼ਵਤਖੋਰੀ ਦੇ ਦੋਸ਼ ਨਹੀਂ ਲੱਗੇ, ਇਸ ਲਈ ਇਹ ਕੇਸ ਕੇਂਦਰੀ ਏਜੰਸੀਆਂ ਹਵਾਲੇ ਕੀਤਾ ਜਾਣਾ ਚਾਹੀਦਾ ਹੈ ਤੇ ਇਸ ਮਾਮਲੇ 'ਤੇ ਹਾਈਕੋਰਟ ਦੀ ਨਿਗਰਾਨੀ ਹੇਠ ਜਾਂਚ ਹੋਣੀ ਚਾਹੀਦੀ ਹੈ।

ਇਨ੍ਹਾਂ ਵਿਧਾਇਕਾਂ ਵਿਚ ਦਿਨੇਸ਼ ਚੱਢਾ, ਰਮਨ ਅਰੋੜਾ, ਬੁੱਧ ਰਾਮ, ਕੁਲਵੰਤ ਪੰਡੋਰੀ, ਨਰਿੰਦਰ ਕੌਰ ਭਰਾਜ, ਰਜਨੀਸ਼ ਦਹੀਆ, ਰੁਪਿੰਦਰ ਸਿੰਘ ਹੈਪੀ, ਸ਼ੀਤਲ ਅੰਗੁਰਾਲ, ਮਨਜੀਤ ਸਿੰਘ ਬਿਲਾਸਪੁਰ, ਲਾਭ ਸਿੰਘ ਉਗੋਕੇ ਤੇ ਬਲਜਿੰਦਰ ਕੌਰ ਸ਼ਾਮਲ ਹਨ। ਉਹ 'ਆਪ' ਦੇ ਇਕ ਦਰਜਨ ਵਿਧਾਇਕਾਂ ਨੂੰ ਨਾਲ ਲੈ ਕੇ ਡੀ.ਜੀ.ਪੀ. ਕੋਲ ਸ਼ਿਕਾਇਤ ਕਰਨ ਪਹੁੰਚੇ ਤੇ ਭਾਜਪਾ ਆਗੂਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ। ਵਿੱਤ ਮੰਤਰੀ ਨੇ ਕਿਹਾ ਕਿ ਭਾਜਪਾ ਨੇ ਅਪਰੇਸ਼ਨ ਲੋਟਸ ਤਹਿਤ ਕਰਨਾਟਕ, ਗੋਆ, ਅਰੁਣਾਚਲ ਪ੍ਰਦੇਸ਼ ਵਿਚ ਵਿਧਾਇਕਾਂ ਦੀ ਖਰੀਦੋ-ਫਰੋਖਤ ਕੀਤੀ। ਉਸ ਤੋਂ ਬਾਅਦ ਦਿੱਲੀ ਵਿਚ 'ਆਪ' ਦੀ ਸਰਕਾਰ ਡੇਗਣ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬ ਨਾ ਹੋ ਸਕੀ। ਹੁਣ ਪੰਜਾਬ ਵਿਚ ਵੀ ਅਜਿਹੀ ਕੋਸ਼ਿਸ਼ ਕਰ ਰਹੀ ਹੈ। ਚੀਮਾ ਜਿਨ੍ਹਾਂ ਨਾਲ ਡਿਪਟੀ ਸਪੀਕਰ ਜੈ ਕਿਸ਼ਨ ਰੋੜੀ ਵੀ ਸਨ, ਨੇ ਦੋਸ਼ ਲਾਇਆ ਕਿ ਵਿਧਾਇਕ ਸ਼ੀਤਲ ਅੰਗੁਰਾਲ ਨੂੰ ਤਾਂ ਪ੍ਰੈਸ ਕਾਨਫਰੰਸ ਤੋਂ ਬਾਅਦ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਉਹ ਇਕੱਲੇ ਨਹੀਂ ਹਨ, ਕੁਝ ਹੋਰਨਾਂ ਵਿਧਾਇਕਾਂ ਨੂੰ ਭਾਜਪਾ ਦੇ ਏਜੰਟਾਂ ਨੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਨੇ 'ਆਪ' ਦੇ 35 ਵਿਧਾਇਕਾਂ ਤੱਕ ਪਹੁੰਚ ਕੀਤੀ ਤੇ ਇਨ੍ਹਾਂ ਵਿਚੋਂ 10 ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ।

## ਕਾਂਗਰਸ-ਅਕਾਲੀ ਦਲ ਭਾਜਪਾ ਦਾ ਬਚਾਅ ਕਰ ਰਹੇ: ਚੀਮਾ

**ਚੰਡੀਗੜ੍ਹ:** 'ਆਪ' ਨੇ ਪੰਜਾਬ ਵਿਚ ਭਾਜਪਾ ਵੱਲੋਂ ਸਰਕਾਰ ਡੇਗਣ ਦੀਆਂ ਕੋਸ਼ਿਸ਼ਾਂ ਕਰਨ 'ਤੇ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਦੇ ਰਵੱਈਏ 'ਤੇ ਦੋਵਾਂ ਸਿਆਸੀ ਪਾਰਟੀਆਂ ਨੂੰ ਘੇਰਿਆ ਹੈ। ਪਾਰਟੀ ਦੇ ਸੀਨੀਅਰ ਆਗੂ ਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਆਖਿਆ ਕਿ ਮੌਜੂਦਾ ਸਮੇਂ ਵਿਚ ਕਾਂਗਰਸ ਅਤੇ ਅਕਾਲੀ ਦਲ ਵੀ ਭਾਜਪਾ ਦੀ ਬੀ-ਟੀਮ ਵਜੋਂ ਕੰਮ ਕਰ ਰਹੇ ਹਨ, ਜੋ ਕਿ ਭਾਜਪਾ ਨੂੰ ਘੇਰਨ ਦੀ ਥਾਂ ਬਚਾਅ ਕਰਨ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਅੰਦਰਖਾਤੇ ਭਾਜਪਾ ਲਈ ਕੰਮ ਕਰ ਰਹੀ ਹੈ ਅਤੇ ਅਕਾਲੀ ਦਲ ਨਾਲ ਭਾਜਪਾ ਦੀ ਪੁਰਾਣੀ ਸਾਂਝ ਹੈ।

## ਅਪਰੇਸ਼ਨ ਲੋਟਸ ਬਾਰੇ ਸਬੂਤ ਪੇਸ਼ ਕਰੇ 'ਆਪ': ਬਾਜਵਾ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਸੂਬੇ ਵਿਚ ਹਾਰਸ ਟਰੇਡਿੰਗ ਦੇ ਦੋਸ਼ਾਂ ਸਬੰਧੀ 'ਆਪ' ਆਗੂ ਭਾਰਤੀ ਜਨਤਾ ਪਾਰਟੀ (ਭਾਜਪਾ) ਵਿਰੁੱਧ ਠੋਸ ਸਬੂਤ ਪੇਸ਼ ਕਰਨ। ਬਾਜਵਾ ਨੇ ਕਿਹਾ ਕਿ ਹਰਪਾਲ ਚੀਮਾ ਨੇ ਦੋਸ਼ ਲਾਏ ਹਨ ਕਿ ਭਾਜਪਾ ਨੇ 'ਆਪ' ਦੇ ਕਰੀਬ 35 ਵਿਧਾਇਕਾਂ ਨੂੰ ਖਰੀਦਣ ਦੀ ਕੋਸ਼ਿਸ਼ ਕੀਤੀ ਹੈ ਪਰ ਪ੍ਰੈੱਸ ਕਾਨਫਰੰਸ 'ਚ ਉਹ ਸਿਰਫ 10 ਨੂੰ ਹੀ ਮੀਡੀਆ ਸਾਹਮਣੇ ਲੈ ਕੇ ਆਏ। ਜੇਕਰ ਇਹ ਇੰਨਾ ਗੰਭੀਰ ਮੁੱਦਾ ਸੀ ਤਾਂ 'ਆਪ' ਵਿਧਾਇਕਾਂ ਦਾ ਪੂਰਾ ਸਮੂਹ ਮੀਡੀਆ ਸਾਹਮਣੇ ਕਿਉਂ ਨਹੀਂ ਪੇਸ਼ ਕੀਤਾ ਗਿਆ।

# ਆਧੁਨਿਕ ਤਕਨੀਕਾਂ ਨਾਲ ਹੀ ਖੇਤੀ ਲਾਹੇਵੰਦ ਬਣ ਸਕਦੀ: ਨਿੱਝਰ



**ਫਤਹਿਗੜ੍ਹ** ਸਾਹਿਬ: ਪੰਜਾਬ ਦੇ ਸਥਾਨਕ ਸਰਕਾਰਾਂ, ਸੰਸਦੀ ਮਾਮਲੇ, ਭੂਮੀ-ਜਲ ਸੰਭਾਲ ਅਤੇ ਪ੍ਰਸ਼ਾਸਕੀ ਸੁਧਾਰ ਬਾਰੇ ਮੰਤਰੀ ਡਾ. ਇੰਦਰਬੀਰ ਸਿੰਘ ਨਿੱਝਰ ਨੇ ਪਿੰਡ ਸਾਧੂਗੜ੍ਹ ਦੇ ਅਗਾਂਹਵਧੂ ਕਿਸਾਨ ਸੁਰਜੀਤ ਸਿੰਘ ਸਾਧੂਗੜ੍ਹ ਦੇ ਖੇਤ ਦਾ ਦੌਰਾ ਕੀਤਾ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਨਿੱਝਰ ਨੇ ਕਿਹਾ ਕਿ ਸੂਚਨਾ ਤਕਨਾਲੋਜੀ ਦੇ ਇਸ ਯੁੱਗ ਵਿਚ ਸਾਇੰਸ ਨੇ ਕਾਫੀ ਤਰੱਕੀ ਕੀਤੀ ਹੈ ਅਤੇ ਇਸੇ ਤਰੱਕੀ ਹੇਠ ਖੇਤੀਬਾੜੀ ਲਈ ਵਿਕਸਿਤ ਕੀਤੀਆਂ ਨਵੀਆਂ ਤਕਨੀਕਾਂ ਵੀ ਸ਼ਾਮਲ ਹਨ। ਇਸ ਦੌਰ ਵਿਚ ਆਧੁਨਿਕ ਤਕਨੀਕਾਂ ਦੀ ਵਰਤੋਂ ਨਾਲ ਖੇਤੀਬਾੜੀ ਨੂੰ ਲਾਹੇਵੰਦ ਤੇ ਕਫਾਇਤੀ ਬਣਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਾਧੂਗੜ੍ਹ ਦਾ ਅਗਾਂਹਵਧੂ ਕਿਸਾਨ ਆਧੁਨਿਕ ਤਕਨੀਕ ਨਾਲ ਫਸਲ ਦੀ ਸਿੰਜਾਈ ਕਰਦਾ ਹੈ ਅਤੇ ਇਹ ਕਿਸਾਨ ਪਰਾਲੀ ਨੂੰ ਅੱਗ ਲਗਾਉਣ ਦੀ ਥਾਂ ਉਸ ਨੂੰ ਜ਼ਮੀਨ ਵਿਚ ਹੀ ਵਾਹ ਦਿੰਦਾ ਹੈ ਜੋ ਹੋਰਨਾਂ ਕਿਸਾਨਾਂ ਲਈ ਪ੍ਰੇਰਨਾਦਾਇਕ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਪਰਾਲੀ ਨੂੰ ਅੱਗ ਲਗਾਉਣ ਦੀ ਥਾਂ ਉਸ ਨੂੰ ਖੇਤ ਵਿਚ ਹੀ ਵਾਹੁਣ ਲਈ ਤਰਜੀਹ ਦਿੱਤੀ ਜਾਵੇ।

# ਸੁਪਰੀਮ ਕੋਰਟ ਨੇ ਐਸ.ਵਾਈ.ਐਲ. ਦਾ ਫੈਸਲਾ ਹਰਿਆਣਾ ਦੇ ਹੱਕ 'ਚ ਕੀਤਾ: ਖੱਟਰ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਆਖਿਆ ਹੈ ਕਿ ਸੁਪਰੀਮ ਕੋਰਟ ਨੇ ਐਸ.ਵਾਈ.ਐਲ. ਨਹਿਰ ਸਬੰਧੀ ਫੈਸਲਾ ਹਰਿਆਣਾ ਦੇ ਹੱਕ ਵਿਚ ਕਰ ਦਿੱਤਾ ਹੈ, ਸਿਰਫ ਆਰਡਰ ਕਰਨਾ ਬਾਕੀ ਹੈ। ਉਹ ਇਥੇ ਚੌਧਰੀ ਦੇਵੀ ਲਾਲ ਯੂਨੀਵਰਸਿਟੀ 'ਚ ਲੋਕਾਂ ਦੀਆਂ ਸ਼ਿਕਾਇਤਾਂ ਸੁਣ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ।

ਇਸ ਦੌਰਾਨ ਆਮ ਆਦਮੀ ਪਾਰਟੀ ਦੇ ਵਰਕਰਾਂ ਵੱਲੋਂ ਰੁਜ਼ਗਾਰ ਦੇ ਮੁੱਦੇ 'ਤੇ ਮੁੱਖ ਮੰਤਰੀ ਨੂੰ ਕਾਲੀਆਂ ਝੰਡੀਆਂ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਪੁਲਿਸ ਨੇ ਉਨ੍ਹਾਂ ਨੂੰ ਸਮਾਗਮ ਵਾਲੀ ਥਾਂ ਤੋਂ ਕਾਫੀ ਦੂਰ ਰੋਕ ਲਿਆ ਸੀ। ਮੁੱਖ ਮੰਤਰੀ ਨੇ ਸਮੱਸਿਆਵਾਂ ਸੁਣਦਿਆਂ ਲੋਕਾਂ ਦੇ ਕੰਮ ਨਾ ਕਰਨ ਵਾਲੇ ਇਕ ਪਟਵਾਰੀ ਨੂੰ ਮੁਅੱਤਲ ਕਰ ਦਿੱਤਾ ਅਤੇ ਅਧਿਕਾਰੀਆਂ ਨੂੰ ਲੋਕਾਂ ਦੇ ਕੰਮ ਪਹਿਲ ਦੇ ਆਧਾਰ 'ਤੇ ਕਰਨ ਦੇ ਨਿਰਦੇਸ਼ ਦਿੱਤੇ। ਇਸ ਦੌਰਾਨ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਵਫਦ ਵੀ ਮੁੱਖ ਮੰਤਰੀ ਨੂੰ ਕਿਸਾਨਾਂ ਦੀਆਂ ਸਮੱਸਿਆਵਾਂ ਬਾਰੇ ਮਿਲੇ। ਕਿਸਾਨਾਂ ਦੀਆਂ ਮੰਗਾਂ ਵਿਚ ਮੁੱਖ ਤੌਰ 'ਤੇ ਖਰਾਬ ਹੋਈਆਂ ਫਸਲਾਂ ਦੇ ਮੁਆਵਜ਼ੇ ਤੇ ਲੰਪੀ ਸਕਿਨ ਬਿਮਾਰੀ ਕਾਰਨ ਮਰੇ ਪਸ਼ੂਆਂ ਦੇ ਮੁਆਵਜ਼ੇ ਦੀ ਮੰਗ ਤੋਂ ਇਲਾਵਾ ਇਲਾਕੇ ਵਿਚ ਵਧ ਰਹੇ ਨਸ਼ਿਆਂ ਨੂੰ ਠੱਲ੍ਹ ਪਾਉਣਾ ਸ਼ਾਮਲ ਸੀ।

## 'ਪਾਣੀ ਮਸਲਾ ਰਿਪੇਰੀਅਨ ਸਿਧਾਂਤ ਦੇ ਆਧਾਰ 'ਤੇ ਹੱਲ ਹੋਵੇ'



**ਚੰਡੀਗੜ੍ਹ:** ਕਿਸਾਨ ਆਗੂ ਬਲਵੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਪਾਣੀ ਦਾ ਮਸਲਾ ਰਿਪੇਰੀਅਨ ਸਿਧਾਂਤ ਦੇ ਆਧਾਰ ਉਤੇ ਹੱਲ ਕੀਤਾ ਜਾਵੇ ਅਤੇ ਦਰਿਆਈ ਪਾਣੀ ਦੇ ਵਹਾਅ ਦਾ ਨਵਾਂ ਮੁਲਾਂਕਣ ਕੀਤਾ ਜਾਵੇ। ਇਸ ਲਈ ਪੰਜਾਬ ਰਾਜ ਦੀ ਪਾਣੀ ਦੀ ਲੋੜ ਨੂੰ ਪੂਰਾ ਕਰਨ ਤੋਂ ਬਾਅਦ ਵਾਧੂ ਪਾਣੀ, ਜੇ ਕੋਈ ਹੋਵੇ, ਦੂਜਿਆਂ ਲਈ ਉਪਲਬਧ ਕਰਾਇਆ ਜਾ ਸਕਦਾ ਹੈ।

# ਹੁਣ ਚੀਨੀ ਵਾਇਰਸ ਨੇ ਪੰਜਾਬ ਦੇ ਕਿਸਾਨਾਂ ਦੀ ਨੀਂਦ ਉਡਾਈ

**ਚੰਡੀਗੜ੍ਹ:** ਚੀਨੀ ਵਾਇਰਸ ਨੇ ਪੰਜਾਬ ਦੇ ਕਿਸਾਨਾਂ ਦੀ ਨੀਂਦ ਉਡਾਈ ਹੋਈ ਹੈ। ਸੂਬੇ ਦੇ ਵੱਡੀ ਗਿਣਤੀ ਹਿੱਸੇ ਵਿਚ ਝੋਨੇ ਦੀ ਫਸਲ ਨੂੰ ਇਸ ਵਾਇਰਸ ਦੀ ਮਾਰ ਪਈ ਹੈ। ਇਸ ਨਵੀਂ ਕਿਸਮ ਦੀ ਬਿਮਾਰੀ ਨੇ ਪਹਿਲਾਂ ਹੀ ਆਰਥਿਕ ਸੰਕਟ ਵਿਚ ਘਿਰੀ ਸੂਬੇ ਦੀ ਕਿਸਾਨੀ ਦਾ ਇਕ ਤਰ੍ਹਾਂ ਨਾਲ ਲੱਕ ਹੀ ਤੋੜ ਕੇ ਰੱਖ ਦਿੱਤਾ ਹੈ। ਇਸ ਵਾਇਰਸ ਦੇ ਹਮਲੇ ਨਾਲ ਹੁਣ ਤੱਕ ਸੂਬੇ ਵਿਚ ਹਜ਼ਾਰਾਂ ਹੈਕਟੇਅਰ ਰਕਬੇ ਵਿਚ ਖੜ੍ਹੀ ਝੋਨੇ ਦੀ ਫਸਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ ਤੇ ਕਈ ਥਾਵਾਂ ਉਤੇ ਕਿਸਾਨ ਖੜ੍ਹੀ ਫਸਲ ਵਾਹੁਣ ਲਈ ਮਜਬੂਰ ਹੋ ਰਹੇ ਹਨ।



ਇਸ ਵਾਇਰਸ ਦੀ ਮਾਰ ਹੇਠ ਸਭ ਤੋਂ ਜ਼ਿਆਦਾ ਪਠਾਨਕੋਟ, ਗੁਰਦਾਸਪੁਰ, ਮੁਹਾਲੀ, ਲੁਧਿਆਣਾ, ਹੁਸ਼ਿਆਰਪੁਰ ਤੇ ਰੋਪੜ ਜ਼ਿਲ੍ਹੇ ਆਏ ਹਨ, ਜਦਕਿ ਬਾਕੀ ਜ਼ਿਲ੍ਹਿਆਂ ਵਿਚ ਵੀ ਇਹ ਵਾਇਰਸ ਤੇਜ਼ੀ ਨਾਲ ਫੈਲ ਰਿਹਾ ਹੈ। ਜ਼ਿਲ੍ਹਾ ਰੂਪਨਗਰ ਦੇ ਬਲਾਕ ਨੂਰਪੁਰ ਬੇਦੀ ਦਾ ਇਲਾਕਾ ਇਸ ਬਿਮਾਰੀ ਤੋਂ ਜ਼ਿਆਦਾ ਪ੍ਰਭਾਵਿਤ ਦੱਸਿਆ ਜਾ ਰਿਹਾ ਹੈ ਤੇ ਇਸ ਖੇਤਰ ਵਿਚ 3880 ਹੈਕਟੇਅਰ ਰਕਬੇ ਵਿਚ ਝੋਨੇ ਦੀ ਲਵਾਈ ਕੀਤੀ ਗਈ ਸੀ, ਜਿਸ ਵਿਚੋਂ ਕਰੀਬ 2 ਹਜ਼ਾਰ ਏਕੜ ਫਸਲ ਦਾ ਭਾਰੀ ਨੁਕਸਾਨ ਹੋਇਆ ਹੈ। ਇਸ ਇਲਾਕੇ ਵਿਚ ਕਈ ਕਿਸਾਨਾਂ ਨੇ ਬਿਮਾਰੀ ਦੀ ਮਾਰ ਹੇਠ ਆਉਣ ਵਾਲੀ ਫਸਲ ਨੂੰ ਖੇਤਾਂ ਵਿਚ ਬਸੀ ਪਠਾਣਾਂ ਪਿੰਡ ਲੁਹਾਰੀ ਕਲਾਂ ਵਿਚ ਕਰੀਬ 300 ਸੌ ਏਕੜ ਫਸਲ ਤਬਾਹ ਹੋ ਗਈ। ਅਜਿਹੇ ਹਾਲਾਤ ਵਿਚ ਕਿਸਾਨ ਫਸਲ ਵਾਹੁਣ ਲਈ ਮਜਬੂਰ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨਾਂ ਦੀ ਹਿਤੈਸ਼ੀ ਹੋਣ ਦਾ ਦਾਅਵਾ ਕਰਨ ਵਾਲੀ ਪੰਜਾਬ ਸਰਕਾਰ ਕੁੰਭਕਰਨੀ ਨੀਂਦ ਸੁੱਤੀ ਪਈ ਹੈ ਅਤੇ ਕਿਸਾਨ ਆਪਣੀਆਂ ਫਸਲਾਂ ਵਾਹੁਣ ਲਈ ਮਜਬੂਰ ਹੋ ਰਹੇ ਹਨ।

ਫਤਹਿਗੜ੍ਹ ਸਾਹਿਬ ਦੇ ਪਿੰਡ ਖੇੜੀ ਭਾਈ ਕੀ ਦੇ ਕਿਸਾਨ ਪਵਿੱਤਰ ਸਿੰਘ ਦੀ ਝੋਨੇ ਦੀ ਫਸਲ ਚੀਨੀ ਬਿਮਾਰੀ ਕਾਰਨ ਨੁਕਸਾਨੀ ਗਈ, ਝੋਨੇ ਦੀ ਫਸਲ ਨੂੰ ਵਾਹ ਦਿੱਤਾ ਗਿਆ। ਕਿਸਾਨ ਪਵਿੱਤਰ ਸਿੰਘ ਨੇ ਭਰੇ ਮਨ ਨਾਲ ਦੱਸਿਆ ਕਿ ਉਸ ਨੇ 10 ਏਕੜ ਜ਼ਮੀਨ ਠੇਕੇ 'ਤੇ ਲਈ ਸੀ, ਜਿਸ ਵਿਚ ਝੋਨਾ ਤਿਆਰ ਕਰਨ ਲਈ ਉਸ ਦਾ ਪ੍ਰਤੀ ਏਕੜ 20 ਹਜ਼ਾਰ ਰੁਪਏ ਖਰਚਾ ਹੁਣ ਤੱਕ ਆ ਚੁੱਕਾ ਸੀ ਅਤੇ ਫਸਲ ਨੂੰ ਬਿਮਾਰੀ ਤੋਂ ਬਚਾਉਣ ਲਈ 2 ਵਾਰ ਸਪਰੇਅ ਵੀ ਕੀਤੀ ਗਈ ਸੀ, ਪਰ ਕੋਈ ਵਧੀਆ ਨਤੀਜਾ ਸਾਹਮਣੇ ਨਹੀਂ ਆਇਆ। ਉਸ ਨੇ ਦੱਸਿਆ ਕਿ ਖੇਤੀਬਾੜੀ ਮਹਿਕਮੇ ਦੇ ਕਿਸੇ ਵੀ ਅਧਿਕਾਰੀ ਨੇ ਫਸਲ ਨੂੰ ਲੱਗੀ ਬਿਮਾਰੀ ਬਾਰੇ ਸਾਰ ਨਹੀਂ ਲਈ। ਪਹਿਲਾਂ ਕਣਕ ਦੀ ਫਸਲ ਸਮੇਂ ਵੀ ਉਸ ਦਾ ਝਾੜਾ ਬਹੁਤ ਘੱਟ ਨਿਕਲਿਆ ਸੀ।

ਕੁਰਾਲੀ ਇਲਾਕੇ ਦੇ ਕਈ ਪਿੰਡਾਂ ਵਿਚ ਝੋਨੇ ਦੀ ਫਸਲ ਚੀਨੀ ਵਾਇਰਸ ਦੀ ਮਾਰ ਹੇਠ ਆ ਗਈ ਹੈ। ਘਾੜ ਇਲਾਕੇ ਦੇ ਪਿੰਡ ਅਭੀਪੁਰ ਦੇ ਕਈ ਕਿਸਾਨਾਂ ਦੇ ਕਰੀਬ 60 ਏਕੜ ਜ਼ਮੀਨ ਇਸ ਬਿਮਾਰੀ ਦੀ ਮਾਰ ਹੇਠ ਆਉਣ ਕਾਰਨ ਕਿਸਾਨਾਂ ਨੂੰ ਫਸਲ ਨੂੰ ਵਾਹੁਣ ਲਈ ਮਜਬੂਰ ਹੋਣਾ ਪਿਆ। ਕਿਸ਼ਨਪੁਰਾ ਵਿਚ ਵੀ ਝੋਨੇ ਦੀ ਫਸਲ ਨੂੰ ਕਾਫੀ ਨੁਕਸਾਨ ਹੋਇਆ ਹੈ। ਕਿਸਾਨਾਂ ਨੇ ਸਰਕਾਰ ਤੋਂ ਵਿਸ਼ੇਸ਼ ਗਰਦਾਵਰੀ ਅਤੇ ਮੁਆਵਜ਼ੇ ਦੀ ਮੰਗ ਕੀਤੀ ਹੈ।

ਕਿਸਾਨਾਂ ਨੇ ਦੱਸਿਆ ਕਿ ਉਨ੍ਹਾਂ ਦੀ ਝੋਨੇ ਦੀ ਫਸਲ ਪੂਰੀ ਤਰ੍ਹਾਂ ਨੁਕਸਾਨੀ ਗਈ ਹੈ। ਉਨ੍ਹਾਂ ਕਿਹਾ ਕਿ ਝੋਨੇ ਦੀ ਫਸਲ ਜਦੋਂ ਨਿੱਸਰਨ 'ਤੇ ਆਈ ਤਾਂ ਉਸ ਨੂੰ ਚੀਨੀ ਵਾਇਰਸ ਨਾਂ ਦੀ ਬਿਮਾਰੀ ਨੇ ਆਪਣੀ ਲਪੇਟ ਵਿਚ ਲੈ ਲਿਆ। ਕਿਸਾਨਾਂ ਨੇ ਦੱਸਿਆ ਕਿ ਜ਼ਿਆਦਾ ਨੁਕਸਾਨ ਝੋਨੇ ਦੀ 26 ਕਿਸਮ ਨੂੰ ਹੋਇਆ ਹੈ। ਇਸ ਸਬੰਧੀ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਵੀ ਸੂਚਿਤ ਕੀਤਾ ਅਤੇ ਮਾਹਿਰਾਂ ਦੇ ਕਹਿਣ 'ਤੇ ਦਵਾਈਆਂ ਦੇ ਛਿੜਕਾਅ ਉਤੇ ਵੀ ਹਜ਼ਾਰਾਂ ਰੁਪਏ ਖਰਚ ਦਿੱਤੇ।

ਇਸ ਦੇ ਬਾਵਜੂਦ ਝੋਨੇ ਦੀ ਫਸਲ ਦਾ ਬਚਾਅ ਨਹੀਂ ਹੋ ਸਕਿਆ। ਕਿਸਾਨ ਗਊਆਂ ਦੀ ਬਿਮਾਰੀ ਕਾਰਨ ਪਹਿਲਾਂ ਹੀ ਆਰਥਿਕ ਮੰਦਹਾਲੀ ਝੱਲ ਰਹੇ ਹਨ। ਕਿਸਾਨਾਂ ਨੇ ਮੁੱਖ ਮੰਤਰੀ ਭਗਵੰਤ ਮਾਨ, ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਤੋਂ ਵਿਸ਼ੇਸ਼ ਗਰਦਾਵਰੀ ਦੀ ਮੰਗ ਕਰਦਿਆਂ ਫਸਲ ਦੇ ਹੋਏ ਨੁਕਸਾਨ ਦੇ ਮੁਆਵਜ਼ੇ ਦੀ ਮੰਗ ਕੀਤੀ ਹੈ।

## ਝੋਨੇ ਦਾ ਦਾਣਾ-ਦਾਣਾ ਖਰੀਦਿਆ ਜਾਵੇਗਾ: ਕੁਲਦੀਪ ਧਾਲੀਵਾਲ

**ਮੁਹਾਲੀ:** ਪੰਜਾਬ ਦੇ ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਸਰਕਾਰ ਇਸ ਸੀਜ਼ਨ ਵਿਚ ਝੋਨੇ ਦੀ ਨਿਰਵਿਘਨ ਖਰੀਦ ਲਈ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਨੇ ਮੰਡੀ ਬੋਰਡ ਵੱਲੋਂ ਨਿਰਵਿਘਨ ਖਰੀਦ ਲਈ ਕੀਤੀਆਂ ਅਗਾਊਂ ਤਿਆਰੀਆਂ ਦਾ ਜਾਇਜ਼ਾ ਲਿਆ। ਖੇਤੀਬਾੜੀ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਝੋਨੇ ਦੇ ਦਾਣੇ-ਦਾਣੇ ਦੀ ਖਰੀਦ ਅਤੇ ਚੁਕਾਈ ਦੇ ਨਾਲ-ਨਾਲ ਅਨਾਜ ਮੰਡੀਆਂ 'ਚ ਮਿਆਰੀ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ। ਜਾਣਕਾਰੀ ਅਨੁਸਾਰ ਖੇਤੀਬਾੜੀ ਮੰਤਰੀ ਨੇ ਅਧਿਕਾਰੀਆਂ ਨੂੰ ਅਨਾਜ ਮੰਡੀਆਂ ਵਿਚੋਂ ਸਾਰੇ ਨਾਜਾਇਜ਼ ਕਬਜ਼ੇ ਹਟਾਉਣ ਲਈ ਵਿਸ਼ੇਸ਼ ਮੁਹਿੰਮ ਚਲਾਉਣ ਦੀਆਂ ਵੀ ਹਦਾਇਤਾਂ ਕੀਤੀਆਂ।

# ਆਮ ਆਦਮੀ ਪਾਰਟੀ ਵੱਲੋਂ 2024 ਦੀਆਂ ਚੋਣਾਂ ਇਕੱਲੇ ਲੜਨ ਦੀ ਤਿਆਰੀ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇਸ਼ਾਰਾ ਕੀਤਾ ਕਿ ਆਮ ਆਦਮੀ ਪਾਰਟੀ (ਆਪ) ਹੋਰਨਾਂ ਵਿਰੋਧੀ ਪਾਰਟੀਆਂ ਨਾਲ ਗੱਠਜੋੜ ਦੀ ਥਾਂ 2024 ਦੀਆਂ ਲੋਕ ਸਭਾ ਚੋਣਾਂ ਆਪਣੇ ਦਮ 'ਤੇ ਲੜੇਗੀ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ 'ਤੇ ਤਿੱਖੇ ਹਮਲੇ ਕਰਦਿਆਂ ਭ੍ਰਿਸ਼ਟਾਚਾਰ ਖਿਲਾਫ ਲੜਾਈ ਦੇ ਨਾਂ 'ਤੇ ਆਮ ਆਦਮੀ ਪਾਰਟੀ ਨੂੰ 'ਮਧੋਲਣ' ਦੀਆਂ ਕੋਸ਼ਿਸ਼ਾਂ ਕਰਨ ਦਾ ਦੋਸ਼ ਲਾਇਆ ਹੈ।

'ਆਪ' ਸੁਪਰੀਮੋ ਨੇ ਕਿਹਾ ਕਿ ਭਾਜਪਾ ਅਗਾਮੀ ਗੁਜਰਾਤ ਚੋਣਾਂ ਵਿਚ ਹਾਰ ਤੋਂ ਖੌਫ਼ਜ਼ਦਾ ਹੈ। ਕੇਜਰੀਵਾਲ ਇਥੇ ਇੰਦਰਾ ਗਾਂਧੀ ਇਨਡੋਰ ਸਟੇਡੀਅਮ ਦੇ ਵੇਲੋਡਰੋਮ ਵਿਚ 'ਆਪ' ਦੇ ਚੁਣੇ ਹੋਏ ਪ੍ਰਤੀਨਿਧਾਂ ਦੇ ਪਲੇਠੇ ਕੌਮੀ ਸੰਮੇਲਨ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ 'ਆਪ' ਨੇ ਭ੍ਰਿਸ਼ਟਾਚਾਰ ਖਿਲਾਫ ਦ੍ਰਿੜ੍ਹਤਾ ਨਾਲ ਲੜਨ ਦਾ



ਅਹਿਦ ਲਿਆ। ਰਾਜ ਸਭਾ ਮੈਂਬਰ ਸੰਜੈ ਸਿੰਘ ਨੇ ਭਾਰਤ ਨੂੰ ਨੰਬਰ ਇਕ ਬਣਾਉਣ ਤੇ ਭਾਜਪਾ ਦੇ 'ਅਪਰੇਸ਼ਨ ਲੋਟਸ' ਨੂੰ ਨਾਕਾਮ ਕਰਨ ਸਬੰਧੀ ਦੋ ਮਤੇ ਪੇਸ਼ ਕੀਤੇ, ਜਿਨ੍ਹਾਂ ਨੂੰ ਪਾਰਟੀ ਨੁਮਾਇੰਦਿਆਂ ਨੇ ਪ੍ਰਵਾਨਗੀ ਦਿੱਤੀ।

ਸ੍ਰੀ ਕੇਜਰੀਵਾਲ ਨੇ ਕਿਹਾ ਕਿ ਮੋਦੀ ਸਰਕਾਰ ਉਨ੍ਹਾਂ ਦੀ ਪਾਰਟੀ ਦੇ ਮੰਤਰੀਆਂ ਤੇ ਆਗੂਆਂ ਨੂੰ ਕਥਿਤ ਭ੍ਰਿਸ਼ਟਾਚਾਰ ਦੇ ਝੂਠੇ ਕੇਸਾਂ ਵਿਚ ਫਸਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਕਿਉਂਕਿ ਭਾਜਪਾ ਨੂੰ 'ਗੁਜਰਾਤ ਵਿਚ 'ਆਪ' ਦੀ ਵਧਦੀ ਮਕਬੂਲੀਅਤ ਹਜ਼ਮ ਨਹੀਂ ਹੋ ਰਹੀ ਹੈ।' ਪਾਰਟੀ ਦੇ ਕੌਮੀ ਕਨਵੀਨਰ ਨੇ ਕਿਹਾ ਕਿ ਭਾਜਪਾ ਅਗਾਮੀ ਗੁਜਰਾਤ ਅਸੈਂਬਲੀ ਚੋਣਾਂ ਤੋਂ ਪਹਿਲਾਂ 'ਆਪ' ਦੇ ਵਧਦੇ ਆਧਾਰ ਤੋਂ ਇਸ ਕਦਰ ਪਰੇਸ਼ਾਨ ਹੈ ਕਿ 'ਪ੍ਰਧਾਨ ਮੰਤਰੀ ਦੇ ਸਲਾਹਕਾਰ ਹਿਰੇਨ ਜੋਸ਼ੀ ਨੇ ਕਈ ਟੀਵੀ ਚੈਨਲਾਂ ਦੇ ਮਾਲਕਾਂ ਤੇ ਉਨ੍ਹਾਂ ਦੇ ਸੰਪਾਦਕਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ 'ਆਪ' ਪਾਰਟੀ ਨੂੰ ਗੁਜਰਾਤ ਵਿਚ ਕਵਰੇਜ ਨਾ ਦੇਣ। ਜੋਸ਼ੀ ਨੇ ਨਤੀਜੇ ਭੁਗਤਣ ਦੀ ਵੀ ਗੱਲ ਆਖੀ ਹੈ।'' ਮੁੱਖ ਮੰਤਰੀ ਨੇ ਕਿਹਾ, ''ਇਹ ਸਭ ਬੰਦ ਕਰ ਦਿਓ। ਜੇਕਰ ਇਨ੍ਹਾਂ ਸੰਪਾਦਕਾਂ ਨੇ ਜੋਸ਼ੀ ਦੇ ਸੁਨੇਹਿਆਂ ਵਾਲੇ ਸਕਰੀਨਸ਼ੌਟ ਸ਼ਾਂਝੇ ਕਰ ਦਿੱਤੇ ਤਾਂ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੇ ਸਲਾਹਕਾਰ ਦੇਸ਼ ਨੂੰ ਆਪਣਾ ਮੂੰਹ ਦਿਖਾਉਣ ਜੋਗੇ ਨਹੀਂ ਰਹਿਣਗੇ।'' ਉਨ੍ਹਾਂ ਕਿਹਾ, ''ਅਸੀਂ ਗੁਜਰਾਤ ਵਿਚ ਸਰਕਾਰ ਬਣਾਵਾਂਗੇ।'' ਉਨ੍ਹਾਂ ਕੇਂਦਰ ਦੀ ਭਾਜਪਾ ਸਰਕਾਰ 'ਤੇ ਸੀ.ਬੀ.ਆਈ/ਈ.ਡੀ. ਦੀ ਦੁਰਵਰਤੋਂ ਦੇ ਦੋਸ਼ ਵੀ ਲਾਏ।

## ਰਾਘਵ ਚੱਢਾ ਗੁਜਰਾਤ ਵਿਚ ਸਹਿ-ਇੰਚਾਰਜ ਨਿਯੁਕਤ

**ਅਹਿਮਦਾਬਾਦ:** ਆਮ ਆਦਮੀ ਪਾਰਟੀ ਨੇ ਆਪਣੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੂੰ ਗੁਜਰਾਤ ਵਿਧਾਨ ਸਭਾ ਚੋਣਾਂ ਲਈ ਪਾਰਟੀ ਦਾ ਸੂਬਾਈ ਸਹਿ-ਇੰਚਾਰਜ ਨਿਯੁਕਤ ਕੀਤਾ ਹੈ। ਇਸ ਤੋਂ ਪਹਿਲਾਂ 'ਆਪ' ਨੇ ਰਾਜ ਸਭਾ ਮੈਂਬਰ ਸੰਦੀਪ ਪਾਠਕ ਨੂੰ ਗੁਜਰਾਤ ਦਾ ਇੰਚਾਰਜ ਲਾਇਆ ਸੀ।

# ਮੋਦੀ ਨੇ ਪੂਤਿਨ ਨੂੰ ਸਮਝਾਇਆ: ਇਹ ਸਮਾਂ ਜੰਗ ਦਾ ਨਹੀਂ...

**ਸਮਰਕੰਦ (ਉਜ਼ਬੇਕਿਸਤਾਨ):** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੂੰ ਕਿਹਾ ਹੈ ਕਿ ਇਹ ਸਮਾਂ ਜੰਗ ਦਾ ਨਹੀਂ ਹੈ ਸਗੋਂ ਸੰਸਾਰ ਨੂੰ ਭੋਜਨ, ਖਾਦ ਅਤੇ ਈਂਧਣ ਸੁਰੱਖਿਆ ਦੇ ਨਾਲ ਨਾਲ ਹੋਰ ਵੱਡੀਆਂ ਚਿੰਤਾਵਾਂ ਹਨ।

ਉਹ ਇਥੇ ਸੰਘਾਈ ਸਹਿਯੋਗ ਸੰਗਠਨ (ਐਸ.ਸੀ.ਓ.) ਸੰਮੇਲਨ ਤੋਂ ਵੱਖਰੇ ਤੌਰ 'ਤੇ ਪੂਤਿਨ ਨਾਲ ਗੱਲਬਾਤ ਕਰ ਰਹੇ ਸਨ। ਸ੍ਰੀ ਮੋਦੀ ਨੇ ਕਿਹਾ, "ਮੈਨੂੰ ਪਤਾ ਹੈ ਕਿ ਅੱਜ ਦਾ ਸਮਾਂ ਜੰਗ ਦਾ ਨਹੀਂ ਹੈ ਅਤੇ ਮੈਂ ਇਸ ਬਾਰੇ ਤੁਹਾਡੇ (ਪੂਤਿਨ) ਨਾਲ ਫੋਨ 'ਤੇ ਗੱਲ ਵੀ ਕੀਤੀ ਸੀ।" ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ-ਰੂਸ ਕਈ ਦਹਾਕਿਆਂ ਤੋਂ ਇਕ-ਦੂਜੇ ਨਾਲ ਖੜ੍ਹੇ ਰਹੇ ਹਨ ਅਤੇ ਉਮੀਦ ਹੈ ਕਿ ਅਸੀਂ ਸ਼ਾਂਤੀ ਦੇ ਰਾਹ 'ਤੇ ਅੱਗੇ ਵਧਣ ਦੀ ਰਣਨੀਤੀ ਬਣਾ ਸਕਦੇ ਹਾਂ। ਦੋਵੇਂ ਆਗੂਆਂ ਵਿਚਕਾਰ ਦੁਵੱਲੀ ਮੀਟਿੰਗ ਤੋਂ ਪਹਿਲਾਂ ਪੂਤਿਨ ਨੇ ਮੀਡੀਆ ਨੂੰ ਕਿਹਾ ਸੀ, "ਅਸੀਂ ਯੂਕਰੇਨ ਵਿਚ ਟਕਰਾਅ ਸਬੰਧੀ ਤੁਹਾਡੀ ਸਥਿਤੀ ਅਤੇ ਚਿੰਤਾਵਾਂ ਬਾਰੇ ਜਾਣਦੇ ਹਾਂ। ਅਸੀਂ ਇਸ ਨੂੰ ਜਲਦੀ ਤੋਂ ਜਲਦੀ ਖਤਮ ਕਰਨਾ ਚਾਹੁੰਦੇ ਹਾਂ।"

ਪੱਛਮੀ ਦੇਸ਼ਾਂ ਵੱਲੋਂ ਲਗਾਈ ਗਈਆਂ



ਪਾਬੰਦੀਆਂ ਮਗਰੋਂ ਭਾਰਤ ਵੱਲੋਂ ਤੇਲ, ਕੋਲਾ ਅਤੇ ਖਾਦ ਸਣੇ ਹੋਰ ਰੂਸੀ ਵਸਤਾਂ ਲਈ ਰਾਹ ਖੋਲ੍ਹੇ ਜਾਣ 'ਤੇ ਪ੍ਰਧਾਨ ਮੰਤਰੀ ਮੋਦੀ ਦਾ ਧੰਨਵਾਦ ਕੀਤਾ। ਇਸ ਦੌਰਾਨ ਸ੍ਰੀ ਮੋਦੀ ਨੇ ਤੁਰਕੀ ਦੇ ਰਾਸ਼ਟਰਪਤੀ ਰੇਸਿਪ ਤਈਅਪ ਅਰਦੋਗਾਂ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਦੋਵੇਂ ਮੁਲਕਾਂ ਨੇ ਦੁਵੱਲੇ ਸਬੰਧਾਂ ਦੀ ਨਜ਼ਰਸਾਨੀ ਕਰਦਿਆਂ ਵੱਖ ਵੱਖ ਖੇਤਰਾਂ 'ਚ ਸਹਿਯੋਗ ਹੋਰ ਵਧਾਉਣ ਦੇ ਰਾਹ ਲੱਭਣ ਬਾਰੇ ਵਿਚਾਰ ਵਟਾਂਦਰਾ ਕੀਤਾ।

# ਦੁਨੀਆ 'ਚ ਭੁੱਖਮਰੀ ਦੀ ਸੁਨਾਮੀ ਆਈ: ਸੰਯੁਕਤ ਰਾਸ਼ਟਰ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੇ ਵਿਸ਼ਵ ਭੋਜਨ ਪ੍ਰੋਗਰਾਮ (ਵਰਲਡ ਫੂਡ ਪ੍ਰੋਗਰਾਮ) ਦੇ ਮੁਖੀ ਨੇ ਭਿਆਨਕ ਚਿਤਾਵਨੀ ਜਾਰੀ ਕਰਦਿਆਂ ਕਿਹਾ ਹੈ ਕਿ ਦੁਨੀਆਂ ਦੇ 34.5 ਕਰੋੜ ਲੋਕ ਭੁੱਖਮਰੀ ਵੱਲ ਵੱਧ ਰਹੇ ਹਨ। ਉਨ੍ਹਾਂ ਕਿਹਾ 'ਇਕ ਅਜਿਹੀ ਹੰਗਾਮੀ ਸਥਿਤੀ ਪੈਦਾ ਹੋ ਰਹੀ ਹੈ ਜਿਸ ਦਾ ਅੰਦਾਜ਼ਾ ਲਾਉਣਾ ਵੀ ਮੁਸ਼ਕਲ ਹੈ।' ਵਰਲਡ ਫੂਡ ਪ੍ਰੋਗਰਾਮ ਦੇ ਕਾਰਜਕਾਰੀ ਡਾਇਰੈਕਟਰ ਡੇਵਿਡ ਬੀਜ਼ਲੇਅ ਨੇ ਦੱਸਿਆ ਕਿ 7 ਕਰੋੜ ਲੋਕ ਪਹਿਲਾਂ ਹੀ ਯੂਕਰੇਨ ਜੰਗ ਕਾਰਨ ਭੁੱਖਮਰੀ ਦੀ ਕਗਾਰ ਉਤੇ ਹਨ।

ਸੰਯੁਕਤ ਰਾਸ਼ਟਰ ਦੇ ਅਧਿਕਾਰੀ ਨੇ ਕਿਹਾ ਕਿ 82 ਮੁਲਕਾਂ ਵਿਚ 34 ਕਰੋੜ ਤੋਂ ਵੱਧ ਲੋਕ ਖਾਧ ਅਸੁਰੱਖਿਆ ਦੇ ਗੰਭੀਰ ਖਤਰੇ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਨਾਲ ਹੀ ਕਿਹਾ ਕਿ ਇਹ ਬਹੁਤ ਪਰੇਸ਼ਾਨ ਕਰਨ ਵਾਲੀ ਗੱਲ ਹੈ ਕਿ 45 ਮੁਲਕਾਂ ਵਿਚ 5 ਕਰੋੜ ਲੋਕ ਗੰਭੀਰ ਕੁਪੋਸ਼ਣ ਦਾ ਸ਼ਿਕਾਰ ਹੋ ਗਏ ਹਨ ਤੇ 'ਭੁੱਖਮਰੀ ਦੇ ਦਰਾਂ ਉਤੇ ਹਨ।' ਡੇਵਿਡ ਨੇ ਕਿਹਾ ਕਿ, 'ਜਿਸ ਨੂੰ ਪਹਿਲਾਂ ਭੁੱਖਮਰੀ ਦੀ ਲਹਿਰ ਕਿਹਾ ਜਾ ਰਿਹਾ ਸੀ, ਉਹ ਹੁਣ ਸੁਨਾਮੀ ਬਣ ਚੁੱਕੀ ਹੈ।' ਉਨ੍ਹਾਂ ਇਸ ਲਈ ਵਧਦੇ ਜਾ ਰਹੇ ਟਕਰਾਅ, ਮਹਾਮਾਰੀ ਦੇ ਗੰਭੀਰ



ਆਰਥਿਕ ਸਿੱਟਿਆਂ, ਜਲਵਾਯੂ ਤਬਦੀਲੀ, ਵੱਧ ਰਹੀਆਂ ਤੇਲ ਕੀਮਤਾਂ ਤੇ ਯੂਕਰੇਨ ਜੰਗ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਸੰਯੁਕਤ ਰਾਸ਼ਟਰ ਦੇ ਅਧਿਕਾਰੀ ਨੇ ਕਿਹਾ ਕਿ 24 ਫਰਵਰੀ ਨੂੰ ਯੂਕਰੇਨ 'ਤੇ ਰੂਸ ਦੇ ਹਮਲੇ ਤੋਂ ਬਾਅਦ ਵਧੀਆਂ ਤੇਲ, ਖਾਦ ਤੇ ਖੁਰਾਕੀ ਪਦਾਰਥਾਂ ਦੀਆਂ ਕੀਮਤਾਂ ਨੇ 7 ਕਰੋੜ ਲੋਕਾਂ ਨੂੰ ਭੁੱਖਮਰੀ ਦੀਆਂ ਬਰੂੰਹਾਂ 'ਤੇ ਲਿਆ ਕੇ ਖੜ੍ਹਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਵੇਂ ਜੁਲਾਈ ਵਿਚ ਇਕ ਸਮਝੌਤੇ ਤਹਿਤ ਯੂਕਰੇਨ ਤੋਂ ਅਨਾਜ ਕੱਢ ਦਿੱਤਾ ਗਿਆ ਸੀ, ਪਰ ਫਿਰ ਵੀ ਇਸ ਸਾਲ ਕਈ ਗੰਭੀਰ ਭੁੱਖ ਮਰੀਆਂ ਦਾ ਖਤਰਾ ਬਰਕਰਾਰ ਹੈ।

# ਜੰਗਲਾਤ ਜ਼ਮੀਨ ਉਤੇ ਕਿਸਾਨਾਂ ਵੱਲੋਂ ਮੁੜ ਕਬਜ਼ਾ

**ਮੁਕੇਰੀਆਂ:** ਜੰਗਲਾਤ ਵਿਭਾਗ ਵੱਲੋਂ ਕਥਿਤ ਨਾਜਾਇਜ਼ ਕਬਜ਼ਾਕਾਰਾਂ ਕੋਲੋਂ ਛੁਡਾਈ ਮਹਿਤਾਬਪੁਰ ਪਿੰਡ ਅਧੀਨ ਬਿਆਸ ਦਰਿਆ ਦੇ ਕਿਨਾਰੇ ਪੈਂਦੀ ਤਕਰੀਬਨ 300 ਏਕੜ ਤੋਂ ਵੱਧ ਵਿਭਾਗੀ ਜ਼ਮੀਨ 'ਚੋਂ ਤਕਰੀਬਨ 55 ਏਕੜ ਜ਼ਮੀਨ ਉਤੇ ਭਾਰਤੀ ਕਿਸਾਨ ਯੂਨੀਅਨ ਏਕਤਾਂ (ਉਗਰਾਹਾਂ) ਦੀ ਅਗਵਾਈ 'ਚ ਕਿਸਾਨਾਂ ਨੇ ਮੁੜ ਕਬਜ਼ਾ ਕਰ ਕੇ ਸਰ੍ਹੋਂ ਦੀ ਫਸਲ ਬੀਜ ਦਿੱਤੀ ਹੈ।

ਮੌਕੇ 'ਤੇ ਪੁੱਜੀ ਮੁਕੇਰੀਆਂ ਪੁਲਿਸ ਅਤੇ ਜੰਗਲਾਤ ਵਿਭਾਗ ਦੇ ਅਧਿਕਾਰੀਆਂ ਨੂੰ ਧਰਨਕਾਰੀਆਂ ਨੇ ਧੁੱਸੀ ਬੰਨ੍ਹ 'ਤੇ ਲਗਾਏ ਧਰਨੇ ਤੋਂ ਅੱਗੇ ਨਾ ਜਾਣ ਦਿੱਤਾ ਅਤੇ ਕਬਜ਼ੇ ਵਾਲੀ ਜ਼ਮੀਨ ਵੱਲ ਜਾਂਦੇ ਸਾਰੇ ਰਸਤਿਆਂ 'ਤੇ ਵੀ ਆਪਣੀਆਂ ਟੀਮਾਂ ਤਾਇਨਾਤ ਕਰ ਦਿੱਤੀਆਂ। ਦੱਸਣਯੋਗ ਹੈ ਕਿ ਮਹਿਤਾਬਪੁਰ ਦੀ ਜੰਗਲਾਤ ਵਿਭਾਗ ਦੀ ਕੁਝ ਲੋਕਾਂ ਦੇ ਕਬਜ਼ੇ ਹੇਠਲੀ 300 ਤੋਂ ਵੱਧ ਏਕੜ ਜ਼ਮੀਨ ਤੋਂ ਪਿਛਲੀ ਸਰਕਾਰ ਸਮੇਂ ਸਾਲ 2018 ਵਿਚ ਜੰਗਲਾਤ ਵਿਭਾਗ ਨੇ ਕਬਜ਼ਾ ਹਟਾ ਲਿਆ ਸੀ। ਇਸ ਵਿਚੋਂ ਕੁਝ ਜ਼ਮੀਨ 'ਤੇ ਮੁੜ ਕਬਜ਼ਾ ਕੀਤਾ ਗਿਆ ਹੈ।

# ਲਾਰੈਂਸ ਤੇ ਬੰਬੀਹਾ ਧੜਿਆਂ ਵਿਚ ਟਕਰਾਅ ਵਧਿਆ

**ਮਾਨਸਾ:** ਮਾਨਸਾ ਪੁਲਿਸ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਬਾਅਦ ਸੋਸ਼ਲ ਮੀਡੀਆ ਰਾਹੀਂ ਲਾਰੈਂਸ ਬਿਸ਼ਨੋਈ ਤੇ ਬੰਬੀਹਾ ਗੈਂਗ ਵੱਲੋਂ ਇਕ-ਦੂਜੇ ਨੂੰ ਦਿੱਤੀਆਂ ਜਾ ਰਹੀਆਂ ਚੁਣੌਤੀਆਂ ਦੀ ਗੰਭੀਰਤਾ ਨਾਲ ਘੋਖ ਕਰ ਰਹੀ ਹੈ। ਮੂਸੇਵਾਲਾ ਦੇ ਕਤਲ ਮਗਰੋਂ ਹਰ ਦੂਜੇ-ਤੀਜੇ ਦਿਨ ਇਨ੍ਹਾਂ ਧੜਿਆਂ ਵੱਲੋਂ ਇਕ-ਦੂਜੇ ਨੂੰ ਨਿੱਤ ਨਵੀਆਂ ਚੁਣੌਤੀਆਂ ਦਿੱਤੀਆਂ ਜਾ ਰਹੀਆਂ ਹਨ।

ਮਰਹੂਮ ਗਾਇਕ ਦੇ ਕਤਲ ਸਬੰਧੀ ਬੰਬੀਹਾ ਗੈਂਗ ਨੇ ਫੇਸਬੁੱਕ 'ਤੇ ਪੋਸਟ ਪਾਈ ਹੈ, ਜਿਸ ਵਿਚ ਬੰਬੀਹਾ ਗੈਂਗ ਨੇ ਗੋਲਡੀ ਬਰਾੜ ਨੂੰ ਚੁਣੌਤੀ ਦਿੱਤੀ ਹੈ ਕਿ ਉਹ ਵਿਦੇਸ਼ ਬੈਠ ਕੇ ਗੱਲਾਂ ਕਰਨ ਦੀ ਥਾਂ ਪੰਜਾਬ ਆ ਕੇ ਸਾਹਮਣਾ ਕਰੇ। ਇਹ ਵੀ ਕਿਹਾ ਗਿਆ ਹੈ ਕਿ ਸਿੱਧੂ ਮੂਸੇਵਾਲਾ ਦੀ ਮੌਤ ਦਾ ਬਦਲਾ ਲਿਆ ਜਾਵੇਗਾ।

ਜ਼ਿਕਰਯੋਗ ਹੈ ਕਿ ਹਾਲ ਹੀ ਵਿਚ ਪੰਜਾਬ ਪੁਲਿਸ ਨੇ ਨੇਪਾਲ ਬਾਰਡਰ ਤੋਂ ਲਾਰੈਂਸ ਗੈਂਗ ਦੇ ਦੀਪਕ ਮੁੰਡੀ, ਕਪਿਲ ਪੰਡਿਤ ਤੇ ਰਾਜੇਂਦਰ ਜੋਕਰ ਨੂੰ ਕਾਬੂ ਕੀਤਾ ਹੈ। ਇਨ੍ਹਾਂ ਤਿੰਨਾਂ ਦੀ ਗ੍ਰਿਫਤਾਰੀ ਤੋਂ ਬਾਅਦ ਕਈ ਖੁਲਾਸੇ ਹੋਏ ਹਨ। ਇਸ ਦੇ ਨਾਲ ਹੀ ਪੰਜਾਬ ਸਮੇਤ ਤਿੰਨ ਹੋਰ ਸੂਬਿਆਂ 'ਚ ਐਨ.ਆਈ.ਏ. ਵੱਲੋਂ ਗੈਂਗਸਟਰਾਂ ਦੇ ਘਰਾਂ 'ਤੇ ਛਾਪਾਮਾਰੀ ਕੀਤੀ ਗਈ ਹੈ।

ਕੇਂਦਰੀ ਜਾਂਚ ਏਜੰਸੀਆਂ ਪਹਿਲਾਂ ਹੀ ਪੰਜਾਬ ਪੁਲਿਸ ਕੋਲ ਪੰਜਾਬ ਵਿਚ ਵੱਡੇ ਪੱਧਰ 'ਤੇ ਗੈਂਗਵਾਰ ਛਿੜਨ ਦੀ ਸੰਭਾਵਨਾ ਜਤਾ ਚੁੱਕੀਆਂ ਹਨ, ਜਿਸ ਮਗਰੋਂ ਪੰਜਾਬ ਪੁਲਿਸ ਨੇ ਮੁਸ਼ਤੈਦੀ ਵਧਾਉਂਦਿਆਂ ਇਨ੍ਹਾਂ ਗਰੁੱਪਾਂ ਦੀਆਂ ਗਤੀਵਿਧੀਆਂ 'ਤੇ ਪੈਨੀ ਅੱਖ ਰੱਖੀ ਹੋਈ ਹੈ। ਸੰਭਾਵਨਾ ਜਤਾਈ ਜਾ ਰਹੀ ਹੈ ਕਿ ਪੰਜਾਬ ਵਿਚ ਬੰਬੀਹਾ ਤੇ ਲਾਰੈਂਸ ਗੈਂਗ ਕਿਸੇ ਵੀ



ਵੇਲੇ ਭਿੜ ਸਕਦੇ ਹਨ।

ਬੰਬੀਹਾ ਗੈਂਗ ਮੂਸੇਵਾਲਾ ਹੱਤਿਆਕਾਂਡ ਦੇ ਮੁੱਖ ਸਾਜ਼ਿਸ਼ ਘਾੜੇ ਗੈਂਗਸਟਰ ਲਾਰੈਂਸ ਤੇ ਜੱਗੂ ਭਗਵਾਨਪੁਰੀਆ ਨੂੰ ਨਿਸ਼ਾਨਾ ਬਣਾ ਸਕਦਾ ਹੈ, ਜਿਸ ਬਾਰੇ ਬੰਬੀਹਾ ਗੈਂਗ ਵੱਲੋਂ ਪਹਿਲਾਂ ਹੀ ਉਕਤ ਦੋਵਾਂ ਨੂੰ ਪੁਲਿਸ ਹਿਰਾਸਤ ਵਿਚ ਮਾਰ ਦੇਣ ਦੀ ਧਮਕੀ ਵੀ ਦਿੱਤੀ ਗਈ ਹੈ। ਇਸ ਧਮਕੀ ਤੋਂ ਬਾਅਦ ਤੋਂ ਹੀ ਲਾਰੈਂਸ ਦੀ ਪੇਸ਼ੀ ਵੀਡੀਓ ਕਾਨਫਰੰਸ ਰਾਹੀਂ ਕਰਵਾਈ ਜਾ ਰਹੀ ਹੈ। ਇਸ ਸਬੰਧੀ ਦਿੱਲੀ ਸਪੈਸ਼ਲ ਸੈੱਲ ਦੀ ਪੁਲਿਸ ਨੇ ਬੰਬੀਹਾ ਗੈਂਗ ਦੇ ਛੇ ਮੈਂਬਰ ਕਾਬੂ ਕੀਤੇ ਹਨ, ਜਿਨ੍ਹਾਂ ਨੇ ਪੁੱਛ-ਪੜਤਾਲ ਦੌਰਾਨ ਦੱਸਿਆ ਕਿ ਬੰਬੀਹਾ ਗੈਂਗ ਨੇ ਪੁਲੀਸ ਹਿਰਾਸਤ 'ਚ ਲਾਰੈਂਸ ਤੇ ਜੱਗੂ ਨੂੰ ਨਿਸ਼ਾਨਾ ਬਣਾਉਣ ਦਾ ਪ੍ਰੋਗਰਾਮ ਉਲੀਕਿਆ ਹੈ।

## ਪਾਕਿਸਤਾਨ 'ਚ ਹੜ੍ਹਾਂ ਕਾਰਨ 1.6 ਕਰੋੜ ਬੱਚੇ ਪ੍ਰਭਾਵਿਤ ਹੋਏ

**ਇਸਲਾਮਾਬਾਦ:** ਸੰਯੁਕਤ ਰਾਸ਼ਟਰ ਨੇ ਕਿਹਾ ਹੈ ਕਿ ਪਾਕਿਸਤਾਨ ਵਿਚ ਆਏ ਭਿਆਨਕ ਹੜ੍ਹਾਂ ਕਾਰਨ ਅੰਦਾਜ਼ਨ 1.6 ਕਰੋੜ ਬੱਚੇ ਪ੍ਰਭਾਵਿਤ ਹੋਏ ਹਨ, ਜਿਨ੍ਹਾਂ ਵਿਚੋਂ ਘੱਟੋ-ਘੱਟ 34 ਲੱਖ ਨੂੰ ਤੁਰਤ ਜੀਵਨ ਬਚਾਉਣ ਲਈ ਸਹਾਇਤਾ ਦੀ ਲੋੜ ਹੈ। ਸੰਯੁਕਤ ਰਾਸ਼ਟਰ ਇੰਟਰਨੈਸ਼ਨਲ ਚਿਲਡਰਨਜ਼ ਐਮਰਜੈਂਸੀ ਫੰਡ (ਯੂਨੀਸੇਫ) ਦੇ ਨੁਮਾਇੰਦੇ ਅਬਦੁੱਲਾ ਫਾਦਿਲ ਨੇ ਦੱਸਿਆ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਸਥਿਤੀ ਬਹੁਤ ਗੰਭੀਰ ਹੈ, ਕੁਪੋਸ਼ਿਤ ਬੱਚੇ ਦਸਤ, ਡੇਂਗੂ ਬੁਖਾਰ ਅਤੇ ਚਮੜੀ ਦੀਆਂ ਬਿਮਾਰੀਆਂ ਨਾਲ ਜੂਝ ਰਹੇ ਹਨ। ਫਾਦਿਲ ਜਿਸ ਨੇ ਸਿੰਧ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੋ ਦਿਨਾਂ ਦੌਰਾ ਕੀਤਾ ਸੀ, ਨੇ ਕਿਹਾ ਕਿ ਹੜ੍ਹਾਂ ਨੇ ਹੁਣ ਤੱਕ ਘੱਟੋ-ਘੱਟ 528 ਬੱਚਿਆਂ ਦੀ ਜਾਨ ਲੈ ਲਈ ਹੈ।

# ਫਿਚ ਨੇ ਭਾਰਤ ਦਾ ਜੀ.ਡੀ.ਪੀ. ਅਨੁਮਾਨ ਘਟਾਇਆ

**ਨਵੀਂ ਦਿੱਲੀ:** ਫਿਚ ਰੇਟਿੰਗਜ਼ ਨੇ ਆਪਣੀ ਹੀ ਪੇਸ਼ੀਨਗੋਈ ਵਿਚ ਸੋਧ ਕਰਦਿਆਂ ਮੌਜੂਦਾ ਵਿੱਤੀ ਸਾਲ ਵਿਚ ਭਾਰਤ ਦੀ ਆਰਥਿਕ ਵਿਕਾਸ ਦਰ 7 ਫੀਸਦ ਰਹਿਣ ਦਾ ਦਾਅਵਾ ਕੀਤਾ ਹੈ। ਦਰਜਾਬੰਦੀ ਏਜੰਸੀ ਨੇ ਜੂਨ ਮਹੀਨੇ ਇਕ ਬਿਆਨ ਵਿਚ 2022-23 'ਚ ਭਾਰਤ ਦੀ ਜੀ.ਡੀ.ਪੀ. 7.8 ਫੀਸਦ ਰਹਿਣ ਦੀ ਭਵਿੱਖਬਾਣੀ ਕੀਤੀ ਸੀ।

ਏਜੰਸੀ ਨੇ ਵਿੱਤੀ ਸਾਲ 2024 ਵਿਚ ਵਿਕਾਸ ਦਰ 7.4 ਫੀਸਦ ਰਹਿਣ ਦੇ ਆਪਣੇ ਪਿਛਲੇ ਅਨੁਮਾਨ ਨੂੰ ਵੀ ਘਟਾ ਕੇ 6.7 ਫੀਸਦ ਕਰ ਦਿੱਤਾ ਹੈ। ਫਿਚ ਨੇ ਅੰਕੜਿਆਂ ਵਿਚ ਸੁਧਾਰ ਲਈ ਵਧਦੀ ਮਹਿੰਗਾਈ ਤੇ ਵਿਆਜ ਦਰਾਂ ਦਾ ਹਵਾਲਾ ਦਿੱਤਾ ਹੈ। ਏਜੰਸੀ ਨੇ ਜਾਰੀ ਕੀਤੇ ਗਲੋਬਲ ਇਕਨੌਮਿਕ ਆਊਟਲੁਕ ਵਿਚ ਕਿਹਾ ਕਿ ਅਪਰੈਲ-ਜੂਨ ਮਹੀਨੇ ਵਿਚ ਜੀ.ਡੀ.ਪੀ. 13.5 ਫੀਸਦ ਸੀ, ਜੋ ਜੂਨ ਵਿਚ 18.5 ਫੀਸਦ ਦੇ ਵਾਧੇ ਦੇ ਅਨੁਮਾਨਾਂ ਤੋਂ ਕਿਤੇ ਘੱਟ ਸੀ। ਰਿਪੋਰਟ ਵਿਚ ਕਿਹਾ ਗਿਆ, 'ਆਲਮੀ ਅਰਥਚਾਰੇ ਵਿਚ ਨਿਘਾਰ, ਵਧਦੀ ਮਹਿੰਗਾਈ ਤੇ ਸਖਤ ਮੁਦਰਾ ਨੀਤੀ ਕਰਕੇ ਸਾਨੂੰ ਅਰਥਚਾਰੇ ਦੀ ਰਫਤਾਰ ਘਟਣ ਦੀ ਉਮੀਦ ਹੈ।

ਕੱਚੇ ਤੇਲ ਦੀਆਂ ਕੀਮਤਾਂ ਘਟਣ ਕਾਰਨ ਮਹਿੰਗਾਈ ਦਰ ਕੁਝ ਘਟੀ, ਪਰ ਇਸ ਸਾਲ ਦੇ ਅੰਤ ਤੱਕ ਨਾਕਾਰਾਤਮਕ ਰੁਝਾਨ ਦੇ ਮੱਦੇਨਜ਼ਰ ਖੁਰਾਕੀ ਮਹਿੰਗਾਈ ਦਾ ਜੋਖਮ ਬਰਕਰਾਰ ਹੈ।" ਥੋਕ ਕੀਮਤ ਆਧਾਰਿਤ ਮਹਿੰਗਾਈ ਅਗਸਤ ਮਹੀਨੇ 12.41 ਫੀਸਦ ਦੇ ਅੰਕੜੇ ਨਾਲ 11 ਮਹੀਨਿਆਂ ਦੇ ਸਭ ਤੋਂ ਹੇਠਲੇ ਪੱਧਰ 'ਤੇ ਜਦੋਂਕਿ ਪ੍ਰਚੂਨ ਮਹਿੰਗਾਈ ਹਲਕੇ ਵਾਧੇ ਨਾਲ 7 ਫੀਸਦ ਰਹੀ। ਅਪਰੈਲ-ਜੂਨ (ਮੌਜੂਦਾ ਵਿੱਤੀ ਸਾਲ ਦੀ ਪਹਿਲੀ ਤਿਮਾਹੀ) ਵਿਚ ਵਾਧਾ ਦਰ ਅਨੁਮਾਨਿਤ




13.5 ਫੀਸਦ ਤੋਂ ਕਿਤੇ ਹੇਠਾਂ ਰਹਿਣ ਕਰਕੇ ਫਿਚ ਤੋਂ ਪਹਿਲਾਂ ਹੋਰ ਦਰਜਾਬੰਦੀ ਏਜੰਸੀਆਂ ਨੇ ਭਾਰਤ ਦੀ ਜੀ.ਡੀ.ਪੀ. ਸਬੰਧੀ ਆਪਣੀਆਂ ਭਵਿੱਖਬਾਣੀਆਂ ਵਿਚ ਸੁਧਾਰ ਕੀਤਾ ਹੈ।

ਮੂਡੀਜ਼ ਇਨਵੈਸਟਰਜ਼ ਸਰਵਿਸ ਨੂੰ ਉਮੀਦ ਹੈ ਕਿ ਭਾਰਤ ਦੀ ਜੀ.ਡੀ.ਪੀ. ਵਿਕਾਸ ਦਰ 2021 ਵਿਚ 8.3 ਫੀਸਦੀ ਤੋਂ 2022 ਵਿਚ 7.7 ਫੀਸਦੀ ਤੇ 2023 ਵਿੱਚ ਹੋਰ ਘਟ ਕੇ 5.2 ਫੀਸਦੀ ਰਹਿ ਜਾਵੇਗੀ। ਇਸ ਤੋਂ ਪਹਿਲਾਂ ਮਾਰਚ ਵਿਚ ਮੂਡੀਜ਼ ਨੇ ਭਾਰਤੀ ਅਰਥਚਾਰੇ ਦੇ 8.8 ਫੀਸਦੀ ਦੀ ਦਰ ਨਾਲ ਵਧਣ ਦੀ ਪੇਸ਼ੀਨਗੋਈ ਕੀਤੀ ਸੀ। ਐਸ.ਬੀ.ਆਈ. ਅਪਰੈਲ 2022 ਤੋਂ ਮਾਰਚ 2023 (ਵਿੱਤੀ ਸਾਲ 2023) ਤੱਕ 6.8 ਫੀਸਦੀ ਵਾਧੇ ਦੀ ਉਮੀਦ ਕਰਦਾ ਹੈ ਤੇ ਇੰਡੀਆ ਰੇਟਿੰਗਜ਼ ਐਂਡ ਰਿਸਰਚ (ਇੰਡ-ਰਾ) ਨੇ ਅੰਕੜਾ 6.9 ਫੀਸਦੀ ਰਹਿਣ ਦਾ ਅਨੁਮਾਨ ਲਗਾਇਆ ਹੈ। ਉਧਰ, ਭਾਰਤੀ ਰਿਜ਼ਰਵ ਬੈਂਕ ਨੂੰ ਚਾਲੂ ਵਿੱਤੀ ਸਾਲ 'ਚ ਆਰਥਿਕ ਵਿਕਾਸ ਦਰ 7.2 ਫੀਸਦ ਰਹਿਣ ਦੀ ਉਮੀਦ ਹੈ। ਫਿਚ ਨੇ ਕਿਹਾ ਕਿ ਮੁੱਖ ਮਹਿੰਗਾਈ ਦਰ, ਜਿਸ ਵਿੱਚ ਭੋਜਨ, ਈਂਧਣ ਅਤੇ ਰੌਸ਼ਨੀ ਸ਼ਾਮਲ ਹੈ, 6 ਫੀਸਦ ਰਹੀ।

# ਅਗਨੀਵੀਰ ਭਰਤੀ ਬਾਰੇ ਪੰਜਾਬ ਸਰਕਾਰ ਨੇ ਲਿਆ ਯੂ-ਟਰਨ

**ਚੰਡੀਗੜ੍ਹ:** ਹਥਿਆਰਬੰਦ ਬਲਾਂ ਵਿਚ ਭਰਤੀ ਲਈ ਕੇਂਦਰ ਸਰਕਾਰ ਦੀ 'ਅਗਨੀਵੀਰ' ਸਕੀਮ ਤੋਂ ਪੰਜਾਬ ਵਿਚ ਮੁੜ ਨਵਾਂ ਵਿਵਾਦ ਖੜ੍ਹਾ ਹੋ ਗਿਆ ਹੈ। ਜਲੰਧਰ ਕੈਂਟ ਦੇ ਜ਼ੋਨਲ ਭਰਤੀ ਅਫਸਰ ਨੇ ਮੁੱਖ ਸਕੱਤਰ ਵਿਜੈ ਕੁਮਾਰ ਜੰਜੂਆ ਨੂੰ ਲਿਖੇ ਪੱਤਰ ਵਿਚ ਅਗਨੀਵੀਰਾਂ ਦੀ ਭਰਤੀ ਲਈ ਭਰਤੀ ਰੈਲੀਆਂ ਵਾਸਤੇ ਸਥਾਨਕ ਪ੍ਰਸ਼ਾਸਨ ਵੱਲੋਂ ਸਹਿਯੋਗ ਨਾ ਕਰਨ 'ਤੇ ਗਿਲਾ ਜ਼ਾਹਿਰ ਕੀਤਾ ਸੀ। ਭਰਤੀ ਅਫਸਰ ਨੇ ਇਥੋਂ ਤੱਕ ਆਖ ਦਿੱਤਾ ਕਿ ਇਹੀ ਰਵੱਈਆ ਰਿਹਾ ਤਾਂ ਉਹ ਭਵਿੱਖ 'ਚ ਪੰਜਾਬ ਦੀਆਂ ਭਰਤੀ ਰੈਲੀਆਂ ਨੂੰ ਹੋਰਨਾਂ ਸੂਬਿਆਂ ਵਿਚ ਤਬਦੀਲ ਕਰ ਸਕਦੇ ਹਨ।

ਉਧਰ, ਇਸ ਪੱਤਰ ਤੋਂ ਪੰਜਾਬ ਵਿਚ ਨਵਾਂ ਵਿਵਾਦ ਛਿੜ ਗਿਆ ਹੈ। ਪੰਜਾਬ ਵਿਧਾਨ ਸਭਾ ਵਿਚ ਅਗਨੀਵੀਰ ਸਕੀਮ ਖ਼ਿਲਾਫ਼ ਮਤਾ ਵੀ ਪਾਸ ਕੀਤਾ ਜਾ ਚੁੱਕਾ ਹੈ। ਮੁੱਖ ਮੰਤਰੀ ਭਗਵੰਤ ਮਾਨ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੱਲੋਂ ਅਗਨੀਵੀਰ ਸਕੀਮ ਦਾ ਵਿਰੋਧ ਕੀਤਾ ਗਿਆ ਸੀ ਜਦੋਂਕਿ ਭਾਜਪਾ ਵਿਧਾਇਕ ਹਮਾਇਤ ਵਿਚ ਨਿੱਤਰੇ ਸਨ। ਭਾਰਤੀ ਫੌਜ ਵਿਚ ਸਭ ਤੋਂ ਵੱਧ ਜਵਾਨ ਭੇਜਣ ਵਾਲੇ ਦੇਸ਼ ਦੇ ਮੋਹਰੀ ਸੂਬਿਆਂ ਵਿਚੋਂ ਪੰਜਾਬ ਇਕ ਹੈ।



ਅਗਨੀਵੀਰ ਸਕੀਮ ਖ਼ਿਲਾਫ਼ ਦੇਸ਼ ਭਰ ਵਿਚ ਪ੍ਰਦਰਸ਼ਨ ਹੋਏ ਸਨ, ਪਰ ਸਿਆਸੀ ਰੌਲਾ-ਰੱਪਾ ਸ਼ਾਂਤ ਹੋਣ ਮਗਰੋਂ ਸੂਬਿਆਂ ਵਿਚ ਅਗਨੀਵੀਰ ਭਰਤੀ ਕਰਨ ਲਈ ਰੈਲੀਆਂ ਚੱਲ ਰਹੀਆਂ ਹਨ। 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਭਾਵੇਂ ਉਹ ਪਹਿਲਾਂ ਇਸ ਸਕੀਮ ਦਾ ਵਿਰੋਧ ਕਰਦੇ ਸਨ, ਪਰ ਹੁਣ ਜਦੋਂ ਸਕੀਮ ਸ਼ੁਰੂ ਹੋ ਗਈ ਹੈ ਤਾਂ ਉਹ ਅਗਨੀਵੀਰ ਭਰਤੀ ਦਾ ਪੂਰਾ ਸਹਿਯੋਗ ਕਰਨਗੇ। ਉਨ੍ਹਾਂ ਕਿਹਾ ਕਿ ਫੌਜ ਦੇ ਭਰਤੀ ਸੈੱਲ ਵੱਲੋਂ ਪੰਜਾਬ ਸਰਕਾਰ ਨੂੰ ਕੋਈ ਪੱਤਰ ਲਿਖੇ ਜਾਣ ਦੀ ਜਾਣਕਾਰੀ ਨਹੀਂ ਹੈ।

ਭਾਰਤੀ ਫੌਜ ਦੀ 'ਅਗਨੀਪਥ ਸਕੀਮ' ਤਹਿਤ ਭਰਤੀ ਰੈਲੀਆਂ ਪੰਜਾਬ ਦੇ ਲੁਧਿਆਣਾ ਤੇ ਗੁਰਦਾਸਪੁਰ ਵਿਚ ਸਫਲਤਾ ਨਾਲ ਸਿਰੇ ਚੜ੍ਹ ਗਈਆਂ ਹਨ। ਭਰਤੀ ਰੈਲੀਆਂ 2022-23 ਦੇ ਤੈਅ ਪ੍ਰੋਗਰਾਮ ਮੁਤਾਬਕ ਕੀਤੀਆਂ ਜਾ ਰਹੀਆਂ ਹਨ। ਸੂਤਰਾਂ ਮੁਤਾਬਕ ਫੌਜ ਨੂੰ ਸਥਾਨਕ ਪ੍ਰਸ਼ਾਸਨ ਦਾ ਪੂਰਾ ਸਹਿਯੋਗ ਮਿਲ ਰਿਹਾ ਹੈ ਤੇ ਰੈਲੀਆਂ ਪੰਜਾਬ ਤੋਂ ਕਿਤੇ ਹੋਰ ਤਬਦੀਲ ਨਹੀਂ ਹੋਣਗੀਆਂ।

ਜ਼ਿਕਰਯੋਗ ਹੈ ਕਿ ਫੌਜ ਦੇ ਜਲੰਧਰ ਛਾਉਣੀ ਜ਼ੋਨ ਦੇ ਭਰਤੀ ਅਧਿਕਾਰੀ ਨੇ ਪੰਜਾਬ ਦੇ ਮੁੱਖ ਸਕੱਤਰ ਵੀ.ਕੇ. ਜੰਜੂਆ ਤੇ ਪ੍ਰਿੰਸੀਪਲ ਸਕੱਤਰ (ਰੁਜ਼ਗਾਰ ਉਤਪਤੀ) ਕੁਮਾਰ ਰਾਹੁਲ ਨੂੰ ਪੱਤਰ ਲਿਖਿਆ ਸੀ ਕਿ ਉਨ੍ਹਾਂ ਨੂੰ ਸਥਾਨਕ ਸਿਵਲ ਪ੍ਰਸ਼ਾਸਨ ਤੋਂ 'ਸਪੱਸ਼ਟ ਤੌਰ ਉਤੇ' ਸਮਰਥਨ ਨਹੀਂ ਮਿਲ ਰਿਹਾ ਹੈ, ਨਾ ਹੀ ਰੈਲੀਆਂ ਲਈ ਲੋੜੀਂਦੇ ਪ੍ਰਬੰਧ ਕੀਤੇ ਗਏ ਹਨ। ਅਧਿਕਾਰੀ ਨੇ ਨਾਲ ਹੀ ਕਿਹਾ ਸੀ ਕਿ ਜੇ ਸਹਿਯੋਗ ਨਾ ਮਿਲਿਆ ਤਾਂ ਰੈਲੀਆਂ ਨੂੰ ਨਾਲ ਲੱਗਦੇ ਹੋਰ ਰਾਜਾਂ ਵਿਚ ਤਬਦੀਲ ਕਰ ਦਿੱਤਾ ਜਾਵੇਗਾ; ਹਾਲਾਂਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਯਕੀਨ ਦਿਵਾਇਆ ਕਿ ਸਰਕਾਰ ਭਰਤੀ ਰੈਲੀਆਂ ਲਈ ਪੂਰਾ ਸਹਿਯੋਗ ਦੇਵੇਗੀ। ਮੁਢਲੇ ਗੇੜ ਵਿਚ ਫੌਜ ਨੇ ਰੈਲੀਆਂ ਲੁਧਿਆਣਾ, ਪਟਿਆਲਾ, ਗੁਰਦਾਸਪੁਰ ਵਿਚ ਰੱਖੀਆਂ ਹਨ। ਇਨ੍ਹਾਂ ਤਹਿਤ ਪੰਜਾਬ ਦੇ ਕਰੀਬ 12 ਜ਼ਿਲ੍ਹੇ ਆਉਣਗੇ।

### ਵੱਧ ਤੋਂ ਵੱਧ ਉਮੀਦਵਾਰ ਭਰਤੀ ਕਰਾਉਣ ਦੀ ਕੋਸ਼ਿਸ਼ ਹੋਵੇਗੀ: ਭਗਵੰਤ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ ਕਰਕੇ ਕਿਹਾ ਕਿ ਅਗਨੀਵੀਰਾਂ ਦੀ ਭਰਤੀ ਲਈ ਪੰਜਾਬ ਦੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਪਹਿਲਾਂ ਹੀ ਭਾਰਤੀ ਫੌਜ ਪ੍ਰਸ਼ਾਸਨ ਨਾਲ ਪੂਰਨ ਸਹਿਯੋਗ ਕਰਨ ਵਾਸਤੇ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਜੇਕਰ ਕਿਤੇ ਕੋਈ ਢਿੱਲ ਵਰਤੀ ਗਈ ਹੈ ਤਾਂ ਇਸ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਹੈ ਕਿ ਸੂਬੇ 'ਚੋਂ ਵੱਧ ਤੋਂ ਵੱਧ ਉਮੀਦਵਾਰਾਂ ਨੂੰ ਭਰਤੀ ਕਰਾਉਣ ਲਈ ਹਰ ਕੋਸ਼ਿਸ਼ ਕੀਤੀ ਜਾਵੇਗੀ।

## ਭਗਵੰਤ ਮਾਨ ਨੇ ਜਰਮਨੀ ਤੋਂ ਸਹਿਯੋਗ ਮੰਗਿਆ



**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਜਰਮਨੀ ਤੋਂ ਐਗਰੀ ਫੂਡ ਪ੍ਰੋਸੈਸਿੰਗ, ਟੈਕਸਟਾਈਲ, ਆਟੋ ਕੰਪੋਨੈਂਟਸ, ਫਾਰਮਾਸਿਊਟੀਕਲ ਤੇ ਕੈਮੀਕਲ ਖੇਤਰ 'ਚ ਸਹਿਯੋਗ ਦੀ ਮੰਗ ਕੀਤੀ ਹੈ। ਮੁੱਖ ਮੰਤਰੀ ਨੇ ਮਿਊਨਿਖ ਸਥਿਤ ਆਪਣੇ ਦਫਤਰ ਵਿਚ ਇਨਵੈਸਟ ਇਨ ਬਾਵਰੀਆ ਦੀ ਟੀਮ ਨਾਲ ਮੁਲਾਕਾਤ ਕਰਦਿਆਂ ਕਿਹਾ ਕਿ ਜਰਮਨੀ ਦੀਆਂ 350 ਕੰਪਨੀਆਂ ਭਾਰਤ 'ਚ ਆਪਣਾ ਕਾਰੋਬਾਰ ਕਰ ਰਹੀਆਂ ਹਨ।

ਇਸ ਦੌਰਾਨ ਮੁੱਖ ਮੰਤਰੀ ਨੇ ਟੀਮ ਨੂੰ ਐਗਰੀ ਫੂਡ ਪ੍ਰੋਸੈਸਿੰਗ, ਟੈਕਸਟਾਈਲ, ਆਟੋ ਕੰਪੋਨੈਂਟਸ, ਫਾਰਮਾਸਿਊਟੀਕਲ ਤੇ ਕੈਮੀਕਲਜ਼ ਵਰਗੇ ਖੇਤਰਾਂ ਵਿਚ ਪੰਜਾਬ ਦੀ ਸਮਰੱਥਾ ਬਾਰੇ ਜਾਣੂ ਕਰਵਾਇਆ ਅਤੇ ਇਨ੍ਹਾਂ ਖੇਤਰਾਂ ਵਿਚ ਇਨਵੈਸਟ ਪੰਜਾਬ ਤੇ ਇਨਵੈਸਟ ਇਨ ਬਾਵਰੀਆ ਵਿਚਾਲੇ ਸਹਿਯੋਗ ਦੇ ਸੰਭਾਵੀ ਖੇਤਰਾਂ ਬਾਰੇ ਵਿਚਾਰ-ਚਰਚਾ ਕੀਤੀ। ਭਗਵੰਤ ਮਾਨ ਨੇ ਪੰਜਾਬ ਵਿਚ ਨਿਵੇਸ਼ਕਾਂ ਦੀ ਸਹੂਲਤ ਲਈ ਆਦਰਸ਼ ਵਨ ਸਟਾਪ ਦਫਤਰ ਬਾਰੇ ਵੀ ਜਾਣਕਾਰੀ ਦਿੱਤੀ। ਇਨਵੈਸਟ ਇਨ ਬਾਵਰੀਆ ਦੀ ਟੀਮ ਨੇ ਆਪਸੀ ਤਾਲਮੇਲ ਨਾਲ ਰੈਗੂਲੇਟਰੀ, ਵਿੱਤੀ ਸੇਵਾਵਾਂ ਅਤੇ ਕਾਰੋਬਾਰੀ ਦਰਜਾਬੰਦੀ ਵਿਚ ਸੌਖ ਲਈ ਪੰਜਾਬ ਦੀ ਸਿੰਗਲ-ਵਿੰਡੋ ਪ੍ਰਣਾਲੀ ਦੀ ਸ਼ਲਾਘਾ ਕੀਤੀ। ਇਨਵੈਸਟ ਪੰਜਾਬ ਐਂਡ ਇਨਵੈਸਟ ਇਨ ਬਾਵਰੀਆ ਨੇ ਦੁਵੱਲੇ ਵਪਾਰ ਅਤੇ ਨਿਵੇਸ਼ ਮੌਕਿਆਂ ਦਾ ਸਹਿਯੋਗ, ਸਬੰਧਤ ਖੇਤਰਾਂ ਦੀਆਂ ਕੰਪਨੀਆਂ/ਉਦਯੋਗਾਂ ਦਰਮਿਆਨ ਵਪਾਰਕ, ਉਦਯੋਗਿਕ ਅਤੇ ਤਕਨੀਕੀ ਖੇਤਰਾਂ ਵਿਚ ਸਹਿਯੋਗ ਤੇ ਖੋਜ ਤੇ ਹੁਨਰ 'ਚ ਸਹਿਯੋਗ ਦੇ ਮੌਕਿਆਂ ਦੀ ਖੋਜ ਕਰਨ ਲਈ ਵੀ ਸਹਿਮਤੀ ਪ੍ਰਗਟਾਈ।

### ਮਾਨ ਵੱਲੋਂ ਜਰਮਨ ਕੰਪਨੀ ਨੂੰ ਨਿਵੇਸ਼ ਦਾ ਸੱਦਾ

ਵਿਦੇਸ਼ ਦੌਰੇ 'ਤੇ ਗਏ ਮੁੱਖ ਮੰਤਰੀ ਭਗਵੰਤ ਮਾਨ ਨੇ ਜਰਮਨੀ ਦੀ ਪੰਪ ਅਤੇ ਵਾਲਵ ਬਣਾਉਣ ਵਾਲੀ ਬਹੁ-ਕੌਮੀ ਕੰਪਨੀ ਕੇ.ਐਸ.ਬੀ. ਐਸ.ਈ. ਅਤੇ ਸੀ.ਓ. ਕੇ.ਜੀ.ਏ.ਏ. ਨੂੰ ਪੰਜਾਬ ਵਿਚ ਆਪਣਾ ਕਾਰੋਬਾਰ ਸਥਾਪਤ ਕਰਨ ਦਾ ਸੱਦਾ ਦਿੱਤਾ ਹੈ। ਮੁੱਖ ਮੰਤਰੀ ਨੇ ਬਰਲਿਨ ਵਿਚ ਕੰਪਨੀ ਦੇ ਵਾਈਸ ਪ੍ਰੈਜ਼ੀਡੈਂਟ (ਸੇਲਜ਼ ਮੈਨੇਜਮੈਂਟ ਵਾਟਰ) ਫਿਲਿਪ ਸਟੌਰਚ ਨਾਲ ਮੁਲਾਕਾਤ ਕੀਤੀ। ਉਨ੍ਹਾਂ ਕੰਪਨੀ ਦੇ ਸੀਨੀਅਰ ਅਧਿਕਾਰੀਆਂ ਨੂੰ ਅਗਲੇ ਸਾਲ 23-24 ਫਰਵਰੀ, ਨੂੰ ਹੋਣ ਵਾਲੇ 'ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ' ਵਿਚ ਸ਼ਾਮਲ ਹੋਣ ਲਈ ਸੱਦਾ ਦਿੱਤਾ।

### ਮਿੱਡ-ਡੇਅ ਮੀਲ ਲਈ ਪੱਲਿਓਂ ਪੈਸੇ ਪਾ ਕੇ ਡੰਗ ਟਪਾਉਣ ਲੱਗੇ ਮਾਸਟਰ

**ਅੰਮ੍ਰਿਤਸਰ:** ਡੈਮੋਕਰੇਟਿਕ ਟੀਚਰਜ਼ ਫਰੰਟ ਨੇ ਖਦਸ਼ਾ ਪ੍ਰਗਟਾਇਆ ਹੈ ਕਿ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਵਿਦਿਆਰਥੀਆਂ ਨੂੰ ਦਿੱਤੇ ਜਾਂਦੇ ਮਿੱਡ-ਡੇਅ ਮੀਲ ਨੂੰ ਤਿਆਰ ਕਰਨ ਦਾ ਖਰਚਾ ਸਰਕਾਰ ਵੱਲੋਂ ਨਾ ਦਿੱਤੇ ਜਾਣ ਕਾਰਨ ਮਜਬੂਰੀ ਵੱਸ ਇਹ ਸਕੀਮ ਬੰਦ ਹੋ ਸਕਦੀ ਹੈ। ਫਿਲਹਾਲ ਅਧਿਆਪਕ ਆਪਣੇ ਕੋਲੋਂ ਪੈਸੇ ਖਰਚ ਕੇ ਜਾਂ ਫਿਰ ਉਧਾਰ ਲੈ ਕੇ ਮਿੱਡ-ਡੇਅ ਮੀਲ ਚਲਾ ਰਹੇ ਹਨ।

ਜਥੇਬੰਦੀ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ ਨੇ 'ਆਪ' ਸਰਕਾਰ ਨੂੰ ਹਰ ਫਰੰਟ 'ਤੇ ਫੇਲ੍ਹ ਕਰਾਰ ਦਿੰਦਿਆਂ ਕਿਹਾ ਕਿ ਸਰਕਾਰੀ ਅਤੇ ਏਡਿਡ ਸਕੂਲਾਂ ਵਿਚ ਪੜ੍ਹਦੇ ਲੱਖਾਂ ਵਿਦਿਆਰਥੀਆਂ ਨੂੰ ਮਿੱਡ-ਡੇਅ ਮੀਲ ਤਹਿਤ ਦੁਪਹਿਰ ਦਾ ਖਾਣਾ ਮੁਹੱਈਆ ਕਰਵਾਉਣ ਲਈ ਦਿੱਤੀ ਜਾਣ ਵਾਲੀ ਗ੍ਰਾਂਟ ਪਿਛਲੇ ਦੋ ਮਹੀਨਿਆਂ ਤੋਂ ਜਾਰੀ ਨਹੀਂ ਕੀਤੀ ਗਈ ਤੇ ਹੁਣ ਤੀਜੇ ਮਹੀਨੇ ਦਾ ਵੀ ਅੱਧ ਤੋਂ ਵੱਧ ਸਮਾਂ ਬੀਤ ਚੁੱਕਿਆ ਹੈ। ਉਨ੍ਹਾਂ ਦੱਸਿਆ ਕਿ ਅਧਿਆਪਕ ਆਪਣੇ ਕੋਲੋਂ ਪੈਸੇ ਖਰਚ ਕੇ ਜਾਂ ਫਿਰ ਉਧਾਰ ਲੈ ਕੇ ਮਿੱਡ-ਡੇਅ ਮੀਲ ਚਲਾ ਰਹੇ ਹਨ।

ਇਸੇ ਤਰ੍ਹਾਂ ਮਿੱਡ-ਡੇਅ ਮੀਲ ਤਿਆਰ ਕਰਨ ਵਾਲੇ ਹਜ਼ਾਰਾਂ ਵਰਕਰਾਂ ਨੂੰ ਵੀ ਦੋ ਮਹੀਨਿਆਂ ਤੋਂ ਮਿਹਨਤਾਨਾ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਜੇਕਰ ਛੇਤੀ ਹੀ ਸੀਨੀਅਰ ਸੈਕੰਡਰੀ ਤੇ ਪ੍ਰਾਇਮਰੀ ਸਕੂਲਾਂ ਨੂੰ ਸਰਕਾਰ ਵੱਲੋਂ ਗ੍ਰਾਂਟ ਜਾਰੀ ਨਾ ਕੀਤੀ ਗਈ ਤਾਂ ਅਧਿਆਪਕ ਮਿੱਡ-ਡੇਅ ਮੀਲ ਬੰਦ ਕਰਨ ਲਈ ਮਜਬੂਰ ਹੋਣਗੇ ਅਤੇ ਇਸ ਦੀ ਜ਼ਿੰਮੇਵਾਰ ਪੰਜਾਬ ਸਰਕਾਰ ਹੋਵੇਗੀ।

## ਮੂਸੇਵਾਲਾ 'ਤੇ ਹਮਲੇ ਦੀ ਕੋਸ਼ਿਸ਼ ਤਿੰਨ ਵਾਰ ਪਹਿਲਾਂ ਵੀ ਹੋਈ ਸੀ...



**ਮਾਨਸਾ:** ਗੈਂਗਸਟਰ ਮਨਪ੍ਰੀਤ ਸਿੰਘ ਉਰਫ ਮਨੀ ਰਈਆ ਤੇ ਮਨਦੀਪ ਸਿੰਘ ਉਰਫ ਤੂਫਾਨ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਕਰਨ ਦੇ ਇਰਾਦੇ ਨਾਲ ਘੱਟੋ-ਘੱਟ ਤਿੰਨ ਵਾਰ ਉਸ ਦੇ ਐਨ ਨੇੜੇ ਪਹੁੰਚ ਗਏ ਸਨ, ਪਰ ਭਾਰੀ ਸੁਰੱਖਿਆ ਘੇਰਾ ਦੇਖ ਕੇ ਉਹ ਪਿੱਛੇ ਹਟਣ ਲਈ ਮਜਬੂਰ ਹੋਏ ਸਨ। ਇਹ ਖੁਲਾਸਾ ਪੰਜਾਬ ਪੁਲਿਸ ਦੀ ਜਾਂਚ ਦੌਰਾਨ ਹੋਇਆ ਹੈ।

ਸਿੱਧੂ ਮੂਸੇਵਾਲਾ ਕਤਲ ਕਾਂਡ ਨੂੰ ਲੈ ਕੇ ਮਾਨਸਾ ਪੁਲਿਸ ਨੂੰ ਉਕਤ ਦੋਵਾਂ ਗੈਂਗਸਟਰਾਂ ਦਾ ਸੱਤ ਦਿਨਾਂ ਦਾ ਰਿਮਾਂਡ ਮਿਲਿਆ ਸੀ। ਇਨ੍ਹਾਂ ਕੋਲੋਂ ਰਾਜਪੁਰਾ 'ਚ ਪੁੱਛ ਪੜਤਾਲ ਕੀਤੀ ਜਾ ਰਹੀ ਹੈ। ਪੁਲਿਸ ਅਨੁਸਾਰ, ਮਨੀ ਰਈਆ ਤੇ ਤੂਫਾਨ ਵੱਲੋਂ ਸਿੱਧੂ ਮੂਸੇਵਾਲਾ ਨੂੰ ਮਾਰਨ ਦੀਆਂ ਕੋਸ਼ਿਸ਼ਾਂ ਨਾਕਾਮ ਹੋਣ ਮਗਰੋਂ ਬਿਸ਼ਨੋਈ ਗੈਂਗ ਨੇ ਉਸ ਨੂੰ ਕਤਲ ਕਰਨ ਦੀ ਯੋਜਨਾ ਬਣਾਈ। ਉਨ੍ਹਾਂ ਨੇ ਛੇ ਨਿਸ਼ਾਨੇਬਾਜ਼ਾਂ ਦੇ ਦੋ ਹੋਰ ਗੈਂਗ ਇਕੱਠੇ ਕੀਤੇ ਤੇ ਉਨ੍ਹਾਂ ਨੂੰ ਅਤਿ ਆਧੁਨਿਕ ਹਥਿਆਰਾਂ ਨਾਲ ਲੈਸ ਕੀਤਾ। ਇਨ੍ਹਾਂ ਧੜਿਆਂ 'ਚੋਂ ਇਕ ਪੰਜਾਬ ਤੇ ਇਕ ਹਰਿਆਣਾ ਨਾਲ ਸਬੰਧਤ ਹੈ। ਜਾਂਚ ਅਧਿਕਾਰੀ ਨੇ ਕਿਹਾ ਕਿ ਮੂਸੇਵਾਲਾ ਦੇ ਕਤਲ ਤੋਂ ਪਹਿਲਾਂ ਰਈਆ ਤੇ ਤੂਫਾਨ ਘੱਟੋ-ਘੱਟ ਤਿੰਨ ਵਾਰ ਮਾਨਸਾ 'ਚ ਰਹੇ। ਮਈ ਦੇ ਅਖੀਰਲੇ ਦਿਨਾਂ ਵਿਚ ਉਹ ਵੱਖਰੇ ਤੌਰ 'ਤੇ ਵੀ ਮਾਨਸਾ ਤੱਕ ਗਏ ਸਨ, ਪਰ ਕਤਲ ਤੋਂ ਇਕ ਦਿਨ ਪਹਿਲਾਂ ਕੈਨੇਡਾ ਸਥਿਤ ਗੈਂਗਸਟਰ ਗੋਲਡੀ ਬਰਾੜ ਨੇ ਉਨ੍ਹਾਂ ਨੂੰ ਕਾਰਵਾਈ ਤੋਂ ਬਾਹਰ ਕੱਢ ਦਿੱਤਾ ਸੀ।

### ਸੁਰੱਖਿਆ ਪ੍ਰਬੰਧਾਂ ਦੀ ਖੁੱਲ੍ਹੀ ਪੋਲ

**ਸ੍ਰੀ ਗੋਇੰਦਵਾਲ ਸਾਹਿਬ:** ਸਿੱਧੂ ਮੂਸੇਵਾਲਾ ਕਤਲ ਕਾਂਡ ਵਿਚ ਸ਼ਾਮਲ ਸ਼ਾਰਪ ਸ਼ੂਟਰ ਪ੍ਰਿਆਵਰਤ ਫੌਜੀ, ਦੀਪਕ ਟੀਨੂੰ, ਕਸ਼ਿਸ਼ ਅਤੇ ਅੰਕਿਤ ਸੇਰਸਾ ਸਮੇਤ ਹੋਰ ਖਤਰਨਾਕ ਗੈਂਗਸਟਰ ਗੋਇੰਦਵਾਲ ਸਾਹਿਬ ਦੀ ਜੇਲ੍ਹ ਵਿਚ ਬੰਦ ਹਨ। ਬੀਤੇ ਦਿਨੀਂ ਇਨ੍ਹਾਂ ਗੈਂਗਸਟਰਾਂ ਤੋਂ ਮੋਬਾਈਲ ਤੇ ਸਿੰਮ ਕਾਰਡ ਮਿਲਣ ਮਗਰੋਂ ਜੇਲ੍ਹ ਪ੍ਰਸ਼ਾਸਨ ਇਕ ਫਿਰ ਸੁਰਖੀਆਂ ਵਿਚ ਆ ਗਿਆ ਹੈ। ਮੂਸੇਵਾਲ ਕਤਲ ਕਾਂਡ ਨਾਲ ਸਬੰਧਤ ਸ਼ੂਟਰਾਂ ਕੋਲੋਂ ਮੋਬਾਈਲ ਤੇ ਸਿਮ ਕਾਰਡ ਬਰਾਮਦ ਹੋਣ ਤੋਂ ਬਾਅਦ ਗੋਇੰਦਵਾਲ ਸਾਹਿਬ ਪੁਲਿਸ ਨੇ ਸਹਾਇਕ ਸੁਪਰਡੈਂਟ ਕਰਨੈਲ ਸਿੰਘ ਦੇ ਬਿਆਨਾਂ 'ਤੇ ਮਾਮਲਾ ਦਰਜ ਕਰ ਲਿਆ ਹੈ।

## ਬੀ.ਐਮ.ਡਬਲਿਊ. ਕੰਪਨੀ ਦੀ ਨਾਂਹ ਨੇ ਭਗਵੰਤ ਦੀ ਕਿਰਕਰੀ ਕਰਵਾਈ

**ਚੰਡੀਗੜ੍ਹ:** ਜਰਮਨੀ ਦੌਰੇ ਉਤੇ ਗਏ ਮੁੱਖ ਮੰਤਰੀ ਭਗਵੰਤ ਮਾਨ ਲਈ ਉਸ ਸਮੇਂ ਅਜੀਬੋ ਗਰੀਬ ਸਥਿਤੀ ਬਣ ਗਈ, ਜਦੋਂ ਜਰਮਨੀ ਦੀ ਪ੍ਰਸਿੱਧ ਕਾਰ ਕੰਪਨੀ ਬੀ.ਐਮ.ਡਬਲਿਊ ਨੇ ਪੰਜਾਬ ਵਿਚ ਨਿਵੇਸ਼ ਸਬੰਧੀ ਕੀਤੇ ਦਾਅਵੇ ਨੂੰ ਸਿਰੇ ਤੋਂ ਰੱਦ ਕਰਦੇ ਹੋਏ ਆਖ ਦਿੱਤਾ ਕਿ ਕੰਪਨੀ ਦੀ ਪੰਜਾਬ ਵਿਚ ਨਵਾਂ ਪਲਾਂਟ ਲਗਾਏ ਜਾਣ ਦੀ ਕੋਈ ਤਜਵੀਜ਼ ਨਹੀਂ ਹੈ।

ਬੀ.ਐਮ.ਡਬਲਿਊ. ਗਰੁੱਪ ਵੱਲੋਂ ਆਪਣਾ ਇਹ ਅਧਿਕਾਰਤ ਬਿਆਨ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸੂਬੇ ਵਿਚ ਨਵਾਂ ਪਲਾਂਟ ਲਗਾਅ ਜਾਣ ਸਬੰਧੀ ਕੀਤੇ ਗਏ ਦਾਅਵੇ ਦੇ ਅਗਲੇ ਦਿਨ ਹੀ ਮੀਡੀਆ ਨੂੰ ਜਾਰੀ ਕੀਤਾ ਗਿਆ ਹੈ, ਜਿਸ ਵਿਚ ਕਾਰ ਕੰਪਨੀ ਦੇ ਅਧਿਕਾਰੀਆਂ ਨੇ ਮੁੱਖ ਮੰਤਰੀ ਦੇ ਦਾਅਵੇ ਨੂੰ ਗਲਤ ਦੱਸਦੇ ਹੋਏ ਸਾਫ ਕਿਹਾ ਹੈ ਕਿ ਕੰਪਨੀ ਦੀ ਨੇੜ ਭਵਿੱਖ ਵਿਚ ਪੰਜਾਬ ਵਿਚ ਨਵਾਂ ਪਲਾਂਟ ਲਗਾਏ ਜਾਣ ਦੀ ਕੋਈ ਯੋਜਨਾ ਨਹੀਂ ਹੈ। ਜਿਸ ਪਿੱਛੋਂ ਸੂਬੇ ਅੰਦਰ ਇਸ ਮੁੱਦੇ ਨੂੰ ਲੈ ਕੇ ਸਿਆਸਤ ਭਖ ਗਈ ਹੈ ਤੇ ਵਿਰੋਧੀ ਪਾਰਟੀਆਂ ਵੱਲੋਂ ਮੁੱਖ ਮੰਤਰੀ ਉਤੇ ਨਿਸ਼ਾਨਾ ਸਾਧਿਆ ਜਾ ਰਿਹਾ ਹੈ।



ਦੱਸਣਯੋਗ ਹੈ ਕਿ ਬੀਤੇ ਦਿਨੀਂ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸੂਬੇ ਵਿਚ ਵੱਡੇ ਪੂੰਜੀ ਨਿਵੇਸ਼ ਦਾ ਦਾਅਵਾ ਕਰਦਿਆਂ ਇਹ ਕਿਹਾ ਗਿਆ ਸੀ ਕਿ ਜਰਮਨੀ ਦੀ ਕਾਰ ਕੰਪਨੀ ਬੀ.ਐਮ.ਡਬਲਿਊ ਵੱਲੋਂ ਪੰਜਾਬ ਵਿਚ ਨਵਾਂ ਸਪੇਅਰ ਪਾਰਟਸ ਯੂਨਿਟ ਲਗਾਉਣ ਦੀ ਹਾਮੀ ਭਰੀ ਗਈ ਹੈ ਤੇ ਇਸ ਪਲਾਂਟ ਦੇ ਲੱਗਣ ਨਾਲ ਸੂਬੇ ਦੇ ਨੌਜਵਾਨਾਂ ਨੂੰ ਵੱਡੀ ਪੱਧਰ ਉਤੇ ਰੁਜ਼ਗਾਰ ਮਿਲੇਗਾ, ਜਦਕਿ ਉਕਤ ਕਾਰ ਕੰਪਨੀ ਨੇ ਪੰਜਾਬ ਵਿਚ ਅਜਿਹਾ ਕਿਸੇ ਵੀ ਤਰ੍ਹਾਂ ਦੇ ਕੋਈ ਨਿਵੇਸ਼ ਕਰਨ ਤੋਂ ਇਨਕਾਰ ਕੀਤਾ ਹੈ। ਕੰਪਨੀ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਗਰੁੱਪ ਦੇ ਚੇਨਈ ਵਿਚ ਆਪਣੇ ਨਿਰਮਾਣ ਪਲਾਂਟ, ਪੁਣੇ ਵਿਚ ਇਕ ਪਾਰਟਸ ਵੇਅਰਹਾਊਸ, ਗੁੜਗਾਉਂ ਵਿਚ ਇਕ ਸਿਖਲਾਈ ਕੇਂਦਰ ਤੇ ਦੇਸ ਦੇ ਪ੍ਰਮੁੱਖ ਮਹਾਂਨਗਰਾਂ ਵਿਚ ਇਕ ਚੰਗੀ ਤਰ੍ਹਾਂ ਵਿਕਸਤ ਡੀਲਰ ਨੈਟਵਰਕ ਕੰਮ ਕਰ ਰਿਹਾ ਹੈ ਤੇ ਉਹ ਲੋਕਾਂ ਨੂੰ ਵਧੀਆ ਸੇਵਾਵਾਂ ਦੇਣ ਲਈ ਵਚਨਬੱਧ ਹੈ ਪਰ ਇਸ ਸਮੇਂ ਪੰਜਾਬ ਵਿਚ ਨਵੇਂ ਪਲਾਂਟ ਲਈ ਵਾਧੂ ਨਿਵੇਸ਼ ਕਰਨ ਦੀ ਕੋਈ ਯੋਜਨਾ ਨਹੀਂ ਹੈ।

### ਭਗਵੰਤ ਮਾਨ ਨੂੰ ਸਥਿਤੀ ਸਪਸ਼ਟ ਕਰੇ: ਬਾਜਵਾ

**ਚੰਡੀਗੜ੍ਹ:** ਪ੍ਰਤਾਪ ਸਿੰਘ ਬਾਜਵਾ ਨੇ ਟਵੀਟ ਕਰਦਿਆਂ ਆਖਿਆ ਕਿ ਬੀ.ਐਮ.ਡਬਲਿਊ. ਨੇ ਪੰਜਾਬ ਵਿਚ ਯੂਨਿਟ ਲਗਾਉਣ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਬਾਰੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਥਿਤੀ ਸਪਸ਼ਟ ਕਰਨੀ ਚਾਹੀਦੀ ਹੈ।

ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਅਤੇ ਸਾਬਕਾ ਕੈਬਨਿਟ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਇਸ ਮਾਮਲੇ ਉਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਘੇਰਦੇ ਹੋਏ ਕਿਹਾ ਹੈ ਕਿ ਮੁੱਖ ਮੰਤਰੀ ਵੱਲੋਂ ਕੀਤੇ ਗਲਤ ਦਾਅਵੇ ਨਾਲ ਦੁਨੀਆਂ ਭਰ ਵਿਚ ਦੇਸ਼ ਦਾ ਅਕਸ ਧੁੰਦਲਾ ਹੋਇਆ ਹੈ ਤੇ ਦੇਸ ਦੀ ਸਾਖ ਅਤੇ ਭਰੋਸੇਯੋਗਤਾ ਵੀ ਦਾਅ ਉਤੇ ਲੱਗ ਗਈ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਫੋਕੀ ਵਾਹ-ਵਾਹੀ ਲੈਣ ਲਈ ਅਜਿਹਾ ਝੂਠ ਨਹੀਂ ਸੀ ਬੋਲਣਾ ਚਾਹੀਦਾ, ਜਿਸ ਨਾਲ ਪੰਜਾਬੀਆਂ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਵੇ।

ਪੰਜਾਬ ਟਾਈਮਜ਼

*ਸਨਿਚਰਵਾਰ, 24 ਸਤੰਬਰ 2022*

# ਸਿੱਖ ਮਸਲੇ ਅਤੇ ਸਿਆਸਤ

ਭਾਰਤ ਦੀ ਸੁਪਰੀਮ ਕੋਰਟ ਵੱਲੋਂ ਹਰਿਆਣਾ ਸਿੱਖ ਗੁਰਦੁਆਰਾ ਐਕਟ-2014 ਦੀ ਮਾਨਤਾ ਬਰਕਰਾਰ ਰੱਖਣ ਨਾਲ ਸਿੱਖ ਸਿਆਸਤ ਭਖ ਗਈ ਹੈ। ਇਸ ਮਸਲੇ 'ਤੇ ਸਮੁੱਚਾ ਸਿੱਖ ਭਾਈਚਾਰਾ ਵੰਡਿਆ ਵੀ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੁਪਰੀਮ ਕੋਰਟ ਦੇ ਇਸ ਫੈਸਲੇ ਨੂੰ ਸਿੱਖਾਂ ਉਤੇ ਹਮਲਾ ਕਰਾਰ ਦਿੱਤਾ ਹੈ ਜਦਕਿ ਕੁਝ ਸਿੱਖ ਸੰਸਥਾਵਾਂ ਅਤੇ ਬੁੱਧੀਜੀਵੀਆਂ ਨੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ। ਯਾਦ ਰਹੇ ਕਿ 2014 ਵਿਚ ਕਾਂਗਰਸ ਆਗੂ ਭੁਪਿੰਦਰ ਸਿੰਘ ਹੁੱਡਾ ਦੀ ਅਗਵਾਈ ਵਾਲੀ ਹਰਿਆਣਾ ਸਰਕਾਰ ਨੇ ਹਰਿਆਣਾ ਸਿੱਖ ਗੁਰਦੁਆਰਾ ਐਕਟ ਬਣਾਇਆ ਸੀ। ਇਸ ਤਹਿਤ ਹੀ ਹਰਿਆਣਾ ਲਈ ਵੱਖਰੀ ਗੁਰਦੁਆਰਾ ਕਮੇਟੀ ਨੂੰ ਮਾਨਤਾ ਮਿਲ ਗਈ ਸੀ। ਇਸ ਮੁਤਾਬਿਕ ਹਰਿਆਣਾ ਦੇ 50 ਤੋਂ ਉਪਰ ਗੁਰਦੁਆਰਿਆਂ ਦਾ ਪ੍ਰਬੰਧ ਅਤੇ ਕੁਝ ਹੋਰ ਸਿੱਖ ਸੰਸਥਾਵਾਂ ਦੇ ਕੰਟਰੋਲ ਦਾ ਅਖਤਿਆਰ ਹਰਿਆਣਾ ਕਮੇਟੀ ਨੂੰ ਮਿਲ ਗਿਆ ਸੀ। ਇਨ੍ਹਾਂ ਵਿਚ 8 ਇਤਿਹਾਸਕ ਗੁਰਦੁਆਰੇ ਵੀ ਸ਼ਾਮਿਲ ਹਨ। ਇਸ ਐਕਟ ਖਿਲਾਫ ਪਾਈ ਪਟੀਸ਼ਨ ਵਿਚ ਕਿਹਾ ਗਿਆ ਸੀ ਕਿ ਪੰਜਾਬ ਪੁਨਰਗਠਨ ਐਕਟ-1966 ਦੀ ਧਾਰਾ 72 ਮੁਤਾਬਿਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਤਰ-ਰਾਜੀ ਸੰਸਥਾ ਹੈ, ਇਸ ਲਈ ਇਸ ਸਬੰਧੀ ਕੋਈ ਵੀ ਕਾਨੂੰਨ ਬਣਾਉਣ ਦਾ ਹੱਕ ਸਿਰਫ ਕੇਂਦਰ ਸਰਕਾਰ ਕੋਲ ਹੈ। ਸੁਪਰੀਮ ਕੋਰਟ ਨੇ ਇਹ ਪਟੀਸ਼ਨ ਰੱਦ ਕਰਦਿਆਂ ਹਰਿਆਣਾ ਸਿੱਖ ਗੁਰਦੁਆਰਾ ਐਕਟ-2014 ਦੀ ਮਾਨਤਾ ਬਰਕਰਾਰ ਰੱਖੀ ਹੈ।

ਸਿੱਖ ਮਸਲਿਆਂ ਦੇ ਮਾਹਿਰਾਂ ਮੁਤਾਬਿਕ, ਸੁਪਰੀਮ ਕੋਰਟ ਦੇ ਇਨ੍ਹਾਂ ਆਦੇਸ਼ਾਂ ਦੇ ਸਿੱਖ ਸਿਆਸਤ ਉਤੇ ਦੂਰ-ਰਸ ਅਸਰ ਪੈਣਗੇ। ਹੁਣ ਇਹ ਵੱਡਾ ਸਵਾਲ ਪੈਦਾ ਹੋ ਗਿਆ ਹੈ ਕਿ ਸਿੱਖਾਂ ਦੀ ਮਿਨੀ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੁਕਅਤ ਆਉਣ ਵਾਲੇ ਸਮੇਂ ਵਿਚ ਕੀ ਹੋਵੇਗੀ? ਸਮੁੱਚਾ ਸਿੱਖ ਭਾਈਚਾਰਾ ਸ੍ਰੀ ਅਕਾਲ ਤਖਤ ਨੂੰ ਸਰਬ-ਉਚ ਮੰਨਦਾ ਹੈ ਅਤੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਦੀ ਨਿਯੁਕਤੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ। ਤਾਜ਼ਾ ਸੂਰਤੇ-ਹਾਲ ਵਿਚ ਇਸ ਨਿਯੁਕਤੀ 'ਤੇ ਵੀ ਕਿੰਤੂ-ਪ੍ਰੰਤੂ ਹੋਣ ਦੀਆਂ ਕਿਆਸ-ਆਰਾਈਆਂ ਹਨ। ਬਹਿਸ ਦਾ ਇਕ ਵਿਸ਼ਾ ਇਹ ਵੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਜਿਸ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦਾ ਕੰਟਰੋਲ ਹੋ ਗਿਆ ਹੈ, ਉਸ ਨਾਲ ਵੀ ਇਸ ਸਿਰਮੌਰ ਸਿੱਖ ਸੰਸਥਾ ਦਾ ਵੱਕਾਰ ਦਾਅ 'ਤੇ ਲੱਗਿਆ ਹੈ। ਇਹ ਦੋਸ਼ ਲਗਾਤਾਰ ਲੱਗਦੇ ਰਹੇ ਹਨ ਕਿ ਬਾਦਲ ਪਰਿਵਾਰ ਨੇ ਸ਼੍ਰੋਮਣੀ ਅਕਾਲੀ ਦਲ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਕਬਜ਼ਾ ਕੀਤਾ ਹੋਇਆ ਹੈ। ਅਸਲ ਵਿਚ ਹਰਿਆਣਾ ਦੇ ਗੁਰਦੁਆਰਿਆਂ ਦੇ ਵੱਖਰੇ ਪ੍ਰਬੰਧਾਂ ਦੀ ਮੰਗ ਅਕਾਲੀ ਦਲ ਦੀ ਇਸ ਕਬਜ਼ਾਕਾਰੀ ਸਿਆਸਤ ਦੇ ਖਿਲਾਫ ਹੀ ਸ਼ੁਰੂ ਹੋਈ ਸੀ।

ਇਸ ਮਸਲੇ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਸੁਪਰੀਮ ਕੋਰਟ ਦੇ ਇਸ ਆਦੇਸ਼ ਖਿਲਾਫ ਰੀਵਿਊ ਪਟੀਸ਼ਨ ਦਾਖਲ ਕੀਤੀ ਜਾਵੇਗੀ। ਉਧਰ, ਕੁਝ ਸਿੱਖ ਜਥੇਬੰਦੀਆਂ ਨੇ ਸੁਪਰੀਮ ਕੋਰਟ ਦੇ ਇਸ ਆਦੇਸ਼ ਤੋਂ ਬਾਅਦ ਮੰਗ ਕਰ ਦਿੱਤੀ ਹੈ ਕਿ ਪੰਜਾਬ ਨੂੰ ਹੁਣ ਆਪਣਾ ਵੱਖਰਾ, ਨਵਾਂ ਗੁਰਦੁਆਰਾ ਐਕਟ ਬਣਾਉਣਾ ਚਾਹੀਦਾ ਹੈ। ਇਹ ਨੁਕਤਾ ਪਹਿਲਾਂ ਵੀ ਉਠਦਾ ਰਿਹਾ ਹੈ ਕਿ ਸਿੱਖ ਮਸਲਿਆਂ ਦਾ ਸਮੁੱਚਾ ਕੰਟਰੋਲ ਕੇਂਦਰ ਸਰਕਾਰ ਕੋਲ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਭਾਵੇਂ ਆਜ਼ਾਦ ਤੌਰ 'ਤੇ ਕੰਮ ਕਰਦੀ ਹੈ ਪਰ ਇਸ ਦਾ ਸਮੁੱਚੇ ਢਾਂਚੇ ਦਾ ਕੰਟਰੋਲ ਕੇਂਦਰ ਸਰਕਾਰ ਕੋਲ ਹੀ ਹੈ। ਇਨ੍ਹਾਂ ਸਿੱਖ ਆਗੂਆਂ ਦਾ ਕਹਿਣਾ ਹੈ ਕਿ ਅਕਾਲੀ ਲੀਡਰਸ਼ਿਪ ਨੇ ਆਪਣੇ ਸੌੜੇ ਮੁਫਾਦਾਂ ਲਈ ਗੁਰਦੁਆਰਾ ਐਕਟ ਵਿਚ ਲੋੜੀਂਦੀਆਂ ਤਰਮੀਮਾਂ ਨਹੀਂ ਹੋਣ ਦਿੱਤੀਆਂ। ਇਸੇ ਕਰ ਕੇ ਹੀ ਸਥਾਈ ਗੁਰਦਾਅਰਾ ਕਮਿਸ਼ਨ ਵੀ ਹੋਂਦ ਵਿਚ ਨਹੀਂ ਆ ਸਕਿਆ। ਹੋਰ ਤਾਂ ਹੋਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵੀ ਸਮੇਂ ਸਿਰ ਨਹੀਂ ਕਰਵਾਈਆਂ ਜਾਂਦੀਆਂ। ਇਹੀ ਨਹੀਂ, ਅਕਾਲੀ ਦਲ ਉਤੇ ਕਾਬਜ਼ ਲੀਡਰ ਗੁਰਦੁਆਰਿਆਂ ਲਈ ਇਕੱਠੇ ਹੋਏ ਫੰਡ ਆਪਣੇ ਸਿਆਸੀ ਹਿਤਾਂ ਲਈ ਵਰਤਦੇ ਰਹੇ ਹਨ।

ਜ਼ਾਹਿਰ ਹੈ ਕਿ ਸਿੱਖ ਮਸਲਿਆਂ ਬਾਰੇ ਇਕੋ ਵੇਲੇ ਦੋ ਵਿਚਾਰ ਉਭਰ ਕੇ ਸਾਹਮਣੇ ਆਏ ਹਨ। ਇਕ ਵਿਚਾਰ ਵੱਖਰੀ ਕਮੇਟੀ ਨੂੰ ਸਿੱਖ ਭਾਈਚਾਰੇ ਦੇ ਹਿਤਾਂ ਉਤੇ ਡਾਕਾ ਕਰਾਰ ਦੇ ਰਿਹਾ ਹੈ ਅਤੇ ਦੂਜਾ ਵਿਚਾਰ ਵੱਖ-ਵੱਖ ਸੂਬਿਆਂ ਅੰਦਰ ਗੁਰਦੁਆਰਿਆਂ ਦੇ ਪ੍ਰਬੰਧਾਂ ਲਈ ਵੱਖਰੇ ਅਖਤਿਆਰ ਮਿਲਣ ਦਾ ਹੈ। ਇਕ ਵਿਚਾਰ ਸੁਪਰੀਮ ਕੋਰਟ ਦੇ ਇਸ ਆਦੇਸ਼ ਦੇ ਸਮੇਂ ਬਾਰੇ ਵੀ ਆ ਰਿਹਾ ਹੈ। ਇਹ ਮਸਲਾ ਜੁਲਾਈ-ਅਗਸਤ 2014 ਦਾ ਹੈ ਪਰ ਹੁਣ ਅਚਨਚੇਤ ਸੁਪਰੀਮ ਕੋਰਟ ਨੇ ਇਹ ਪਟੀਸ਼ਨ ਚੁੱਕ ਲਈ। ਹਰਿਆਣਾ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਬਲਜੀਤ ਸਿੰਘ ਦਾਦੂਵਾਲ ਨੇ ਜਿਸ ਤਰ੍ਹਾਂ ਆਖਿਆ ਹੈ ਕਿ ਅਦਾਲਤ ਦੇ ਇਸ ਫੈਸਲੇ ਨੂੰ ਅੰਜਾਮ ਤੱਕ ਪੁੱਜਦਾ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ, ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦਾ ਬਾਕਾਇਦਾ ਸਨਮਾਨ ਕੀਤਾ ਜਾਵੇਗਾ, ਉਸ ਤੋਂ ਸਪਸ਼ਟ ਹੋ ਰਿਹਾ ਹੈ ਕਿ ਇਸ ਮਾਮਲੇ ਵਿਚ ਕੇਂਦਰ ਸਰਕਾਰ ਕਿਸ ਢੰਗ ਨਾਲ ਦਖਲ ਦੇ ਰਹੀ ਹੈ। ਉਂਝ ਵੀ, ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਪੰਜਾਬ ਅਤੇ ਸਿੱਖਾਂ ਨੂੰ ਆਪਣਾ ਵਿਸ਼ੇਸ਼ ਏਜੰਡਾ ਮੰਨ ਕੇ ਚੱਲ ਰਹੀ ਹੈ। ਹੁਣ ਸਿਆਸੀ ਮੈਦਾਨ ਵਿਚ ਵੀ ਇਸ ਦਾ ਜ਼ੋਰ ਲੱਗਿਆ ਹੋਇਆ ਹੈ ਕਿ ਪੰਜਾਬ ਵਿਚ ਕਿਸੇ ਨਾ ਕਿਸੇ ਤਰੀਕੇ ਪਾਰਟੀ ਦੇ ਪੈਰ ਲਾਏ ਜਾਣ। ਵੱਖ-ਵੱਖ ਪਾਰਟੀਆਂ ਨਾਲ ਜੁੜੇ ਸਿੱਖ ਚਿਹਰਿਆਂ ਨੂੰ ਮਿਥ ਕੇ ਪਾਰਟੀ ਵਿਚ ਸ਼ਾਮਿਲ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਅਹੁਦਿਆਂ ਨਾਲ ਵੀ ਨਿਵਾਜ਼ਿਆ ਜਾ ਰਿਹਾ ਹੈ। ਇਕ ਗੱਲ ਹੋਰ, ਬੇਅਦਬੀ ਅਤੇ ਹੋਰ ਮਸਲਿਆਂ ਕਾਰਨ ਸ਼੍ਰੋਮਣੀ ਅਕਾਲੀ ਬਹੁਤ ਕਮਜ਼ੋਰ ਹੋਇਆ ਪਿਆ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਲੋਕਾਂ ਨੇ ਅਕਾਲੀ ਦਲ ਨੂੰ ਮੂੰਹ ਨਹੀਂ ਲਾਇਆ। ਆਉਣ ਵਾਲੇ ਸਮੇਂ ਵਿਚ ਪੰਜਾਬ ਦੀ ਸਿਆਸਤ ਵਿਚ ਨਵੀਂ ਸਫਬੰਦੀਆਂ ਦੀਆਂ ਸੰਭਾਵਨਾਵਾਂ ਪ੍ਰਗਟ ਕੀਤੀਆਂ ਜਾ ਰਹੀਆਂ ਹਨ। ਇਸ ਸੂਰਤ ਵਿਚ ਅਜਿਹੇ ਫੈਸਲਿਆਂ ਦੀ ਭੂਮਿਕਾ ਫੈਸਲਾਕੁਨ ਹੋ ਸਕਦੀ ਹੈ। ਇਸ ਸੂਰਤ ਵਿਚ ਪੰਜਾਬ ਲਈ ਸੋਚਣ ਵਾਲੇ ਸੰਜੀਦਾ ਜਿਊੜਿਆਂ ਨੂੰ ਹੁਣ ਕਮਰ ਕੱਸ ਲੈਣੀ ਚਾਹੀਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਭਵਿੱਖ ਭਰਦਾਨ ਦਾ!*

ਸੱਤਾ ਦੇ ਹੰਕਾਰ 'ਚ ਫਲਸਫੇ ਦਾ ਘਾਣ ਕੀਤਾ, ਜਿੱਦਾਂ ਦੇ ਬੀਅ ਬੀਜੇ ਸੀ ਉੱਦਾਂ ਦੇ ਸਿੱਟੇ ਵੱਢਣੇ।
ਬਿਅਦਬੀ ਤੇ ਗੋ.ਲੀ ਕਾਂਡ ਗੋਲ੍ਹਕਾਂ ਦੀ ਲੁੱਟ ਵਾ.ਲੇ, ਜਿੰਨਾ ਚਿਰ ਦੋਸ਼ੀ 'ਦਲ' ਵਿਚੋਂ ਨਹੀਂਉਂ ਕੱਢਣੇ।
ਕਾ.ਲੇ ਚੋ.ਲੇ ਸੰਗ.ਲ ਪੁਆਏ ਗ.ਲੀਂ 'ਮੈਂਬਰਾਂ' ਦੇ, ਅੱਖੀਂ ਘੱਟਾ ਪਾਉਣ ਵਾ.ਲੇ ਕਾਰੇ ਨਹੀਂ ਛੱਡਣੇ।
ਰਿਹਾ ਜੇ 'ਭਰਦਾਨ' ਇਹੋ ਛੱਡੀ ਪ੍ਰਧਾਨਗੀ ਨਾ, ਖਾਲੀ ਰਹਿਣੇ ਵੋਟਾਂ ਲਈ ਜਦੋਂ ਵੀ ਹੱਥ ਅੱਡਣੇ।
ਚੜ੍ਹ ਗਿਆ ਚੰਦ ਜਦ ਚੌਵੀ 'ਚ ਵੀ ਬਾਈ ਜਿਹਾ, ਜੀਅ-ਹਜ਼ੂਰੀਆਂ ਨੇ ਫੇਰ ਉਦੋਂ 'ਡੇਲੇ' ਟੱਡਣੇ।
ਕੌਮ-ਘਾਤੀ ਜਾਣ ਕੇ ਲਾਵੇ ਨਾ ਹੁਣ ਮੂੰਹ ਕੋਈ, 'ਸ਼੍ਰੋਮਣੀ ਕਮੇਟੀ' ਰਾਹੀਂ ਚਾਹੁੰਦੇ ਪੈਰ ਗੱਡਣੇ!

# ਮਜ਼ਦੂਰਾਂ ਦੇ ਮੁਜ਼ਾਹਰੇ ਅਤੇ ਕਿਰਤ ਕਮਾਈ

*ਇਹ ਭਾਰਤ ਸਰਕਾਰ ਅਤੇ ਸੂਬਾ ਸਰਕਾਰਾਂ ਦੀ ਨਲਾਇਕੀ ਹੈ ਕਿ ਕਈ ਦਹਾਕਿਆਂ ਤੋਂ ਕੁਦਰਤੀ ਸਾਧਨਾਂ ਤੋਂ ਵਿਰਵੇ ਕੀਤੇ ਵਰਗ ਦੀਆਂ ਮੰਗਾਂ ਹੱਲ ਕਰਨ ਲਈ ਕੋਈ ਠੋਸ ਯਤਨ ਨਹੀਂ ਕੀਤੇ ਗਏ। ਬਾਕੀ ਸੂਬਿਆਂ ਵਾਂਗ ਪੰਜਾਬ ਨਾਲ ਸਬੰਧਿਤ ਮਜ਼ਦੂਰਾਂ ਦੇ ਵੱਡੇ ਹਿੱਸੇ ਦੀ ਨਿਰਭਰਤਾ ਖੇਤੀ ਖੇਤਰ 'ਤੇ ਹੈ। ਨਵਕਿਰਨ ਸਿੰਘ ਪੱਤੀ ਨੇ ਇਸ ਲੇਖ ਵਿਚ ਮਜ਼ਦੂਰਾਂ ਦੇ ਘੋਲ ਦੇ ਵੱਖ-ਵੱਖ ਪੱਖਾਂ ਬਾਰੇ ਗੱਲ ਤੋਰੀ ਹੈ।*

ਪੰਜਾਬ ਦੀਆਂ ਸੱਤ ਮਜ਼ਦੂਰ ਜਥੇਬੰਦੀਆਂ ਵੱਲੋਂ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਸੰਗਰੂਰ ਰਹਾਇਸ਼ ਅੱਗੇ ਦਿੱਤਾ ਗਿਆ ਤਿੰਨ ਰੋਜ਼ਾ ਧਰਨਾ ਅਤੇ ਇਸ ਧਰਨੇ ਦੌਰਾਨ ਉਭਾਰੀਆਂ ਹੱਕੀ ਮੰਗਾਂ ਬਹੁਤ ਮਹੱਤਵਪੂਰਨ ਹਨ। ਮਜ਼ਦੂਰ ਭਾਈਚਾਰੇ ਦਾ ਵੱਡਾ ਹਿੱਸਾ ਰੋਜ਼ਾਨਾ ਕਿਰਤ ਕਮਾਈ ਨਾਲ ਆਪਣਾ ਚੁੱਲ੍ਹਾ ਚਲਾਉਂਦਾ ਹੈ ਅਤੇ ਅਜਿਹੀਆਂ ਜੀਵਨ ਹਾਲਤਾਂ ਵਿਚ ਭਰਵੇਂ ਇਕੱਠ ਨਾਲ ਤਿੰਨ ਰੋਜ਼ਾ ਪੱਕਾ ਮੋਰਚਾ ਚਲਾਉਣਾ ਆਪਣੇ ਆਪ ਵਿਚ ਮਿਸਾਲ ਹੈ। ਇਸ ਧਰਨੇ ਦੀ ਵੱਡੀ



ਖੂਬਸੂਰਤੀ ਇਹ ਵੀ ਰਹੀ ਕਿ ਇਸ ਵਿਚ ਨੌਜਵਾਨਾਂ ਅਤੇ ਔਰਤਾਂ ਦੀ ਗਿਣਤੀ ਜ਼ਿਆਦਾ ਸੀ। ਲੋਕ ਪੱਖੀ ਸਰਕਾਰ ਹੋਣ ਦਾ ਦੰਭ ਰਚਣ ਵਾਲੀ 'ਆਪ' ਸਰਕਾਰ ਨੇ ਸਾਰੀਆਂ ਹੱਦਾਂ

**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਪਾਰ ਕਰਦਿਆਂ ਮੁੱਖ ਮੰਤਰੀ ਦੀ ਕੋਠੀ ਅੱਗੇ ਧਾਰਾ 144 ਲਾਗੂ ਕਰ ਕੇ ਅਤੇ ਭਾਰੀ ਪੁਲਿਸ ਫੋਰਸ ਤਾਇਨਾਤ ਕਰ ਕੇ ਦਹਿਸ਼ਤਜ਼ਦਾ ਮਾਹੌਲ ਰਾਹੀਂ ਇਸ ਧਰਨੇ ਨੂੰ ਤਾਰਪੀਡੋ ਕਰਨ ਦੀ ਕੋਸ਼ਿਸ਼ ਕੀਤੀ ਪਰ ਮਜ਼ਦੂਰਾਂ ਨੇ ਧਾਰਾ 144 ਨੂੰ ਪੈਰਾ ਹੇਠ ਲਤਾੜਦਿਆਂ ਮੁੱਖ ਮੰਤਰੀ ਦੀ ਰਹਾਇਸ਼ ਤਿੰਨ ਦਿਨ ਘੇਰੀ ਰੱਖੀ। ਹੱਕੀ ਮੰਗਾਂ 'ਤੇ ਚਰਚਾ/ਹੱਲ ਦੇ ਨਾਲ-ਨਾਲ ਇਸ ਤਰ੍ਹਾਂ ਦੇ ਸੰਘਰਸ਼ਾਂ ਨਾਲ ਮਜ਼ਦੂਰਾਂ ਦੇ ਆਤਮ-ਵਿਸ਼ਵਾਸ ਵਿਚ ਵੀ ਵਾਧਾ ਹੋਇਆ ਹੈ।

ਇਹ ਕੇਂਦਰ ਅਤੇ ਸੂਬਾ ਸਰਕਾਰਾਂ ਦੀ ਨਲਾਇਕੀ ਹੈ ਕਿ ਕਈ ਦਹਾਕਿਆਂ ਤੋਂ ਕੁਦਰਤੀ ਸਾਧਨਾਂ ਤੋਂ ਵਿਰਵੇ ਕੀਤੇ ਇਸ ਵਰਗ ਦੀਆਂ ਮੰਗਾਂ ਹੱਲ ਕਰਨ ਲਈ ਕੋਈ ਠੋਸ ਯਤਨ ਨਹੀਂ ਕੀਤੇ ਗਏ। ਬਾਕੀ ਸੂਬਿਆਂ ਵਾਂਗ ਪੰਜਾਬ ਨਾਲ ਸਬੰਧਿਤ ਮਜ਼ਦੂਰਾਂ ਦੇ ਵੱਡੇ ਹਿੱਸੇ ਦੀ ਨਿਰਭਰਤਾ ਖੇਤੀ ਖੇਤਰ 'ਤੇ ਹੈ ਪਰ ਖੇਤੀ ਖੇਤਰ ਵਿਚ ਥੋਪੇ ਗਏ ਬੇਲੋੜੇ ਮਸ਼ੀਨੀਕਰਨ ਅਤੇ ਫਸਲੀ ਵਿਭਿੰਨਤਾ ਦੀ ਅਣਹੋਂਦ ਨੇ ਵੱਡਾ ਹਿੱਸਾ ਮਜ਼ਦੂਰਾਂ ਨੂੰ ਖੇਤੀ ਖੇਤਰ ਵਿਚੋਂ ਬਾਹਰ ਕਰ ਦਿੱਤਾ। ਦੂਜੇ ਪਾਸੇ, ਸਨਅਤੀ ਵਿਕਾਸ ਦੀ ਅਣਹੋਂਦ ਦੇ ਚੱਲਦਿਆਂ ਖੇਤੀ ਖੇਤਰ ਵਿਚੋਂ ਵਿਹਲੀ ਹੋਈ ਇਹ ਵਾਧੂ ਕਿਰਤ-ਸ਼ਕਤੀ ਘੋਰ ਬੇਰੁਜ਼ਗਾਰੀ ਦੀ ਭੱਠੀ ਵਿਚ ਪਿਸ ਰਹੀ ਹੈ। ਇਸ ਸੂਰਤ ਵਿਚ ਸਰਕਾਰ ਨੂੰ ਚਾਹੀਦਾ ਤਾਂ ਇਹ ਸੀ ਕਿ ਖੇਤੀ ਖੇਤਰ ਵਿਚ ਸਬਜ਼ੀਆਂ, ਦਾਲਾਂ, ਤੇਲ ਦੀ ਪੈਦਾਵਾਰ ਨੂੰ ਉਤਸ਼ਾਹਿਤ ਕਰਕੇ ਖੇਤੀ ਖੇਤਰ ਵਿਚ ਰੁਜ਼ਗਾਰ ਦੇ ਮੌਕੇ ਪੈਦਾ ਕਰਦੀ ਅਤੇ ਖੰਡ ਮਿੱਲਾਂ ਸਮੇਤ ਖੇਤੀ ਆਧਾਰਿਤ ਸਨਅਤਾਂ ਲਾਉਂਦੀ, ਲੇਕਿਨ ਸਰਕਾਰਾਂ ਨੇ ਅਜਿਹਾ ਕੁਝ ਨਹੀਂ ਕੀਤਾ। ਹੁਣ ਸਮੇਂ ਦੀ ਲੋੜ ਹੈ ਕਿ ਜਦ ਤੱਕ ਸਰਕਾਰ ਰੁਜ਼ਗਾਰ ਦੇ ਸਾਧਨ ਪੈਦਾ ਨਹੀਂ ਕਰਦੀ, ਤਦ ਤੱਕ ਮਜ਼ਦੂਰਾਂ ਦੀ ਮੰਗ ਦੇ ਹਿਸਾਬ ਨਾਲ ਮਗਨਰੇਗਾ ਤਹਿਤ ਪੂਰਾ ਸਾਲ 700 ਰੁਪਏ ਪ੍ਰਤੀ ਦਿਹਾੜੀ ਦੇ ਹਿਸਾਬ ਨਾਲ ਰੁਜ਼ਗਾਰ ਦੇਣਾ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ।

ਤ੍ਰਾਸਦੀ ਇਹ ਹੈ ਕਿ ਮਜ਼ਦੂਰਾਂ ਨੂੰ ਸੰਵਿਧਾਨਕ ਹੱਕ ਵੀ ਨਹੀਂ ਦਿੱਤੇ ਜਾ ਰਹੇ ਹਨ। ਪੰਚਾਇਤੀ ਜ਼ਮੀਨ ਵਿਚ ਤੀਜਾ ਹਿੱਸਾ ਦਲਿਤ ਭਾਈਚਾਰੇ ਲਈ ਰਾਖਵਾਂ ਹੈ ਪਰ ਇਹ 'ਪ੍ਰਬੰਧ' ਰਿਆਇਤੀ ਦਰਾਂ 'ਤੇ ਤੀਜਾ ਹਿੱਸਾ ਪੰਚਾਇਤੀ ਜ਼ਮੀਨ ਦੇਣ ਤੋਂ ਵੀ ਇਨਕਾਰੀ ਹੋ ਜਾਂਦਾ ਹੈ। ਇਸ ਧਰਨੇ ਦੌਰਾਨ ਮਜ਼ਦੂਰ ਜਥੇਬੰਦੀਆਂ ਨੇ ਪੰਚਾਇਤੀ ਜ਼ਮੀਨਾਂ ਦਾ ਇਕ ਤਿਹਾਈ ਹਿੱਸਾ ਤਿੰਨ ਸਾਲ ਲਈ ਘੱਟ ਠੇਕੇ 'ਤੇ ਦੇਣ ਦੀ ਮੰਗ ਉਭਾਰੀ ਹੈ। ਮਜ਼ਦੂਰਾਂ ਵੱਲੋਂ ਮੰਗ ਪੱਤਰ ਰਾਹੀਂ ਬੇਘਰੇ ਮਜ਼ਦੂਰ ਪਰਿਵਾਰਾਂ ਨੂੰ 10-10 ਮਰਲੇ ਦੇ ਪਲਾਟ ਦੇਣ ਅਤੇ ਮਕਾਨ ਬਣਾਉਣ ਲਈ ਪੰਜ-ਪੰਜ ਲੱਖ ਰੁਪਏ ਦੀ ਗਰਾਂਟ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਸਰਕਾਰੀ/ਗੈਰ-ਸਰਕਾਰੀ ਕਰਜ਼ਾ ਮੁਆਫ ਕਰਨ ਦੀ ਵਾਜਬ ਮੰਗ ਉਭਾਰੀ ਹੈ।

ਦਰਅਸਲ ਬੈਂਕਾਂ ਵੱਲੋਂ ਕਰਜ਼ਾ, ਜਾਇਦਾਦ ਨੂੰ ਆਧਾਰ ਬਣਾ ਕੇ ਦਿੱਤਾ ਜਾਂਦਾ ਹੈ ਪਰ ਸਾਧਨ ਵਿਹੂਣਾ ਗਰੀਬ ਵਰਗ ਥੋੜ੍ਹੇ ਜਿਹੇ ਕਰਜ਼ੇ ਲਈ ਸ਼ਾਹੂਕਾਰਾਂ ਜਾਂ ਪਿਛਲੇ ਕਈ ਸਾਲਾਂ ਤੋਂ ਖੁੰਭਾਂ ਵਾਂਗ ਉੱਗੀਆਂ ਮਾਇਕਰੋ-ਫਾਇਨਾਂਸ ਕੰਪਨੀਆਂ ਦਾ ਮੁਥਾਜ ਹੋਣ ਲਈ ਮਜਬੂਰ ਹੈ। ਇਹਨਾਂ ਅਖੌਤੀ ਫਾਇਨਾਂਸ ਕੰਪਨੀਆਂ ਨੇ ਮਜ਼ਦੂਰਾਂ ਨੂੰ ਮੋਟੀਆਂ ਵਿਆਜ਼ ਦਰਾਂ 'ਤੇ ਕਰਜ਼ੇ ਦਿੱਤੇ ਹੋਏ ਹਨ ਤੇ ਸਰਕਾਰੀ ਸ਼ਹਿ ਪ੍ਰਾਪਤ ਇਹਨਾਂ ਗੈਰ-ਕਾਨੂੰਨੀ ਕੰਪਨੀਆਂ ਦੇ ਕਰਿੰਦੇ ਕਰਜ਼ਾ ਮੋੜ ਸਕਣ ਤੋਂ



ਅਸਮਰੱਥ ਮਜ਼ਦੂਰਾਂ ਦੇ ਘਰਾਂ ਵਿਚ ਜਾ ਕੇ ਗੁੰਡਾਗਰਦੀ ਕਰਦੇ ਹਨ। ਸਰਕਾਰ ਦੀ ਪਹਿਲ ਪ੍ਰਥਮ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਗਰੀਬਾਂ ਦਾ ਕਰਜ਼ਾ ਮੁਆਫ ਕਰੇ ਅਤੇ ਮਾਇਕਰੋ-ਫਾਇਨਾਂਸ ਕੰਪਨੀਆਂ ਦੇ ਮੱਕੜ-ਜਾਲ ਨੂੰ ਖਤਮ ਕਰੇ। ਮਜ਼ਦੂਰਾਂ ਨੂੰ ਕੋਆਪ੍ਰੇਟਿਵ ਸੁਸਾਇਟੀਆਂ ਦੇ ਮੈਂਬਰ ਬਣਾ ਕੇ ਇੱਕ ਲੱਖ ਰੁਪਏ ਦਾ ਕਰਜ਼ਾ ਬਿਨਾ ਕਿਸੇ ਵਿਆਜ਼ ਦੇ ਦਿੱਤਾ ਜਾਣ ਦੀ ਮੰਗ ਉੱਭਰੀ ਹੈ। ਕੁਝ ਸਾਲ ਪਹਿਲਾਂ ਪੰਜਾਬ ਦੀਆਂ ਤਿੰਨ ਯੂਨੀਵਰਸਿਟੀਆਂ ਵੱਲੋਂ ਖੁਦਕੁਸ਼ੀਆਂ ਸਬੰਧੀ ਕੀਤੇ ਸਰਵੇਖਣ ਦੌਰਾਨ ਅੰਕੜੇ ਸਾਹਮਣੇ ਆਏ ਸਨ ਕਿ ਕਰਜ਼ੇ ਕਾਰਨ ਮਜ਼ਦੂਰ ਅਤੇ ਔਰਤਾਂ ਨੇ ਵੀ ਵੱਡੇ ਪੈਮਾਨੇ 'ਤੇ ਖੁਦਕੁਸ਼ੀਆਂ ਕੀਤੀਆਂ ਹਨ।

ਮਜ਼ਦੂਰ ਜਥੇਬੰਦੀਆਂ ਨੇ ਮੰਗ ਪੱਤਰ ਰਾਹੀਂ ਸਿਖਰਾਂ ਚੜ੍ਹੀ ਮਹਿੰਗਾਈ ਨੂੰ ਤੁਰੰਤ ਕੰਟਰੋਲ ਕਰਕੇ ਸਰਵਜਨਕ ਜਨਤਕ ਵੰਡ ਪ੍ਰਣਾਲੀ ਲਾਗੂ ਕਰਕੇ ਮਜ਼ਦੂਰਾਂ ਅਤੇ ਹੋਰ ਗਰੀਬ ਲੋਕਾਂ ਨੂੰ ਰਸੋਈ ਦੀ ਵਰਤੋਂ ਦੀਆਂ ਸਾਰੀਆ ਘਰੇਲੂ ਵਸਤਾਂ ਸਸਤੇ ਭਾਅ 'ਤੇ ਸਰਕਾਰੀ ਡੀਪੂਆਂ ਰਾਹੀਂ ਦੇਣ ਦੀ ਮੰਗ ਕੀਤੀ ਹੈ।

ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਕਾਰਨ ਭਾਰਤ ਵਿਚ ਦੋਹਰੀ ਸਿੱਖਿਆ ਅਤੇ ਸਿਹਤ ਪ੍ਰਣਾਲੀ ਚੱਲਦੀ ਹੈ। ਅਮੀਰਾਂ ਦੇ ਬੱਚਿਆਂ ਲਈ ਹੋਰ ਸਕੂਲ ਹਨ ਤੇ ਗਰੀਬਾਂ ਦੇ ਬੱਚਿਆਂ ਲਈ ਹੋਰ। ਇਸੇ ਤਰ੍ਹਾਂ ਅਮੀਰਾਂ ਲਈ ਹੋਰ ਹਸਪਤਾਲ ਹਨ ਤੇ ਇਲਾਜ ਦੇ ਪੈਸੇ ਦੇਣ ਤੋਂ ਅਸਮਰੱਥ ਗਰੀਬਾਂ ਲਈ ਹੋਰ। 'ਰਾਜ ਨਹੀਂ ਸੇਵਾ' ਜਿਹੇ ਲੋਕ-ਲਭਾਊ ਨਾਅਰੇ ਦੇ ਕੇ ਸੂਬੇ ਦੀ ਸੱਤਾ 'ਤੇ ਬਿਰਾਜਮਾਨ ਰਹੇ ਪ੍ਰਕਾਸ਼ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ ਵਰਗੇ ਧਨਾਢਾਂ ਦਾ ਇਲਾਜ ਸਰਕਾਰੀ ਖਜ਼ਾਨੇ ਵਿਚੋਂ ਦੇਸ਼/ਵਿਦੇਸ਼ ਦੇ ਮਹਿੰਗੇ ਹਸਪਤਾਲਾਂ ਵਿਚ ਹੁੰਦਾ ਹੈ ਪਰ ਗਰੀਬਾਂ ਦੇ ਇਲਾਜ ਲਈ ਕੋਈ ਯੋਗ ਪ੍ਰਬੰਧ ਨਹੀਂ ਹੈ। ਦੇਸ਼ ਵਿਚ ਇੱਕੋ ਸਿੱਖਿਆ ਪ੍ਰਣਾਲੀ ਲਾਗੂ ਹੋਣੀ ਚਾਹੀਦੀ ਹੈ ਤੇ ਸਭਨਾ ਲਈ ਮੁਫਤ ਸਿੱਖਿਆ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਦੇਸ਼ ਵਿਚ ਸਭ ਨੂੰ ਬਰਾਬਰੀ ਦੇ ਅਧਾਰ 'ਤੇ ਮਿਆਰੀ ਸਿਹਤ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ।

ਕਿਸੇ ਵੀ ਸਮਾਜ ਵਿਚ ਬਜ਼ੁਰਗਾਂ ਲਈ ਸਨਮਾਨਯੋਗ ਪੈਨਸ਼ਨ ਦੇਣਾ ਜ਼ਰੂਰੀ ਹੈ ਪਰ ਸਾਡੇ ਦੇਸ਼ ਵਿਚ ਬਚਪਨ ਤੋਂ ਬੁਢਾਪੇ ਤੱਕ ਦਿਨ ਰਾਤ ਮਿਹਨਤ ਕਰਨ ਵਾਲੇ ਬਜ਼ੁਰਗਾਂ ਨੂੰ ਪੈਨਸ਼ਨ ਦੇ ਨਾਮ 'ਤੇ ਨਿਗੂਣੀ ਰਾਸ਼ੀ ਲਈ ਕਈ-ਕਈ ਮਹੀਨੇ ਖੱਜਲ-ਖੁਆਰ ਕੀਤਾ ਜਾਂਦਾ ਹੈ ਤੇ ਕਈ ਵਾਰ ਸਿਆਸੀ ਚੌਧਰੀਆਂ ਦੀ ਦਖਲ ਅੰਦਾਜ਼ੀ ਕਾਰਨ ਬਿਨਾ ਕਿਸੇ ਕਾਰਨ ਪੈਨਸ਼ਨ ਕੱਟ ਵੀ ਦਿੱਤੀ ਜਾਂਦੀ ਹੈ। ਇਸ ਤਿੰਨ ਰੋਜ਼ਾ ਧਰਨੇ ਦੌਰਾਨ ਮਜ਼ਦੂਰ ਆਗੂਆਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਵਿਧਵਾ, ਬੁਢਾਪਾ ਅਤੇ ਅੰਗਹੀਣਾਂ ਨੂੰ ਪੰਜ ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾਵੇ, ਉਮਰ ਦੀ ਹੱਦ ਔਰਤਾਂ ਲਈ 55 ਸਾਲ ਤੇ ਮਰਦਾਂ ਲਈ 58 ਸਾਲ ਮਿੱਥੀ ਜਾਵੇ।

ਭਾਰਤੀ ਮੀਡੀਆ ਦਾ ਇੱਕ ਹਿੱਸਾ ਇਸ ਗੱਲ 'ਤੇ ਬਾਘੀਆਂ ਪਾ ਰਿਹਾ ਹੈ ਕਿ ਭਾਰਤੀ ਕਾਰੋਬਾਰੀ ਗੌਤਮ ਅਡਾਨੀ ਦੁਨੀਆ ਦਾ ਦੂਜਾ ਸਭ ਤੋਂ ਅਮੀਰ ਆਦਮੀ ਬਣ ਗਿਆ ਹੈ। ਇਸ ਮਾਮਲੇ ਦੂਜਾ ਪਹਿਲੂ ਇਹ ਹੈ ਕਿ ਜਿਸ ਦਿਨ ਦੇਸ਼ ਵਿਚ ਦੁਨੀਆ ਦਾ ਅਮੀਰ ਬੰਦਾ ਹੋਵੇਗਾ, ਸੰਭਾਵਨਾ ਹੈ ਕਿ ਉਸੇ ਦੇਸ਼ ਵਿਚ ਦੁਨੀਆ ਦੇ ਗਰੀਬ ਬੰਦੇ ਵੀ ਹੋਣਗੇ ਕਿਉਂਕਿ ਦੂਜਿਆਂ ਦੇ ਹਿੱਸੇ ਦੀ ਪੂੰਜੀ ਇੱਕ ਥਾਂ ਇਕੱਠੀ ਕੀਤੀ ਗਈ ਹੈ। ਕਾਰਪੋਰੇਟ ਵਿਕਾਸ ਦੇ ਇਸ ਮਾਡਲ 'ਚ ਸਾਡੇ ਪ੍ਰਧਾਨ ਮੰਤਰੀਆਂ ਵੱਲੋਂ ਆਪਣੇ ਇਹਨਾਂ ਦੋਸਤਾਂ ਨੂੰ ਦਿੱਤੀਆਂ ਰਿਆਇਤਾਂ ਕਾਰਨ ਅਮੀਰ ਘਰਾਣਿਆਂ ਦੇ ਮੁਨਾਫ਼ੇ 'ਚ ਤਾਂ ਚੋਖਾ ਵਾਧਾ ਹੋਇਆ ਹੈ ਪਰ ਕਿਰਤੀਆਂ/ਆਮ ਲੋਕਾਂ ਦੇ ਭਵਿੱਖ ਨੂੰ ਧੁੰਦਲਾ ਕਰ ਦਿੱਤਾ ਗਿਆ ਹੈ।

ਮਜ਼ਦੂਰ ਜਥੇਬੰਦੀਆਂ ਦੀਆਂ ਸਰਗਰਮੀਆਂ ਅਤੇ ਮਜ਼ਦੂਰਾਂ ਦੇ ਇਕਜੁੱਟ ਹੋਣ ਦਾ ਹੀ ਨਤੀਜਾ ਹੈ ਕਿ ਸੂਬਾ ਸਰਕਾਰ ਨੇ ਮਜ਼ਦੂਰਾਂ ਦੀ ਗੱਲ ਸੁਣਨੀ ਸ਼ੁਰੂ ਕੀਤੀ ਹੈ; ਨਹੀਂ ਤਾਂ ਹੁਣ ਤੱਕ ਇਹ ਪ੍ਰਬੰਧ ਮਜ਼ਦੂਰਾਂ ਨੂੰ ਅਣਗੌਲਿਆਂ ਕਰਕੇ ਰਸੂਖਵਾਨਾਂ ਦੇ ਪੱਖ ਵਿਚ ਹੀ ਭੁਗਤਦਾ ਰਿਹਾ ਹੈ। ਮੀਡੀਆ ਦਾ ਵੱਡਾ ਹਿੱਸਾ ਵੀ ਮਜ਼ਦੂਰ ਮੰਗਾਂ 'ਤੇ ਚਰਚਾ ਕਰਨ ਤੋਂ ਟਾਲਾ ਵੱਟ ਰਿਹਾ ਹੈ। ਕਿਰਤੀਆਂ ਨੇ ਸਰਕਾਰੀ ਰੋਕਾਂ ਤੋੜ ਕੇ ਤਿੰਨ ਦਿਨ ਮੁੱਖ ਮੰਤਰੀ ਦੀ ਰਿਹਾਇਸ਼ ਘੇਰੀ ਰੱਖੀ ਪਰ ਕਿੰਨੇ ਮੀਡੀਆ ਅਦਾਰਿਆਂ ਨੇ ਇਸ ਨੂੰ ਕਵਰ ਕੀਤਾ ਤੇ ਕਿੰਨੇ ਮੀਡੀਆ ਅਦਾਰਿਆ ਨੇ ਇਸ ਮਸਲੇ 'ਤੇ ਪੈਨਲ ਚਰਚਾ ਕੀਤੀ? ਹਕੀਕਤ ਇਹ ਹੈ ਕਿ ਲੋਕਾਂ ਦੇ ਮਸਲੇ ਉਠਾਉਣ ਦਾ ਦੰਭ ਰਚਣ ਵਾਲੇ ਇਹ ਅਦਾਰੇ ਹਾਕਮ ਜਮਾਤ ਨੂੰ 'ਠੇਸ' ਨਹੀਂ ਪਹੁੰਚਾਉਂਦੇ। ਚੰਗੀ ਗੱਲ ਹੈ ਕਿ ਕੁਝ ਮੀਡੀਆ ਅਦਾਰਿਆ ਨੇ ਇਸ ਸੰਘਰਸ਼ ਦੇ ਅਹਿਮ ਪਹਿਲੂਆਂ ਨੂੰ ਬਹੁਤ ਨੇੜਿਓਂ ਕਵਰ ਕੀਤਾ ਹੈ।

ਸੰਗਰੂਰ ਧਰਨੇ ਤੋਂ ਪਰਤਦਿਆਂ ਫਿਲੌਰ ਵਿਚ ਵਾਪਰੇ ਹਾਦਸੇ ਵਿਚ ਦੋ ਮਜ਼ਦੂਰਾਂ ਦੀ ਮੌਤ ਦੇ ਮਾਮਲੇ ਵਿਚ ਵੀ ਪੰਜਾਬ ਸਰਕਾਰ ਨੇ ਪੀੜਤ ਪਰਿਵਾਰਾਂ ਨੂੰ ਫੌਰੀ ਰਾਹਤ ਦੇਣ ਤੋਂ ਟਾਲਾ ਵੱਟਿਆ ਹੈ ਜਿਸ ਕਾਰਨ ਮਜ਼ਦੂਰ ਜਥੇਬੰਦੀਆਂ ਨੂੰ ਧਰਨਾ ਲਾਉਣਾ ਪਿਆ ਹਾਲਾਂਕਿ ਪੰਜਾਬ ਵਿਚ ਲੰਮੇ ਸਮੇਂ ਤੋਂ ਇਹ ਚੱਲਿਆ ਆ ਰਿਹਾ ਹੈ ਕਿ ਹਕੂਮਤ ਖਿਲਾਫ ਸੰਘਰਸ਼ ਦੌਰਾਨ ਮੌਤ ਹੋਣ 'ਤੇ ਜਥੇਬੰਦੀਆਂ ਦੀ ਮੰਗ ਤਹਿਤ ਸਰਕਾਰ ਪੀੜਤ ਪਰਿਵਾਰ ਨੂੰ ਨੌਕਰੀ ਅਤੇ ਮੁਆਵਜ਼ਾ ਦਿੰਦੀ ਹੈ; ਕਿਸਾਨ ਅੰਦੋਲਨ ਦੌਰਾਨ ਵੀ ਇਸ ਤਰ੍ਹਾਂ ਹੋਇਆ ਹੈ ਲੇਕਿਨ ਆਮ ਆਦਮੀ ਪਾਰਟੀ ਦੀ ਸਰਕਾਰ ਪੀੜਤ ਪਰਿਵਾਰਾਂ ਨੂੰ ਰਾਹਤ ਦੇਣ ਤੋਂ ਭੱਜ ਰਹੀ ਹੈ।

ਪਹਿਲਾਂ ਬਹੁਜਨ ਸਮਾਜ ਪਾਰਟੀ, ਸੰਸਦੀ ਮਾਰਗ ਵਾਲੀਆਂ ਖੱਬੀਆਂ ਧਿਰਾਂ ਸਮੇਤ ਕਈ ਪਾਰਟੀਆਂ ਨੇ ਮਜ਼ਦੂਰਾਂ ਦੀ ਜਥੇਬੰਦਕ ਸ਼ਕਤੀ ਨੂੰ ਵੋਟ ਬਕਸਿਆਂ ਵਿਚ ਢਾਲਿਆ ਹੈ ਲੇਕਿਨ ਹੁਣ ਆਸ ਹੈ ਕਿ ਪੰਜਾਬ ਦੇ ਇਸ ਅੰਦੋਲਨ ਦੀ ਅਗਵਾਈ ਕਰ ਰਹੀਆਂ ਸੰਘਰਸ਼ਸ਼ੀਲ ਧਿਰਾਂ ਨਵਾਂ ਇਤਿਹਾਸ ਸਿਰਜਣ ਵੱਲ ਵਧਣਗੀਆ। ਮਜ਼ਦੂਰ ਸੰਘਰਸ਼ ਦਾ ਹਾਂ-ਪੱਖ ਇਹ ਵੀ ਹੈ ਕਿ ਕੁਝ ਜਥੇਬੰਦੀਆਂ ਦੀ ਆਗੂ ਟੀਮ ਵਿਚ ਸਮਰੱਥਾਵਾਨ ਨੌਜਵਾਨ ਹਨ।

# ਭਗਵਾ ਅਤਿਵਾਦ: ਸੰਘ ਨੂੰ ਜਵਾਬਦੇਹ ਕੌਣ ਬਣਾਏਗਾ?

***ਆਰ.ਐੱਸ.ਐੱਸ. ਦੇ ਸਾਬਕਾ ਕਾਰਕੁਨ ਯਸ਼ਵੰਤ ਸ਼ਿੰਦੇ ਦੇ ਹਲਫਨਾਮੇ ਨੇ ਭਗਵਾ ਅਤਿਵਾਦ ਦਾ ਮੁੱਦਾ ਫਿਰ ਭਖਾ ਦਿੱਤਾ ਹੈ। ਹਿੰਦੂਤਵਵਾਦੀਆਂ ਨੇ ਭਗਵਾ ਦਹਿਸ਼ਤਵਾਦ ਤਹਿਤ ਜਿੰਨੀਆਂ ਵੀ ਕਾਰਵਾਈਆਂ ਕੀਤੀਆਂ, ਉਨ੍ਹਾਂ ਵਿਚ ਸ਼ਾਮਿਲ ਸਾਰੇ ਕਾਰਕੁਨਾਂ ਨੂੰ ਇਕ-ਇਕ ਕਰਕੇ ਛੁਡਾ ਲਿਆ ਗਿਆ। ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਯਸ਼ਵੰਤ ਸ਼ਿੰਦੇ ਦੇ ਹਲਫਨਾਮੇ ਦੇ ਪ੍ਰਸੰਗ ਵਿਚ ਇਸ ਮਸਲੇ ਬਾਰੇ ਵਿਸਥਾਰ ਸਹਿਤ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ।***




*ਆਰ.ਐੱਸ.ਐੱਸ. ਦਾ ਸਾਬਕਾ ਕਾਰਕੁਨ ਯਸ਼ਵੰਤ ਸ਼ਿੰਦੇ ਅਤੇ (ਸੱਜੇ) ਨਾਂਦੇੜ ਬੰਬ ਧਮਾਕੇ ਨਾਲ ਹੋਈ ਤਬਾਹੀ ਦਾ ਮੰਜ਼ਰ।*

ਪਿਛਲੇ ਦਿਨੀਂ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਦੇ ਸਾਬਕਾ ਕਾਰਕੁਨ ਯਸ਼ਵੰਤ ਸ਼ਿੰਦੇ ਦਾ ਸੀ.ਬੀ.ਆਈ. ਦੀ ਨਾਂਦੇੜ ਅਦਾਲਤ ਵਿਚ ਦਿੱਤਾ ਹਲਫ਼ਨਾਮਾ ਗ਼ੌਰਤਲਬ ਹੈ। ਉਸ ਵੱਲੋਂ ਬੰਬ ਕਾਂਡਾਂ ਵਿਚ ਸੰਘ ਦੇ ਸੀਨੀਅਰ ਆਗੂਆਂ ਦੀ ਭੂਮਿਕਾ ਦਾ ਜ਼ਿਕਰ ਕਰਨ ਨਾਲ 'ਭਗਵਾ ਦਹਿਸ਼ਤਵਾਦ' ਥੋੜ੍ਹੇ ਚਿਰ ਲਈ ਮੁੜ ਸੁਰਖ਼ੀਆਂ ਬਣ ਗਿਆ ਹੈ। ਸ਼ਿੰਦੇ ਤਕਰੀਬਨ 25 ਸਾਲ ਆਰ.ਐੱਸ.ਐੱਸ. ਅਤੇ ਹੋਰ ਹਿੰਦੂਤਵੀ ਜਥੇਬੰਦੀਆਂ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਨਾਲ ਜੁੜਿਆ ਰਿਹਾ ਹੈ। ਉਹ ਬੇਸ਼ੱਕ ਨਾਂਦੇੜ ਕੇਸ ਵਿਚ ਮੁਦਈ ਧਿਰ ਦਾ ਗਵਾਹ ਨਹੀਂ ਹੈ ਪਰ ਉਸ ਦਾ ਕਹਿਣਾ ਹੈ- 'ਉਹ ਹੁਣ ਖ਼ਾਮੋਸ਼ ਨਹੀਂ ਰਹਿ ਸਕਦਾ'। ਸ਼ਿੰਦੇ ਨੇ ਦਾਅਵਾ ਕੀਤਾ ਹੈ ਕਿ ਬੰਬ ਕਾਂਡ ਤੋਂ ਤਿੰਨ ਸਾਲ ਪਹਿਲਾਂ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਇਕ ਸੀਨੀਅਰ ਕਾਰਕੁਨ ਨੇ ਉਸ ਨੂੰ ਦੱਸਿਆ ਸੀ ਕਿ 'ਪੂਰੇ ਮੁਲਕ ਵਿਚ ਬੰਬ ਧਮਾਕੇ ਕਰਨ ਲਈ' ਦਹਿਸ਼ਤੀ ਟਰੇਨਿੰਗ ਕੈਂਪ ਚੱਲ ਰਿਹਾ ਹੈ। ਸ਼ਿੰਦੇ ਕਹਿੰਦਾ ਹੈ ਕਿ 'ਉਸ ਨੇ ਪਿਛਲੇ ਸੋਲਾਂ

**ਬੂਟਾ ਸਿੰਘ ਮਹਿਮੂਦਪੁਰ**
ਫੋਨ: +91-94634-74342


ਸਾਲ ਮੋਹਨ ਭਾਗਵਤ ਸਮੇਤ ਆਰ.ਐੱਸ.ਐੱਸ. ਦੇ ਹਰ ਆਗੂ ਨੂੰ ਉਨ੍ਹਾਂ ਖ਼ਿਲਾਫ਼ ਕਾਰਵਾਈ ਕਰਨ ਲਈ ਮਨਾਉਣ 'ਚ ਗੁਜ਼ਾਰੇ ਹਨ ਜੋ ਦਹਿਸ਼ਤੀ ਕਾਰਵਾਈਆਂ 'ਚ ਸ਼ਾਮਿਲ ਹਨ। ਕਿਸੇ ਨੇ ਮੇਰੀ ਫਰਿਆਦ ਉੱਪਰ ਗ਼ੌਰ ਨਹੀਂ ਕੀਤਾ। ਇਸ ਲਈ, ਇੱਥੇ ਮੈਂ ਅਦਾਲਤ ਦੇ ਸਾਹਮਣੇ ਉਹ ਸਭ ਕੁਝ ਦੱਸਣ ਲਈ ਤਿਆਰ ਹਾਂ ਜੋ ਮੈਂ ਇੰਨੇ ਲੰਮੇ ਸਮੇਂ ਤੋਂ ਜਾਣਦਾ ਹਾਂ।'

'ਭਗਵਾ ਦਹਿਸ਼ਤਵਾਦ' ਲਕਬ 2010 'ਚ ਤਤਕਾਲੀ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਹਿੰਦੂਤਵੀ ਦਹਿਸ਼ਤਵਾਦੀ ਜਥੇਬੰਦੀਆਂ ਵੱਲੋਂ ਕੀਤੀਆਂ ਗਈਆਂ ਕਾਰਵਾਈਆਂ ਲਈ ਵਰਤਿਆ ਸੀ ਪਰ ਜਾਂਚ ਏਜੰਸੀਆਂ ਵੱਲੋਂ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਆਰ.ਐੱਸ.ਐੱਸ. ਵਿਰੁੱਧ ਕਾਰਵਾਈ ਦੀ ਸਿਫ਼ਾਰਸ਼ ਕਰਦੀ ਜੋ ਗੁਪਤ ਰਿਪੋਰਟ ਭੇਜੀ ਗਈ ਸੀ, ਉਹ ਦਬਾ ਲਈ ਗਈ। ਕਾਂਗਰਸ ਹਕੂਮਤ ਇਸ ਖ਼ਾਸ ਦਹਿਸ਼ਤਵਾਦ ਵਿਰੁੱਧ ਅਸਰਦਾਰ ਕਾਰਵਾਈ ਕਰਨ ਦਾ ਜੋਖ਼ਮ ਨਹੀਂ ਸੀ ਲੈਣਾ ਚਾਹੁੰਦੀ। ਇਸੇ ਲਈ 'ਭਗਵਾ ਦਹਿਸ਼ਤਵਾਦ' ਵਿਰੁੱਧ ਉਹ 'ਸਖ਼ਤੀ' ਨਜ਼ਰ ਨਹੀਂ ਆਈ ਜੋ ਕਥਿਤ ਜਹਾਦੀ ਦਹਿਸ਼ਤਵਾਦੀਆਂ ਜਾਂ ਹੋਰ ਇੰਤਹਾਪਸੰਦ ਤਾਕਤਾਂ ਵਿਰੁੱਧ ਭਾਰਤੀ ਹੁਕਮਰਾਨਾਂ ਵੱਲੋਂ ਆਮ ਹੀ ਵਰਤੀ ਜਾਂਦੀ ਹੈ।

4-5 ਅਪਰੈਲ 2006 ਦੀ ਰਾਤ ਨੂੰ ਆਰ.ਐੱਸ.ਐੱਸ. ਦੇ ਕਾਰਕੁਨ ਲਕਸ਼ਮਣ ਰਾਜਕੋਂਡਵਰ ਦੇ ਨਾਂਦੇੜ ਸਥਿਤ ਘਰ 'ਚ ਬੰਬ ਬਣਾਉਂਦਿਆਂ ਅਚਾਨਕ ਫਟ ਗਿਆ ਸੀ ਜਿਸ ਵਿਚ ਉਸ ਦਾ ਪੁੱਤਰ ਨਰੇਸ਼ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਕਾਰਕੁਨ ਹਿਮਾਂਸ਼ੂ ਪਾਨਸੇ ਮਾਰੇ ਗਏ ਸਨ। ਜਾਂਚ ਏਜੰਸੀਆਂ ਦਾ ਮੰਨਣਾ ਸੀ ਕਿ ਇਹ ਬੰਬ ਔਰੰਗਾਬਾਦ ਵਿਚ ਇਕ ਮਸਜਿਦ ਨੂੰ ਨਿਸ਼ਾਨਾ ਬਣਾਉਣ ਲਈ ਵਰਤਿਆ ਜਾਣਾ ਸੀ। ਇਸ ਤੋਂ ਪਹਿਲਾਂ 2003 'ਚ ਪ੍ਰਭਾਨੀ ਅਤੇ 2004 'ਚ ਪੂਰਨਾ 'ਚ ਵੀ ਮਸਜਿਦਾਂ ਦੇ ਬਾਹਰ ਬੰਬ ਕਾਂਡ ਹੋ ਚੁੱਕੇ ਸਨ। ਆਰ.ਐੱਸ.ਐੱਸ. ਦੇ ਕਾਰਕੁਨ ਦੇ ਘਰ ਦੇ ਅੰਦਰ ਬੰਬ ਦਾ ਚੱਲ ਜਾਣਾ ਅਤੇ ਬਹੁਤ ਸਾਰੇ ਦਹਿਸ਼ਤੀ ਕਾਂਡਾਂ ਵਿਚ ਸੰਘ ਦੇ ਕਾਰਕੁਨਾਂ ਦੀ ਯੋਜਨਾਬੱਧ ਭੂਮਿਕਾ ਦੇ ਸਬੂਤ ਮਿਲਣਾ ਆਰ.ਐੱਸ.ਐੱਸ. ਦੇ ਸੀਨੀਅਰ ਆਗੂਆਂ ਨੂੰ ਜਾਂਚ ਵਿਚ ਸ਼ਾਮਿਲ ਕਰਨ ਅਤੇ ਉਨ੍ਹਾਂ ਵਿਰੁੱਧ ਦਹਿਸ਼ਤਵਾਦ ਵਿਰੋਧੀ ਵਿਸ਼ੇਸ਼ ਕਾਨੂੰਨਾਂ ਤਹਿਤ ਕਾਰਵਾਈ ਕਰਨ ਲਈ ਕਾਫ਼ੀ ਆਧਾਰ ਸੀ ਪਰ ਕਿਸੇ ਵੀ ਕੇਸ ਵਿਚ ਜਾਂਚ ਇਕ ਹੱਦ ਤੋਂ ਅੱਗੇ ਤੋਂ ਵਧੀ। ਸੂਰਾਗ਼ਾਂ ਦੇ ਆਧਾਰ 'ਤੇ ਗ੍ਰਿਫ਼ਤਾਰੀਆਂ ਜ਼ਰੂਰ ਹੋਈਆਂ। ਕੁਝ ਮੁਕੱਦਮੇ ਚਲਾਏ ਗਏ। ਸਜ਼ਾਵਾਂ ਕੁਝ ਮਾਮੂਲੀ ਕਾਰਕੁਨਾਂ ਨੂੰ ਹੋਈਆਂ ਪਰ ਅਸੀਮਾਨੰਦ ਵਰਗੇ 'ਮਾਸਟਰ ਮਾਈਂਡ' ਬਰੀ ਹੋ ਗਏ ਅਤੇ ਇਸ ਤੋਂ ਅਗਲੀਆਂ ਕੜੀਆਂ ਬੇਪਰਦ ਹੀ ਨਹੀਂ ਹੋਈਆਂ। ਜਾਂਚ ਏਜੰਸੀਆਂ ਕੋਲ ਸੂਰਾਗ਼ਾਂ ਅਤੇ ਸਬੂਤਾਂ ਦੀ ਘਾਟ ਨਹੀਂ ਸੀ; ਦਰਅਸਲ, ਉਹ ਜਾਂਚ ਨੂੰ ਅੱਗੇ ਵਧਾਉਣ ਲਈ ਤਿਆਰ ਨਹੀਂ ਸਨ। ਜਦੋਂ ਆਰ.ਐੱਸ.ਐੱਸ.-ਬੀ.ਜੇ.ਪੀ. ਸੱਤਾ ਵਿਚ ਆ ਗਈ ਤਾਂ ਅਧਿਕਾਰੀਆਂ ਨੂੰ ਸਾਫ਼ ਹਦਾਇਤਾਂ ਦਿੱਤੀਆਂ ਜਾਣ ਲੱਗੀਆਂ ਕਿ ਇਨ੍ਹਾਂ ਕੇਸਾਂ ਵਿਚ ਨਰਮੀ ਵਰਤ ਕੇ ਮੁਜਰਿਮਾਂ ਨੂੰ ਬਰੀ ਕਰਾਉਣਾ ਹੈ। ਸਪੈਸ਼ਲ ਪਬਲਿਕ ਪ੍ਰਾਸੀਕਿਊਟਰ ਰੋਹਿਨੀ ਸਾਲਿਆਨ ਨੇ 2015 'ਚ ਖ਼ੁਲਾਸਾ ਕੀਤਾ ਸੀ ਕਿ ਕੌਮੀ ਜਾਂਚ ਏਜੰਸੀ ਦੇ ਅਧਿਕਾਰੀਆਂ ਵੱਲੋਂ ਉਸ ਉੱਪਰ ਮਾਲੇਗਾਓਂ ਬੰਬ ਕਾਂਡ (2008) 'ਚ ਨਰਮੀ ਵਰਤਣ ਲਈ ਦਬਾਓ ਪਾਇਆ ਗਿਆ। ਇਸ ਤਰ੍ਹਾਂ, ਅਸੀਮਾਨੰਦ ਨੂੰ ਬਰੀ ਕਰਵਾ ਲਿਆ ਗਿਆ, ਕਰਨਲ ਸ੍ਰੀਕਾਂਤ ਪੁਰੋਹਿਤ ਨੂੰ ਜ਼ਮਾਨਤ ਦੇ ਕੇ ਫ਼ੌਜ ਵਿਚ ਬਹਾਲ ਕਰ ਦਿੱਤਾ ਗਿਆ ਅਤੇ ਸਾਧਵੀ ਪ੍ਰੱਗਿਆ ਸਿੰਘ ਨੂੰ ਮੈਡੀਕਲ ਆਧਾਰ 'ਤੇ ਜ਼ਮਾਨਤ ਦੇ ਕੇ ਲੋਕ ਸਭਾ ਚੋਣਾਂ 'ਚ ਉਮੀਦਵਾਰ ਬਣਾ ਕੇ ਸੰਸਦ ਮੈਂਬਰ ਬਣਾ ਲਿਆ ਗਿਆ। ਸੰਘ ਦੀ ਲੀਡਰਸ਼ਿਪ ਅਸੀਮਾਨੰਦ ਨਾਲ ਕੀਤੇ ਵਾਅਦੇ 'ਤੇ ਪੂਰੀ ਉੱਤਰੀ ਸੀ, ਕੁਝ ਵੀ 'ਗ਼ਲਤ' ਨਹੀਂ ਹੋਇਆ ਸੀ।

ਮਾਰਚ 2017 'ਚ ਐੱਨ.ਆਈ.ਏ. ਦੀ ਸਪੈਸ਼ਲ ਅਦਾਲਤ ਨੇ ਅਜਮੇਰ ਦਰਗਾਹ ਬੰਬ ਧਮਾਕੇ ਮੁਕੱਦਮੇ ਦਾ ਫ਼ੈਸਲਾ ਸੁਣਾਉਂਦਿਆਂ ਬੇਸ਼ੱਕ ਸਵਾਮੀ ਅਸੀਮਾਨੰਦ ਸਮੇਤ ਅੱਧੀ ਹੋਰ ਮੁਲਜ਼ਮਾਂ ਨੂੰ ਸ਼ੱਕ ਦਾ ਲਾਭ ਦਿੰਦਿਆਂ ਬਰੀ ਕਰ ਦਿੱਤਾ ਸੀ ਪਰ ਨਾਲ ਹੀ ਦੋ 'ਆਰ.ਐੱਸ.ਐੱਸ. ਪ੍ਰਚਾਰਕਾਂ' ਨੂੰ ਬੰਬ ਧਮਾਕਿਆਂ ਦੇ ਦੋਸ਼ੀ ਕਰਾਰ ਵੀ ਦਿੱਤਾ ਸੀ। ਇਹ ਆਰ.ਐੱਸ.ਐੱਸ. ਦੀ ਦਹਿਸ਼ਤਵਾਦੀ ਬੰਬ ਕਾਂਡਾਂ ਦੀ ਸਾਜ਼ਿਸ਼ ਵਿਚ ਭੂਮਿਕਾ ਦਾ ਸਬੂਤ ਸੀ ਪਰ 800 ਪੁਰਾਣੀ ਇਤਿਹਾਸਕ ਮਸਜਿਦ ਨੂੰ ਦਹਿਸ਼ਤਵਾਦੀ ਹਮਲੇ ਦਾ ਨਿਸ਼ਾਨਾ ਬਣਾਏ ਜਾਣ ਦੇ ਬਾਵਜੂਦ ਆਰ.ਐੱਸ.ਐੱਸ. ਵਿਰੁੱਧ ਕੋਈ ਕਾਰਵਾਈ ਨਹੀਂ ਹੋਈ। ਅਸੀਮਾਨੰਦ ਅਜਮੇਰ ਸ਼ਰੀਫ਼, ਮੱਕਾ ਮਸਜਿਦ, ਮਾਲੇਗਾਓਂ ਅਤੇ ਸਮਝੌਤਾ ਐਕਸਪ੍ਰੈੱਸ ਬੰਬ ਧਮਾਕਿਆਂ ਦਾ ਮਾਸਟਰ ਮਾਈਂਡ ਸੀ ਅਤੇ ਉਸ ਨੇ 18 ਦਸੰਬਰ 2010 ਨੂੰ ਦਿੱਲੀ ਦੀ ਤੀਸ ਹਜ਼ਾਰੀ ਅਦਾਲਤ 'ਚ ਅਤੇ ਜਨਵਰੀ 2011 'ਚ ਹਰਿਆਣਾ ਦੀ ਅਦਾਲਤ 'ਚ ਮੈਜਿਸਟਰੇਟ ਅੱਗੇ ਦਿੱਤੇ ਬਿਆਨਾਂ ਵਿਚ ਇਨ੍ਹਾਂ ਬੰਬ ਕਾਂਡਾਂ ਵਿਚ ਆਪਣੀ ਅਤੇ ਹੋਰ ਹਿੰਦੂਤਵੀ ਆਗੂਆਂ ਦੀ ਭੂਮਿਕਾ ਸਾਫ਼ ਸ਼ਬਦਾਂ 'ਚ ਸਵੀਕਾਰ ਕੀਤੀ ਸੀ। ਉਸ ਨੇ ਸਪਸ਼ਟ ਮੰਨਿਆ ਸੀ ਕਿ ਇਹ ਦਹਿਸ਼ਤੀ ਕਾਰਵਾਈਆਂ ਇਸਲਾਮਿਕ ਦਹਿਸ਼ਤੀ ਕਾਰਵਾਈਆਂ ਦੇ ਜਵਾਬ 'ਚ 'ਬੰਬ ਦਾ ਬਦਲਾ ਬੰਬ' ਦੀ ਨੀਤੀ ਤਹਿਤ ਕੀਤੀਆਂ ਗਈਆਂ ਸਨ। ਬਾਅਦ ਵਿਚ ਅਸੀਮਾਨੰਦ ਇਸ ਬਿਆਨ ਤੋਂ ਮੁੱਕਰ ਗਿਆ। ਇਸ ਤੋਂ ਬਿਨਾ, ਕਾਰਵਾਂ ਮੈਗਜ਼ੀਨ ਦੀ ਪੱਤਰਕਾਰ ਲੀਨਾ ਗੀਤਾ ਰਘੂਨਾਥ ਨੇ ਅਸੀਮਾਨੰਦ ਨਾਲ ਜਨਵਰੀ 2012 ਤੋਂ ਜਨਵਰੀ 2014 ਦਰਮਿਆਨ 9 ਘੰਟੇ 26 ਮਿੰਟ ਲੰਮੀਆਂ ਚਾਰ ਵਿਸ਼ੇਸ਼ ਇੰਟਰਵਿਊ ਕੀਤੀਆਂ ਸਨ ਜਦੋਂ ਉਹ ਅੰਬਾਲਾ ਕੇਂਦਰੀ ਜੇਲ੍ਹ ਵਿਚ ਸੀ। ਆਖ਼ਰੀ ਦੋ ਇੰਟਰਵਿਊ ਵਿਚ ਅਸੀਮਾਨੰਦ ਨੇ ਵਾਰ-ਵਾਰ ਦੁਹਰਾਇਆ ਸੀ ਕਿ ਉਸ ਦੀਆਂ ਦਹਿਸ਼ਤੀ ਕਾਰਵਾਈਆਂ ਨੂੰ ਆਰ.ਐੱਸ.ਐੱਸ. ਦੇ ਚੋਟੀ ਦੇ ਆਗੂਆਂ- ਮੌਜੂਦਾ ਆਰ.ਐੱਸ.ਐੱਸ. ਮੁਖੀ ਮੋਹਨ ਭਾਗਵਤ ਤੱਕ ਜੋ ਉਦੋਂ ਜਥੇਬੰਦੀ ਦੇ ਜਨਰਲ ਸਕੱਤਰ ਸਨ- ਵੱਲੋਂ ਮਨਜ਼ੂਰੀ ਦਿੱਤੀ ਗਈ ਸੀ। ਉਸ ਨੇ ਕਾਰਵਾਂ ਨੂੰ ਦੱਸਿਆ ਸੀ ਕਿ ਮੋਹਨ ਭਾਗਵਤ ਦਾ ਕਹਿਣਾ ਸੀ, 'ਇਹ ਬਹੁਤ ਮਹੱਤਵਪੂਰਨ ਹੈ ਕਿ ਇਹ ਕੀਤਾ ਜਾਵੇ ਪਰ ਤੁਹਾਨੂੰ ਇਸ ਨੂੰ ਸੰਘ ਨਾਲ ਨਹੀਂ ਜੋੜਨਾ ਚਾਹੀਦਾ।'

ਇੰਟਰਵਿਊ 'ਚ ਅਸੀਮਾਨੰਦ ਨੇ ਜੁਲਾਈ 2005 ਦੀ ਇਕ ਮੀਟਿੰਗ ਦਾ ਉਚੇਚਾ ਜ਼ਿਕਰ ਕੀਤਾ ਸੀ। ਸੂਰਤ (ਗੁਜਰਾਤ) ਵਿਚ ਆਰ.ਐੱਸ.ਐੱਸ. ਦੇ ਇਕ ਸਮਾਗਮ ਤੋਂ ਬਾਅਦ ਸੰਘ ਦੇ ਸੀਨੀਅਰ ਆਗੂ ਮੋਹਨ ਭਾਗਵਤ ਅਤੇ ਇੰਦਰੇਸ਼ ਕੁਮਾਰ, ਡਾਂਗਸ ਦੇ ਮੰਦਿਰ ਵਿਚ ਜਾ ਕੇ ਅਸੀਮਾਨੰਦ ਨੂੰ ਮਿਲੇ ਸਨ। ਬਾਅਦ 'ਚ ਭਾਗਵਤ ਸੰਘ ਦੇ 'ਸਰਸੰਘਚਾਲਕ' ਅਤੇ ਇੰਦਰੇਸ਼ ਕੁਮਾਰ ਸੰਘ ਦੀ ਪ੍ਰਮੁੱਖ ਆਗੂ ਟੀਮ ਸੱਤ ਮੈਂਬਰੀ ਰਾਸ਼ਟਰੀ ਕਾਰਜਕਾਰੀ ਕੌਂਸਲ ਦੇ ਮੈਂਬਰ ਬਣੇ। ਅਸੀਮਾਨੰਦ ਅਨੁਸਾਰ ਮੰਦਿਰ ਤੋਂ ਦੂਰ ਨਦੀ ਦੇ ਕਿਨਾਰੇ 'ਤੇ ਲਗਾਏ ਟੈਂਟ 'ਚ ਅਸੀਮਾਨੰਦ ਦੇ ਸਹਿਯੋਗੀ ਸੁਨੀਲ ਜੋਸ਼ੀ ਨੇ ਮੁਲਕ ਵਿਚ ਕੀਤੇ ਜਾਣ ਵਾਲੇ ਬੰਬ ਧਮਾਕਿਆਂ ਦੀ ਯੋਜਨਾ ਬਾਰੇ ਦੱਸਿਆ ਜਿਨ੍ਹਾਂ ਨਾਲ ਮੁਸਲਿਮ ਫਿਰਕੇ ਦੇ ਸਥਾਨਾਂ ਨੂੰ ਨਿਸ਼ਾਨਾ ਬਣਾਇਆ ਜਾਣਾ ਸੀ। ਅਸੀਮਾਨੰਦ ਅਨੁਸਾਰ, ਭਾਗਵਤ ਨੇ ਉਸ ਨੂੰ ਕਿਹਾ, 'ਤੁਸੀਂ ਇਸ ਉੱਪਰ ਕੰਮ ਕਰ ਸਕਦੇ ਹੋ।' ਇੰਦਰੇਸ਼ ਨੇ ਅਸੀਮਾਨੰਦ ਨੂੰ ਕਿਹਾ, 'ਤੁਸੀਂ ਸੁਨੀਲ ਨਾਲ ਇਸ ਉੱਪਰ ਕੰਮ ਕਰ ਸਕਦੇ ਹੋ। ਅਸੀਂ ਇਸ ਵਿਚ ਸ਼ਾਮਿਲ ਨਹੀਂ ਹੋਵਾਂਗੇ ਪਰ ਜੇ ਤੁਸੀਂ ਅਜਿਹਾ ਕਰ ਰਹੇ ਹੋ ਤਾਂ ਤੁਸੀਂ ਸਾਨੂੰ ਆਪਣੇ ਨਾਲ ਮੰਨ ਸਕਦੇ ਹੋ।' ਅਸੀਮਾ ਨੇ ਅੱਗੇ ਦੱਸਿਆ, "ਫਿਰ ਉਨ੍ਹਾਂ ਨੇ ਮੈਨੂੰ ਕਿਹਾ- 'ਸਵਾਮੀ ਜੀ, ਜੇ ਤੁਸੀਂ ਇਹ ਕਰਦੇ ਹੋ ਤਾਂ ਸਾਨੂੰ ਕੋਈ ਔਖ ਨਹੀਂ ਹੋਵੇਗੀ। ਫਿਰ ਕੁਝ ਵੀ ਗ਼ਲਤ ਨਹੀਂ ਵਾਪਰੇਗਾ। ਅਪਰਾਧੀਕਰਨ ਨਹੀਂ ਹੋਵੇਗਾ। ਜੇ ਤੁਸੀਂ ਇਹ ਕਰਦੇ ਹੋ ਤਾਂ ਲੋਕ ਇਹ ਨਹੀਂ ਕਹਿਣਗੇ ਕਿ ਅਸੀਂ ਜੁਰਮ ਕਰਨ ਦੀ ਖ਼ਾਤਰ ਜੁਰਮ ਕੀਤਾ ਹੈ। ਇਸ ਨੂੰ ਵਿਚਾਰਧਾਰਾ ਨਾਲ ਜੋੜਿਆ ਜਾਵੇਗਾ। ਇਹ ਹਿੰਦੂਆਂ ਦੇ ਲਈ ਬਹੁਤ ਮਹੱਤਵਪੂਰਨ ਹੈ। ਕ੍ਰਿਪਾ ਕਰਕੇ ਇਹ ਕਰੋ। ਤੁਹਾਨੂੰ ਸਾਡਾ ਆਸ਼ੀਰਵਾਦ ਹੈ'।"

*ਸਵਾਮੀ ਅਸੀਮਾਨੰਦ ਜਿਸ ਨੂੰ ਬਰੀ ਕਰ ਦਿੱਤਾ ਗਿਆ ਅਤੇ ਆਰ.ਐੱਸ.ਐੱਸ. ਮੁਖੀ ਮੋਹਨ ਭਾਗਵਤ ਜਿਸ ਨੇ ਦਹਿਸ਼ਤੀ ਕਾਰਵਾਈਆਂ ਲਈ ਹਾਮੀ ਭਰੀ।*




*ਸਾਧਵੀ ਪ੍ਰੱਗਿਆ ਸਿੰਘ ਜੋ ਹੁਣ ਲੋਕ ਸਭਾ ਮੈਂਬਰ ਹੈ ਅਤੇ (ਸੱਜੇ) ਸ੍ਰੀਕਾਂਤ ਪੁਰੋਹਿਤ ਜਿਸ ਨੂੰ ਫੌਜ ਵਿਚ ਬਹਾਲ ਕਰ ਦਿੱਤਾ ਗਿਆ ਸੀ।*

***'ਭਗਵਾ ਦਹਿਸ਼ਤਵਾਦ' ਲਕਬ 2010 'ਚ ਤਤਕਾਲੀ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਹਿੰਦੂਤਵੀ ਦਹਿਸ਼ਤਵਾਦੀ ਜਥੇਬੰਦੀਆਂ ਵੱਲੋਂ ਕੀਤੀਆਂ ਗਈਆਂ ਕਾਰਵਾਈਆਂ ਲਈ ਵਰਤਿਆ ਸੀ ਪਰ ਜਾਂਚ ਏਜੰਸੀਆਂ ਵੱਲੋਂ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਆਰ.ਐੱਸ.ਐੱਸ. ਵਿਰੁੱਧ ਕਾਰਵਾਈ ਦੀ ਸਿਫ਼ਾਰਸ਼ ਕਰਦੀ ਜੋ ਗੁਪਤ ਰਿਪੋਰਟ ਭੇਜੀ ਗਈ ਸੀ, ਉਹ ਦਬਾ ਲਈ ਗਈ। ਕਾਂਗਰਸ ਹਕੂਮਤ ਇਸ ਖ਼ਾਸ ਦਹਿਸ਼ਤਵਾਦ ਵਿਰੁੱਧ ਅਸਰਦਾਰ ਕਾਰਵਾਈ ਕਰਨ ਦਾ ਜੋਖ਼ਮ ਨਹੀਂ ਸੀ ਲੈਣਾ ਚਾਹੁੰਦੀ। ਇਸੇ ਲਈ 'ਭਗਵਾ ਦਹਿਸ਼ਤਵਾਦ' ਵਿਰੁੱਧ ਉਹ 'ਸਖ਼ਤੀ' ਨਜ਼ਰ ਨਹੀਂ ਆਈ ਜੋ ਕਥਿਤ ਜਹਾਦੀ ਦਹਿਸ਼ਤਵਾਦੀਆਂ ਜਾਂ ਹੋਰ ਇੰਤਹਾਪਸੰਦ ਤਾਕਤਾਂ ਵਿਰੁੱਧ ਭਾਰਤੀ ਹੁਕਮਰਾਨਾਂ ਵੱਲੋਂ ਆਮ ਹੀ ਵਰਤੀ ਜਾਂਦੀ ਹੈ।***

ਇੰਵ ਅਸੀਮਾਨੰਦ ਦੀ ਟੀਮ ਨੇ ਕਿਸੇ ਸੀਨੀਅਰ ਆਗੂ ਨੂੰ ਆਪਣੀ ਯੋਜਨਾ ਨਾਲ ਸਿੱਧੇ ਤੌਰ 'ਤੇ ਨਹੀਂ ਜੋੜਿਆ। ਜਾਂਚ ਏਜੰਸੀਆਂ ਦਾ ਕਹਿਣਾ ਹੈ ਕਿ ਇੰਦਰੇਸ਼ ਕੁਮਾਰ ਨੇ ਉਨ੍ਹਾਂ ਦੀ ਨੈਤਿਕ ਅਤੇ ਪਦਾਰਥਕ ਮੱਦਦ ਕੀਤੀ। ਇੰਦਰੇਸ਼ ਕੁਮਾਰ ਤੋਂ ਇਕ ਵਾਰ ਸੀ.ਬੀ.ਆਈ. ਨੇ ਵੀ ਪੁੱਛ-ਪੜਤਾਲ ਕੀਤੀ ਸੀ। ਬਾਅਦ ਵਿਚ ਇਹ ਕੇਸ ਕੌਮੀ ਜਾਂਚ ਏਜੰਸੀ ਨੇ ਹੱਥ ਲੈ ਲਿਆ। ਇਸ ਏਜੰਸੀ ਨੇ ਅਸੀਮਾਨੰਦ ਅਤੇ ਸਾਧਵੀ ਪ੍ਰੱਗਿਆ ਸਿੰਘ ਤੋਂ ਅੱਗੇ ਸਾਜ਼ਿਸ਼ ਦਾ ਖ਼ੁਰਾ ਨਹੀਂ ਨੱਪਿਆ। ਦਸੰਬਰ 2007 'ਚ ਸੁਨੀਲ ਜੋਸ਼ੀ ਦੀ ਸ਼ੱਕੀ ਹਾਲਾਤ 'ਚ ਮੌਤ ਹੋ ਗਈ ਜੋ ਸਾਜ਼ਿਸ਼ ਦੇ ਵੱਖ-ਵੱਖ ਹਿੱਸਿਆਂ ਨੂੰ ਜੋੜਨ ਵਾਲੀ ਸਾਂਝੀ ਤੰਦ ਸੀ।

ਇਹ ਪਹਿਲੀ ਵਾਰ ਨਹੀਂ ਹੈ ਕਿ ਬੰਬ ਕਾਂਡਾਂ ਵਿਚ ਆਰ.ਐੱਸ.ਐੱਸ. ਅਤੇ ਇਸ ਨਾਲ ਸਬੰਧਿਤ ਜਥੇਬੰਦੀਆਂ ਦੀ ਭੂਮਿਕਾ ਚਰਚਾ 'ਚ ਆਈ ਹੈ। 2006 ਅਤੇ 2008 ਦਰਮਿਆਨ ਪੰਜ ਬੰਬ ਕਾਂਡਾਂ- ਸਮਝੌਤਾ ਐਕਸਪ੍ਰੈੱਸ (ਫਰਵਰੀ 2007), ਹੈਦਰਾਬਾਦ ਮੱਕਾ ਮਸਜਿਦ (ਮਈ 2007), ਅਜਮੇਰ ਦਰਗਾਹ (ਅਕਤੂਬਰ 2007) ਅਤੇ ਮਾਲੇਗਾਓਂ 'ਚ ਦੋ ਕਾਂਡ (ਸਤੰਬਰ 2006 ਅਤੇ ਸਤੰਬਰ 2008)- ਵਿਚ 119 ਲੋਕ ਮਾਰੇ ਗਏ ਸਨ। ਮਹਾਰਾਸ਼ਟਰ ਦੇ ਦਹਿਸ਼ਤਵਾਦ ਵਿਰੋਧੀ ਦਸਤੇ ਦੇ ਮੁਖੀ ਹੇਮੰਤ ਕਰਕਰੇ ਨੇ ਜਦੋਂ ਇਨ੍ਹਾਂ 'ਚੋਂ ਕੁਝ ਬੰਬ ਕਾਂਡਾਂ ਦੀ ਜਾਂਚ ਸ਼ੁਰੂ ਕੀਤੀ ਤਾਂ ਉਸ ਦੇ ਹੱਥ ਹੈਰਾਨੀਜਨਕ ਸੁਰਾਗ਼ ਲੱਗੇ। ਹੋਰ ਡੂੰਘਾਈ 'ਚ ਜਾਂਚ ਦੇ ਆਧਾਰ 'ਤੇ ਜਦੋਂ ਹਿੰਦੂਤਵ ਪਰਿਵਾਰ ਦੀਆਂ ਜਥੇਬੰਦੀਆਂ ਦੇ ਕਾਰਕੁਨਾਂ ਦੀਆਂ ਗ੍ਰਿਫ਼ਤਾਰੀਆਂ ਹੋਈਆਂ ਤਾਂ ਬੀ.ਜੇ.ਪੀ. ਸਮੇਤ ਸੰਘ ਦੇ ਆਗੂਆਂ ਨੇ ਚੀਕ-ਚਿਹਾੜਾ ਪਾ ਲਿਆ ਕਿ ਇਹ ਸੱਤਾਧਾਰੀ ਕਾਂਗਰਸ ਸੰਘ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਹੈ। ਐੱਲ.ਕੇ. ਅਡਵਾਨੀ ਨੇ ਤਾਂ ਇੱਥੋਂ ਤੱਕ ਦਾਅਵਾ ਕੀਤਾ ਕਿ 'ਹਿੰਦੂ ਦਹਿਸ਼ਤਗਰਦ ਹੋ ਹੀ ਨਹੀਂ ਸਕਦੇ।' ਇਸ ਤੋਂ ਪਹਿਲਾਂ ਕਿ ਹੇਮੰਤ ਕਰਕਰੇ ਦੀ ਜਾਂਚ ਕਿਸੇ ਤਣ-ਪੱਤਣ ਲੱਗਦੀ ਇਕ ਕਥਿਤ ਦਹਿਸ਼ਤਵਾਦੀ ਹਮਲੇ 'ਚ ਹੇਮੰਤ ਕਰਕਰੇ ਮਾਰਿਆ ਗਿਆ। ਉਸ ਦੇ ਮਾਰੇ ਜਾਣ 'ਤੇ ਬੰਬ ਕਾਂਡਾਂ ਦੀ ਡੂੰਘੀ ਸਾਜ਼ਿਸ਼ ਦੇ ਸਾਰੇ ਸਬੂਤ ਵੀ ਖ਼ੁਰਦ-ਬੁਰਦ ਹੋ ਗਏ, ਅਸੀਮਾਨੰਦ ਦੇ ਉਸ ਲੈਪਟਾਪ ਸਮੇਤ ਜਿਸ ਵਿਚੋਂ ਇਹ ਸਾਜ਼ਿਸ਼ ਘੜੇ ਜਾਣ ਦੇ ਵਿਸਤਾਰਤ ਵੇਰਵੇ ਮਿਲੇ ਸਨ।

ਪਰ ਸਵਾਲ ਇਹ ਹੈ ਕਿ ਜਦੋਂ ਪਹਿਲੇ ਖ਼ੁਲਾਸਿਆਂ ਦਾ ਕੁਝ ਨਹੀਂ ਬਣਿਆ ਤਾਂ ਯਸ਼ਵੰਤ ਸ਼ਿੰਦੇ ਦੀ ਕੌਣ ਸੁਣੇਗਾ? ਮਹਾਰਾਸ਼ਟਰ ਪੁਲਿਸ ਦੇ ਸਾਬਕਾ ਸੀਨੀਅਰ ਅਧਿਕਾਰੀ ਐੱਸ.ਐੱਮ. ਮੁਸ਼ਰਫ਼ ਆਪਣੀਆਂ ਦੋ ਕਿਤਾਬਾਂ 'ਕਰਕਰੇ ਦੀ ਹੱਤਿਆ ਕਿਸੇ ਨੇ ਕੀਤੀ' ਅਤੇ 'ਬ੍ਰਾਹਮਣਵਾਦੀਆਂ ਦੇ ਦਹਿਸ਼ਤੀ ਕਾਰੇ' ਵਿਚ ਉਪਰੋਕਤ ਬੰਬ ਕਾਂਡਾਂ ਵਿਚ ਆਰ.ਐੱਸ.ਐੱਸ. ਅਤੇ ਇਸ ਨਾਲ ਸਬੰਧਤ ਜਥੇਬੰਦੀਆਂ ਦੇ ਆਗੂਆਂ ਦੀ ਭੂਮਿਕਾ ਅਤੇ ਹਿੰਦੂਤਵ ਦਹਿਸ਼ਤਵਾਦੀ ਟਰੇਨਿੰਗ ਕੈਂਪਾਂ ਦੇ ਬਥੇਰੇ ਤੱਥਪੂਰਨ ਵੇਰਵੇ ਦੇ ਚੁੱਕੇ ਹਨ। ਆਰ.ਐੱਸ.ਐੱਸ. ਅਤੇ ਇਸ ਨਾਲ ਜੁੜੀ ਕਿਸੇ ਜਥੇਬੰਦੀ ਉਪਰੋਕਤ ਦਾਅਵਿਆਂ ਨੂੰ ਰੱਦ ਨਹੀਂ ਕੀਤਾ। ਅਦਾਲਤਾਂ ਨੇ ਮੈਜਿਸਟਰੇਟ ਅੱਗੇ ਅਸੀਮਾਨੰਦ ਦੇ ਇਕਬਾਲੀਆ ਬਿਆਨ ਅਤੇ ਕਾਰਵਾਂ ਨਾਲ ਇੰਟਰਵਿਊਆਂ ਵਿਚ ਸੰਘ ਦੇ ਚੋਟੀ ਦੇ ਆਗੂਆਂ ਦੀ ਭੂਮਿਕਾ ਦੇ ਤੱਥ ਨਜ਼ਰਅੰਦਾਜ਼ ਕਰਕੇ ਉਸ ਨੂੰ ਬਰੀ ਕਰ ਦਿੱਤਾ। ਜਦੋਂ ਮਨੁੱਖਤਾ ਵਿਰੁੱਧ ਇਨ੍ਹਾਂ ਘਿਨਾਉਣੇ ਜੁਰਮਾਂ ਦੀ ਸਰਪ੍ਰਸਤੀ ਕਰਨ ਵਾਲੇ ਖ਼ੁਦ ਹੁਕਮਰਾਨ ਹਨ ਅਤੇ ਜਾਂਚ ਏਜੰਸੀਆਂ ਤੇ ਅਦਾਲਤਾਂ ਉਨ੍ਹਾਂ ਦੇ ਇਸ਼ਾਰੇ 'ਤੇ ਕੰਮ ਕਰਦੀਆਂ ਹਨ ਤਾਂ 'ਭਗਵਾ ਦਹਿਸ਼ਤਵਾਦ' ਵਿਰੁੱਧ ਕਾਰਵਾਈ ਕੌਣ ਕਰੇਗਾ। ਸ਼ਿੰਦੇ ਵੱਲੋਂ ਦਿੱਤੇ ਤੱਥ ਵੀ ਲੰਮੇ ਅਦਾਲਤੀ ਅਮਲ 'ਚ ਰੁਲ਼ ਜਾਣਗੇ। ਇਹ ਵੀ ਹੋ ਸਕਦਾ ਹੈ ਕਿ ਉਸ ਨੂੰ ਵੀ ਤੀਸਤਾ ਸੀਤਲਵਾੜ ਜਾਂ ਆਰ.ਬੀ. ਸ੍ਰੀਕੁਮਾਰ ਦੀ ਤਰ੍ਹਾਂ 'ਸਰਕਾਰ ਨੂੰ ਅਸਥਿਰ ਕਰਨ' ਦੀ ਸਾਜ਼ਿਸ਼ ਦੇ ਕੇਸ ਵਿਚ ਫਸਾ ਕੇ ਉਸ ਦਾ ਮੂੰਹ ਬੰਦ ਕਰ ਦਿੱਤਾ ਜਾਵੇ।

# ਹਾਲੇ ਤਾਂ ਮੈਂ ਸਫ਼ਰ 'ਤੇ ਤੁਰਨਾ ਹੈ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ।***

ਮੈਂ ਉਮਰ ਦਰਾਜ਼ ਨਹੀਂ। ਨਾ ਹੀ ਥੱਕਿਆ ਤੇ ਹਾਰਿਆ। ਨਾ ਹੀ ਹਤਾਸ਼, ਉਦਾਸ ਤੇ ਨਿਰਾਸ਼। ਮੈਂ ਸੁਪਨੇ ਲੈਣ ਤੋਂ ਉਕਤਾਇਆ ਨਹੀਂ ਅਤੇ ਨਾ ਹੀ ਮੈਂ ਆਪਣੇ ਆਪ ਤੋਂ ਅਜੇ ਬੇਮੁੱਖ ਹੋਇਆ ਹਾਂ। ਨਾ ਹੀ ਮੇਰੇ ਅੰਗ ਸਿਥੱਲ ਹੋਏ ਨੇ ਅਤੇ ਨਾ ਹੀ ਮੇਰੇ ਨੈਣਾਂ ਦੀ ਲੋਅ ਮੱਧਮ ਹੋਈ ਹੈ। ਨਾ ਹੀ ਸੋਚ ਦੇ ਸਰਵਰ ਵਿਚ ਹਲਚਲ ਮਰੀ ਹੈ।

ਹਾਲੇ ਤਾਂ ਮੈਂ ਵਿਹੜੇ ਦੀ ਛੱਪੜੀ ਵਿਚ ਕਾਗਜ਼ ਦੀਆਂ ਬੇੜੀਆਂ ਤਾਰਨੀਆਂ ਨੇ। ਕੋਠੇ ਦੀ ਛੱਤ 'ਤੇ ਪਤੰਗ ਚੜ੍ਹਾਉਣਾ ਏ। ਕੱਚੀ ਪੱਕੀ ਦੇ ਆੜੀਆਂ ਨਾਲ ਦਿਲਲੱਗੀਆਂ ਕਰਨੀਆਂ ਨੇ। ਆਟੇ ਦੀਆਂ ਚਿੜੀਆਂ ਨੂੰ ਸੂਹੇ ਸੁਪਨਿਆਂ ਦੀ ਚੋਗ ਪਾਉਣੀ ਏ ਅਤੇ ਮਨ ਦੀਆਂ ਬੇਫ਼ਿਕਰੀ ਨੂੰ ਆਪਣੀ ਰੂਹ-ਰੇਜ਼ਤਾ ਦੇ ਨਾਮ ਕਰਨਾ ਏ।

ਹਾਲੇ ਤਾਂ ਮੈਂ ਮਨ ਦੇ ਬਿਰਖ਼ 'ਤੇ ਉਗੀਆਂ ਬੇਲੋੜੀਆਂ ਟਾਹਣੀਆਂ ਨੂੰ ਛਾਂਗਣਾ ਹੈ, ਇਸਦੀ ਧਰਾਤਲ ਨੂੰ ਗੋਡਣਾ ਏ ਸੰਵਾਰਨਾ ਹੈ ਅਤੇ ਇਸ ਦੀਆਂ ਜੜ੍ਹਾਂ ਵਿਚ ਉਦਮ, ਹੱਠ, ਹੌਂਸਲੇ ਅਤੇ ਹੰਭਲੇ ਦੀ ਖਾਦ ਪਾਉਣੀ ਹੈ। ਰੂਹ ਦੀ ਧਰਤ 'ਤੇ ਸੁਖਨ ਤੇ ਸੁਹਜ ਦੀਆਂ ਕਲਮਾਂ ਲਾਉਣੀਆਂ ਨੇ।

ਹਾਲੇ ਤਾਂ ਮੈਂ ਅੰਬਰ ਦੀ ਜੂਹ ਵਿਚ ਜਗਦੇ ਤਾਰਿਆਂ ਨੂੰ ਮੱਥੇ ਵਿਚ ਧਰਨਾ ਏ, ਤਾਰਿਆਂ ਦੀਆਂ ਖ਼ਿੱਤੀਆਂ ਨੂੰ ਨਵੇਂ ਆਕਾਰ ਤੇ ਅਰਥ ਦੇਣੇ ਨੇ। ਇਨ੍ਹਾਂ ਦੀਆਂ ਰਿਸ਼ਮਾਂ ਵਿਚ ਖੁਦ ਨੂੰ ਓਤਪੋਤ ਕਰਨਾ ਏ। ਸਮੁੱਚੇ ਅੰਬਰ ਨੂੰ ਕਲਾਵੇ ਵਿਚ ਲੈਣਾ ਹੈ। ਇਸ ਦੀ ਸਲੇਟ ਬਣਾ ਕੇ ਸਫ਼ਰ ਦੇ ਪੂਰਨੇ ਪਾਉਣੇ ਨੇ।

ਹਾਲੇ ਤਾਂ ਮੈਂ 'ਵਾ ਸੰਗ ਗੁਣਗਣਾਉਣਾ ਏ, ਇਸ ਦੀ ਛੋਹ ਨਾਲ ਖ਼ੁਦ ਨੂੰ ਲਰਜ਼ਾਉਣਾ ਏ ਅਤੇ ਇਸ 'ਤੇ ਲਿਖੇ ਹੋਏ ਅੱਖਰਾਂ ਨੂੰ ਆਪਣੇ ਅੰਤਰੀਵ ਵਿਚ ਉਤਾਰਨਾ ਏ। ਵਗਦੀ ਪੌਣ ਦੇ ਪਰਾਂ 'ਤੇ ਸੁਗੰਧੀਆਂ ਦੇ ਸਿਰਨਾਵੇਂ ਉਕਰਨੇ ਨੇ। ਇਸ ਰਾਹੀਂ ਪ੍ਰਦੇਸ ਵਿਚ ਰਹਿੰਦੇ ਮਿੱਤਰ-ਪਿਆਰਿਆਂ ਨੂੰ ਜਲਦੀ ਮਿਲਣ ਲਈ ਸੁਨੇਹੇ ਭੇਜਣੇ ਨੇ ਜਿਨ੍ਹਾਂ ਨੂੰ ਮਿਲਿਆਂ ਮੁੱਦਤਾਂ ਹੋ ਗਈਆਂ ਨੇ।

ਹਾਲੇ ਤਾਂ ਮੈਂ ਬਿਜੜਿਆਂ ਦੇ ਆਲ੍ਹਣੇ ਦੀ ਕਲਾਕਾਰੀ ਨੂੰ ਨਵੇਂ ਅਰਥ ਦੇਣੇ ਅਤੇ ਇਨ੍ਹਾਂ ਵਿਚ ਹੁੰਦੀ ਚੋਹਲ-ਮੁਹਲ ਨੂੰ ਸ਼ਬਦਾਂ ਦੇ ਹਵਾਲੇ ਕਰਨਾ ਏ। ਬੋਟਾਂ ਨਾਲ ਲਾਡ ਲਡਾਉਂਦਿਆਂ ਪਰਿੰਦਿਆਂ ਨੂੰ ਦੇਖਣਾ ਏ ਅਤੇ ਉਸ ਅਲਹਾਮੀ ਪਲ ਨੂੰ ਦੀਦਿਆਂ ਵਿਚ ਕੈਦ ਕਰਨਾ ਏ ਜਦ ਪੰਛੀ ਆਪਣੇ ਬੋਟ ਨੂੰ ਆਪਣੇ ਹਿੱਸੇ ਦੀ ਚੋਗ ਉਸ ਦੇ ਮੂੰਹ ਵਿਚ ਪਾਉਂਦਾ ਏ। ਸ਼ਾਮ-ਸਵੇਰੇ ਪੰਛੀਆਂ ਦੀ ਸੰਗੀਤਕ ਮਹਿਫ਼ਲ ਨੂੰ ਸੁਣਨਾ ਅਤੇ ਪਤਾ ਕਰਨਾ ਕਿ ਉਹ ਕਿਹੜੇ ਪਾਠ ਦੀ ਅਰਾਧਨਾ ਵਿਚ ਖ਼ੁਦ ਨੂੰ ਰੂਹ-ਰੰਗਾ ਕਰਦੇ ਨੇ।

ਹਾਲੇ ਤਾਂ ਮੈਂ ਕਲੀਆਂ ਤੋਂ ਫੁੱਲ ਬਣਨ ਦੀ ਪੂਰੀ ਪ੍ਰਕਿਰਿਆ ਨੂੰ ਚਿਤਾਰਨਾ ਏ। ਇਸ ਵਿਚ ਸਮੋਏ ਰੰਗਾਂ ਤੇ ਮਹਿਕਾਂ ਨੂੰ ਆਪਣੇ ਸਮੁੱਚ ਦੇ ਨਾਮ ਕਰਨਾ ਅਤੇ ਫੁੱਲ ਵਰਗਾ ਬਣਨ ਦਾ ਤਹੱਈਆ ਕਰਨਾ ਏ। ਫੁੱਲਾਂ 'ਤੇ ਮੰਡਰਾਉਂਦੀਆਂ ਤਿੱਤਲੀਆਂ ਨਾਲ ਗੁਫ਼ਤਗੂ ਕਰਨੀ ਏ ਅਤੇ ਭੌਰਿਆਂ ਦੇ ਸੰਗੀਤ ਵਿਚ ਖ਼ੁਦ ਨੂੰ ਸੁਰਬੱਧ ਕਰਨਾ ਏ।

ਹਾਲੇ ਤਾਂ ਮੈਂ ਬੋਲਾਂ ਵਿਚ ਉਗੀ ਕੁੜੱਤਣ ਨੂੰ ਮਿਠਾਸ ਦੀ ਗੁੜ੍ਹਤੀ ਦੇਣੀ ਹੈ। ਬੋਦੀ ਹੋ ਗਈ ਸਮਾਜਿਕ ਬਣਤਰ ਨੂੰ ਬਿਆਨ ਕਰਨਾ ਏ, ਸਬੰਧਾਂ ਦੀ ਟੁੱਟਭੱਜ ਨੂੰ ਸ਼ਬਦ ਦੇਣੇ ਨੇ ਅਤੇ ਤਿੜਕ ਰਹੇ/ਗਏ ਰਿਸ਼ਤਿਆਂ ਦੀ ਸੰਜੀਵਤਾ ਤੇ ਸਦੀਵਤਾ ਲਈ ਕੁਝ ਨਿੱਗਰ ਅਤੇ ਨਿਵੇਕਲਾ ਕਰਨ ਦਾ ਇਰਾਦਾ ਹੈ।

ਹਾਲੇ ਤਾਂ ਮੈਂ ਖੇਤਾਂ ਵਿਚ ਪੈ ਰਹੀਆਂ ਵੱਟਾਂ ਨੂੰ ਢਾਹੁਣਾ ਏ, ਪੁੱਟੀਆਂ ਜਾ ਰਹੀਆਂ ਕਬਰਾਂ ਨੂੰ ਪੂਰਨਾ ਹੈ। ਆੜਾਂ ਵਿਚ ਵਗ ਰਹੀ ਰੱਤ ਨੂੰ ਨਿਰਮਲ ਪਾਣੀਆਂ ਦਾ ਰੂਪ ਦੇਣਾ ਹੈ। ਕਿਆਰਿਆਂ ਵਿਚ ਹੋ ਰਹੇ ਕਤਲਾਂ ਦੀ ਕਰੂਰਤਾ ਨੂੰ ਖ਼ਤਮ ਕਰਨਾ ਏ ਅਤੇ ਵਾਹਣਾਂ ਵਿਚ ਖ਼ੁਦਕੁਸ਼ੀਆਂ ਦੀ ਹੋ ਰਹੀ ਬਿਜਾਈ ਨੂੰ ਰੋਕਣਾ ਏ।

ਹਾਲੇ ਤਾਂ ਮੈਂ ਮਨ ਦੀ ਪ੍ਰਦੱਖਣਾ ਕਰਨੀ ਏ। ਇਸ ਵਿਚ ਪਏ ਕੂੜ-ਕਬਾੜੇ ਨੂੰ ਹੂੰਝਣਾ ਏ। ਇਸ ਵਿਚ ਉਸਰੀਆਂ ਮਨਸੂਈ ਵਲਗਣਾਂ ਨੂੰ ਢਾਹ ਕੇ, ਇਸਦੀ ਸਮੁੱਚਤਾ ਨੂੰ ਖੁੱਲ੍ਹੇਪਣ ਦਾ ਨਾਮ ਦੇਣਾ ਅਤੇ ਇਸ ਵਿਚ ਧੁੱਪ ਦੀ ਨਿਰੰਤਰ ਆਵਾਜਾਈ ਨੂੰ ਯਕੀਨੀ ਬਣਾਉਣਾ ਏ।

ਹਾਲੇ ਤਾਂ ਮੈਂ ਹਰਫ਼ਾਂ ਦੀ ਜੂਹ ਵਿਚ ਜੋਗੀ ਵਾਲਾ ਹੋਕਰਾ ਲਾਉਣਾ ਏ। ਸ਼ਬਦਾਂ ਵਿਚ ਅਰਥਾਂ ਦੇ ਦੀਵੇ ਜਗਾਉਣੇ ਨੇ ਅਤੇ ਖ਼ੁਦ ਨੂੰ ਕੋਰੇ ਵਰਕਿਆਂ 'ਤੇ ਫੈਲੀ ਅਜਿਹੀ ਇਬਾਰਤ ਦੇ ਸਪੁਰਦ ਕਰਨਾ ਏ ਜੋ ਕਦੇ ਇਬਾਦਤ ਬਣਨ ਦੇ ਕਾਬਲ ਹੋ ਸਕੇ। ਸ਼ਬਦ ਜਿਉਂਦੇ ਰਹਿਣ ਤਾਂ ਬੰਦੇ ਦੇ ਜਾਣ ਤੋਂ ਬਾਅਦ ਵੀ ਉਹ ਕੁਝ ਚਿਰ ਲਈ ਆਪਣੀ ਲਿਖਤ ਵਿਚ ਜਿਉਂਦੇ ਹੋਣ ਦਾ ਭਰਮ ਤਾਂ ਪਾਲ ਹੀ ਸਕਦਾ।

ਹਾਲੇ ਤਾਂ ਮੈਂ ਨਵੇਂ ਦਿਸਹੱਦਿਆਂ ਦੀ ਤਲਾਸ਼ ਵਿਚ ਆਪਣੇ ਪੈਰਾਂ ਦੇ ਨਾਵੇਂ ਸਫ਼ਰ ਕਰਨਾ ਏ। ਪਗਡੰਡੀ ਨੂੰ ਪੈਹੇ ਬਣਾਉਣਾ ਏ ਅਤੇ ਅਛੂਹ ਮੰਜ਼ਲਾਂ ਦੀ ਨਿਸ਼ਾਨਦੇਹੀ ਨੂੰ ਪ੍ਰਾਪਤੀ ਦੀ ਤਾਸੀਰ ਦਾ ਨਾਮ ਦੇਣਾ ਏ ਕਿਉਂਕਿ ਕਿਸੇ ਵੀ ਜੀਵਨੀ ਪੜਾਅ 'ਤੇ ਕੋਈ ਵੀ ਪ੍ਰਾਪਤੀ ਕਦੇ ਵੀ ਅਸੰਭਵ ਨਹੀਂ ਹੁੰਦੀ। ਸੁਪਨੇ ਲੈਣ ਤੋਂ ਮਨ ਨੂੰ ਵਰਜਣਾ, ਦਰਅਸਲ ਮਨ ਦੀ ਪ੍ਰਫੁੱਲਤਾ ਦੀ ਮੌਤ ਹੁੰਦੀ ਹੈ।



ਹਾਲੇ ਤਾਂ ਮੈਂ ਆਪਣੇ ਸੱਖਣੇ ਦੀਦਿਆਂ ਵਿਚ ਰਾਂਗਲਾ ਸੁਪਨਈ ਸੰਸਾਰ ਸਿਰਜਣਾ ਏ। ਸੂਹੇ ਰੰਗਾਂ ਨੂੰ ਜੀਵਨ-ਜਾਚ ਦੇ ਨਾਮ ਕਰਨਾ ਏ। ਫੁੱਲਾਂ ਦੀ ਸੁਗੰਧਤ ਆਬੋ-ਹਵਾ ਵਿਚ ਲਬਰੇਜ਼ ਕਰਨਾ ਏ। ਮੇਰੇ ਤੋਂ ਬੇਮੁੱਖ ਹੋਈ ਆਪਣੇ ਹਿੱਸੇ ਦੀ ਜ਼ਿੰਦਗੀ ਨੂੰ ਵਾਪਸ ਪਰਤ ਆਉਣ ਲਈ ਹਾਕ ਮਾਰਨੀ ਏ ਅਤੇ ਅਲਮਸਤੀ ਦੇ ਆਲਮ ਵਿਚ ਜੀਵਨ ਦੇ ਉਨ੍ਹਾਂ ਪਲਾਂ ਨੂੰ ਮਾਨਣਾ ਏ ਜਿਨ੍ਹਾਂ ਦੀ ਮਹਿਰੂਮਤਾ ਅਕਸਰ ਹੀ ਮਨ ਦੇ ਕੋਨੇ ਵਿਚ ਚੀਸ ਪੈਦਾ ਕਰਦੀ ਏ।

ਹਾਲੇ ਤਾਂ ਮੈਂ ਸੋਚ ਦੀ ਰੱਕੜਤਾ ਨੂੰ ਪਾਣੀ ਲਾਉਣਾ ਏ, ਵੱਤਰ ਆਉਣ 'ਤੇ ਵਾਹੁਣਾ ਏ। ਫਿਰ ਇਸ ਵਿਚ ਸੁੱਚੇ ਵਿਚਾਰਾਂ ਦੀ ਫਸਲ ਬੀਜਣੀ ਹੈ ਅਤੇ ਕੂੜ, ਕਪਟ, ਲਾਲਚ, ਕਮੀਨਗੀ ਤੇ ਨਕਾਰਾਤਮਿਕਤਾ ਨਾਲ ਭਰੇ ਹੋਏ ਮਨਾਂ ਦੇ ਭੜੋਲਿਆਂ ਨੂੰ ਬੰਦਿਆਈ ਭਰੇ ਬੋਹਲਾਂ ਦੀ ਸੁਗਾਤ ਅਰਪਿਤ ਕਰਨੀ ਏ।

ਹਾਲੇ ਤਾਂ ਮੈਂ ਕਮਰਿਆਂ ਵਿਚ ਪਸਰੀ ਮਾਤਮੀ ਸੁੰਨ ਨੂੰ ਪਿਆਰੀ ਗੁਫ਼ਤਗੂ ਦਾ ਵਰਦਾਨ ਦੇਣਾ ਹੈ। ਘਰ 'ਚ ਤਣੇ ਹੋਏ ਪਰਦਿਆਂ ਨੂੰ ਲੀਰੋ-ਲੀਰ ਕਰ ਕੇ ਧੁੱਪ ਨੂੰ ਅੰਦਰ ਆਉਣ ਦੀ ਆਗਿਆ ਦੇਣੀ ਹੈ। ਬੰਦ ਰੌਸ਼ਨਦਾਨਾਂ ਤੇ ਖਿੜਕੀਆਂ ਨੂੰ ਹਵਾ ਦੀ ਰਾਜ਼ਦਾਨ ਬਣਾਉਣਾ ਏ। ਚੌਕੇ ਵਿਚ ਉਗੀ ਹੋਈ ਉਦਾਸੀ ਨੂੰ ਉਖਾੜਨਾ ਏ ਅਤੇ ਸੁੱਕੇ ਦਰਾਂ ਨੂੰ ਧੰਦਿਆਈ ਬਖਸ਼ਣੀ ਏ। ਘਰ ਨੂੰ ਘਰ ਦੇ ਅਰਥ ਦੇਣੇ ਨੇ।

ਹਾਲੇ ਤਾਂ ਮੈਂ ਆਪਣੇ ਰੁੱਸੇ ਹੋਏ ਮਿੱਤਰਾਂ ਦੇ ਗਿਲੇ-ਸ਼ਿਕਵੇ ਦੂਰ ਕਰਨੇ, ਮੋਹ-ਗਲਵੱਕੜੀ ਵਿਚ ਪਰਤ ਆਉਣ ਲਈ ਮਨਾਉਣਾ ਏ। ਤੁਰ ਗਏ ਪਿੱਤਰਾਂ ਦੀ ਯਾਦ ਵਿਚ ਖ਼ੁਦ ਨੂੰ ਹੰਝੂਆਂ ਨਾਲ ਧੋਣਾ ਵੀ ਏ ਅਤੇ ਉਨ੍ਹਾਂ ਦੀਆਂ ਨਿਆਮਤਾਂ ਨੂੰ ਸ਼ੁਕਰਗੁਜ਼ਾਰੀ ਦਾ ਨਾਮ ਵੀ ਦੇਣਾ ਏ ਕਿਉਂਕਿ ਅਸੀਂ ਜੋ ਕੁਝ ਵੀ ਹਾਂ ਆਪਣੇ ਬਜ਼ੁਰਗਾਂ ਸਦਕਾ ਹਾਂ। ਉਨ੍ਹਾਂ ਦੀ ਹੋਂਦ ਨਾਲ ਹੀ ਸਾਡੀ ਹੋਂਦ ਜੁੜੀ ਹੁੰਦੀ ਏ। ਹਾਲੇ ਤਾਂ ਮਾਪਿਆਂ ਦੇ ਸੁਪਨਿਆਂ ਦੀ ਤਾਮੀਰਦਾਰੀ ਕਰਨੀ ਹੈ। ਹਾਲੇ ਤਾਂ ਮੈਂ ਬੜਾ ਕੁਝ ਕਰਨਾ ਹੈ। ਹਾਲੇ ਤਾਂ ਮੈਂ ਆਪਣੇ ਆਪ ਨੂੰ ਮਿਲਣਾ ਹੈ।

ਹਾਲੇ ਤਾਂ ਮੈਂ ਨਿੱਕੇ-ਨਿੱਕੇ ਦਾਇਰਿਆਂ ਵਿਚੋਂ ਬਾਹਰ ਨਿਕਲਣਾ ਹੈ, ਮਨ ਦੀ ਸੰਕੀਰਤਨਾ ਨੂੰ ਉਚੇਰੀ ਉਡਾਣ ਦੇਣੀ ਹੈ ਤਾਂ ਕਿ ਉਹ ਖੁੱਲ੍ਹੇ ਅੰਬਰ ਦੀ ਹਾਣੀ ਹੋ ਸਕੇ। ਕੱਟੜਤਾ ਦੀਆਂ ਜ਼ੰਜ਼ੀਰਾਂ ਨੂੰ ਤੋੜਨਾ ਹੈ ਅਤੇ ਸਿਮਟੀ ਸੰਵੇਦਨਾ ਨੂੰ ਸਮੁੰਦਰੀ ਵਿਸ਼ਾਲਤਾ ਜੇਹੀ ਕਰਮਯੋਗਣ ਬਣਾਉਣਾ ਹੈ।

ਹਾਲੇ ਤਾਂ ਮੈਂ ਖੂਹ ਨੂੰ ਜਾਂਦਿਆਂ, ਪਹਿਆਂ ਦੀ ਧੁੱਧਲ ਉਡਾਉਣੀ ਹੈ। ਮੰਡ ਵਿਚ ਪਸ਼ੂ ਚਾਰਦਿਆਂ ਬਿਆਸ ਵਿਚ ਫਿਰ ਤੋਂ ਤਾਰੀਆਂ ਲਾਉਣੀਆਂ ਨੇ। ਢੀਮਾਂ ਮਾਰ ਕੇ ਗਵਾਂਢੀਆਂ ਦੇ ਅੰਬ ਦੇ ਬੂਟੇ ਤੋਂ ਅੰਬ ਤੋੜ ਕੇ ਚੂਪਣੇ ਨੇ। ਵਗਦੀ ਆੜ ਵਿਚੋਂ ਗੰਢੇ ਦੀ ਭੂਕ ਨਾਲ ਪਾਣੀ ਪੀਣਾ ਹੈ ਅਤੇ ਵੱਟ 'ਤੇ ਉਗੇ ਘਾਹ ਨਾਲ ਪੂੰਝ ਕੇ ਗਾਜਰਾਂ ਖਾਣੀਆਂ ਨੇ।

ਹਾਲੇ ਤਾਂ ਮੈਂ ਪੁਰਾਣੀਆਂ ਤੇ ਜ਼ਰਜ਼ਰੀ ਹੋ ਗਈਆਂ ਚਿੱਠੀਆਂ ਦੇ ਸਿਰਨਾਵਿਆਂ ਵਿਚੋਂ ਵਿਸਰੇ ਸੱਜਣਾਂ ਦੇ ਮੁਹਾਂਦਰੇ ਨੂੰ ਕਿਆਸਣਾ ਏ ਅਤੇ ਉਨ੍ਹਾਂ ਸੰਗ ਬਿਤਾਏ ਹਰ ਪਲ ਨੂੰ ਦੁਬਾਰਾ ਜਿਉਣਾ ਹੈ। ਹਾਲੇ ਤਾਂ ਮੈਂ ਬਹੁਤ ਕੁਝ ਕਰਨਾ ਹੈ।

ਹਾਲੇ ਤਾਂ ਮੈਂ ਕੰਧ ਦੇ ਉਖੜੇ ਹੋਏ ਪਲੱਸਤਰਾਂ ਅਤੇ ਲਿਓੜਾਂ 'ਚੋਂ ਕਿਰਦੀ ਮਿੱਟੀ ਦੀ ਗਾਥਾ ਲਿਖਣੀ ਹੈ। ਬਾਪ ਦੀ ਪਾਟੀ ਪੱਗ ਵਿਚੋਂ ਝਾਕਦੀ ਜਟੂਰੀ ਨੂੰ ਮੁਖ਼ਾਤਬ ਹੋਣਾ ਹੈ। ਉਸ ਦੇ ਪੈਰਾਂ ਦੀਆਂ ਬਿਆਈਆਂ ਵਿਚ ਝਾਕਦੇ ਜੀਵਨ ਸੰਘਰਸ਼ ਨੂੰ ਪੜ੍ਹਨਾ ਹੈ। ਮਾਂ ਦੀਆਂ ਚੁੰਨੀਆਂ ਅੱਖਾਂ ਵਿਚ ਲੋਅ ਧਰਨੀ ਹੈ। ਪੁੱਤਾਂ ਨੂੰ ਉਡੀਕਦੇ ਦਰਾਂ 'ਤੇ ਮੁੜ ਪਰਤ ਆਉਣ ਦੀ ਦਸਤਕ ਦੇਣੀ ਹੈ। ਬੁੱਢੇ ਘਰ ਦੇ ਬੰਦ ਦਰਾਂ 'ਤੇ ਤੇਲ ਚੋਣਾ ਤੇ ਪਾਣੀ ਡੋਲਣਾ ਹੈ। ਘਰ ਦੀ ਉਦਾਸੀ ਨੂੰ ਜੀਵਨੀ ਹਾਸੀ ਵਿਚ ਬਦਲਣਾ ਹੈ। ਹਾਲੇ ਤਾਂ ਮੈਂ ਬਹੁਤ ਕੁਝ ਕਰਨਾ ਹੈ।

ਹਾਲੇ ਤਾਂ ਮੈਂ ਮੁੱਨਕਰੀ ਹੰਢਾਉਂਦੇ ਸੁਪਨਿਆਂ ਦੀ ਪੁਨਰ-ਸੁਰਜੀਤੀ ਕਰਨੀ ਹੈ। ਆਪਣੇ ਹਿੱਸੇ ਦਾ ਅੰਬਰ ਤਲਾਸ਼ਣਾ ਹੈ। ਆਪਣੇ ਹਿੱਸੇ ਦੀ ਜ਼ਿੰਦਗੀ ਨੂੰ ਖ਼ੁਸ਼-ਆਮਦੀਦ ਕਹਿਣਾ ਹੈ। ਰੂਹ ਦੀ ਕਸ਼ੀਦਗੀ ਵਿਚੋਂ ਸੁਖਨਤਾ ਅਤੇ ਸਹਿਜਤਾ ਨੂੰ ਨਿਚੋੜ ਕੇ ਪੀਣਾ ਹੈ ਅਤੇ ਰੂਹ-ਰੰਗਤਾ ਸੰਗ ਜੀਣਾ ਹੈ। ਹਾਲੇ ਤਾਂ ਮੈਂ ਬਹੁਤ ਕੁਝ ਕਰਨਾ ਹੈ।

ਹਾਲੇ ਤਾਂ ਮੈਂ ਮੁੜਕੇ ਦੇ ਮੋਤੀਆਂ ਦੀ ਵਰਣਮਾਲਾ ਬਣਾਉਣੀ ਹੈ। ਕਾਮੇ ਦੇ ਪਿੰਡੇ ਵਿਚੋਂ ਆਉਂਦੀ ਮਹਿਕ ਦੀ ਤਵਾਰੀਖ਼ ਲਿਖਣੀ ਹੈ। ਭੁੱਖੇ ਢਿੱਡਾਂ ਦੀ ਵਿਲਕਣੀ ਨੂੰ ਲਿਖਤ ਦਾ ਹਿੱਸਾ ਬਣਾਉਣਾ ਹੈ। ਕੁੱਖ ਵਿਚ ਕਤਲ ਹੋਈਆਂ ਧੀਆਂ ਦੇ ਕੀਰਨਿਆਂ ਨੂੰ ਲਲਕਾਰ ਵਿਚ ਬਦਲਣਾ ਹੈ ਅਤੇ ਤੇਲ ਪਾ ਕੇ ਸਾੜੀਆਂ ਨੂੰਹਾਂ ਦੀ ਚੀਖ਼ ਨੂੰ ਸਹੁਰਿਆਂ ਦੀ ਹਿੱਕ ਵਿਚ ਖੁੱਭਿਆ ਖੰਜਰ ਬਣਾਉਣਾ ਹੈ।

ਹਾਲੇ ਤਾਂ ਮੈਂ ਆਪਣਿਆਂ ਦੀ ਬੇਹੂਦਗੀ ਨੂੰ ਉਲਥਾਉਣਾ ਹੈ ਅਤੇ ਆਪਣਿਆਂ ਵਲੋਂ ਆਪਣਿਆਂ ਦੇ ਕੀਤੇ ਕਤਲਾਂ ਦਾ ਹਿਸਾਬ-ਕਿਤਾਬ ਲਾਉਣਾ ਹੈ। ਗੁੰਮ ਹੋਈ ਅਪਣੱਤ ਦਾ ਮਰਸੀਆ ਲਿਖਣਾ ਅਤੇ ਪਿਆਰ ਦੇ ਨਾਮ 'ਤੇ ਹੋਈ ਧੋਖਾਧੜੀ ਨੂੰ ਤੋਲਣਾ ਹੈ। ਹਾਲੇ ਤਾਂ ਮੈਂ ਬਹੁਤ ਕੁਝ ਕਰਨਾ ਹੈ।

ਹਾਲੇ ਤਾਂ ਮੈਂ ਨੌਜਵਾਨਾਂ ਦੇ ਤਿੜਕੇ ਸੁਪਨਿਆਂ ਦੀ ਚੀਸ ਨੂੰ ਰੋਹ ਦਾ ਹੋਕਰਾ ਬਣਾ ਕੇ ਰਾਜ ਦਰਬਾਰ ਦੇ ਗਲਿਆਰਿਆਂ ਵਿਚ ਜੋਗੀ ਵਾਲੀ ਫੇਰੀ ਲਾਉਣੀ ਹੈ। ਧੀਆਂ-ਧਿਆਣੀਆਂ ਨੂੰ ਮਾਈ ਭਾਗੋ ਵਰਗੀ ਲਲਕਾਰ ਬਣਨ ਲਈ ਉਤਸ਼ਾਹਿਤ ਕਰਨਾ ਏ। ਉਨ੍ਹਾਂ ਦੀ ਸੋਚ ਵਿਚ ਇਹ ਸੱਚ ਧਰਨਾ ਏ ਕਿ ਕੋਈ ਵੀ ਅੰਬਰ ਉਨ੍ਹਾਂ ਲਈ ਵੱਡਾ ਨਹੀਂ ਅਤੇ ਹਰ ਸੁਪਨਾ ਉਨ੍ਹਾਂ ਦਾ ਸੱਚ ਬਣਨ ਲਈ ਕਾਹਲਾ ਹੈ।

ਹਾਲੇ ਤਾਂ ਮੈਂ ਬਜ਼ੁਰਗ ਘਰਾਂ ਵਿਚ ਰੁਲਦੇ ਬੁੱਢੇ ਮਾਪਿਆਂ ਦੀ ਤਰਾਸਦੀ ਨੂੰ ਕੋਰੇ ਵਰਕਿਆਂ 'ਤੇ ਲਿਖਣਾ ਹੈ। ਔਲਾਦ ਦੀ ਬੇਹਯਾਈ ਨੂੰ ਬੇਪਰਦ ਕਰਨਾ ਹੈ। ਪ੍ਰਦੇਸੀ ਮੋਢਾ ਉਡੀਕਦੀ ਅਰਥੀ ਨੂੰ ਸਿਵਿਆਂ ਵਿਚ ਧਰ, ਅੱਗ ਦੇ ਹਵਾਲੇ ਕਰਨਾ ਹੈ। ਜਿਊਂਦੇ ਜੀਅ ਮਰ ਗਏ ਆਪਣਿਆਂ ਦਾ ਫਾਤਿਹਾ ਪੜ੍ਹ ਕੇ ਜੱਗ ਨੂੰ ਸੁਣਾਉਣਾ ਹੈ। ਹਾਲੇ ਤਾਂ ਮੈਂ ਬਹੁਤ ਕੁਝ ਕਰਨਾ ਹੈ।

ਹਾਲੇ ਤਾਂ ਮੈਂ ਜ਼ਿੰਦਗੀ ਨੂੰ ਜ਼ਿੰਦਾਦਿਲੀ ਦਾ ਨਾਮ ਦੇਣਾ ਹੈ। ਹਾਲੇ ਤਾਂ ਮੈ ਦੱਸਣਾ ਹੈ ਕਿ ਉਮਰ ਸਾਲਾਂ 'ਚ ਨਹੀਂ ਮਿਣੀ ਜਾਂਦੀ। ਇਹ ਤਾਂ ਜਿਊਣ ਜੋਗੇ ਪਲਾਂ ਦਾ ਨਾਮ ਹੁੰਦੀ ਹੈ, ਕਰਮਯੋਗਤਾ ਵਿਚੋਂ ਉਗੇ ਸੂਰਜਾਂ ਦਾ ਨਾਮਕਰਣ ਹੁੰਦੀ ਜਿਨ੍ਹਾਂ ਨੇ ਕਈ ਸਦੀਆਂ ਤੀਕ ਰੌਸ਼ਨੀ ਦਾ ਵਣਜ ਕਰਦੇ ਰਹਿਣਾ ਹੁੰਦੈ। ਜਿਊਂਦੇ ਜੀਅ ਮਰਨ ਦਾ ਨਾਮ ਨਹੀਂ ਜੀਵਨ ਸਗੋਂ ਮਰ ਕੇ ਜਿਊਂਦੇ ਹੋਣ ਦੀ ਨਿਸ਼ਾਨੀ ਹੁੰਦੀ ਹੈ ਜ਼ਿੰਦਗੀ।

ਹਾਲੇ ਤਾਂ ਮੈਂ ਕਲਮਕਾਰੀ ਦੇ ਗੁਰ ਸਿੱਖਣੇ ਨੇ ਅਤੇ ਫਿਰ ਕਲਮਕਾਰੀ ਦਾ ਯੁੱਗ ਸਿਰਜਣ ਲਈ ਨਿਮਾਣਾ ਜੇਹਾ ਕਰਮਵੇਤਾ ਬਣਨਾ ਏ। ਹਾਲੇ ਤਾਂ ਮੈਂ ਬਹੁਤ ਕੁਝ ਕਰਨਾ ਹੈ। ਹਾਲੇ ਤਾਂ ਮੈਂ ਮਨ ਦੀਆਂ ਉਨ੍ਹਾਂ ਪਰਤਾਂ ਨੂੰ ਫਰੋਲਣਾ ਹੈ ਜਿਨ੍ਹਾਂ ਤੋਂ ਮੈਂ ਖੁਦ ਹੀ ਬੇਮੁੱਖ ਹਾਂ। ਜੀਵਨ ਦੇ ਵੱਖ-ਵੱਖ ਪੜਾਵਾਂ ਦੀ ਨਿਸ਼ਾਨਦੇਹੀ ਕਰਨੀ ਹੈ। ਰਿਸ਼ਤਿਆਂ ਦੀ ਵਰਣਵੰਡ ਨੂੰ ਨਕਾਰਨਾ ਹੈ। ਮਨੁੱਖੀ ਵਿਵਹਾਰ ਅਤੇ ਵਰਤਾਰਿਆਂ ਦਾ ਵਰਗੀਕਰਨ ਕਰਨਾ ਹੈ। ਹਾਲੇ ਤਾਂ ਮੈਂ ਬਹੁਤ ਕੁਝ ਕਰਨਾ ਹੈ।

ਹਾਲੇ ਤਾਂ ਮੈਂ ਪੱਤਝੜਾਂ ਦੇ ਵਿਹੜੇ ਬਹਾਰਾਂ ਦੀ ਸੱਦ ਲਾਉਣੀ ਹੈ। ਮਾਯੂਸ ਹੋਏ ਵਕਤ ਨੂੰ ਸੰਦਲੀ ਰੁੱਤ ਦਾ ਲਿਬਾਸ ਅਰਪਿਤ ਕਰਨਾ ਏ। ਅੱਧ-ਖਿੜੀਆਂ ਕਲੀਆਂ ਨੂੰ ਖਿੜ ਕੇ ਮਹਿਕਾਂ ਤੇ ਰੰਗ ਵੰਡਣ ਲਈ ਪ੍ਰੇਰਤ ਕਰਨਾ ਹੈ। ਬਾਗ ਦੀ ਵੈਰਾਨਗੀ ਦੇ ਨਾਮ ਹਰਿਆਵਲ ਕਰਨੀ ਹੈ। ਹਾਲੇ ਤਾਂ ਮੈਂ ਬਹੁਤ ਕੁਝ ਕਰਨਾ ਹੈ।

ਹਾਲੇ ਤਾਂ ਮੈਂ ਆਪਣੇ ਹਿੱਸੇ ਦੀ ਜ਼ਿੰਦਗੀ ਨੂੰ ਜਿਊਣਾ ਏ। ਉਨ੍ਹਾਂ ਪਲਾਂ ਨੂੰ ਮਾਨਣਾ ਏ ਜਿਸਦੀ ਮੁੱਨਕਰੀ ਨੇ ਮੈਨੂੰ ਖ਼ੁਦ ਦਾ ਮੁਥਾਜੀ ਬਣਾ ਛੱਡਿਆ। ਗਲਵੱਕੜੀਆਂ ਦੇ ਮੌਸਮ ਨੂੰ ਬਰੂਹਾਂ 'ਤੇ ਉਤਾਰਨਾ ਏ। ਸੁੰਨੇ ਬਨੇਰਿਆਂ 'ਤੇ ਮੋਹ ਦੇ ਚਿਰਾਗ ਜਗਾਉਣੇ ਨੇ। ਹਾਲੇ ਤਾਂ ਮੈਂ ਆਪਣੇ ਅੰਦਰ ਉਤਰਨਾ ਹੈ। ਆਪਣੇ ਆਪ ਨੂੰ ਮਿਲਣਾ ਹੈ ਕਿਉਂਕਿ ਆਪਣੇ ਆਪ ਨੂੰ ਮਿਲਣ ਲਈ ਕਈ ਵਾਰ ਉਮਰ ਹੀ ਬੀਤ ਜਾਂਦੀ ਹੈ ਅਤੇ ਬਹੁਤੀ ਵਾਰ ਅਸੀਂ ਖ਼ੁਦ ਨੂੰ ਮਿਲਿਆਂ ਬਗੈਰ ਹੀ ਆਖ਼ਰੀ ਸਫ਼ਰ 'ਤੇ ਤੁਰ ਪੈਂਦੇ। ਦਰਅਸਲ ਆਪੇ ਨੂੰ ਮਿਲ ਕੇ ਹੀ ਅਸੀਂ ਸੰਪੂਰਨਤਾ ਦੇ ਰਾਹੀ ਬਣਦੇ ਹਾਂ। ਆਪੇ ਨੂੰ ਜਾਗਣ ਤੇ ਜਗਾਉਣ ਦੇ ਕਾਬਲ ਹੁੰਦੇ ਹਾਂ ਜੋ ਸਾਥੋਂ ਹੀ ਮੁਨਕਰ ਹੋਇਆ ਹੁੰਦਾ।

ਹਾਲੇ ਤਾਂ ਮੈਂ ਸਫ਼ਰ 'ਤੇ ਤੁਰਨਾ ਹੈ। ਹਾਲੇ ਤਾਂ ਮੈਂ ਬਹੁਤ ਕੁਝ ਕਰਨਾ ਹੈ। ਹਾਲੇ ਤਾਂ ਮੈਂ ਖ਼ੁਦ ਨੂੰ ਮਿਲਣਾ ਹੈ।

## ਬਿਖੜੇ ਪੈਂਡੇ ਮੰਜ਼ਿਲਾਂ ਦੇ

ਕਿੰਝ ਛੱਤੇ ਆ ਚੁਬਾਰੇ ਇਹ,
ਬਨੇਰਿਆ ਨੂੰ ਪਤਾ ਏ
ਕਿਵੇਂ ਲੱਗੇ ਆਂ ਕਿਨਾਰੇ ਅਸੀਂ,
ਬੇੜਿਆਂ ਨੂੰ ਪਤਾ ਏ।

ਕਿਵੇਂ ਚਮਕੇ ਸਿਤਾਰੇ,
ਰਾਤਾਂ ਕਾਲੀਆਂ ਗਵਾਹ ਨੇ
ਚੜ੍ਹੇ ਸੂਰਜਾਂ ਦੇ ਬਾਰੇ ਤਾਂ,
ਸਵੇਰਿਆਂ ਨੂੰ ਪਤਾ ਏ।

ਸਾਡੇ ਪੈਰਾਂ ਦੇ ਵਿਚ,
ਛਾਲੇ ਕਿੰਨੇ ਪਏ ਸੀ
ਤੇਰੇ ਸ਼ਹਿਰ ਵੱਲ ਵੱਜੇ ਹੋਏ,
ਗੇੜਿਆਂ ਨੂੰ ਪਤਾ ਏ।

ਵਾਰ ਵਾਰ ਡਿੱਗ ਕਿਵੇਂ,
ਉਠੇ ਆਂ ਜ਼ਮੀਨ ਤੋਂ
ਨਾਲ ਔਕੜਾਂ ਦੇ ਲੜੇ ਸਾਡੇ,
ਜੇਰਿਆਂ ਨੂੰ ਪਤਾ ਏ।

ਅਸੀਂ ਮੰਜ਼ਿਲਾਂ 'ਤੇ ਪੁੱਜੇ ਕਿਵੇਂ,
ਕੰਡਿਆਂ ਨੂੰ ਮਿੱਧ ਕੇ
ਸਿਰਾਂ ਉੱਤੇ ਸਜੇ ਹੋਏ,
ਸਿਹਰਿਆਂ ਨੂੰ ਪਤਾ ਏ।

ਕੀਹਨੇ ਲਾਈਆਂ ਮੱਲਮਾਂ ਤੇ
ਕੀਹਨੇ ਲੂਣ ਭੁੱਕੇ ਆ
ਸਾਹੋਤੇਆ ਕਹਾਣੀ ਫੱਟਾਂ,
ਮੇਰਿਆਂ ਨੂੰ ਪਤਾ ਏ।

*-ਕੁਲਵੀਰ ਸਿੰਘ ਡਾਨਸੀਵਾਲ*
*ਫੋਨ: 778 863 2472*

# ਰਿਸ਼ੀ ਚਿੱਤਰਕਾਰ ਸੋਭਾ ਸਿੰਘ ਸੰਗ ਵਿਚਰਦਿਆਂ

***ਕੈਨੇਡਾ ਵੱਸਦੇ ਲਿਖਾਰੀ ਜਰਨੈਲ ਸਿੰਘ ਸੇਖਾ ਮੂਲ ਰੂਪ ਵਿਚ ਨਾਵਲਕਾਰ ਹਨ। ਉਨ੍ਹਾਂ ਦੇ ਨਾਵਲਾਂ ਵਿਚ ਚੜ੍ਹਦੇ ਪੰਜਾਬ ਅਤੇ ਕੈਨੇਡਾ ਦੇ ਜੀਵਨ ਬਿਰਤਾਂਤ ਝਾਤੀਆਂ ਮਾਰਦੇ ਹਨ। ਪਿਛਲੇ ਕੁਝ ਸਮੇਂ ਦੌਰਾਨ ਉਨ੍ਹਾਂ ਆਪਣੀ ਸਵੈ-ਜੀਵਨੀ ਰਾਹੀਂ ਆਪਣੇ ਦੌਰ ਵਾਲੇ ਪੰਜਾਬ ਦੇ ਕੁਝ ਵਰਕੇ ਫਰੋਲੇ ਹਨ। 'ਪੰਜਾਬ ਟਾਈਮਜ਼' ਲਈ ਉਨ੍ਹਾਂ ਉੱਘੇ ਚਿੱਤਰਕਾਰ ਸੋਭਾ ਸਿੰਘ ਬਾਰੇ ਲੰਮਾ ਲੇਖ ਭੇਜਿਆ ਹੈ ਜਿਸ ਵਿਚ ਚਿੱਤਰਕਾਰ ਦੇ ਜੀਵਨ ਅਤੇ ਕਲਾ ਬਾਰੇ ਕੁਝ ਖਾਸ ਗੱਲਾਂ ਦਾ ਜ਼ਿਕਰ ਹੋਇਆ ਮਿਲਦਾ ਹੈ। ਪਾਠਕਾਂ ਲਈ ਇਸ ਲੰਮੇ ਲੇਖ ਦੀ ਪਹਿਲੀ ਕਿਸ਼ਤ ਹਾਜ਼ਰ ਹੈ।***

1959 ਵਿਚ ਮੇਰੇ ਦੋਸਤ ਪ੍ਰੀਤਮ ਬਰਾੜ ਪੱਤੋ ਦੀ ਰਹਾਇਸ਼ 'ਤੇ ਮਿਲਿਆ ਹਰਬੀਰ ਸਿੰਘ ਭੰਵਰ ਕੁਝ ਕੁ ਮਿਲਣੀਆਂ ਵਿਚ ਮੇਰਾ ਹੀ ਦੋਸਤ ਬਣ ਗਿਆ। ਉਹ ਬਹੁਤ ਵਧੀਆ ਚਿੱਤਰਕਾਰ ਹੋਣ ਕਾਰਨ ਅਸੀਂ ਉਸ ਕੋਲੋਂ ਆਪਣੇ ਸਕੂਲਾਂ ਦੀਆਂ ਇਮਾਰਤਾਂ ਉਪਰ ਮਾਟੋ ਵੀ ਲਿਖਵਾਏ ਅਤੇ ਉਸ ਨੇ ਸਾਨੂੰ ਆਪਣੀ ਪਸੰਦ ਦਾ ਇਕ-ਇਕ ਧਰਤ ਚਿੱਤਰ ਵੀ ਬਣਾ ਕੇ ਦਿੱਤਾ। ਉਸ ਨੇ ਪ੍ਰੀਤਮ ਬਰਾੜ ਦੀ ਇਕ ਕਵਿਤਾ ਦੇ ਭਾਵ ਨੂੰ ਪ੍ਰਗਟਾਉਂਦਾ ਚਿੱਤਰ ਜਿਸ ਨੂੰ ਜਾਪਾਨੀ ਭਾਸ਼ਾ ਵਿਚ 'ਹਾਇਗਾ' ਕਹਿੰਦੇ ਹਨ, ਬਣਾਇਆ। ਉਹ ਪ੍ਰੀਤਮ ਬਰਾੜ ਦੇ ਕਾਵਿ ਸੰਗ੍ਰਹਿ 'ਚੇਤਨ ਲਹਿਰਾਂ' ਵਿਚ ਦਰਜ ਹੈ। ਉਸ ਅੰਦਰ ਚੰਗਾ ਚਿੱਤਰਕਾਰ ਬਣਨ ਦੀਆਂ ਸੰਭਾਵਨਾਵਾਂ ਸਨ। ਅਸੀਂ ਉਸ ਨੂੰ ਸਲਾਹ ਦਿੱਤੀ, "ਜੇ ਤੂੰ ਆਪਣੀ ਚਿੱਤਰ ਕਲਾ ਨੂੰ ਹੋਰ ਨਿਖਾਰਨਾ ਚਾਹੁੰਦਾ ਹੈਂ ਤਾਂ ਤੈਨੂੰ ਕਿਸੇ ਨਾਮਵਰ ਚਿੱਤਰਕਾਰ ਤੋਂ ਸਿਖਲਾਈ ਲੈਣੀ ਚਾਹੀਦੀ ਹੈ।"



ਉਸ ਨੇ ਬਹੁਤ ਸਾਰੇ ਚਿੱਤਰਕਾਰਾਂ ਨੂੰ ਚਿੱਠੀਆਂ ਲਿਖੀਆਂ ਪਰ ਇਕ ਚਿੱਤਰਕਾਰ ਤੋਂ ਬਿਨਾਂ ਕਿਸੇ ਨੇ ਉਸ ਦੀ ਚਿੱਠੀ ਦਾ ਜਵਾਬ ਦੇਣ ਦੀ ਵੀ ਖੇਚਲ ਨਾ ਕੀਤੀ।

**ਜਰਨੈਲ ਸਿੰਘ ਸੇਖਾ**

ਜਿਸ ਚਿੱਤਰਕਾਰ ਨੇ ਚਿੱਠੀ ਦਾ ਜਵਾਬ ਦਿੱਤਾ, ਉਹ ਸੋਭਾ ਸਿੰਘ ਸਨ ਜਿਹੜੇ ਕਾਂਗੜਾ ਵਾਦੀ ਦੇ ਪਿੰਡ ਅੰਦਰੇਟਾ ਵਿਚ ਰਹਿੰਦੇ ਸਨ। ਉਨ੍ਹਾਂ ਲਿਖਿਆ: "ਤੁਹਾਡਾ ਖ਼ਤ ਮਿਲਿਆ। ਮੈਂ ਮਜ਼ਦੂਰ ਆਦਮੀ ਹਾਂ, ਉਸਤਾਦ ਨਹੀਂ; ਤੁਸੀ ਮੈਨੂੰ ਕੰਮ ਕਰਦਿਆਂ ਦੇਖ ਸਕਦੇ ਹੋ, ਚਿੱਤਰਕਾਰੀ ਬਾਰੇ ਜੋ ਵੀ ਜਾਣਕਾਰੀ ਮੈਂ ਦੇ ਸਕਦਾ ਹਾਂ, ਜ਼ਰੂਰ ਦਿਆਂਗਾ। ਰਿਹਾਇਸ਼ ਆਦਿ ਦਾ ਪ੍ਰਬੰਧ ਤੁਹਾਨੂੰ ਖੁਦ ਕਰਨਾ ਹੋਏਗਾ।"

ਚਿੱਠੀ ਤੋਂ ਉਤਸ਼ਾਹਿਤ ਹੋ ਕੇ ਪਹਿਲਾਂ ਉਹ ਗਰਮੀਆਂ ਦੀਆਂ ਛੁੱਟੀਆਂ ਵਿਚ ਦੋ ਮਹੀਨੇ ਉਨ੍ਹਾਂ ਕੋਲ ਰਿਹਾ। ਉਸ ਨੂੰ ਉਥੋਂ ਦਾ ਮਾਹੌਲ ਇੰਨਾ ਚੰਗਾ ਲੱਗਿਆ ਕਿ ਉਹ ਆਪਣੀ ਬਦਲੀ ਕਰਵਾ ਕੇ ਪੱਕਾ ਹੀ ਉਨ੍ਹਾਂ ਕੋਲ ਚਲਾ ਗਿਆ। ਉਸ ਦੇ ਅੰਦਰੇਟੇ ਜਾਣ ਨਾਲ ਸਾਡਾ ਵੀ ਅੰਦਰੇਟੇ ਜਾਣ ਦਾ ਰਾਹ ਖੁੱਲ੍ਹ ਗਿਆ ਜਿਸ ਕਾਰਨ ਸੋਭਾ ਸਿੰਘ ਦੇ ਦਰਸ਼ਨ ਕਰਨ ਅਤੇ ਉਨ੍ਹਾਂ ਦੇ ਨੇੜੇ ਹੋਣ ਦਾ ਵੀ ਸੁਭਾਗ ਪ੍ਰਾਪਤ ਹੋਇਆ ਅਤੇ ਕੁਦਰਤ ਦੀ ਗੋਦ ਵਿਚ ਬਹਿ ਕੇ ਉਥੋਂ ਦੀਆਂ ਛੇ ਰੁੱਤਾਂ ਦਾ ਅਨੰਦ ਮਾਣਨ ਦਾ ਅਨੰਦ ਵੀ ਲਿਆ।


ਜਦੋਂ ਹਰਬੀਰ ਭੰਵਰ ਨੇ ਕਾਂਗੜਾ ਵਾਦੀ ਦੀ ਸੁੰਦਰਤਾ ਬਿਆਨ ਕਰਦੀ ਪਹਿਲੀ ਚਿੱਠੀ ਲਿਖੀ ਅਤੇ ਨਾਲ ਹੀ ਅੰਦਰੇਟੇ ਆਉਣ ਦਾ ਸੱਦਾ ਦਿੱਤਾ ਤਾਂ ਮੈਂ 1963 ਵਿਚ ਗਰਮੀ ਦੀਆਂ ਛੁੱਟੀਆਂ ਸਮੇਂ ਉਸ ਨੂੰ ਮਿਲਣ ਚਲਾ ਗਿਆ। ਹਰਬੀਰ ਭੰਵਰ ਦਾਰ ਜੀ ਦੇ ਗੁਆਂਢ, ਪੰਡਤ ਮੰਗਤ ਰਾਮ ਜੀ ਦੇ ਮਕਾਨ ਵਿਚ ਰਹਿੰਦਾ ਸੀ ਪਰ ਉਸ ਨੇ 'ਜੀ ਆਇਆਂ' ਮੈਨੂੰ ਸੋਭਾ ਸਿੰਘ ਦੀ ਕੁਟੀਆ ਦੇ ਬੂਹੇ ਵਿਚ ਕਿਹਾ ਅਤੇ ਉਨ੍ਹਾਂ ਦੇ ਸਟੂਡੀਉ ਅੰਦਰ ਲੈ ਗਿਆ। ਦਾਰ ਜੀ ਨੇ ਉਸ ਨੂੰ ਕਿਹਾ ਹੋਇਆ ਸੀ ਕਿ ਆਪਣੇ ਦੋਸਤ ਨੂੰ ਪਹਿਲਾਂ ਇਧਰ ਹੀ ਲੈ ਆਵੀਂ। ਉਦੋਂ ਦੋ ਘੰਟੇ ਉਨ੍ਹਾਂ ਦੀ ਸੰਗਤ ਮਾਣੀ। ਉਨ੍ਹਾਂ ਦੀ ਟੈਗੋਰ ਵਰਗੀ ਸੂਰਤ ਦੇਖ ਕੇ ਮੈਨੂੰ ਜਾਪਿਆ ਜਿਵੇਂ ਕੋਈ ਰਿਸ਼ੀ ਸਮਾਧੀ ਵਿਚ ਬੈਠਾ ਹੋਵੇ। ਹਰਬੀਰ ਭੰਵਰ ਉਨ੍ਹਾਂ ਨੂੰ 'ਦਾਰ ਜੀ' ਕਹਿ ਕੇ ਬੁਲਾਉਂਦਾ ਸੀ। ਉਹਦੀ ਰੀਸ ਨਾਲ ਮੈਂ ਵੀ ਦਾਰ ਜੀ ਕਹਿ ਕੇ ਉਨ੍ਹਾਂ ਨਾਲ ਗੱਲ ਕਰਦਾ।

ਜ਼ਿੰਦਗੀ ਵਿਚ ਕਈ ਅਜਿਹੇ ਸ਼ਖਸ ਆਉਂਦੇ ਹਨ ਜਿਹੜੇ ਪਹਿਲੀ ਮਿਲਣੀ 'ਤੇ ਹੀ ਆਪਣੀ ਸ਼ਖਸੀਅਤ ਦੀ ਛਾਪ ਛੱਡ ਜਾਂਦੇ ਹਨ, ਸੋਭਾ ਸਿੰਘ ਵੀ ਅਜਿਹੇ ਸ਼ਖਸਾਂ ਵਿਚੋਂ ਸਨ। ਆਪਣੇ ਕੋਲ ਬੈਠਿਆਂ ਨੂੰ ਉਹ ਇਹ ਮਹਿਸੂਸ ਨਹੀਂ ਹੋਣ ਦਿੰਦੇ ਸਨ ਕਿ ਤੁਸੀਂ ਕਿਸੇ ਉਚ ਸ਼ਖਸੀਅਤ ਦੀ ਸ਼ਰਨ ਵਿਚ ਬੈਠੇ ਹੋ। ਉਨ੍ਹਾਂ ਨਾਲ ਗੱਲਾਂ ਕਰਦਿਆਂ ਤੁਹਾਨੂੰ ਇਹ ਅਨੁਭਵ ਹੋਵੇਗਾ ਕਿ ਇਹ ਬੰਦਾ ਤਾਂ ਸਾਡੇ ਤਾਇਆਂ ਚਾਚਿਆਂ ਵਿਚੋਂ ਹੀ ਹੈ। ਉਹ ਆਏ ਅਤਿਥੀ ਵੱਲ ਪੂਰਾ ਧਿਆਨ ਦਿੰਦੇ। ਹਰ ਇਕ ਨੂੰ ਤੁਸੀਂ ਕਹਿ ਕੇ ਬੁਲਾਉਂਦੇ। ਉਹ ਤਾਂ ਬੱਚੇ ਲਈ ਵੀ 'ਤੁਸੀਂ' ਸ਼ਬਦ ਵਰਤਦੇ। ਉਹ ਆਪਣੇ ਗੂੜ੍ਹੇ ਦੋਸਤ ਪੰਡਤ ਮੰਗਤ ਰਾਮ ਜੀ ਨੂੰ ਹੀ 'ਤੂੰ' ਕਹਿ ਕੇ ਸੰਬੋਧਨ ਹੁੰਦੇ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਰੱਬ ਅਤੇ ਆਪਣੇ ਦਿਲੀ ਦੋਸਤ ਤੋਂ ਬਿਨਾਂ ਹੋਰਾਂ ਨੂੰ 'ਤੁਸੀਂ' ਕਹਿਣਾ ਬਣਦਾ ਹੈ। ਉਹ ਬਾਲੜੀ ਤੋਂ ਵਡੇਰੀ ਉਮਰ ਤਕ ਦੀ ਔਰਤ ਨੂੰ 'ਤੁਸੀਂ' ਅਤੇ 'ਬੀਬੀ ਜੀ' ਕਹਿ ਕੇ ਸੰਬੋਧਨ ਹੁੰਦੇ ਸਨ। ਉਹ ਕਹਿੰਦੇ ਹੁੰਦੇ ਸਨ ਕਿ 'ਬੀਬੀ' ਸਤਿਕਾਰ ਵਾਲਾ ਅਜਿਹਾ ਸ਼ਬਦ ਹੈ ਜਿਹੜਾ ਹਰ ਉਮਰ ਦੀ ਇਸਤਰੀ ਲਈ ਵਰਤਿਆ ਜਾ ਸਕਦਾ ਹੈ। ਉਹ ਕਿਸੇ ਨੂੰ ਛਟਿਆਉਣ ਦੇ ਹੱਕ ਵਿਚ ਨਹੀਂ ਸਨ। ਉਹ ਤਾਂ ਕਿਸੇ ਦੀ ਗਲਤੀ ਦਾ ਉਸ ਨੂੰ ਅਹਿਸਾਸ ਕਰਵਾਉਣ ਨੂੰ ਵੀ ਚੰਗਾ ਨਹੀਂ ਸੀ ਸਮਝਦੇ। ਉਨ੍ਹਾਂ ਦਾ ਕਹਿਣਾ ਸੀ, "ਕਿਸੇ ਦੀ ਗਲਤੀ 'ਤੇ ਅੱਖ ਨਾ ਧਰੋ, ਸ਼ਰਮਿੰਦਿਆਂ ਨਾ ਕਰੋ, ਠਿੱਠ ਨਾ ਕਰੋ ਸਗੋਂ ਜੇ ਹੋ ਸਕੇ ਤਾਂ ਆਪਣੀ ਕੋਈ ਉਸ ਤੋਂ ਵੀ ਵਧੇਰੇ ਬੇਵਕੂਫੀ ਸੁਣਾ ਕੇ ਉਸ ਦੀ ਬੇਵਕੂਫੀ ਛੁਟਿਆ ਦਿਉ ਤਾਂ ਜੋ ਉਹ ਸ਼ਰਮਿੰਦਾ ਹੋਣ ਦੀ ਥਾਂ ਉਸ 'ਤੇ ਹੱਸ ਛੱਡੇ।"

ਉਨ੍ਹਾਂ ਦੇ ਵਡੱਪਣ ਦੀ ਗੱਲ ਯਾਦ ਆ ਗਈ। ਹਰਬੀਰ ਕੋਲੋਂ ਚਾਰਟ ਬਣਾਉਣ ਲਈ ਮੈਂ ਆਪਣੇ ਨਾਲ ਕੁਝ ਡਰਾਇੰਗ ਸ਼ੀਟਾਂ ਲੈ ਗਿਆ ਸੀ। ਇਕ ਦਿਨ ਅਸੀਂ ਸਵੇਰ ਵੇਲੇ ਦਾਰ ਜੀ ਨੂੰ ਨਮਸਕਾਰ ਬੁਲਾ ਕੇ ਛੇਤੀ ਹੀ ਵਾਪਸ ਆ ਗਏ ਅਤੇ ਆ ਕੇ ਚਾਰਟ ਬਣਾਉਣੇ ਸ਼ੁਰੂ ਕਰ ਦਿੱਤੇ। ਇਕ ਚਾਰਟ 'ਤੇ ਹਰਬੀਰ ਗੁਰਮੁਖੀ ਦੀ ਪੈਂਤੀ ਲਿਖ ਰਿਹਾ ਸੀ ਜਿਨ੍ਹਾਂ ਦੇ ਸਟੈਂਸਲ ਕੱਟ ਕੇ ਗੱਤੇ ਉਪਰ ਚਿਪਕਾਉਣੇ ਸਨ ਤਾਂ ਜੋ ਸਕੂਲ ਦੀਆਂ ਕੰਧਾਂ ਉਪਰ ਮਾਟੋ ਲਿਖੇ ਜਾ ਸਕਣ। ਹਰਬੀਰ ਨੇ ਤਿੰਨ ਇੰਚ ਆਕਾਰ ਦੇ ਅੱਖਰਾਂ ਦਾ ਚਾਰਟ ਮੰਜੇ ਉਪਰ ਰੱਖ ਦਿੱਤਾ ਸੀ ਅਤੇ ਪੰਜ ਇੰਚ ਦੇ ਅੱਖਰ ਲਿਖ ਰਿਹਾ ਸੀ। ਮੈਂ ਇਕ ਚਾਰਟ 'ਤੇ ਵੱਡੀ ਫੱਟੀ ਨਾਲ ਲਕੀਰਾਂ ਮਾਰ ਰਿਹਾ ਸਾਂ ਕਿ ਦਾਰ ਜੀ ਸਾਡੇ ਪਿੱਛੇ ਆ ਖੜ੍ਹੇ ਹੋ ਗਏ ਅਤੇ ਬੋਲੇ, "ਹਾਂ ਜੀ! ਇਹ ਕੀ ਬਣਾਇਆ ਜਾ ਰਿਹੈ?"

"ਦਾਰ ਜੀ, ਜਰਨੈਲ ਦੇ ਸਕੂਲ ਲਈ ਚਾਰਟ ਤਿਆਰ ਕਰ ਰਹੇ ਹਾਂ। ਅਹਿ ਅੱਖਰ ਸਟੈਂਸਲਾਂ ਵਾਸਤੇ ਲਿਖੇ ਹਨ।" ਹਰਬੀਰ ਨੇ ਇਕ ਚਾਰਟ ਵੱਲ ਇਸ਼ਾਰਾ ਕੀਤਾ।

ਦਾਰ ਜੀ ਕੁਝ ਚਿਰ ਉਸ ਚਾਰਟ ਵੱਲ ਦੇਖਦੇ ਰਹੇ, ਫਿਰ ਪੈਨਸਲ ਫੜ ਕੇ ਉਨ੍ਹਾਂ ਅੱਖਰਾਂ ਨੂੰ ਕੁਝ ਮਿੰਟਾਂ ਵਿਚ ਹੀ ਵੱਖਰੀ ਸ਼ੈਲੀ ਵਿਚ ਵਾਹ ਦਿੱਤਾ। ਉਨ੍ਹਾਂ ਦਾ ਕਹਿਣਾ ਸੀ, "ਡੱਬੀਆਂ ਵਾਹ ਕੇ ਤਾਂ ਇਹ ਕੰਮ ਉਥੇ ਸਕੂਲ ਵਿਚ ਵੀ ਕੀਤਾ ਜਾ ਸਕਦਾ ਸੀ; ਕੋਈ ਵੀ ਵਸਤ ਬਣਾਉ, ਉਹ ਆਮ ਵਸਤਾਂ ਤੋਂ ਵੱਖਰੀ ਦਿਸਣੀ ਚਾਹੀਦੀ ਹੈ।"



ਸੋਭਾ ਸਿੰਘ

ਦਾਰ ਜੀ ਹੱਥਾਂ ਨਾਲ ਵਾਹੇ ਅੱਖਰ ਮੇਰੇ ਲਈ ਨਾਯਾਬ ਤੋਹਫਾ ਸਨ। ਉਹ ਚਾਰਟ ਮੈਂ ਉਸੇ ਤਰ੍ਹਾਂ ਹੀ ਬਗ਼ੈਰ ਕਿਸੇ ਲਕੀਰ ਛੇੜਿਆਂ ਪਿੰਡ ਲੈ ਗਿਆ ਅਤੇ ਬੜਾ ਸਮਾਂ ਸੰਭਾਲ ਕੇ ਰੱਖਿਆ, ਫਿਰ ਮੈਨੂੰ ਪਤਾ ਹੀ ਨਹੀਂ ਲੱਗਿਆ ਕਿ ਉਹ ਚਾਰਟ ਘਰ ਵਿਚੋਂ ਕਿਧਰ ਚਲਾ ਗਿਆ!

ਮੈਂ ਜਦੋਂ ਵੀ ਦਾਰ ਜੀ ਨੂੰ ਮਿਲਿਆ, ਉਨ੍ਹਾਂ ਨੂੰ ਸਹਿਜ ਅਵਸਥਾ ਵਿਚ ਵਿਚਰਦੇ ਦੇਖਿਆ। ਉਨ੍ਹਾਂ ਦੇ ਸਰੀਰ ਉਪਰ ਤਾਂ ਰੁੱਤਾਂ ਅਸਰ ਅੰਦਾਜ਼ ਹੁੰਦੀਆਂ ਦੇਖੀਆਂ ਪਰ ਇਹ ਰੁੱਤਾਂ ਉਨ੍ਹਾਂ ਦੇ ਸੁਭਾਅ ਉਪਰ ਕੋਈ ਅਸਰ ਨਹੀਂ ਪਾ ਸਕੀਆਂ। ਉਨ੍ਹਾਂ ਦਾ ਸੁਭਾਅ ਤਾਂ 'ਦੁਖ ਸੁਖ ਦੋਊ ਸਮ ਕਰਿ ਜਾਨੈ' ਅਨੁਸਾਰ ਦੁੱਖ ਦੇ ਸਮੇਂ ਵੀ ਉਨ੍ਹਾਂ ਦੇ ਚਿਹਰੇ ਉਪਰ ਉਦਾਸੀ ਦੀ ਪਰਤ ਨਹੀਂ ਸੀ ਦਿਸਦੀ। ਇਸ ਦੀ ਮਿਸਾਲ ਉਨ੍ਹਾਂ ਦੀ ਪਤਨੀ ਦੀ ਮੌਤ ਬਾਰੇ ਦਿੱਤੀ ਜਾ ਸਕਦੀ ਹੈ। 16 ਜਨਵਰੀ, 1967 ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਤੀਜੀ ਜਨਮ ਸ਼ਤਾਬਦੀ ਨਵੇਂ ਬਣਿਆ ਪ੍ਰਦੇਸ਼ ਹਰਿਆਣਾ ਅਤੇ ਪੰਜਾਬ ਮਿਲ ਕੇ ਚੰਡੀਗੜ੍ਹ ਵਿਚ ਮਨਾਈ ਰਹੇ ਸੀ ਜਿਸ ਵਿਚ ਸੋਭਾ ਸਿੰਘ ਦੀ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਬਣਾਈ ਤਸਵੀਰ ਪ੍ਰਦਰਸ਼ਿਤ ਹੋਣੀ ਸੀ। ਉਹ ਤਸਵੀਰ ਲੈ ਕੇ ਚੰਡੀਗੜ੍ਹ ਚਲੇ ਗਏ। ਪਿੱਛੋਂ ਉਨ੍ਹਾਂ ਦੀ ਪਤਨੀ ਇੰਦਰ ਕੌਰ ਅਕਾਲ ਚਲਾਣਾ ਕਰ ਗਏ। ਉਨ੍ਹਾਂ ਨੂੰ ਇਹ ਮਨਹੂਸ ਸੁਨੇਹਾ ਉਥੇ ਹੀ ਮਿਲਿਆ। ਉਨ੍ਹਾਂ ਹੋਰ ਕਿਸੇ ਨੂੰ ਇਸ ਖ਼ਬਰ ਦਾ ਪਤਾ ਵੀ ਨਹੀਂ ਲੱਗਣ ਦਿੱਤਾ ਅਤੇ ਵਾਪਸੀ ਸੁਨੇਹਾ ਦੇ ਦਿੱਤਾ ਕਿ ਉਹ ਸਮੇਂ ਸਿਰ ਪਹੁੰਚ ਨਹੀਂ ਸਕਦੇ, ਉਨ੍ਹਾਂ ਦੀ ਪਤਨੀ ਦਾ ਸਸਕਾਰ ਕਰ ਦਿੱਤਾ ਜਾਵੇ। ਸੋਭਾ ਸਿੰਘ ਦੀ ਗ਼ੈਰ-ਹਾਜ਼ਰੀ ਵਿਚ ਹਰਬੀਰ ਸਿੰਘ ਭੰਵਰ, ਭੰਵਰ ਦੀ ਪਤਨੀ ਗੁਰਚਰਨ ਕੌਰ (ਜਿਸ ਨੂੰ ਬਾਅਦ ਸੋਭਾ ਸਿੰਘ ਨੇ ਆਪਣੀ ਵਾਰਸ ਧੀ ਬਣਾ ਲਿਆ ਸੀ) ਨੇ ਪਤਵੰਤੇ ਪਿੰਡ ਵਾਸੀਆਂ ਦੀ ਸਹਾਇਤਾ ਨਾਲ ਮਾਤਾ ਦੀਆਂ ਅੰਤਮ ਰਸਮਾਂ ਪੂਰੀਆਂ ਕੀਤੀਆਂ। ਮਾਤਾ ਜੀ ਦੀ ਚਿਤਾ ਨੂੰ ਅਗਨੀ ਹਰਬੀਰ ਭੰਵਰ ਨੇ ਦਿਖਾਈ। ਅਗਲੇ ਦਿਨ ਜਦੋਂ ਸੋਭਾ ਸਿੰਘ ਅੰਦਰੇਟੇ ਪਹੁੰਚੇ ਤਾਂ ਉਹ ਬਹੁਤ ਸਹਿਜ ਅਵਸਥਾ ਵਿਚ ਸਨ। ਫਿਰ ਉਥੋਂ ਹੀ ਸ਼ਮਸ਼ਾਨ ਘਾਟ ਗਏ ਤੇ ਚਿਤਾ ਦੇ ਸਾਹਮਣੇ ਖੜ੍ਹ ਕੇ ਅਰਦਾਸ ਕੀਤੀ ਅਤੇ ਇਹ ਕਹਿ ਕੇ ਵਾਪਸ ਆ ਗਏ, "ਅੱਛਾ! ਆਪਣਾ ਇੰਨਾ ਹੀ ਸਾਥ ਸੀ। ਜੇ ਇਕ ਦਿਨ ਹੋਰ ਉਡੀਕ ਲਿਆ ਹੁੰਦਾ!" ਬੀਬੀ ਇੰਦਰ ਕੌਰ ਦੀ ਕੁੱਖੋਂ ਕੋਈ ਬੱਚਾ ਪੈਦਾ ਨਹੀਂ ਸੀ ਹੋਇਆ। ਉਹ ਆਪਣੀਆਂ ਭੈਣਾਂ ਦੇ ਕਿਸੇ ਬੱਚੇ ਨੂੰ ਗੋਦ ਲੈਣਾ ਚਾਹੁੰਦੇ ਸਨ। ਬੱਚੇ ਦੀ ਚਾਹਤ ਤਾਂ ਦਾਰ ਜੀ ਦੇ ਮਨ ਵਿਚ ਵੀ ਹੋਵੇਗੀ ਪਰ ਉਹ ਕਿਸੇ ਹੋਰ ਦਾ ਬੱਚਾ ਗੋਦ ਲੈਣ ਦੇ ਹੱਕ ਵਿਚ ਨਹੀਂ ਸਨ। ਉਹ ਕਹਿ ਦਿੰਦੇ ਸਨ, "ਮੇਰੀਆਂ ਮੂਰਤਾਂ ਹੀ ਮੇਰੇ ਬੱਚੇ ਹਨ।"

ਇਹ ਵੀ ਗੱਲ ਨਹੀਂ ਸੀ ਕਿ ਉਨ੍ਹਾਂ ਨੂੰ ਬੱਚਿਆਂ ਨਾਲ ਮੋਹ ਨਹੀਂ ਸੀ! ਛੋਟੇ ਬੱਚਿਆਂ ਨਾਲ ਬੱਚਿਆ ਵਾਂਗ ਹੀ ਗੱਲਾਂ ਕਰਦੇ ਉਨ੍ਹਾਂ ਨੂੰ ਮੈਂ ਦੇਖਿਆ ਹੈ। ਹਰਬੀਰ ਸਿੰਘ ਭੰਵਰ ਦੇ ਦੋ ਬੱਚੇ ਸਨ। ਭੰਵਰ ਉਦੋਂ ਭਾਵੇਂ ਵੱਖਰੇ ਮਕਾਨ ਵਿਚ ਰਹਿੰਦੇ ਸਨ ਪਰ ਬਹੁਤਾ ਸਮਾਂ ਉਹ ਦਾਰ ਜੀ ਕੋਲ ਹੀ ਗੁਜ਼ਾਰਦੇ ਸਨ। ਉਨ੍ਹਾਂ ਦੇ ਦੋਵੇਂ ਬੱਚੇ ਦਾਰ ਜੀ ਨਾਲ ਕਲੋਲਾਂ ਕਰਦੇ। ਛੋਟੇ ਬੱਚੇ ਨਾਲ ਤਾਂ ਉਨ੍ਹਾਂ ਦਾ ਬਹੁਤ ਹੀ ਪਿਆਰ ਸੀ। 1968 ਵਿਚ ਭੰਵਰ ਦੇ ਢਾਈ ਕੁ ਸਾਲ ਦੇ ਛੋਟੇ ਮੁੰਡੇ ਦੀ ਕਲਾ ਭਵਨ ਦੀ ਤਲਾਈ ਵਿਚ ਡੁੱਬਣ ਕਾਰਨ ਮੌਤ ਹੋ ਗਈ। ਦਾਰ ਜੀ ਉਸ ਬੱਚੇ ਨੂੰ ਬਹੁਤ ਪਿਆਰ ਕਰਦੇ ਸਨ। ਉਹ ਬੱਚਾ ਹੁੰਦੜ-ਹੇਲ, ਫੁਰਤੀਲਾ ਤੇ ਚੁਸਤ ਸੀ। ਦਾਰ ਜੀ ਨੂੰ ਉਹਦੇ ਮਸਤਕ ਵਿਚੋਂ ਭਵਿਖੀ ਸੰਭਾਵਨਾਵਾਂ ਪੁੰਗਰਦੀਆਂ ਦਿਸਦੀਆਂ ਸਨ ਪਰ ਮੌਤ ਨੇ ਉਸ ਨੂੰ ਆਪਣੇ ਕਲਾਵੇ ਵਿਚ ਲਪੇਟ ਲਿਆ। ਪਰਿਵਾਰ ਉਪਰ ਦੁੱਖਾਂ ਦਾ ਪਹਾੜ ਟੁੱਟ ਪਿਆ। ਉਸ ਪਿਆਰੇ ਬੱਚੇ ਦੇ ਤਲਾਈ ਵਿਚ ਡੁੱਬ ਜਾਣ ਦਾ ਦਾਰ ਜੀ ਨੂੰ ਵੀ ਬਹੁਤ ਭਾਰੀ ਸਦਮਾ ਲੱਗਾ, ਫਿਰ ਵੀ ਉਨ੍ਹਾਂ ਸਹਿਜ ਰਹਿੰਦਿਆਂ ਹਰਬੀਰ ਤੇ ਗੁਰਚਰਨ ਨੂੰ ਧਰਵਾਸ ਦਿੱਤਾ। ਉਸ ਦੁੱਖ ਵਿਚ ਸ਼ਰੀਕ ਹੋਣ ਲਈ ਮੈਂ ਵੀ ਅੰਦਰੇਟੇ ਗਿਆ ਸੀ ਅਤੇ ਉਨ੍ਹਾਂ ਦਾ ਦਿਲ ਧਰਾਉਣ ਲਈ ਇਕ ਹਫਤਾ ਉਨ੍ਹਾਂ ਕੋਲ ਰਿਹਾ ਸੀ। ਮੈਂ ਦੇਖਦਾ ਕਿ ਦਾਰ ਜੀ ਦੋਹਾਂ ਜੀਆਂ ਨੂੰ ਦਾਰਸ਼ਨਿਕ ਢੰਗ ਨਾਲ ਮੌਤ ਦੀ ਅਸਲੀਅਤ ਬਾਰੇ ਗਿਆਨ ਦੇ ਕੇ ਕਿਵੇਂ ਸਮਝਾਉਂਦੇ ਸਨ ਜਿਸ ਕਾਰਨ ਉਨ੍ਹਾਂ ਨੂੰ ਇਹ ਸਦਮਾ ਸਹਿਣ ਦੀ ਸ਼ਕਤੀ ਮਿਲੀ।

ਬੀਬੀ ਇੰਦਰ ਕੌਰ ਦੀ ਮੌਤ ਮਗਰੋਂ ਭੰਵਰ ਪਰਿਵਾਰ ਦੀ ਨਿਸ਼ਕਾਮ ਸੇਵਾ ਨੂੰ ਮੁੱਖ ਰੱਖਦਿਆਂ ਦਾਰ ਜੀ ਨੇ ਬੀਬੀ ਗੁਰਚਰਨ ਨੂੰ ਆਪਣੀ ਵਾਰਸ ਧੀ ਬਣਾ ਕੇ ਆਪਣੇ ਪਰਿਵਾਰ ਦਾ ਅੰਗ ਬਣਾ ਲਿਆ। ਗੁਰਚਰਨ ਕੌਰ ਵੀ ਆਪਣੇ ਘਰੇਲੂ ਜੀਵਨ ਵਿਚ ਪਈਆਂ ਤਰੇੜਾਂ ਦੀ ਪਰਵਾਹ ਨਾ ਕਰਦਿਆਂ ਦਾਰ ਜੀ ਦੇ ਅੰਤਮ ਸਾਹਾਂ ਤਕ ਉਨ੍ਹਾਂ ਨਾਲ ਨਿਭੀ ਅਤੇ ਬਾਅਦ ਵਿਚ ਵੀ ਉਨ੍ਹਾਂ ਦੀ ਵਰਾਸਤ ਨੂੰ ਸੰਭਾਲ ਰਹੀ ਹੈ।

ਜਦੋਂ ਦਾਰ ਜੀ ਨੇ ਉਨ੍ਹਾਂ ਨੂੰ ਆਪਣੇ ਪਰਿਵਾਰ ਵਿਚ ਸ਼ਾਮਿਲ ਕਰ ਲਿਆ ਤਾਂ ਉਹ ਮੈਨੂੰ ਵੀ ਉਸ ਪਰਿਵਾਰ ਦਾ ਹਿੱਸਾ ਹੀ ਸਮਝਣ ਲੱਗ ਪਏ ਸਨ ਕਿਉਂਕਿ ਸਾਲ ਵਿਚ ਅੰਦਰੇਟੇ ਦੇ ਇਕ ਦੋ ਗੇੜੇ ਲੱਗ ਹੀ ਜਾਂਦੇ ਸਨ। 1970 ਵਿਚ ਜਦੋਂ ਹਰਬੀਰ ਨੇ ਆਪਣੀ ਪਹਿਲੀ, ਅਧਿਆਪਕ ਵਾਲੀ ਨੌਕਰੀ ਛੱਡ ਕੇ ਪਾਲਮ ਪੁਰ ਯੂਨੀਵਰਸਿਟੀ ਵਿਚ ਨੌਕਰੀ ਕਰ ਲਈ ਤਾਂ ਬਹੁਤੀ ਵਾਰ ਮੈਨੂੰ ਇਕੱਲਿਆਂ ਦਾਰ ਜੀ ਦੀ ਸੰਗਤ ਵਿਚ ਬੈਠਣ ਦੇ ਵੱਧ ਮੌਕੇ ਮਿਲਦੇ ਰਹੇ। ਉਨ੍ਹਾਂ ਦਿਨਾਂ ਵਿਚ ਹੀ ਮੈਨੂੰ ਉਨ੍ਹਾਂ ਬਾਰੇ ਵਧੇਰੇ ਜਾਣਨ ਦਾ ਮੌਕਾ ਮਿਲਿਆ।

ਸੋਭਾ ਸਿੰਘ ਦਾ ਕੁਦਰਤ ਨਾਲ ਅਥਾਹ ਪਿਆਰ ਸੀ। ਇਸੇ ਲਈ ਉਨ੍ਹਾਂ ਫੁੱਲਾਂ ਦੀ ਵਾਦੀ ਜ਼ਿਲ੍ਹਾ ਕਾਂਗੜਾ ਦੇ ਦੂਰ ਦੁਰਾਡੇ ਪਿੰਡ ਅੰਦਰੇਟੇ ਨੂੰ ਆਪਣਾ ਨਿਵਾਸ ਸਥਾਨ ਬਣਾਇਆ। ਇਹ ਪਿੰਡ ਧੌਲਾ ਧਾਰ ਦੀਆਂ ਦੁਧੀਆ ਬਰਫੀਲੀਆਂ ਚੋਟੀਆਂ ਦੇ ਪੈਰਾਂ ਹੇਠਲੀ ਵਾਦੀ ਦੀ ਹਰਿਆਲੀ ਪਹਾੜੀ ਦੀ ਛਾਂ ਵਿਚ ਵਸਿਆ ਹੋਇਆ ਹੈ। ਕੁਦਰਤ ਨੇ ਆਪਣੀ ਝੋਲੀ ਵਾਲੀ ਸਾਰੀ ਸੁੰਦਰਤਾ ਇੱਥੇ ਹੀ ਖਿਲਾਰ ਦਿੱਤੀ ਹੋਈ ਹੈ। ਪਿੰਡ ਦੇ ਉੱਤਰ ਵਾਲੇ ਪਾਸੇ ਰੇਲਵੇ ਸਟੇਸ਼ਨ ਪੰਚਰੁਖੀ ਵੱਲੋਂ ਆਉਣ ਵਾਲੀ ਸੜਕ ਕਿਨਾਰੇ ਭਾਂਤ-ਸੁਭਾਂਤੀਆਂ ਵੇਲਾਂ ਨਾਲ ਸ਼ਿੰਗਾਰੀ ਦੋ ਮੰਜ਼ਲੀ ਇਮਾਰਤ ਨਜ਼ਰੀਂ ਪੈਂਦੀ ਹੈ। ਇਹ ਦਾਰ ਜੀ ਦੀ ਕੁਟੀਆ ਹੈ। ਇਸ ਨੂੰ ਸੁਖ ਆਲ੍ਹਣਾ ਜਾਂ ਕਲਾ ਭਵਨ ਵੀ ਕਹਿ ਸਕਦੇ ਹਾਂ। ਇਸ ਦੇ ਮੱਥੇ ਉਪਰ ਮੋਟੇ ਰੋਮਨ ਅੱਖਰਾਂ ਵਿਚ ਲਿਖਿਆ ਹੋਇਆ ਹੈ: ਗ੍ਰੋ ਮੋਰ ਗੁੱਡ (Grow More Good - ਅਧਿਕ ਨੇਕੀ ਪੈਦਾ ਕਰੋ)। ਸੋਭਾ ਸਿੰਘ ਦਾ ਵਿਚਾਰ ਹੈ ਕਿ 'ਇਨਸਾਨ ਚੰਗਿਆਈ ਲਈ ਪੈਦਾ ਹੋਇਆ ਹੈ। ਉਸ ਦਾ ਕਰਤਵ ਹੈ ਕਿ ਵੱਧ ਤੋਂ ਵੱਧ ਚੰਗਿਆਈ ਫੈਲਾ ਕੇ ਸੰਸਾਰ ਨੂੰ ਚੰਗਾ ਬਣਾਉਣ ਦਾ ਯਤਨ ਕਰੇ।' ***(ਚੱਲਦਾ)***




*ਅੰਦਰੇਟੇ ਸੋਭਾ ਸਿੰਘ ਦੇ ਘਰ ਦਾ ਬਾਹਰਲਾ ਪਾਸਾ ਜਿਸ ਉਤੇ 'ਗ੍ਰੋ ਮੋਰ ਗੁੱਡ' ਲਿਖਿਆ ਦਿਸ ਰਿਹਾ ਹੈ।*

***ਸੋਭਾ ਸਿੰਘ ਦਾ ਕੁਦਰਤ ਨਾਲ ਅਥਾਹ ਪਿਆਰ ਸੀ। ਇਸੇ ਲਈ ਉਨ੍ਹਾਂ ਫੁੱਲਾਂ ਦੀ ਵਾਦੀ ਜ਼ਿਲ੍ਹਾ ਕਾਂਗੜਾ ਦੇ ਦੂਰ ਦੁਰਾਡੇ ਪਿੰਡ ਅੰਦਰੇਟੇ ਨੂੰ ਆਪਣਾ ਨਿਵਾਸ ਸਥਾਨ ਬਣਾਇਆ। ਇਹ ਪਿੰਡ ਧੌਲਾ ਧਾਰ ਦੀਆਂ ਦੁਧੀਆ ਬਰਫੀਲੀਆਂ ਚੋਟੀਆਂ ਦੇ ਪੈਰਾਂ ਹੇਠਲੀ ਵਾਦੀ ਦੀ ਹਰਿਆਲੀ ਪਹਾੜੀ ਦੀ ਛਾਂ ਵਿਚ ਵਸਿਆ ਹੋਇਆ ਹੈ। ਕੁਦਰਤ ਨੇ ਆਪਣੀ ਝੋਲੀ ਵਾਲੀ ਸਾਰੀ ਸੁੰਦਰਤਾ ਇੱਥੇ ਹੀ ਖਿਲਾਰ ਦਿੱਤੀ ਹੋਈ ਹੈ। ਪਿੰਡ ਦੇ ਉੱਤਰ ਵਾਲੇ ਪਾਸੇ ਰੇਲਵੇ ਸਟੇਸ਼ਨ ਪੰਚਰੁਖੀ ਵੱਲੋਂ ਆਉਣ ਵਾਲੀ ਸੜਕ ਕਿਨਾਰੇ ਭਾਂਤ-ਸੁਭਾਂਤੀਆਂ ਵੇਲਾਂ ਨਾਲ ਸ਼ਿੰਗਾਰੀ ਦੋ ਮੰਜ਼ਲੀ ਇਮਾਰਤ ਨਜ਼ਰੀਂ ਪੈਂਦੀ ਹੈ। ਇਹ ਦਾਰ ਜੀ ਦੀ ਕੁਟੀਆ ਹੈ। ਇਸ ਨੂੰ ਸੁਖ ਆਲ੍ਹਣਾ ਜਾਂ ਕਲਾ ਭਵਨ ਵੀ ਕਹਿ ਸਕਦੇ ਹਾਂ। ਇਸ ਦੇ ਮੱਥੇ ਉਪਰ ਮੋਟੇ ਰੋਮਨ ਅੱਖਰਾਂ ਵਿਚ ਲਿਖਿਆ ਹੋਇਆ ਹੈ: ਗ੍ਰੋ ਮੋਰ ਗੁੱਡ (Grow More Good – ਅਧਿਕ ਨੇਕੀ ਪੈਦਾ ਕਰੋ)। ਸੋਭਾ ਸਿੰਘ ਦਾ ਵਿਚਾਰ ਹੈ ਕਿ 'ਇਨਸਾਨ ਚੰਗਿਆਈ ਲਈ ਪੈਦਾ ਹੋਇਆ ਹੈ। ਉਸ ਦਾ ਕਰਤਵ ਹੈ ਕਿ ਵੱਧ ਤੋਂ ਵੱਧ ਚੰਗਿਆਈ ਫੈਲਾ ਕੇ ਸੰਸਾਰ ਨੂੰ ਚੰਗਾ ਬਣਾਉਣ ਦਾ ਯਤਨ ਕਰੇ।'***

# ਲੈ ਬੈਠੇਗਾ ਨਾ-ਬਰਾਬਰੀ ਵਾਲਾ ਵਿਕਾਸ ਮਾਡਲ



**ਪ੍ਰੋ. ਪ੍ਰੀਤਮ ਸਿੰਘ**
ਫੋਨ: +44-7922-65795

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਆਰਥਿਕ ਸਲਾਹਕਾਰ ਕੌਂਸਲ ਦੀ ਹਾਲ ਹੀ 'ਚ ਜਾਰੀ ਕੀਤੀ '100 ਸਾਲ ਮੌਕੇ ਭਾਰਤ ਲਈ ਮੁਕਾਬਲੇਬਾਜ਼ੀ ਵਾਲੀ ਰੂਪ-ਰੇਖਾ' ਵਿਚ ਭਾਰਤ ਦੇ 2047 ਤੱਕ ਉੱਚ-ਮੱਧਵਰਗੀ ਆਮਦਨ ਵਾਲਾ ਮੁਲਕ ਬਣ ਜਾਣ ਦੀ ਯੋਜਨਾ ਦਾ ਖ਼ਾਕਾ ਉਲੀਕਿਆ ਗਿਆ ਹੈ। ਪਹਿਲੀ ਨਜ਼ਰੇ ਇਹ ਬਹੁਤ ਪ੍ਰਭਾਵਸ਼ਾਲੀ ਜਾਪਦਾ ਹੈ। ਉਂਞ, ਇਸ ਦੇ ਟੀਚੇ ਨੂੰ ਦਰਸਾਉਣ ਵਾਲੇ ਸਿਧਾਂਤ ਦੀ ਬਾਰੀਕੀ ਨਾਲ ਕੀਤੀ ਘੋਖ ਤੋਂ ਪਤਾ ਲੱਗਦਾ ਹੈ ਕਿ ਇਸ ਵਿਚ ਗੰਭੀਰ ਖ਼ਾਮੀਆਂ ਹਨ।

ਜਦੋਂ ਜੀ.ਡੀ.ਪੀ. (ਕੁੱਲ ਘਰੇਲੂ ਪੈਦਾਵਾਰ) ਨੂੰ ਆਰਥਿਕ ਸਿਧਾਂਤ ਵਜੋਂ ਪੇਸ਼ ਕੀਤਾ ਗਿਆ ਸੀ ਤਾਂ ਸਹੀ ਢੰਗ ਨਾਲ ਇਹ ਤਸੱਵੁਰ ਕੀਤਾ ਗਿਆ ਸੀ ਕਿ ਇਹ ਕਿਸੇ ਮੁਲਕ ਵਿਚ ਵਟਾਂਦਰਾਯੋਗ ਵਸਤਾਂ ਅਤੇ ਸੇਵਾਵਾਂ ਦਾ ਸਾਲਾਨਾ ਪੈਮਾਨਾ ਹੋਵੇਗਾ, ਨਾ ਕਿ ਇਸ ਨੂੰ ਸਿੱਧੇ ਤੌਰ 'ਤੇ ਕਿਸੇ ਮੁਲਕ ਵਿਚ ਉਥੋਂ ਦੇ ਲੋਕਾਂ ਦੀ ਭਲਾਈ ਦੇ ਪੈਮਾਨੇ ਵਜੋਂ ਲਿਆ ਜਾਵੇਗਾ। ਇਥੋਂ ਤੱਕ ਕਿ ਪ੍ਰਤੀ ਵਿਅਕਤੀ ਜੀ.ਡੀ.ਪੀ. ਜਿਹੜਾ ਕੁੱਲ ਜੀ.ਡੀ.ਪੀ. ਦੇ ਮੁਕਾਬਲੇ ਬਿਹਤਰ ਪੈਮਾਨਾ ਹੈ (ਕਿਉਂਕਿ ਇਹ ਆਪਣੀ ਗਣਨਾ ਵਿਚ ਮੁਲਕ ਦੀ ਆਬਾਦੀ ਨੂੰ ਸ਼ਾਮਲ ਕਰਦਾ ਹੈ), ਵੀ ਅਸਲ ਵਿਚ ਭਲਾਈ ਦਾ ਨੁਕਸਦਾਰ ਪੈਮਾਨਾ ਹੈ। ਪ੍ਰਤੀ ਵਿਅਕਤੀ ਜੀ.ਡੀ.ਪੀ. ਦੀ ਵੱਡੀ ਕਮਜ਼ੋਰੀ ਇਹ ਹੈ ਕਿ ਇਹ ਜੀ.ਡੀ.ਪੀ. ਦੀ ਵੰਡ ਬਾਰੇ ਪਾਸਾਰਾਂ ਨੂੰ ਅਣਡਿੱਠ ਕਰਦਾ ਹੈ।

ਦੋ ਕਾਲਪਨਿਕ ਮੁਲਕਾਂ 'ੳ' ਅਤੇ 'ਅ' ਦੀ ਕੀਤੀ ਜਾਣ ਵਾਲੀ ਆਮ ਜਿਹੀ ਤੁਲਨਾ ਨਾਲ ਇਸ ਨੂੰ ਸਮਝਿਆ ਜਾ ਸਕਦਾ ਹੈ। ਮੰਨ ਲਓ ਦੋਵਾਂ ਮੁਲਕਾਂ ਦੀ ਕੁੱਲ ਜੀ.ਡੀ.ਪੀ. ਇਕਸਾਰ ਹੈ, ਜਿਵੇਂ 100; ਆਬਾਦੀ ਵੀ ਇਕੋ ਜਿੰਨੀ ਹੈ ਜਿਵੇਂ 5 ਪਰ ਉਨ੍ਹਾਂ ਦੀ ਜੀ.ਡੀ.ਪੀ. ਦੀ ਵੰਡ ਦੇ ਪਸਾਰਾ ਵੱਖੋ-ਵੱਖ ਹੋ ਸਕਦੇ ਹਨ ਜੋ ਜੀ.ਡੀ.ਪੀ. ਅਤੇ ਪ੍ਰਤੀ ਵਿਅਕਤੀ ਜੀ.ਡੀ.ਪੀ. ਪੈਮਾਨਿਆਂ ਦੀ ਮੂਲ ਕਮਜ਼ੋਰੀ ਨੂੰ ਜ਼ਾਹਿਰ ਕਰਨ ਲਈ ਕਾਫ਼ੀ ਹੈ। ਇਨ੍ਹਾਂ ਵਿਚੋਂ ਮੁਲਕ 'ੳ' ਵਿਚ ਇਕ ਵਿਅਕਤੀ ਦੀ ਆਮਦਨ 92 ਰੁਪਏ ਹੈ ਅਤੇ ਬਾਕੀ ਚਾਰ ਬੰਦਿਆਂ ਦੀ ਆਮਦਨ ਦੋ-ਦੋ ਰੁਪਏ ਹੈ। ਤੁਲਨਾ ਵਾਲੇ ਮੁਲਕ 'ਅ' ਵਿਚ ਸਾਰੇ ਪੰਜੇ ਵਿਅਕਤੀਆਂ ਦੀ ਆਮਦਨ 20-20 ਰੁਪਏ ਹੈ। ਇਥੇ ਦੋਵੇਂ ਮੁਲਕਾਂ ਦੀ ਜੀ.ਡੀ.ਪੀ. ਤੇ ਪ੍ਰਤੀ ਵਿਅਕਤੀ ਜੀ.ਡੀ.ਪੀ. ਅਤੇ ਆਬਾਦੀ ਭਾਵੇਂ ਇਕਸਾਰ ਹੈ ਪਰ ਤਾਂ ਵੀ ਭਲਾਈ ਅਤੇ ਇਸ ਉਤੇ ਆਧਾਰਿਤ ਸਾਰੇ ਸਿੱਟਿਆਂ ਦੇ ਮਾਮਲੇ ਵਿਚ ਬਿਨਾ ਸ਼ੱਕ ਮੁਲਕ 'ਅ' ਨੂੰ ਮੁਲਕ 'ੳ' ਨਾਲੋਂ ਬਿਹਤਰ ਮੰਨਿਆ ਜਾਵੇਗਾ। ਇਸ ਵਿਚ ਭਲਾਈ 'ਤੇ ਆਧਾਰਿਤ ਸਿੱਟੇ ਆਮ ਸਮਾਜਿਕ ਸਥਿਰਤਾ, ਸਮਾਜਿਕ ਟਕਰਾਵਾਂ ਦੀ ਅਣਹੋਂਦ, ਸਮਾਜਿਕ ਅਮਨ ਤੇ ਸਦਭਾਵਨਾ ਦਾ ਹੋਣਾ ਆਦਿ ਸ਼ਾਮਿਲ ਹਨ। ਅਰਥ ਸ਼ਾਸਤਰੀ ਖੋਜਾਂ ਨੇ ਦਸਤਾਵੇਜ਼ੀ ਆਧਾਰ ਉਤੇ ਲਗਾਤਾਰ ਦਿਖਾਇਆ ਹੈ ਕਿ ਬਰਾਬਰੀ ਵਾਲੇ ਸਮਾਜ ਹਮੇਸ਼ਾ ਹੀ ਨਾ-ਬਰਾਬਰੀ ਵਾਲੇ ਸਮਾਜਾਂ ਨਾਲੋਂ ਬਿਹਤਰ ਹੁੰਦੇ ਹਨ।

ਭਲਾਈ ਦੇ ਔਸਤ ਪੈਮਾਨੇ ਵਜੋਂ ਪ੍ਰਤੀ ਵਿਅਕਤੀ ਜੀ.ਡੀ.ਪੀ. ਦੀ ਕਮੀ ਦੇ ਕੁਝ ਪੱਖ, ਮਹਿਬੂਬ-ਉਲ-ਹੱਕ ਅਤੇ ਅਮਰਤਿਆ ਸੇਨ ਦੇ ਵਿਕਸਤ ਮਨੁੱਖੀ ਵਿਕਾਸ ਦੇ ਸਿਧਾਂਤ ਦਾ ਅਹਿਮ ਹਿੱਸਾ ਸਨ। ਹੱਕ ਨੇ ਇਸੇ ਸਿਧਾਂਤ ਦੇ ਆਧਾਰ 'ਤੇ ਬਾਅਦ ਵਿਚ 1990 ਵਿਚ ਐੱਚ.ਡੀ.ਆਈ. (ਮਨੁੱਖੀ ਵਿਕਾਸ ਸੂਚਕ ਅੰਕ) ਵਿਕਸਤ ਕੀਤਾ। ਇਸ ਨੂੰ ਯੂ.ਐੱਨ.ਡੀ.ਪੀ. (ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ) ਨੇ ਵੱਖੋ-ਵੱਖ ਮੁਲਕਾਂ ਵਿਚ ਤੁਲਨਾਯੋਗ ਤਰੱਕੀ ਅਤੇ ਨਾਲ ਹੀ ਉਸ ਮੁਲਕ ਵਿਚ ਸਮੇਂ ਦੇ ਨਾਲ ਹੋਈ ਤਰੱਕੀ ਉਤੇ ਨਜ਼ਰ ਰੱਖਣ ਲਈ ਅਪਣਾ ਲਿਆ। ਐੱਚ.ਡੀ.ਆਈ. ਨੇ ਪ੍ਰਤੀ ਵਿਅਕਤੀ ਜੀ.ਡੀ.ਪੀ. ਵਿਚ ਸਾਖਰਤਾ ਅਤੇ ਜੀਵਨ ਸੰਭਾਵਨਾ ਨੂੰ ਸ਼ਾਮਲ ਕਰ ਕੇ ਪ੍ਰਤੀ ਵਿਅਕਤੀ ਜੀ.ਡੀ.ਪੀ. ਵਿਚ ਵੀ ਸੁਧਾਰ ਕੀਤਾ। ਇਹ ਭਾਵੇਂ ਵਿਕਾਸ ਅਰਥਚਾਰੇ ਵਿਚ ਸਮਝਦਾਰੀ ਵਾਲਾ ਸਿਧਾਂਤਕ ਤੇ ਨੀਤੀ ਸੁਧਾਰ ਸੀ ਪਰ ਇਸ ਨੇ ਜੀ.ਡੀ.ਪੀ. ਦੀ ਨੁਕਸਦਾਰ ਬਣਤਰ ਅਤੇ ਨਾਲ ਹੀ ਆਰਥਿਕ ਵਿਕਾਸ ਦਾ ਵਿਚਾਰ ਪੂਰੀ ਤਰ੍ਹਾਂ ਇਸ ਬਣਤਰ ਉਤੇ ਆਧਾਰਿਤ ਹੋਣ ਦੀ ਸੰਜੀਦਗੀ ਨੂੰ ਮੁਕੰਮਲ ਤੌਰ 'ਤੇ ਨਹੀਂ ਭਾਂਪਿਆ।



ਜੀ.ਡੀ.ਪੀ. ਦਾ ਇਸਤੇਮਾਲ ਵਟਾਂਦਰਾਯੋਗ ਉਤਪਾਦਾਂ ਤੇ ਸੇਵਾਵਾਂ ਦੇ ਪੈਮਾਨੇ ਵਜੋਂ ਬਹੁਤ ਸੀਮਤ ਤੇ ਯੋਗ ਢੰਗ ਨਾਲ ਹੋਣਾ ਚਾਹੀਦਾ ਹੈ। ਇਸ ਵਿਚ ਉਹ ਚੰਗੇ ਉਤਪਾਦ ਤੇ ਸੇਵਾਵਾਂ ਸ਼ਾਮਲ ਨਹੀਂ ਹੁੰਦੀਆਂ ਜਿਹੜੀਆਂ ਬਾਜ਼ਾਰ ਵਟਾਂਦਰਾ ਅਮਲ ਵਿਚ ਦਾਖ਼ਲ ਨਹੀਂ ਹੁੰਦੀਆਂ; ਮਸਲਨ, ਉਤਪਾਦਾਂ ਵਜੋਂ ਘਰੇਲੂ ਬਗੀਚੀ ਵਿਚ ਉਗਾਈਆਂ ਸਬਜ਼ੀਆਂ ਤੇ ਫਲ ਅਤੇ ਸੇਵਾਵਾਂ ਵਜੋਂ ਘਰੇਲੂ ਕੰਮ ਜੋ ਮੁੱਖ ਤੌਰ 'ਤੇ ਔਰਤਾਂ ਵੱਲੋਂ ਕੀਤੇ ਜਾਂਦੇ ਹਨ। ਨਾਰੀਵਾਦੀ ਅਰਥਸ਼ਾਸਤਰੀਆਂ ਨੇ ਇਹ ਗੱਲ ਬੜੀ ਸ਼ਿੱਦਤ ਨਾਲ ਜ਼ਾਹਿਰ ਕੀਤੀ ਹੈ ਕਿ ਔਰਤਾਂ ਦੇ ਘਰੇਲੂ ਕੰਮਾਂ ਨੂੰ ਲਾਂਭੇ ਰੱਖਣ ਕਰ ਕੇ ਜੀ.ਡੀ.ਪੀ. ਮਰਦ-ਪੱਖੀ ਪੈਮਾਨਾ ਹੈ।

ਜੀ.ਡੀ.ਪੀ. ਦੀ ਨੁਕਸਦਾਰ ਬਣਤਰ ਮਹਿਜ਼ ਚੰਗੇ ਉਤਪਾਦਾਂ ਤੇ ਸੇਵਾਵਾਂ ਨੂੰ ਸ਼ਾਮਲ ਨਾ ਕਰਨ ਤੱਕ ਹੀ ਸੀਮਤ ਨਹੀਂ ਹੈ ਸਗੋਂ ਇਸ ਦਾ ਇਹ ਨੁਕਸ ਅਗਾਂਹ ਉਨ੍ਹਾਂ ਚੀਜ਼ਾਂ ਨੂੰ ਸ਼ਾਮਲ ਕਰਨ ਤੱਕ ਵੀ ਫੈਲਿਆ ਹੋਇਆ ਹੈ ਜਿਨ੍ਹਾਂ ਨੂੰ ਅਰਥ ਸ਼ਾਸਤਰੀ 'ਬੁਰੀਆਂ' ਆਖਦੇ ਹਨ; ਜਿਵੇਂ ਤਬਾਹਕੁਨ ਫ਼ੌਜੀ ਖ਼ਰਚੇ ਜਿਹੜੇ ਮੁੱਖ ਤੌਰ 'ਤੇ ਮਰਦ ਹੀ ਕਰਦੇ ਹਨ। ਵਧੇਰੇ ਟਕਰਾਅ ਅਤੇ ਜੰਗਾਂ 'ਤੇ ਵਧੇ ਹੋਏ ਫ਼ੌਜੀ ਖ਼ਰਚੇ ਉੱਚ ਜੀ.ਡੀ.ਪੀ. ਵਿਚ ਦਿਖਾਈ ਦਿੰਦੇ ਹਨ ਭਾਵੇਂ ਇਨ੍ਹਾਂ ਟਕਰਾਵਾਂ ਤੇ ਜੰਗਾਂ ਕਾਰਨ ਵਿਆਪਕ ਪੱਧਰ 'ਤੇ ਇਨਸਾਨੀ ਤਬਾਹੀ ਪੈਦਾ ਹੁੰਦੀ ਹੈ ਤੇ ਕੁਦਰਤ ਨੂੰ ਵੀ ਨੁਕਸਾਨ ਪੁੱਜਦਾ ਹੈ।

ਜੀ.ਡੀ.ਪੀ. ਦੇ ਵਾਧੇ ਕਾਰਨ ਵਾਤਾਵਰਨ ਦੀ ਹੋਣ ਵਾਲੀ ਤਬਾਹੀ ਨਾਲ ਜੀ.ਡੀ.ਪੀ. ਵਿਚ ਕਟੌਤੀ ਨਹੀਂ ਹੁੰਦੀ ਸਗੋਂ ਇਹ ਤਾਂ ਅਸਲ ਵਿਚ ਵਾਤਾਵਰਨ ਦੀ ਵਧਦੀ ਹੋਈ ਤਬਾਹੀ ਨਾਲ ਹੋਰ ਬੁਲੰਦੀਆਂ ਵੱਲ ਜਾਂਦੀ ਹੈ। ਮਿਸਾਲ ਵਜੋਂ, ਜੇ ਕਿਸੇ ਮੁਲਕ ਵਿਚ ਫਰਨੀਚਰ ਵਰਗਾ ਸਾਮਾਨ ਬਣਾਉਣ ਲਈ ਵੱਡੇ ਪੱਧਰ 'ਤੇ ਰੁੱਖਾਂ ਦੀ ਕਟਾਈ ਕੀਤੀ ਜਾਂਦੀ ਹੈ ਤਾਂ ਉਨ੍ਹਾਂ ਦੀ ਵਿਕਰੀ ਨਾਲ ਜੀ.ਡੀ.ਪੀ. ਵਿਚ ਇਜ਼ਾਫ਼ਾ ਹੋਵੇਗਾ, ਹਾਲਾਂਕਿ ਇਸ ਅਮਲ ਵਿਚ ਜੰਗਲਾਂ ਦੀ ਕਟਾਈ ਕਾਰਨ ਸਬੰਧਿਤ ਮੁਲਕ ਦੀ ਉਥੇ ਪੈਦਾ ਹੋਣ ਵਾਲੀਆਂ ਖ਼ਤਰਨਾਕ ਗੈਸਾਂ ਆਦਿ ਦੀ ਨਿਕਾਸੀ ਨੂੰ ਸੋਖ ਲੈਣ ਦੀ ਸਮਰੱਥਾ ਨੂੰ ਭਾਰੀ ਸੱਟ ਵੱਜੇਗੀ। ਇਸ ਤਰ੍ਹਾਂ ਇਸ ਨਾਲ ਆਲਮੀ ਤਪਸ਼ ਵਿਚ ਵੀ ਵਾਧਾ ਹੋਵੇਗਾ ਤੇ ਮਨੁੱਖੀ ਭਲਾਈ ਵਿਚ ਕਮੀ ਆਵੇਗੀ। ਇਹੀ ਨਹੀਂ, ਜੰਗਲਾਂ ਦੀ ਕਟਾਈ ਨਾਲ ਬਹੁਤ ਸਾਰੇ ਜੀਵ-ਜੰਤੂਆਂ ਦੀ ਕੁਦਰਤੀ ਠਾਹਰ ਵੀ ਖੁੱਸ ਜਾਵੇਗੀ, ਇੰਞ ਵਾਤਾਵਰਨ ਤੇ ਜੈਵਿਕ ਸੰਤੁਲਨ ਕਮਜ਼ੋਰ ਪਵੇਗਾ।

ਵਾਤਾਵਰਨ ਪੱਖੀ ਅਰਥਸ਼ਾਸਤਰ ਦੇ ਉਭਾਰ ਅਤੇ ਵਾਤਾਵਰਨ ਸਬੰਧੀ ਚੇਤਨਾ ਵਿਚ ਇਜ਼ਾਫ਼ੇ ਦੇ ਸਿੱਟੇ ਵਜੋਂ ਨਾ ਸਿਰਫ਼ ਲੋੜੀਂਦੇ ਰਸਤੇ ਵਜੋਂ ਜੀ.ਡੀ.ਪੀ. ਵਿਕਾਸ ਨੂੰ ਰੱਦ ਕਰ ਦੇਣ ਸਗੋਂ ਸਿਫ਼ਰ ਵਿਕਾਸ ਭਾਵ ਕੋਈ ਵਿਕਾਸ ਨਾ ਹੋਣ ਜਾਂ ਫਿਰ ਗਿਰਾਵਟਵੱਲ ਸੋਚ ਦੀ ਬੜੀ ਗੰਭੀਰ ਤਬਦੀਲੀ ਹੋਈ ਹੈ। ਇਸ ਦਾ ਕਾਰਨ ਇਹ ਹੈ ਕਿ ਸਿਰਫ਼ ਇੰਞ ਕਰ ਕੇ ਹੀ ਵਾਤਾਵਰਨ ਦੀ ਤਬਾਹੀ ਅਤੇ ਇਸ ਕਾਰਨ ਪੈਦਾ ਹੋਣ ਵਾਲੀਆਂ ਆਫ਼ਤਾਂ ਰੋਕੀਆਂ ਜਾ ਸਕਦੀਆਂ ਹਨ। ਇਸ ਤਬਾਹੀ ਦੇ ਇਸ਼ਾਰੇ ਪਹਿਲਾਂ ਹੀ ਇਕ ਪਾਸੇ ਬੇਕਾਬੂ ਹੜ੍ਹਾਂ, ਦੂਜੇ ਪਾਸੇ ਸੋਕਿਆਂ ਤੇ ਨਾਲ ਹੀ ਅੰਨ ਅਸੁਰੱਖਿਆ ਆਦਿ ਦੇ ਰੂਪ ਵਿਚ ਸਾਡੇ ਸਾਹਮਣੇ ਆ ਰਹੇ ਹਨ।

ਸਾਨੂੰ ਲਾਜ਼ਮੀ ਤੌਰ 'ਤੇ ਮੰਨ ਲੈਣਾ ਚਾਹੀਦਾ ਹੈ ਕਿ ਜੀ.ਡੀ.ਪੀ. ਦਾ ਵਾਧਾ ਵਸੀਲਿਆਂ ਦੀ ਵਰਤੋਂ ਨਾਲ ਜੁੜਿਆ ਹੋਇਆ ਹੈ ਅਤੇ ਜਦੋਂ ਵਸਤਾਂ/ਮਾਲ ਦੀ ਪੈਦਾਵਾਰ ਕਰਨ ਲਈ ਕਿਸੇ ਵੀ ਰੂਪ ਵਿਚ ਵਸੀਲੇ ਵਰਤੇ ਜਾਂਦੇ ਹਨ, ਭਾਵੇਂ ਇਹ ਨਵਿਆਉਣਯੋਗ ਵਸੀਲੇ ਹੀ ਹੋਣ ਤਾਂ ਅਸਲ ਵਿਚ ਅਖ਼ੀਰ ਵਿਚ ਅਸੀਂ ਰਹਿੰਦ-ਖੂੰਹਦ ਵੀ ਵਧਾ ਰਹੇ ਹੁੰਦੇ ਹਾਂ। ਰਹਿੰਦ-ਖੂੰਹਦ ਵਿਚ ਹੋਣ ਵਾਲਾ ਹਰ ਵਾਧਾ ਉਸ ਕੂੜੇ-ਕਰਕਟ ਨੂੰ ਜਜ਼ਬ ਕਰਨ ਲਈ ਜ਼ਮੀਨ, ਪਾਣੀ ਤੇ ਹਵਾ ਉਤੇ ਦਬਾਅ ਪਾਉਂਦਾ ਹੈ। ਜਦੋਂ ਇਸ ਕੂੜੇ ਨੂੰ ਪੈਦਾ ਕਰਨ ਦੀ ਦਰ ਇਸ ਨੂੰ ਸੋਖਣ ਦੀ ਦਰ ਤੋਂ ਵਧ ਜਾਂਦੀ ਹੈ ਤਾਂ ਇਸ ਦਾ ਸਿੱਟਾ ਜ਼ਮੀਨ, ਪਾਣੀ ਤੇ ਹਵਾ ਦੇ ਪ੍ਰਦੂਸ਼ਣ, ਇਨ੍ਹਾਂ ਦੀ ਪਲੀਤੀ ਦੇ ਰੂਪ ਵਿਚ ਨਿਕਲਦਾ ਹੈ। ਫਿਰ ਇਹ ਪ੍ਰਦੂਸ਼ਣ ਵਸੀਲਿਆਂ ਉਤੇ ਉਲਟ ਕਾਰਵਾਈ ਕਰਦਾ ਹੋਇਆ ਉਨ੍ਹਾਂ ਨੂੰ ਖ਼ਰਾਬ ਕਰਦਾ ਹੈ, ਨੁਕਸਾਨ ਪਹੁੰਚਾਉਂਦਾ ਹੈ।

ਸਿਫ਼ਰ ਵਿਕਾਸ ਜਾਂ ਗਿਰਾਵਟ ਯਕੀਨਨ ਬਹੁਤ ਜ਼ਿਆਦਾ ਸਨਅਤੀਕਰਨ ਵਾਲੇ ਮੁਲਕਾਂ ਲਈ ਵਾਜਿਬ ਰਾਹ ਹੈ ਜਿਹੜੇ ਪਹਿਲਾਂ ਹੀ ਹੱਦੋਂ ਵੱਧ ਵਿਕਾਸ ਕਰ ਚੁੱਕੇ ਹਨ ਅਤੇ ਇਸ ਕਾਰਨ ਵਾਤਾਵਰਨ ਦੀ ਤਬਾਹੀ ਹੋ ਰਹੀ ਹੈ। ਦੂਜੇ ਪਾਸੇ ਵਿਕਾਸਸ਼ੀਲ ਮੁਲਕਾਂ ਨੂੰ ਅਜੇ ਵੀ ਕੁਝ ਵਿਕਾਸ ਦੀ ਲੋੜ ਹੈ ਤਾਂ ਕਿ ਉਨ੍ਹਾਂ ਦੇ ਲੱਖਾਂ ਗ਼ਰੀਬ ਲੋਕਾਂ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਹੋ ਸਕਣ ਪਰ ਉਨ੍ਹਾਂ ਦਾ ਇਹ ਵਿਕਾਸ ਵੀ ਲਾਜ਼ਮੀ ਤੌਰ 'ਤੇ ਵਾਤਾਵਰਨ ਪੱਖੋਂ ਸਮਝਦਾਰੀ ਵਾਲਾ ਅਤੇ ਕੁਦਰਤ ਦੇ ਮੁਆਫ਼ਕ ਹੋਣਾ ਚਾਹੀਦਾ ਹੈ। ਇਥੋਂ ਤੱਕ ਕਿ ਜਿਹੜੇ ਵਿਕਾਸਸ਼ੀਲ ਮੁਲਕਾਂ ਦਾ ਮਕਸਦ ਵਾਤਾਵਰਨ ਦੀ ਰਾਖੀ ਅਤੇ ਵਿਕਾਸ ਰਾਹੀਂ ਪੈਦਾ ਹੋਣ ਵਾਲੀ ਆਮਦਨ ਦੀ ਬਰਾਬਰ ਵੰਡ ਦੀ ਫ਼ਿਕਰ ਕੀਤੇ ਬਿਨਾ ਵੱਧ ਤੋਂ ਵੱਧ ਵਿਕਾਸ ਦਰਜ ਕਰਨਾ ਹੀ ਹੈ, ਉਨ੍ਹਾਂ ਦਾ ਵੀ ਵਿਕਾਸ ਦੇ ਤਬਾਹਕੁਨ ਪੰਧ 'ਤੇ ਪੈਣਾ ਲਾਜ਼ਮੀ ਹੈ। ਅੱਜ ਜ਼ਰੂਰਤ ਹੈ ਕਿ ਵਿਆਪਕ ਤੌਰ 'ਤੇ ਪਾਏ ਜਾਂਦੇ ਵੱਧ ਤੋਂ ਵੱਧ ਆਰਥਿਕ ਵਿਕਾਸ ਦੇ ਜਨੂਨ ਦੀ ਥਾਂ ਟਿਕਾਊ ਅਤੇ ਬਰਾਬਰੀ ਵਾਲੇ ਵਿਕਾਸ ਦੀ ਧਾਰਨਾ ਤੇ ਨਜ਼ਰੀਏ ਨੂੰ ਅਪਣਾਇਆ ਜਾਵੇ।

ਇਥੋਂ ਤੱਕ ਕਿ ਇਸ ਤੋਂ ਪਹਿਲਾਂ ਇਨਸਾਨੀ ਇਤਿਹਾਸ ਵਿਚ ਕਦੇ ਨਾ ਦੇਖੀਆਂ ਗਈਆਂ ਜੀ.ਡੀ.ਪੀ. ਤਰੱਕੀ ਦੀਆਂ ਬੁਲੰਦੀਆਂ ਨੂੰ ਬੀਤੇ ਕੁਝ ਦਹਾਕਿਆਂ ਦੌਰਾਨ ਛੂਹ ਚੁੱਕੇ ਮੁਲਕ ਚੀਨ ਨੇ ਵੀ ਹੁਣ ਇਸ ਰਸਤੇ ਦੇ ਭਾਰੀ ਨੁਕਸਦਾਰ ਹੋਣ ਦਾ ਅਹਿਸਾਸ ਕਰ ਲਿਆ ਹੈ। ਇਸ ਕਾਰਨ ਹੁਣ ਇਹ ਵੀ ਜੀ.ਡੀ.ਪੀ. ਵਿਚ ਮਹਿਜ਼ ਗਿਣਾਤਮਕ ਵਾਧੇ ਦੀ ਥਾਂ ਗੁਣਾਤਮਕ ਵਿਕਾਸ ਨੂੰ ਤਵੱਜੋ ਦੇ ਰਿਹਾ ਹੈ।

ਇਸੇ ਤਰ੍ਹਾਂ ਆਪਣੀ ਵੱਡੀ ਆਬਾਦੀ ਕਾਰਨ ਭਾਰਤ ਲਈ ਬਹੁਤ ਜ਼ਰੂਰੀ ਹੈ ਕਿ ਉਹ ਫੌਰੀ ਤੌਰ 'ਤੇ ਆਮ ਆਰਥਿਕ ਵਿਕਾਸ ਪ੍ਰਤੀ ਆਪਣੇ ਨੀਤੀ ਜਨੂਨ ਉਤੇ ਨਜ਼ਰਸਾਨੀ ਕਰੇ ਕਿਉਂਕਿ ਅਜਿਹਾ ਨਾ ਸਿਰਫ਼ ਆਲਮੀ ਵਾਤਾਵਰਨ ਸੰਕਟ ਨੂੰ ਰੋਕਣ ਵਿਚ ਆਪਣਾ ਯੋਗਦਾਨ ਪਾਉਣ ਦੀ ਖ਼ਾਤਰ ਜ਼ਰੂਰੀ ਹੈ ਸਗੋਂ ਮੁਲਕ ਵਿਚ ਅੰਦਰੂਨੀ ਤੌਰ 'ਤੇ ਸੁਰੱਖਿਅਤ ਸਮਾਜ ਦੀ ਸਿਰਜਣਾ ਲਈ ਵੀ ਇਸ ਦੀ ਲੋੜ ਹੈ। ਅਜਿਹੇ ਸੁਰੱਖਿਅਤ ਸਮਾਜ ਦੀ ਸਿਰਜਣਾ ਸਿਰਫ਼ ਉਸ ਵਿਕਾਸ ਦਾ ਰਾਹ ਫੜ ਕੇ ਹੀ ਕੀਤੀ ਜਾ ਸਕਦੀ ਹੈ ਜਿਹੜਾ ਵਾਤਾਵਰਨ ਦੇ ਮੁਆਫ਼ਕ ਹੋਵੇ ਅਤੇ ਨਾਲ ਹੀ ਸੁਭਾਅ ਪੱਖੋਂ ਬਰਾਬਰੀ ਵਾਲਾ ਤੇ ਨਿਆਂਸੰਗਤ ਵੀ ਹੋਵੇ।

# ਗਿਆਨਵਾਪੀ ਮਸਜਿਦ ਬਨਾਮ ਵਿਸ਼ਵੇਸ਼ਵਰ ਮੰਦਰ ਵਿਵਾਦ

**ਉਪੇਂਦਰ ਪ੍ਰਸਾਦ**

ਗਿਆਨਵਾਪੀ ਗਲਿਆਰੇ ਦੇ ਮਾਮਲੇ ਵਿਚ ਬਨਾਰਸ ਦੇ ਜ਼ਿਲ੍ਹਾ ਜੱਜ ਦਾ ਫ਼ੈਸਲਾ ਆ ਗਿਆ ਹੈ ਅਤੇ ਪੰਜ ਹਿੰਦੂ ਔਰਤਾਂ ਵਲੋਂ ਗਲਿਆਰੇ 'ਚ ਸਥਿਤ ਸ਼ਿੰਗਾਰ ਗੌਰੀ ਦੀ ਪੂਜਾ ਦੀ ਪਟੀਸ਼ਨ ਨੂੰ ਖਾਰਜ ਕਰਨ ਦੀ ਮੁਸਲਿਮ ਪੱਖ ਦੀ ਦਲੀਲ ਨੂੰ ਕੋਰਟ ਨੇ ਖਾਰਜ ਕਰ ਦਿੱਤਾ ਹੈ। ਜੇਕਰ ਹਾਈ ਕੋਰਟ ਜਾਂ ਸੁਪਰੀਮ ਕੋਰਟ ਨੇ ਕੋਈ ਦਖ਼ਲਅੰਦਾਜ਼ੀ ਨਾ ਕੀਤੀ ਤਾਂ ਪੰਜ ਔਰਤਾਂ ਦੀ ਅਰਜ਼ੀ 'ਤੇ ਜ਼ਿਲ੍ਹਾ ਜੱਜ ਦੀ ਸੁਣਵਾਈ ਜਾਰੀ ਰਹੇਗੀ ਅਤੇ ਜੱਜ ਨੇ ਅਗਲੀ ਤਰੀਕ ਵੀ ਦੇ ਦਿੱਤੀ ਹੈ।

ਇਸ 'ਚ ਕੋਈ ਸ਼ੱਕ ਨਹੀਂ ਕਿ ਇਹ ਫ਼ੈਸਲਾ ਹਿੰਦੂ ਪੱਖ ਦੀ ਜਿੱਤ ਹੈ ਪਰ ਇਸ ਦੇ ਕਾਰਨ ਔਰਤਾਂ ਨੂੰ ਪੂਜਾ ਦਾ ਅਧਿਕਾਰ ਤੁਰੰਤ ਮਿਲ ਜਾਵੇਗਾ, ਇਹ ਕਹਿਣਾ ਵੀ ਗ਼ਲਤ ਹੋਵੇਗਾ। ਦਰਅਸਲ ਔਰਤਾਂ ਦੀ ਪਟੀਸ਼ਨ ਦੀ ਸੁਣਵਾਈ ਸ਼ੁਰੂ ਵੀ ਨਹੀਂ ਹੋਈ ਹੈ। ਮੁਸਲਿਮ ਪੱਖ ਨੇ 1991 ਦੇ ਵਰਸ਼ਿਪ ਐਕਟ ਦਾ ਹਵਾਲਾ ਦਿੰਦੇ ਹੋਏ ਕਿਹਾ ਸੀ ਕਿ ਅਦਾਲਤ ਇਸ ਪਟੀਸ਼ਨ ਦੀ ਸੁਣਵਾਈ ਕਰ ਹੀ ਨਹੀਂ ਸਕਦੀ ਕਿਉਂਕਿ 1991 ਦੇ ਉਸ ਐਕਟ ਵਿਚ ਸਾਫ਼ ਤੌਰ 'ਤੇ ਕਿਹਾ ਗਿਆ ਹੈ ਕਿ 15 ਅਗਸਤ, 1947 ਵਿਚ ਕਿਸੇ ਧਾਰਮਿਕ ਸਥਾਨ ਦਾ ਜੋ ਸਟੇਟਸ ਸੀ, ਉਹ ਨਹੀਂ ਬਦਲਿਆ ਜਾਵੇਗਾ। ਇਸ ਦਾ ਹਵਾਲਾ ਦਿੰਦਿਆਂ ਮੁਸਲਿਮ ਪੱਖ ਦਾ ਕਹਿਣਾ ਹੈ ਕਿ ਜਦੋਂ ਧਾਰਮਿਕ ਸਥਾਨ ਦਾ ਸਟੇਟਸ ਬਦਲਿਆ ਨਹੀਂ ਜਾ ਸਕਦਾ ਤਾਂ ਫਿਰ ਇਸ ਸੁਣਵਾਈ ਦੀ ਕੀ ਲੋੜ ਹੈ?

ਹਿੰਦੂ ਪੱਖ ਦਾ ਕਹਿਣਾ ਸੀ ਕਿ ਸ਼ਿੰਗਾਰ ਗੌਰੀ ਦੇ ਮਾਮਲੇ ਵਿਚ 1991 ਦਾ ਇਹ ਕਾਨੂੰਨ ਲਾਗੂ ਨਹੀਂ ਹੁੰਦਾ ਕਿਉਂਕਿ 15 ਅਗਸਤ 1947 ਅਤੇ ਉਸ ਤੋਂ ਬਾਅਦ ਕਈ ਸਾਲਾਂ ਤਕ ਉਥੇ ਗੌਰੀ ਪੂਜਾ ਹੁੰਦੀ ਰਹੀ ਹੈ; ਮਤਲਬ ਗਿਆਨਵਾਪੀ ਗਲਿਆਰੇ ਵਿਚ ਮੁਸਲਿਮ ਵੀ ਨਮਾਜ਼ ਪੜ੍ਹਦੇ ਰਹੇ ਹਨ ਅਤੇ ਹਿੰਦੂ ਵੀ ਮਸਜਿਦ ਦੀ ਬਾਹਰਲੀ ਕੰਧ 'ਤੇ ਬਣੀ ਗੌਰੀ ਦੀ ਪੂਜਾ ਕਰਦੇ ਰਹੇ ਹਨ। ਇਸ ਤਰ੍ਹਾਂ ਇਹ ਇਕ ਅਜਿਹਾ ਧਾਰਮਿਕ ਸਥਾਨ ਹੈ ਜੋ 15 ਅਗਸਤ 1947 ਨੂੰ ਮੁਸਲਿਮ ਅਤੇ ਹਿੰਦੂ-ਦੋਵਾਂ ਦੀ ਪੂਜਾ ਦਾ ਕੇਂਦਰ ਸੀ।

ਜ਼ਾਹਿਰ ਹੈ, ਜੇਕਰ ਸੁਣਵਾਈ ਹੋਈ ਤਾਂ ਫ਼ੈਸਲਾ ਇਕ ਵਾਰ ਫਿਰ ਹਿੰਦੂ ਪੱਖ ਵਿਚ ਹੀ ਆਵੇਗਾ ਕਿਉਂਕਿ ਮੁਸਲਿਮ ਪੱਖ ਕੋਲ 1991 ਦੇ ਵਰਸ਼ਿਪ ਐਕਟ ਤੋਂ ਇਲਾਵਾ ਹੋਰ ਕੋਈ ਢਾਲ ਨਹੀਂ ਹੈ ਜਿਸ ਨਾਲ ਉਹ ਹਿੰਦੂ ਪੱਖ ਦੀ ਦਲੀਲ ਦੀ ਕਾਟ ਕਰ ਸਕਣ। ਹਿੰਦੂ ਉਥੇ 1947 ਤੋਂ ਬਾਅਦ ਵੀ ਪੂਜਾ ਕਰਦੇ ਸਨ, ਇਸ ਦਾਅਵੇ ਨੂੰ ਮੁਸਲਿਮ ਪੱਖ ਗ਼ਲਤ ਸਾਬਿਤ ਨਹੀਂ ਕਰ ਸਕਿਆ। ਵੱਧ ਤੋਂ ਵੱਧ ਹਾਈ ਕੋਰਟ ਅਤੇ ਸੁਪਰੀਮ ਕੋਰਟ ਨੂੰ ਬੇਨਤੀ ਕਰ ਕੇ ਮੁਸਲਿਮ ਪੱਖ ਜ਼ਿਲ੍ਹਾ ਜਜ ਵੱਲੋਂ ਅੱਗੇ ਦੀ ਕਾਰਵਾਈ ਨੂੰ ਰੋਕਣ ਦੀ ਕੋਸ਼ਿਸ਼ ਕਰ ਸਕਦਾ ਹੈ। ਉਸ ਨੇ ਤਾਂ ਇਹ ਕੋਸ਼ਿਸ਼ ਪਹਿਲਾਂ ਵੀ ਕੀਤੀ ਸੀ ਪਰ ਉਦੋਂ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਟਰਾਇਲ ਕੋਰਟ ਪਹਿਲਾਂ ਸੁਣਵਾਈ ਕਰਕੇ ਆਪਣਾ ਪੱਖ ਸੁਣਾ ਦੇਵੇ, ਉਸ ਤੋਂ ਬਾਅਦ ਹੀ ਉਹ ਆਪਣੇ ਵਲੋਂ ਕੁਝ ਕਹਿ ਸਕੇਗਾ। ਹਾਂ, ਉਸ ਨੇ ਸਿਵਲ ਜੱਜ ਦੀ ਅਦਾਲਤ ਤੋਂ ਮਾਮਲੇ ਨੂੰ ਜ਼ਿਲ੍ਹਾ ਜੱਜ ਦੀ ਅਦਾਲਤ ਵਿਚ ਭੇਜ ਦਿੱਤਾ ਸੀ, ਕਿਉਂਕਿ ਉਸ ਨੂੰ ਲੱਗਾ ਸੀ ਕਿ ਇਸ ਮਾਮਲੇ ਦੀ ਸੁਣਵਾਈ ਤਜਰਬੇਕਾਰ ਅਤੇ ਸੀਨੀਅਰ ਜੱਜ ਵਲੋਂ ਕੀਤੀ ਜਾਣੀ ਚਾਹੀਦੀ ਹੈ।

ਇਸ ਮਾਮਲੇ ਦੀ ਸ਼ੁਰੂਆਤ ਤਾਂ ਮਸਜਿਦ ਦੀ ਬਾਹਰਲੀ ਕੰਧ 'ਤੇ ਬਣੀ ਸ਼ਿੰਗਾਰ ਗੌਰੀ ਦੀ ਪੂਜਾ ਦੀ ਮੰਗ ਦੇ ਨਾਲ ਹੋਈ ਸੀ ਪਰ ਹੁਣ ਇਹ ਮਾਮਲਾ ਸਿਰਫ਼ ਗੌਰੀ ਪੂਜਾ ਤਕ ਹੀ ਸੀਮਿਤ ਨਹੀਂ ਰਹਿ ਗਿਆ ਹੈ। ਸੁਣਵਾਈ ਦੌਰਾਨ ਕੋਰਟ ਨੇ ਕਮਿਸ਼ਨ ਦਾ ਗਠਨ ਕਰ ਕੇ ਗਿਆਨਵਾਪੀ ਗਲਿਆਰੇ ਦੀ ਜਾਂਚ ਕਰਵਾਈ ਸੀ ਅਤੇ ਜਾਂਚ ਦੇ ਦੌਰਾਨ ਵੁਜੂਖਾਨੇ ਦੇ ਪਾਣੀ ਵਿਚ ਸ਼ਿਵਲਿੰਗ ਵਰਗਾ ਆਕਾਰ ਹੋਣ ਦਾ ਦਾਅਵਾ ਕੀਤਾ ਗਿਆ ਸੀ ਜਿਸ 'ਤੇ ਤ੍ਰਿਸ਼ੂਲ ਵੀ ਉਕਰਿਆ ਹੋਇਆ ਸੀ। ਇਸ ਖੋਜ ਨੇ ਪੂਰੇ ਵਿਵਾਦ ਨੂੰ ਨਵਾਂ ਮੋੜ ਦੇ ਦਿੱਤਾ ਹੈ ਅਤੇ ਹਿੰਦੂ ਪੱਖ ਪੂਰੇ ਗਿਆਨਵਾਪੀ ਗਲਿਆਰੇ ਨੂੰ ਹੀ ਬਾਬਾ ਵਿਸ਼ਵੇਸ਼ਵਰ ਮੰਦਰ ਦਾ ਗਲਿਆਰਾ ਹੋਣ ਦਾ ਦਾਅਵਾ ਕਰਨ ਲੱਗੇ ਅਤੇ ਉਹ ਮੁਸਲਿਮ ਪੱਖ ਨੂੰ ਉਥੋਂ ਪੂਰੀ ਤਰ੍ਹਾਂ ਹਟਾਏ ਜਾਣ ਦੀ ਮੰਗ ਕਰ ਰਹੇ ਹਨ। ਉਹ ਸ਼ਿਵਲਿੰਗ ਹੀ ਹੈ, ਇਹ ਅੰਤਿਮ ਰੂਪ ਨਾਲ ਸਾਬਤ ਨਹੀਂ ਹੋਇਆ ਅਤੇ ਮੁਸਲਿਮ ਪੱਖ ਇਸ ਨੂੰ ਫੁਹਾਰਾ ਦੱਸ ਰਿਹਾ ਹੈ ਪਰ ਮੁਸਲਿਮ ਪੱਖ ਸ਼ਿਵਲਿੰਗ ਜਾਂ ਫੁਹਾਰੇ ਦੀ ਦਿੱਖ ਵਾਲੇ ਇਸ ਢਾਂਚੇ ਦੀ ਵਿਗਿਆਨਕ ਜਾਂਚ ਕਰਵਾਉਣ ਤੋਂ ਭੱਜ ਰਿਹਾ ਹੈ, ਜਦ ਕਿ ਹਿੰਦੂ ਪੱਖ ਉਸ ਦੀ ਕਾਰਬਨ ਡੇਟਿੰਗ ਅਤੇ ਉਸ ਦੇ ਮਟੀਰੀਅਲ ਦੀ ਜਾਂਚ ਕਰਵਾਉਣ ਦੀ ਮੰਗ ਕਰ ਰਿਹਾ ਹੈ।


ਇਹ ਮਾਮਲਾ ਪੂਜਾ ਦੀ ਮੰਗ ਤੋਂ ਅੱਗੇ ਵਧ ਚੁੱਕਾ ਹੈ, ਇਸ ਦਾ ਅੰਦਾਜ਼ਾ ਇਥੋਂ ਲਗਾਇਆ ਜਾ ਸਕਦਾ ਹੈ ਕਿ ਹੁਣ 1991 ਦੇ ਉਸ ਕਾਨੂੰਨ ਦੀ ਸੰਵਿਧਾਨਿਕਤਾ ਨੂੰ ਵੀ ਚੁਣੌਤੀ ਦੇ ਦਿੱਤੀ ਗਈ ਹੈ ਜਿਸ ਦੀ ਆੜ ਵਿਚ ਮੁਸਲਿਮ ਪੱਖ ਗਿਆਨਵਾਪੀ ਮਸਜਿਦ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਸੁਪਰੀਮ ਕੋਰਟ ਨੇ ਉਸ ਪਟੀਸ਼ਨ ਦੀ ਸੁਣਵਾਈ ਕਰਨਾ ਸਵੀਕਾਰ ਵੀ ਕਰ ਲਿਆ ਹੈ। ਉਸ ਦਾ ਕੀ ਫ਼ੈਸਲਾ ਆਏਗਾ, ਇਸ ਦਾ ਅੰਦਾਜ਼ਾ ਲਗਾਉਣਾ ਅਸੰਭਵ ਹੈ ਪਰ ਏਨਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜੇਕਰ ਸੁਪਰੀਮ ਕੋਰਟ ਨੇ ਹਿੰਦੂ ਪੱਖ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਤਾਂ ਹਿੰਦੂ ਪੱਖ ਕੇਂਦਰ ਸਰਕਾਰ ਅਤੇ ਸੰਸਦ 'ਤੇ ਦਬਾਅ ਬਣਾ ਕੇ ਉਸ ਕਾਨੂੰਨ ਨੂੰ ਵਾਪਿਸ ਲੈਣ ਲਈ ਦਬਾਅ ਬਣਾ ਸਕਦਾ ਹੈ ਕਿਉਂਕਿ ਕੇਂਦਰ ਵਿਚ ਭਾਜਪਾ ਦੀ ਸਰਕਾਰ ਹੈ ਅਤੇ ਭਾਜਪਾ ਖੁਦ ਇਸ ਅੰਦੋਲਨ ਨਾਲ ਕਦੇ ਜੁੜੀ ਰਹੀ ਸੀ। ਉਹ ਸਰਕਾਰ ਉਸ ਦਬਾਅ ਵਿਚ ਅਸਾਨੀ ਨਾਲ ਆ ਸਕਦੀ ਹੈ।

ਜ਼ਾਹਿਰ ਹੈ, ਮੁਸਲਿਮ ਪੱਖ ਹਾਰੀ ਹੋਈ ਲੜਾਈ ਲੜ ਰਿਹਾ ਹੈ। ਇਤਿਹਾਸ ਵੀ ਉਸ ਦੇ ਨਾਲ ਨਹੀਂ ਹੈ ਕਿਉਂਕਿ ਉਹ ਅਕਬਰ ਦੇ ਜ਼ਮਾਨੇ ਵਿਚ ਰਾਜਾ ਟੋਡਰਮਲ ਅਤੇ ਰਾਜਾ ਮਾਨ ਸਿੰਘ ਵੱਲੋਂ ਬਾਬਾ ਵਿਸ਼ਵੇਸ਼ਵਰ ਜਿਸ ਨੂੰ ਬਾਬਾ ਵਿਸ਼ਵਨਾਥ ਵੀ ਕਹਿੰਦੇ ਹਨ, ਦੇ ਨਿਰਮਾਣ ਦਾ ਸਬੂਤ ਦੇ ਰਿਹਾ ਹੈ। ਵਰਤਮਾਨ ਵਿਸ਼ਵਨਾਥ ਮੰਦਰ ਇੰਦੌਰ ਦੀ ਮਹਾਰਾਣੀ ਅਹਿੱਲਿਆਬਾਈ ਵਲੋਂ ਉਸ ਦੇ ਕੋਲ ਹੀ ਬਣਾਇਆ ਗਿਆ ਸੀ ਅਤੇ ਉਸ ਤੋਂ ਬਾਅਦ ਵਿਸ਼ਵਨਾਥ ਮੰਦਰ ਅਤੇ ਗਿਆਨਵਾਪੀ ਮਸਜਿਦ ਉਥੇ ਨਾਲ-ਨਾਲ ਮੌਜੂਦ ਹਨ। ਮਸਜਿਦ ਦੀ ਇਕ ਬਾਹਰਲੀ ਦੀਵਾਰ 'ਤੇ ਗੌਰੀ ਅਤੇ ਹੋਰ ਹਿੰਦੂ ਪ੍ਰਤੀਕਾਂ ਦਾ ਹੋਣਾ ਵੀ ਇਹ ਸਾਬਿਤ ਕਰਦਾ ਹੈ ਕਿ ਮਸਜਿਦ ਮੰਦਰ ਦੀਆਂ ਕੰਧਾਂ 'ਤੇ ਹੀ ਬਣਾਈ ਗਈ ਸੀ। ਇਹ ਤਾਂ ਪਹਿਲਾਂ ਹੀ ਦਿਸ ਰਿਹਾ ਸੀ ਪਰ ਹੁਣ ਵੁਜੂਖਾਨੇ ਵਿਚੋਂ ਸ਼ਿਵਲਿੰਗ ਵਰਗਾ ਢਾਂਚਾ ਸਾਹਮਣੇ ਆ ਜਾਣਾ ਮੁਸਲਿਮ ਪੱਖ ਦੇ ਦਾਅਵੇ ਨੂੰ ਕਮਜ਼ੋਰ ਹੀ ਨਹੀਂ ਬਲਕਿ ਬਹੁਤ ਕਮਜ਼ੋਰ ਕਰ ਦਿੰਦਾ ਹੈ। ਜੇ ਵਿਗਿਆਨਕ ਨਿਰੀਖਣਾਂ ਤੋਂ ਇਹ ਸਾਬਿਤ ਹੋ ਗਿਆ ਕਿ ਉਹ ਫੁਹਾਰਾ ਹੀ ਹੈ ਤਾਂ ਮੁਸਲਿਮ ਪੱਖ ਕੁਝ ਸੰਘਰਸ਼ ਕਰਨ ਦੀ ਹਾਲਤ ਵਿਚ ਹੋਵੇਗਾ ਪਰ ਜੇ ਇਹ ਸਾਬਿਤ ਹੋ ਗਿਆ ਕਿ ਉਹ ਅਸਲ ਵਿਚ ਸ਼ਿਵਲਿੰਗ ਹੀ ਹੈ ਤਾਂ ਫਿਰ 1991 ਦਾ ਉਹ ਕਾਨੂੰਨ ਵੀ ਗਿਆਨਵਾਪੀ ਮਸਜਿਦ ਦੀ ਰਾਖੀ ਨਹੀਂ ਕਰ ਸਕੇਗਾ ਕਿਉਂਕਿ ਤਦ ਉਸ ਕਾਨੂੰਨ ਨੂੰ ਖ਼ਤਮ ਕਰਨ ਦਾ ਦਬਾਅ ਬਹੁਤ ਵੱਧ ਜਾਵੇਗਾ ਅਤੇ ਉਸ ਦਬਾਅ ਦਾ ਸਾਹਮਣਾ ਕੇਂਦਰ ਸਰਕਾਰ ਕਰ ਨਹੀਂ ਸਕੇਗੀ।

1991 ਦਾ ਇਹ ਕਾਨੂੰਨ ਨਰਸਿਮ੍ਹਾ ਰਾਓ ਸਰਕਾਰ ਨੇ ਬਣਾਇਆ ਸੀ। ਬਾਬਰੀ ਮਸਜਿਦ ਸਮੱਸਿਆ ਦੇ ਹੱਲ ਲਈ ਉਸ ਨੂੰ ਬਣਾਇਆ ਗਿਆ ਸੀ ਜਿਸ ਦੇ ਤਹਿਤ ਮੁਸਲਮਾਨਾਂ ਨੂੰ ਭਰੋਸਾ ਦਿੱਤਾ ਜਾ ਰਿਹਾ ਸੀ ਕਿ ਬਾਬਰੀ ਮਸਜਿਦ ਹਿੰਦੂਆਂ ਲਈ ਛੱਡ ਦਿਓ ਅਤੇ ਕਾਨੂੰਨ ਹੋਰ ਸਾਰੇ ਪੂਜਾ ਸਥਾਨਾਂ ਨੂੰ ਉਸੇ ਤਰ੍ਹਾਂ ਰੱਖਣ ਦੀ ਗਾਰੰਟੀ ਦਿੰਦਾ ਹੈ ਪਰ ਮੁਸਲਿਮ ਪੱਖ ਉਸ ਲਈ ਤਿਆਰ ਨਹੀਂ ਹੋਇਆ। ਆਖਿਰ ਵਿਚ ਸੁਪਰੀਮ ਕੋਰਟ ਦੇ ਫ਼ੈਸਲੇ ਨਾਲ ਹੀ ਅਯੁੱਧਿਆ ਵਿਵਾਦ ਦਾ ਹੱਲ ਹੋਇਆ ਸੀ।

# ਵੀਨਸ: ਰੁਮਾਂਸ ਦਾ ਸੁਪਨਾ...





**ਰਣਜੀਤ ਧੀਰ**
ਫੋਨ: +44-208-5745906

ਮਿਲਾਨ ਸਟੇਸ਼ਨ ਦੇ ਪਲੇਟਫਾਰਮਾਂ ਨਾਲ ਲੱਗਦੇ ਹਿੱਸੇ ਤੋਂ ਵਿਹਲੇ ਹੋ ਕੇ ਜਦ ਬਿਲਡਿੰਗ ਦੇ ਦੂਜੇ ਪਾਸੇ ਦੇਖਿਆ ਤਾਂ ਸਾਡਾ ਮਨ ਹੈਰਾਨੀ, ਤਾਰੀਫ ਅਤੇ ਸ਼ਕਤੀਸ਼ਾਲੀ ਪ੍ਰਭਾਵਾਂ ਹੇਠ ਇੰਨਾ ਦਬ ਗਿਆ ਕਿ ਮੋਹਨ ਅਤੇ ਮੈਂ ਬਸ ਦੇਖਦੇ ਹੀ ਰਹਿ ਗਏ। ਬੱਲੇ ਬੱਲੇ... ਇਟਲੀ ਦੀ ਭਵਨ ਕਲਾ, ਕੰਧਾਂ ਉਤੇ ਬਣੇ ਰੋਮਨ ਇਤਿਹਾਸ ਦੀਆਂ ਸਾਖੀਆਂ ਉਤੇ ਆਧਾਰਿਤ ਚਿੱਤਰ ਅਤੇ ਸੰਗਮਰਮਰ ਦੇ ਬੁੱਤ। ਫਰਸ਼ਾਂ ਉਤੇ ਬਹੁ-ਰੰਗੀ ਮੋਜ਼ੇਕ ਦੇ ਪੈਟਰਨ... ਗੱਲ ਕੀ, ਸਟੇਸ਼ਨ ਦੀ ਇਮਾਰਤ ਦੀ ਕਲਾਸਕੀ ਸਜਾਵਟ ਸਾਨੂੰ ਲਾਜਵਾਬ ਕਰ ਗਈ। ਹਾਲੇ ਘੰਟਾ ਪਹਿਲਾਂ ਮਿਲਾਨ ਸ਼ਹਿਰ ਵੜਨ ਤੋਂ ਪਹਿਲਾਂ ਅਸੀਂ ਇਟਾਲੀਅਨ ਘਰਾਂ ਦੀਆਂ ਡਿਓੜੀਆਂ ਵਿਚ ਦਰੀਆਂ-ਖੇਸ ਸੁੱਕਣੇ ਪਾਏ ਦੇਖ ਇਹ ਅੰਦਾਜ਼ਾ ਲਾਉਣਾ ਸ਼ੁਰੂ ਕੀਤਾ ਸੀ ਕਿ ਦੇਸ਼ ਵਿਚ ਗਰੀਬੀ ਲੱਗਦੀ ਹੈ। ਇਟਲੀ ਦੇ ਕਈ ਹਿੱਸਿਆਂ ਦੀ ਆਰਥਿਕ ਹਾਲਤ ਯੂਰਪੀ ਮਿਆਰਾਂ ਮੁਤਾਬਕ ਕਮਜ਼ੋਰ ਹੈ, ਫਿਰ ਵੀ ਇਹ ਮੁਲਕ ਭਾਰਤ ਵਾਂਗ ਪ੍ਰਾਚੀਨ ਸੱਭਿਅਤਾ ਦਾ ਵਾਰਿਸ ਹੈ।

ਇਸ ਦੇ ਬਾਵਜੂਦ ਸਾਨੂੰ ਉਮੀਦ ਨਹੀਂ ਸੀ ਕਿ ਪਹਿਲੀ ਜਾਣ-ਪਛਾਣ ਵਿਚ ਹੀ ਇਸ ਤਰ੍ਹਾਂ ਦੀ ਕ੍ਰਿਸ਼ਮਈ ਖੂਬਸੂਰਤੀ ਦੇਖਣ ਨੂੰ ਮਿਲੇਗੀ। ਇਹ ਵੀ ਠੀਕ ਹੈ ਕਿ ਮਿਲਾਨ ਸਟੇਸ਼ਨ ਦੀ ਬਿਲਡਿੰਗ ਕਿਸੇ ਪੁਰਾਣੇ ਜਗੀਰਦਾਰ ਦੀ ਹਵੇਲੀ ਵਾਂਗੂ ਡਿਗੂੰ-ਡਿਗੂੰ ਕਰ ਰਹੀ ਹੈ; ਫਰਸ਼ਾਂ ਤੋਂ ਮੋਜ਼ੇਕਾਂ ਦੇ ਰੰਗ ਉਡ ਚੁੱਕੇ ਹਨ ਅਤੇ ਸੰਗਮਰਮਰ ਦੇ ਬੁੱਤਾਂ ਦੀ ਚਮਕ-ਦਮਕ ਖਤਮ ਹੋ ਚੁੱਕੀ ਹੈ ਪਰ ਇਹ ਨਜ਼ਾਰੇ ਮੁਲਕ ਦੇ ਤਾਕਤਵਰ ਦੌਰ ਦੀ ਗਵਾਹੀ ਵੀ ਭਰਦੇ ਹਨ।

ਦੁਨੀਆ ਦੇ ਵੱਖ-ਵੱਖ ਮੁਲਕਾਂ ਵਿਚ ਘੁੰਮਣ-ਫਿਰਨ ਦੀ ਇਹੋ ਖੁਸ਼ੀ ਹੈ ਕਿ ਹਰ ਦੇਸ਼, ਹਰ ਕਲਚਰ ਵਿਚ ਕੁਝ ਨਾ ਕੁਝ ਖੂਬਸੂਰਤੀ ਦਾ ਅੰਸ਼ ਜ਼ਰੂਰ ਮਿਲ ਜਾਂਦਾ ਹੈ। ਸਵਿਟਜ਼ਰਲੈਂਡ ਦੀ ਰਾਜਧਾਨੀ ਬਰਨ ਦੀ ਖੂਬਸੂਰਤੀ ਨੇ ਜਿਵੇਂ ਸਾਨੂੰ ਕੀਲ ਹੀ ਲਿਆ ਸੀ ਪਰ ਮੈਨੂੰ ਲੱਗਿਆ, ਇਟਲੀ ਦੀ ਆਪਣੀ ਕਿਸਮ ਦੀ ਖੂਬਸੂਰਤੀ ਹੈ, ਇਸ ਦਾ ਕੋਈ ਜਵਾਬ ਨਹੀਂ।

ਰਾਤ ਅਸੀਂ ਸ਼ਹਿਰ ਦੇ ਅਮਰੀਕਨ ਹੋਟਲ ਵਿਚ ਕੱਟੀ। ਕੁਝ ਤਲਖ ਤਜਰਬਾ ਵੀ ਹੋਇਆ। ਇਟਾਲੀਅਨਾਂ ਦਾ ਸੁਭਾਅ ਝਗੜਾਲੂ ਲੱਗਿਆ। ਹੋਟਲ ਦੇਖਦੇ ਫਿਰਦਿਆਂ ਕਈ ਇਹੋ ਜਿਹੇ ਇਤਾਲਵੀ ਲੋਕਾਂ ਨਾਲ ਵਾਹ ਪਿਆ ਜਿਨ੍ਹਾਂ ਦਾ ਗਾਹਕਾਂ ਵੱਲ ਵਤੀਰਾ ਉਕਾ ਹੀ ਬੇਹੂਦਾ ਅਤੇ ਗੁਸਤਾਖ ਸੀ। ਸਾਫ ਕਹਿ ਦਿੰਦੇ ਸਨ ਕਿ ਕਮਰਾ ਲੈਣਾ ਲਉ, ਨਹੀਂ ਤਾਂ ਸਮਾਂ ਬਰਬਾਦ ਨਾ ਕਰੋ। ਬਸ ਕਮਰਾ ਜਿਹਾ ਹੈ, ਘਟੀਆ ਭਾਵੇਂ ਹੈ ਪਰ ਲੈਣਾ ਲਉ ਨਹੀਂ ਤਾਂ ਚਲਦੇ ਬਣੋ। ਯੂਰਪ ਦੇ ਬਾਕੀ ਮੁਲਕਾਂ ਵਿਚ ਸ਼ਾਇਦ ਸੈਲਾਨੀਆਂ ਨਾਲ ਇਸ ਤਰ੍ਹਾਂ ਦਾ ਗੁਸਤਾਖ ਅਤੇ ਰੁੱਖਾ ਵਿਹਾਰ ਨਹੀਂ ਹੁੰਦਾ।

ਖੈਰ, ਅਗਲੇ ਦਿਨ ਇਮੈਨੂਅਲ ਗੈਲਰੀ ਅਤੇ ਓਪੇਰਾ ਹਾਊਸ ਦੇਖ ਸਾਡੇ ਮਨਾਂ ਉਤੇ ਇਤਾਲਵੀ ਭਵਨ ਕਲਾ ਦਾ ਪ੍ਰਭਾਵ ਹੋਰ ਵੀ ਗੂੜ੍ਹਾ ਹੋ ਗਿਆ। ਬਰਨ ਦਾ ਛੋਟਾ ਜਿਹਾ ਅਜਾਇਬ ਘਰ ਤਾਂ ਇਨ੍ਹਾਂ ਦੇ ਮੁਕਾਬਲੇ ਕਿਤੇ ਵੀ ਨਹੀਂ ਸੀ ਆਉਂਦਾ। ਸ਼ਾਇਦ ਲੰਡਨ ਦੀ ਨੈਸ਼ਨਲ ਗੈਲਰੀ ਵਿਚ ਵੀ ਉਸ ਤਰ੍ਹਾਂ ਦੇ ਬੇਮੁੱਲੇ ਖਜ਼ਾਨੇ ਨਾ ਹੋਣ।

ਦੁਪਹਿਰ ਵੇਲੇ ਵੀਨਸ ਵੱਲ ਫਰਾਟੇ ਮਾਰਦੀ ਗੱਡੀ ਵਿਚ ਬੈਠਿਆਂ ਸਾਡਾ ਮਨ ਇਸ ਤਰ੍ਹਾਂ ਦੇ ਵਿਚਾਰਾਂ ਨਾਲ ਭਰਿਆ ਹੋਇਆ ਸੀ। ਚਾਰ ਘੰਟਿਆਂ ਦਾ ਸਫਰ ਕਈ ਤਰ੍ਹਾਂ ਦੇ ਮੁਸਾਫਰਾਂ ਨਾਲ ਗੱਲੀਂ-ਬਾਤੀਂ ਮੁਕਾ ਲਿਆ। ਕੌਮਾਂਤਰੀ ਗੱਡੀਆਂ ਵਿਚ ਸਫਰ ਕਰਨ ਦਾ ਇਹ ਬਹੁਤ ਫਾਇਦਾ ਹੁੰਦਾ ਹੈ ਕਿ ਕੋਈ ਅਮਰੀਕਾ, ਕੋਈ ਇਜ਼ਰਾਈਲ, ਸੀਰੀਆ, ਜਰਮਨੀ ਅਤੇ ਕੋਈ ਕਿਤੋਂ ਆਇਆ ਸ਼ਖਸ ਮਿਲ ਜਾਂਦਾ ਹੈ। ਕੁਝ ਕੁ ਨੂੰ ਛੱਡ ਕੇ ਸਾਰੇ ਹੀ ਗੱਲਬਾਤ ਵਿਚ ਖੁਸ਼ੀ-ਖੁਸ਼ੀ ਸ਼ਾਮਲ ਹੋ ਜਾਂਦੇ ਹਨ। ਬਹੁਤਿਆਂ ਨੂੰ ਤਾਂ ਅੰਗਰੇਜ਼ੀ ਆਉਂਦੀ ਹੁੰਦੀ ਹੈ ਪਰ ਜੇ ਜ਼ਬਾਨ ਦਾ ਅੜਿੱਕਾ ਹੋ ਵੀ ਜਾਵੇ ਤਾਂ ਵੀ ਇਸ ਤਰ੍ਹਾਂ ਦੀਆਂ ਗੱਡੀਆਂ ਦੇ ਮੁਸਾਫਰ ਕੁਝ ਸਾਂਝੇ ਸ਼ਬਦਾਂ ਅਤੇ ਕੁਝ ਸਾਂਝੀਆਂ ਭਾਵਨਾਵਾਂ ਰਾਹੀਂ ਦਿਲ ਦੀ ਗੱਲ ਜਾਣ-ਸਮਝ ਲੈਂਦੇ ਹਨ। ਇਸ ਤਰ੍ਹਾਂ ਦੀਆਂ ਮੁਲਾਕਾਤਾਂ ਦਾ ਆਪਣਾ ਹੀ ਲੁਤਫ ਹੁੰਦਾ ਹੈ।



ਵੀਨਸ ਦਾ ਅੰਬਰੀ ਨਜ਼ਾਰਾ।

ਅੰਗੂਰਾਂ, ਮੱਕੀ, ਸੇਬਾਂ ਅਤੇ ਨਾਸ਼ਪਾਤੀਆਂ ਦੇ ਫਾਰਮਾਂ ਵਿਚ ਦੀ ਲੰਘਦੀ ਗੱਡੀ ਅਖੀਰ ਵੀਨਸ ਲਾਗੇ ਪਹੁੰਚ ਗਈ। ਵੀਨਸ ਟਾਪੂ ਹੈ ਜਿਸ ਦੇ ਚਾਰੇ ਪਾਸੇ ਪਾਣੀ ਹੀ ਪਾਣੀ। ਇੰਜਨੀਅਰਾਂ ਨੇ 1864 ਵਿਚ ਜਿਥੋਂ ਇਟਲੀ ਦੇ ਮੇਨਲੈਂਡ ਦੀ ਧਰਤੀ ਖਤਮ ਹੁੰਦੀ ਹੈ, ਉਥੋਂ ਪੰਜ ਮੀਲ ਲੰਮਾ ਪੁਲ ਸਮੁੰਦਰ ਵਿਚ ਦੀ ਉਸਾਰ ਕੇ ਰੇਲ ਗੱਡੀ ਧੁਰ ਵੀਨਸ ਅੰਦਰ ਪਹੁੰਚਾ ਦਿਤੀ। ਇਨ੍ਹਾਂ ਪੰਜਾਂ ਮੀਲਾਂ ਦੌਰਾਨ ਗੱਡੀ ਵਿਚ ਬੈਠਿਆਂ ਇਉਂ ਲੱਗਦਾ ਹੈ ਜਿਵੇਂ ਗੱਡੀ ਪਾਣੀ ਉਤੇ ਚੱਲ ਰਹੀ ਹੋਵੇ। ਪੂਰੇ ਪੰਜ ਮੀਲ ਸਮੁੰਦਰ ਵਿਚ ਰੇਲ ਦਾ ਪੁਲ। ਸਾਨੂੰ ਦੱਸਿਆ ਗਿਆ ਕਿ ਸਮੁੰਦਰ ਦੀ ਡੂੰਘਾਈ ਕਈ ਸੈਂਕੜੇ ਫੁੱਟ ਹੈ।

ਵੀਨਸ ਦੇ ਸਾਂਤਾ ਲੂਸੀਆ ਸਟੇਸ਼ਨ ਉਤੇ ਨਿਕਲੇ ਤਾਂ ਇਕ ਵਾਰ ਅਸੀਂ ਦੇਖਦੇ ਹੀ ਰਹਿ ਗਏ। ਪਤਾ ਨਹੀਂ ਕਿਸ ਨੇ ਕਿਹਾ ਸੀ ਕਿ ਜ਼ਿੰਦਗੀ ਵਿਚ ਤੁਸੀਂ ਵੀਨਸ ਸ਼ਹਿਰ ਨਹੀਂ ਦੇਖਿਆ ਤਾਂ ਕੁਝ ਵੀ ਨਹੀਂ ਵੇਖਿਆ। ਕਿੰਨਾ ਸੱਚ ਸੀ ਇਹ। ਵੀਨਸ ਜਿਸ ਬਾਰੇ ਕਿੰਨੀ ਵਾਰੀ ਕਿਤਾਬਾਂ ਵਿਚ ਪੜ੍ਹਿਆ ਸੀ, ਜਿਸ ਦੀਆਂ ਗਲੀਆਂ ਪਾਣੀ ਦੀਆਂ ਨਹਿਰਾਂ ਹਨ, ਜਿੱਥੇ ਮਾਰਕੋ ਪੋਲੋ ਅਤੇ ਵਿਸ਼ੀਅਨ ਵਰਗੇ ਬੰਦੇ ਪੈਦਾ ਹੋਏ, ਉਸੇ ਵੀਨਸ ਵਿਚ ਅੱਜ ਭਾਰਤ ਦੇ ਜੰਮ-ਪਲ ਖੜ੍ਹੇ ਸਨ।

ਇਟਲੀ ਦਾ ਮੱਧ ਯੁਗੀ ਦੌਰ ਵੀ ਇਸ ਦੀ ਪੁਰਾਤਨ ਸੱਭਿਅਤਾ ਵਾਂਗ ਸ਼ਾਨਦਾਰ ਸੀ। ਇਸ ਕਾਲ ਵਿਚ ਇਟਲੀ ਵੀ ਅਠਾਰਵੀਂ ਸਦੀ ਦੇ ਭਾਰਤ ਵਾਂਗ ਛੋਟੀਆਂ-ਛੋਟੀਆਂ ਰਿਆਸਤਾਂ ਵਿਚ ਵੰਡਿਆਂ ਹੋਇਆ ਸੀ। ਮਿਲਾਨ, ਪੀਜ਼ਾ, ਰੋਮ, ਫਲੋਰੈਂਸ ਅਤੇ ਵੀਨਸ, ਇਹ ਸਭ ਰਿਆਸਤਾਂ ਸਨ। ਰੋਮ ਤਾਂ ਕੈਥਲਿਕ ਚਰਚ ਦੇ ਪੋਪ ਦੀ ਤਾਕਤ ਦਾ ਕੇਂਦਰ ਹੋਣ ਕਰਕੇ ਵੀ ਅੱਜ ਤੱਕ ਮਸ਼ਹੂਰ ਹੈ। ਇਨ੍ਹਾਂ ਵਿਚੋਂ ਬਹੁਤੀਆਂ ਰਿਆਸਤਾਂ ਤਜਾਰਤ, ਖੇਤੀ, ਕਲਾ, ਬੁੱਤ-ਤਰਾਸ਼ੀ ਅਤੇ ਫੌਜੀ ਤਾਕਤ ਵਿਚ ਦੱਖਣੀ ਯੂਰਪ ਦੀਆਂ ਬਿਹਤਰੀਨ ਰਿਆਸਤਾਂ ਮੰਨੀਆਂ ਜਾਂਦੀਆਂ ਸਨ। ਦੁਨੀਆ ਦਾ ਮਹਾਨ ਕਲਾਕਾਰ ਲਿਓਨਾਰਡੋ ਡੀ ਵਿੰਚੀ ਮਿਲਾਨ ਦਾ ਨਾਗਰਿਕ ਸੀ। ਇਨ੍ਹਾਂ ਸਭਨਾਂ ਵਿਚੋਂ ਫਲੋਰੈਂਸ ਦਾ ਮੁਕਾਬਲਾ ਕਲਾਵਾਂ ਦੇ ਖੇਤਰ ਵਿਚ ਕੋਈ ਨਹੀਂ ਸੀ ਕਰ ਸਕਿਆ। ਮਾਈਕਲ ਐਂਜਲੋ ਵਰਗਾ ਬੁੱਤ-ਤਰਾਸ਼, ਦਾਂਤੇ ਵਰਗਾ ਕਵੀ, ਮੈਕਿਆਵਲੀ ਵਰਗਾ ਚਿੰਤਕ ਅਤੇ ਰੈਫੇਲ ਵਰਗਾ ਚਿੱਤਰਕਾਰ; ਇਹ ਸਭ ਫਲੋਰੈਂਸ ਦੇ 'ਰਤਨਾਂ' ਵਿਚੋਂ ਸਨ। ਇਟਲੀ ਦੀ ਭੂਗੋਲਿਕ ਸਥਿਤੀ ਇਸ ਹੱਦ ਦੀ ਹੈ ਕਿ ਇਸ ਦਾ ਪੂਰਬ ਦੀਆਂ ਭਾਰਤੀ, ਯੂਨਾਨੀ ਅਤੇ ਮਿਸਰ ਦੀਆਂ ਸ਼ਕਤੀਸ਼ਾਲੀ ਸੱਭਿਆਤਾਵਾਂ ਨਾਲ ਵੀ ਸੰਪਰਕ ਸੀ। ਪੱਛਮ ਨਾਲ ਤਾਂ ਸੰਪਰਕ ਕੁਦਰਤੀ ਸੀ ਪਰ ਦੋਹਾਂ ਪਾਸਿਆਂ ਦੀਆਂ ਹਾਲਤਾਂ ਤੋਂ ਲਾਭ ਉਠਾ ਕੇ ਇਟਲੀ ਦੀਆਂ ਰਿਆਸਤਾਂ ਦਾ ਕਲਾ ਅਤੇ ਚਿੰਤਨ ਵਿਚ ਬਹੁਤ ਤਕੜਾ ਸਥਾਨ ਸੀ।

ਕਹਿੰਦੇ ਹਨ ਕਿ ਇਟਲੀ ਦੇ ਸ਼ਹਿਜ਼ਾਦਿਆਂ ਨੇ ਤੁਰਕੀ ਦੇ ਸੁਲਤਾਨਾਂ ਦਾ ਫੌਜੀ ਤੌਰ 'ਤੇ ਮੁਕਾਬਲਾ ਕਰਨ ਦੀ ਸਕੀਮ ਹੇਠਾਂ ਵੀਨਸ ਵਸਾਉਣ ਦਾ ਫੈਸਲਾ ਕੀਤਾ। ਕਾਰਨ ਇਹ ਸੀ ਕਿ ਤੁਰਕੀ ਦੀ ਪੈਦਲ ਅਤੇ ਘੋੜ-ਸਵਾਰ ਫੌਜ ਦਾ ਮੁਕਾਬਲਾ ਇਤਾਲਵੀ ਲੋਕ ਨਹੀਂ ਸੀ ਕਰ ਸਕਦੇ। ਦੂਜੇ ਪਾਸੇ ਤੁਰਕਾਂ ਦੀ ਸਮੁੰਦਰੀ ਫੌਜ ਮਾਮੂਲੀ ਸੀ ਜਿਸ ਕਰਕੇ ਤੁਰਕੀ ਦੇ ਮੁਸਲਮਾਨ ਸਮੁੰਦਰ ਪਾਰ ਕਰਕੇ ਵੀਨਸ ਨੂੰ ਫਤਹਿ ਨਹੀਂ ਸੀ ਕਰ ਸਕਦੇ।

ਫੌਜੀ ਸਕੀਮਬੰਦੀ ਤਹਿਤ ਵਸਾਇਆ ਇਹ ਸ਼ਹਿਰ ਹੌਲੀ-ਹੌਲੀ ਯੂਰਪ ਭਰ ਦੇ ਕਲਾਕਾਰਾਂ ਅਤੇ ਦਾਨਿਸ਼ਵਰਾਂ ਦਾ ਕੇਂਦਰ ਬਣ ਗਿਆ। ਇੰਗਲੈਂਡ ਦੇ ਪ੍ਰਸਿੱਧ ਕਵੀ ਬਾਇਰਨ ਅਤੇ ਸ਼ੈਲੇ ਇੱਥੇ ਰਹੇ। ਸਟੇਸ਼ਨੋਂ ਬਾਹਰ ਆਉਂਦਿਆਂ ਹੀ ਇਸ ਤਰ੍ਹਾਂ ਦਾ ਰੁਮਾਂਟਿਕ ਦ੍ਰਿਸ਼ ਸੀ ਕਿ ਰਿਆਲਟੋ ਪੁਲ ਕੋਲ ਖਲੋ ਅਸੀਂ ਜੀਅ ਭਰ ਕੇ ਆਸੇ-ਪਾਸੇ ਦੇਖਿਆ, ਜਿਵੇਂ ਅਸੀਂ ਇਹ ਸਾਰਾ ਨਜ਼ਾਰਾ ਆਪਣੇ ਜ਼ਿਹਨ ਵਿਚ ਸਮੋ ਲੈਣਾ ਚਾਹੁੰਦੇ ਹੋਈਏ। ਪੁਰਾਤਨ ਭਵਨਾਂ, ਗਿਰਜੇ, ਹੋਟਲ, ਬਾਜ਼ਾਰਾਂ ਵਿਚ ਲੱਗੀਆਂ ਸਟਾਲਾਂ, ਟੂਰਿਸਟਾਂ ਦਾ ਹਜੂਮ, ਕਿਸ਼ਤੀਆਂ ਹੀ ਕਿਸ਼ਤੀਆਂ ਹਰ ਪਾਸੇ... ਪਰ ਕਿਤੇ ਵੀ ਕਾਰ ਜਾਂ ਬੱਸ ਦੇਖਣ ਨੂੰ ਨਹੀਂ ਮਿਲਦੀ।

ਹੋਟਲ ਬੁੱਕ ਕਰਕੇ ਅਸੀਂ ਸਮਾਨ ਕਮਰੇ ਵਿਚ ਰੱਖ ਸ਼ਹਿਰ ਦੀ ਸੈਰ ਲਈ ਤੁਰ ਪਏ। ਰਿਆਲਟੋ ਪੁਲ ਤੋਂ ਕਿਸ਼ਤੀ ਲੈ ਅਸੀਂ ਲਾਈਡੋ ਨਾਂ ਦੇ ਗਵਾਂਢੀ ਟਾਪੂ ਵੱਲ ਨਿਕਲ ਤੁਰੇ। ਕਿਸ਼ਤੀ ਵਿਚ ਬਹਿ ਕੇ ਵੀਨਸ ਦੀਆਂ ਇਮਾਰਤਾਂ, ਆਰਟ ਗੈਲਰੀਆਂ, ਬਾਜ਼ਾਰ, ਗਲੀਆਂ ਦਾ ਬਾਹਰੋਂ ਨਜ਼ਾਰਾ ਦੇਖਣਾ ਵੀ ਇਕ ਤਜਰਬਾ ਹੈ ਕਿ ਕਿਵੇਂ ਹਰ ਇਮਾਰਤ, ਹਰ ਬਾਜ਼ਾਰ ਦੇ ਆਸੇ-ਪਾਸੇ ਪਾਣੀ ਹੀ ਪਾਣੀ ਹੈ।

ਲਾਈਡੋ ਟਾਪੂ ਵੀਨਸ ਤੋਂ ਕਰੀਬਨ ਦਸ ਕੁ ਮੀਲ ਦੀ ਵਿੱਥ 'ਤੇ ਹੈ। ਇੱਥੇ ਵੀ ਵੀਨਸ ਵਾਂਗ ਪੁਰਾਤਨ ਇਮਾਰਤਾਂ ਅਤੇ ਇਤਿਹਾਸਕ ਜਗਾਹਾਂ ਦੀ ਭਰਮਾਰ ਹੈ। ਹਰ ਬਿਲਡਿੰਗ ਅੱਗੇ ਕੋਈ ਨਾ ਕੋਈ ਬੁੱਤ। ਹਰ ਇਮਾਰਤ ਅੰਦਰ ਕਿਸੇ ਮਹਾਨ ਚਿੱਤਰਕਾਰ ਦੀ ਤਸਵੀਰ। ਵੀਨਸ ਆ ਕੇ ਮਹਿਸੂਸ ਹੁੰਦਾ ਹੈ, ਜਿਵੇਂ ਮਾਡਰਨ ਸਮੇਂ ਦੀ ਭੜਕੀਲੀ ਸੱਭਿਅਤਾ ਤੋਂ ਮੁੜ ਆਏ ਹੋਈਏ। ਦੂਰ ਮੱਧ-ਯੁਗੀ ਸ਼ਾਨੋ-ਸ਼ੌਕਤ ਵਿਚ ਮੁੜ ਆਏ ਹੋਈਏ।

ਹਰ ਸੈਲਾਨੀ ਵਾਸਤੇ ਇਹੋ ਜਿਹੀ ਥਾਂ ਆ ਕੇ ਬਹੁਤ ਦੁਚਿਤੀ ਹੁੰਦੀ ਹੈ ਕਿ ਕਿਹੜੀ ਜਗ੍ਹਾ ਦੇਖੇ, ਕਿਹੜੀ ਗੈਲਰੀ ਨਾ ਜਾਵੇ? ਜੇ ਤੁਸੀਂ ਹਰ ਪਾਸੇ ਲੱਗੇ ਬੁੱਤਾਂ ਬਾਰੇ ਪੜ੍ਹਨ ਲੱਗ ਜਾਉ ਤਾਂ ਸ਼ਾਇਦ ਇਕ ਦਿਨ ਵਿਚ ਮਸਾਂ ਫਰਲਾਂਗ ਦਾ ਸਫਰ ਵੀ ਨਾ ਮੁੱਕੇ। ਵੀਨਸ ਵਿਚ ਨਹਿਰਾਂ ਦੇ ਅਜਾਇਬ ਘਰ ਤੋਂ ਲੈ ਕੇ ਮਾਡਰਨ ਆਰਟ, ਪੁਰਾਤਨ ਹਿਸਟਰੀ ਅਤੇ ਪੂਰਬੀ ਕਲਾ ਦੇ ਮਿਊਜ਼ੀਅਮ ਹਨ। ਅਸੀਂ ਨਹਿਰਾਂ ਦਾ ਅਜਾਇਬ ਘਰ ਦੇਖਣਾ ਚਾਹੁੰਦੇ ਸਾਂ ਕਿ ਪਤਾ ਲੱਗੇ ਵੀਨਸ ਦੇ ਚਹੁੰ ਪਾਸੀਂ ਇਹ ਹਜ਼ਾਰਾਂ ਨਹਿਰਾਂ ਕਿਵੇਂ ਖੋਦੀਆਂ, ਕਿਵੇਂ ਇਨ੍ਹਾਂ ਨੂੰ ਸਮੁੰਦਰ ਦੇ ਪਾਣੀ ਨਾਲ ਜੋੜਿਆ ਪਰ ਪੂਰਬੀ ਕਲਾ ਦਾ ਮਿਊਜ਼ੀਅਮ ਦੇਖਦਿਆਂ ਹੀ ਦਿਨ ਢਲ ਗਿਆ ਸੀ। ਬਾਹਰ ਆਏ ਤਾਂ ਸਵਾਲ ਖੜ੍ਹਾ ਹੋ ਗਿਆ ਕਿ ਅਜਾਇਬ ਘਰਾਂ ਅੰਦਰ ਜਾ ਕੇ ਬੀਤ ਚੁੱਕੇ ਸਮੇਂ ਦੀ ਖੂਬਸੂਰਤੀ ਢੂੰਡੀਏ ਜਾਂ ਸੜਕਾਂ, ਬਾਜ਼ਾਰਾਂ, ਰੈਸਟੋਰੈਂਟਾਂ ਵਿਚ ਅੱਜ ਦੀ ਹਾਵੀ ਸੁੰਦਰਤਾ ਦਾ ਨਜ਼ਾਰਾ ਮਾਣੀਏ।

ਬਰਨ ਵਿਚ ਅਸੀਂ ਇਉਂ ਮਹਿਸੂਸ ਕੀਤਾ ਸੀ ਜਿਵੇਂ ਸਾਰਾ ਸਵਿਟਜ਼ਰਲੈਂਡ ਹੀ ਛੁੱਟੀਆਂ 'ਤੇ ਹੋਵੇ ਪਰ ਵੀਨਸ ਵਿਚ ਫਿਰਦਿਆਂ ਇਉਂ ਲੱਗਦਾ ਸੀ ਜਿਵੇਂ ਇਹ ਪਰੀਆਂ ਦੀ ਕੋਈ ਨਗਰੀ ਹੋਵੇ। ਗਰਮੀ-ਰੁੱਤੇ ਕੁੜੀਆਂ ਦੇ ਅੱਧ-ਪਚੱਧੇ ਕੱਪੜੇ... ਆਦਮੀਆਂ ਦੀਆਂ ਨਿੱਕਰਾਂ ਅਤੇ ਲੰਡੀਆਂ ਜਿਹੀਆਂ ਕਮੀਜ਼ਾਂ। ਹਲਕੇ ਛੋਟੇ ਕੱਪੜਿਆਂ ਵਿਚ ਉਨ੍ਹਾਂ ਦੇ ਖੂਬਸੂਰਤ ਅੰਗ ਮਨੁੱਖੀ ਜੂਨ ਦੇ ਸਭ ਤੋਂ ਖੂਬਸੂਰਤ ਹੋਣ ਦੀ ਗਵਾਹੀ ਭਰਦੇ। ਕੋਈ ਫਰਸ਼ 'ਤੇ ਬੈਠਾ ਹੈ, ਕੋਈ ਗਿਰਜੇ ਜਾਂ ਪੁਲ ਦੀਆਂ ਪੌੜੀਆਂ ਵਿਚ ਬੈਠੇ ਇਕ ਦੂਜੇ ਦੀਆਂ ਬਾਹਾਂ ਵਿਚ ਗੁੰਮ ਹਨ... ਕੋਈ ਨਹਿਰ ਕੰਢੇ ਕਿਸੇ ਰੈਸਤੋਰਾਂ ਵਿਚ ਸੂਹੇ-ਰੰਗੀ ਵਾਈਨ ਦੇ ਸਰੂਰ ਵਿਚ ਗੁਆਚਿਆ ਹੋਇਆ ਹੈ...। ਹੌਲੀ-ਹੌਲੀ ਅਸੀਂ ਵੀ ਕਈ 'ਬਾਰਾਂ'' ਵਿਚ ਬਹਿੰਦੇ-ਉਠਦੇ ਕਈ ਤਰ੍ਹਾਂ ਦੀਆਂ ਵਾਈਨਾਂ ਪੀ ਕੇ ਇਸ ਪਰੀਆਂ ਦੀ ਨਗਰੀ ਦੇ ਵਾਸੀਆਂ ਵਾਂਗ ਧਰਤੀ ਤੋਂ ਉਡਣ ਜੋਗੇ ਹੋ ਗਏ।

ਆਪਣੇ ਸਰੂਰ ਅਤੇ ਸ਼ੌਕ ਵਿਚ ਅਸੀਂ ਰਾਤ ਸਮੇਂ ਵੀ ਇਸ ਨਗਰੀ ਦੇ ਇਤਿਹਾਸ ਨੂੰ ਜਾਣਨ ਲਈ ਇਸ ਦੀਆਂ ਭੀੜੀਆਂ ਪੁਰਾਤਨ ਗਲੀਆਂ ਵਿਚ ਤੁਰਦੇ ਰਹੇ, ਇਸ ਦੀਆਂ ਕਿਸ਼ਤੀਆਂ ਵਿਚ ਬਹਿ ਇਹਦੇ ਪਾਣੀਆਂ ਨਾਲ ਤਰਦੇ ਰਹੇ। ਇਸ ਦੇ ਖੂਬਸੂਰਤ ਚੌਰਾਹਿਆਂ ਵਿਚ ਪੁਰਾਤਨ ਖੂਹ ਦੇਖੇ ਜਿਹੜੇ ਉਤੋਂ ਹੁਣ ਬੰਦ ਕੀਤੇ ਹੋਏ ਹਨ। ਪੁਰਾਣੇ ਸਮਿਆਂ ਨਾਲ ਸਬੰਧਤ ਬੋਰਡ ਦੇਖੇ ਜਿਨ੍ਹਾਂ ਉਤੇ ਬੀਤ ਚੁੱਕੀਆਂ ਘਟਨਾਵਾਂ ਦਾ ਵੇਰਵਾ ਹੈ।

ਰਾਤ ਪਈ ਤਾਂ ਅਸੀਂ ਖਾਲਸ ਇਤਾਲਵੀ ਖਾਣਾ ਖਾਧਾ। ਵੀਨਸ ਦੀ ਆਪਣੀ ਵਾਈਨ ਹੋਰ ਪੀਤੀ। ਖਾਣੇ ਮਗਰੋਂ ਅਸੀਂ ਸਟੇਸ਼ਨ ਲਾਗਲੇ ਰਿਆਲਟੋ ਪੁਲ ਵੱਲ ਆ ਗਏ। ਸਟੇਸ਼ਨ ਦੀਆਂ ਪੌੜੀਆਂ ਉਤੇ ਨਿੱਕੀਆਂ-ਨਿੱਕੀਆਂ ਢਾਣੀਆਂ ਵਿਚ ਕਈ ਨੌਜਵਾਨ ਮੁੰਡੇ ਕੁੜੀਆਂ ਗਿਟਾਰ ਵਜਾਉਂਦੇ ਗੀਤ ਗਾ ਰਹੇ ਸਨ। ਅਸੀਂ ਵੀ ਉਨ੍ਹਾਂ ਰਲ ਗਏ। ਅਸੀਂ ਵੀ ਉਨ੍ਹਾਂ ਦੀਆਂ ਤਰਜ਼ਾਂ ਫੜ ਨਾਲ ਗਾਉਣ ਦੀ ਕੋਸ਼ਿਸ਼ ਕਰਦੇ ਰਹੇ। ਉਨ੍ਹਾਂ ਸਾਨੂੰ ਕਿਹਾ ਕਿ ਭਾਰਤੀ ਗੀਤ ਸੁਣਾਉ। ਗਿਟਾਰ ਵਾਲੇ ਮੁੰਡੇ ਨੂੰ ਅਸੀਂ ਕਿਹਾ ਕਿ ਤਰਜ਼ ਕੱਢੇ ਅਤੇ ਮੋਹਨ ਅਤੇ ਮੈਂ ਪੰਜਾਬੀ ਗੀਤ ਗਾਉਣ ਲੱਗ ਪਏ:


ਚੰਨ ਕਿੱਥਾਂ ਗੁਜ਼ਾਰੀ ਆਈ ਰਾਤ ਵੇ...
ਮੈਂਡਾ ਜੀਅ ਦਲੀਲਾਂ ਦੇ ਵਾਤ ਵੇ...
ਚੰਨ ਕਿੱਥਾਂ...

ਅਮਰੀਕਨ ਮੁੰਡੇ ਤੋਂ ਤਰਜ਼ ਨਾ ਫੜੀ ਜਾਂਦੀ ਪਰ ਆਪਣੀ ਗਿਟਾਰ 'ਤੇ ਕੋਸ਼ਿਸ਼ ਕਰਦਾ ਰਿਹਾ। ਉਹ ਕਹਿੰਦਾ ਹੌਲੀ ਗਾਉ, ਅਸੀਂ ਹੌਲੀ ਹੋ ਗਏ:

"ਚੰਨ... ਕਿੱਥਾਂ...।" ਮੁੰਡੇ ਤੋਂ ਗਿਟਾਰ 'ਤੇ ਤਰਜ਼ ਨਾ ਫੜੀ ਗਈ ਪਰ ਅਸੀਂ ਸਾਰਾ ਗੀਤ ਗਾਇਆ। ਵੀਨਸ ਦੀ ਖੂਬਸੂਰਤ ਫਿਜ਼ਾ ਵਿਚ ਪੰਜਾਬੀ ਗੀਤ ਦੀ ਗੂੰਜ ਦੂਰ-ਦੂਰ ਤੀਕ ਸੁਣਾਈ ਦਿੰਦੀ ਰਹੀ।

ਸਮਾਂ ਅੱਧੀ ਰਾਤ ਤੋਂ ਟੱਪ ਗਿਆ ਸੀ ਪਰ ਅਜੇ ਵੀ ਸੈਂਕੜੇ ਲੋਕ ਸਟੇਸ਼ਨ ਬਾਹਰ ਦੀਆਂ ਪੌੜੀਆਂ 'ਤੇ ਬੈਠੇ ਸਨ। ਪਰੀਆਂ ਦੀ ਨਗਰੀ ਵਿਚ ਸੌਣ ਦੀ ਕਿਸ ਨੂੰ ਚਿੰਤਾ?









ਇਟਲੀ ਦੇ ਖੂਬਸੂਰਤ ਸ਼ਹਿਰ ਵੀਨਸ ਦੇ ਕੁਝ ਅੰਦਰੂਨੀ ਨਜ਼ਾਰੇ।

# ਬਾਗੀਆਨਾ ਸੁਰ: ਨਿਕਿਤਾ ਦੀ 'ਦਖਲਅੰਦਾਜ਼ੀ'

ਕਲਾ ਪਰਿਕਰਮਾ


ਨਿਕਿਤਾ ਆਜ਼ਾਦ ਅੱਜਕੱਲ੍ਹ ਇੰਗਲੈਂਡ ਦੀ ਆਕਸਫੋਰਡ ਯੂਨੀਵਰਸਿਟੀ ਵਿਚ ਇਤਿਹਾਸ ਦੀ ਪੀਐੱਚ.ਡੀ. ਕਰ ਰਹੀ ਹੈ। ਜਲੰਧਰ ਦੀ ਜੰਮਪਲ ਨਿਕਿਤਾ ਨੇ ਗਰੈਜੂਏਸ਼ਨ ਪਟਿਆਲਾ ਦੇ ਸਰਕਾਰੀ ਕਾਲ (ਕੁੜੀਆਂ) ਤੋਂ ਕੀਤੀ ਸੀ। ਉਹ ਸੰਸਾਰ ਨੂੰ ਦਰਪੇਸ਼ ਮਸਲਿਆਂ ਬਾਰੇ ਲਗਾਤਾਰ ਕਲਮ ਚਲਾ ਰਹੀ ਹੈ। ਉਸ ਨੇ ਕੁਦਰਤ ਅਤੇ ਲਿੰਗਕ ਮਸਲਿਆਂ ਬਾਰੇ ਖੁੱਲ੍ਹ ਕੇ ਲਿਖਿਆ ਹੈ। ਪਿਛਲੇ ਚਾਰ ਸਾਲਾਂ ਦੌਰਾਨ ਵੱਖ-ਵੱਖ ਅਖਬਾਰਾਂ-ਰਸਾਲਿਆਂ ਵਿਚ ਛਪੇ ਲੇਖਾਂ ਨੂੰ ਹੁਣ ਉਸ ਨੇ ਕਿਤਾਬੀ ਰੂਪ ਦਿੱਤਾ ਹੈ। ਇਸ ਕਿਤਾਬ ਦਾ ਨਾਂ 'ਦਖ਼ਲਅੰਦਾਜ਼ੀ' ਰੱਖਿਆ। ਸੱਚਮੁੱਚ ਇਹ ਵੱਖ-ਵੱਖ ਮੁੱਦਿਆਂ ਬਾਰੇ ਉਸ ਦੀ ਸਟੀਕ

**ਆਮਨਾ ਕੌਰ**

ਦਖ਼ਲਅੰਦਾਜ਼ੀ ਹੀ ਹੈ ਜਿਸ ਵਿਚ ਮੁੱਖ ਰੂਪ ਵਿਚ ਨਾਰੀਵਾਦ ਹੈ।

ਇਸ ਕਿਤਾਬ 'ਦਖ਼ਲਅੰਦਾਜ਼ੀ' ਦੀ ਭੂਮਿਕਾ ਵਜੋਂ ਲਿਖੇ ਲੰਮੇ ਲੇਖ 'ਦਖ਼ਲਅੰਦਾਜ਼ੀ' ਵਿਚ ਉਹ ਲਿਖਦੀ ਹੈ: "ਮੇਰੀ ਦਖ਼ਲਅੰਦਾਜ਼ੀ ਦਾ ਸਾਰ-ਤੱਤ ਇਹ ਹੈ ਕਿ ਪੰਜਾਬ ਨੂੰ ਆਪਣੇ ਲਿੰਗਕ ਨਿਜ਼ਾਮ ਉੱਤੇ ਧਾਵਾ ਬੋਲਣ ਦੀ ਲੋੜ ਹੈ। ਵਿਸ਼ੈਲੀ ਮਰਦਾਨਗੀ, ਜ਼ਹਿਰੀਲਾ ਨਾਰੀਤਵ, ਜਾਤੀਵਾਦੀ ਲਿੰਗਕ ਸ਼ੋਸ਼ਣ, ਲਿੰਗ ਨੂੰ ਦੋ ਪਛਾਣਾਂ ਤੱਕ ਮਹਿਦੂਦ ਕਰਕੇ ਰੱਖਣ ਦਾ ਸ਼ੋਸ਼ਣ ਅਤੇ ਕਵੀਰ ਤੇ ਟ੍ਰਾਂਸ ਸਮਾਜ ਖਿਲਾਫ਼ ਹੁੰਦੇ ਧੱਕੇ ਪੰਜਾਬ ਨੂੰ ਚਿੰਬੜੇ ਹੋਏ ਰੋਗ ਹਨ। ਪੰਜਾਬ ਅਤੇ ਪੰਜਾਬੀ ਇਨ੍ਹਾਂ ਤੋਂ ਨਿਜਾਤ ਚਾਹੁੰਦੇ ਹਨ ਤਾਂ ਜੋ ਉਹ ਆਪਣੀਆਂ ਜ਼ਿੰਦਗੀਆਂ ਲਿੰਗਕ ਨਿਜ਼ਾਮ ਤੋਂ ਆਜ਼ਾਦ ਹੋ ਕੇ ਜੀ ਸਕਣ ਅਤੇ ਪੰਜਾਬ ਦੇ ਹੱਕਾਂ ਦੀ ਲੜਾਈ ਲੜ ਸਕਣ। ਲਿੰਗਕ ਨਿਜ਼ਾਮ ਖਿਲਾਫ਼ ਸੰਘਰਸ਼ ਜਾਤੀ ਅਤੇ ਜਮਾਤੀ ਨਿਜ਼ਾਮ ਖਿਲਾਫ਼ ਸੰਘਰਸ਼ ਦੇ ਨਾਲ-ਨਾਲ ਹੀ ਚੱਲਦੇ ਰਹਿਣਾ ਹੈ ਪਰ ਇਸ ਦੀ ਵੱਖਰੀ ਨਿਸ਼ਾਨਦੇਹੀ ਦੀ ਲੋੜ ਹੈ।

ਪੰਜਾਬ ਅਜਿਹਾ ਸੂਬਾ ਹੈ ਜਿਸ ਨਾਲ (ਵੱਖ-ਵੱਖ) ਕੇਂਦਰ ਸਰਕਾਰਾਂ ਦਹਾਕਿਆਂ ਤੋਂ ਕਿਸੇ ਨਾ ਕਿਸੇ ਤਰ੍ਹਾਂ ਦਾ ਵਿਤਕਰਾ ਤੇ ਧੱਕਾ ਕਰਦੀਆਂ ਰਹੀਆਂ ਹਨ ਜਿਸ ਦਾ ਜ਼ਿਕਰ ਕਿਤਾਬ ਦੇ ਲੇਖਾਂ ਵਿਚ ਵੀ ਆਇਆ ਹੈ। ਪੰਜਾਬ ਦਾ ਖੇਤੀ ਸੰਕਟ, ਵਾਤਾਵਰਨ ਸੰਕਟ, ਵਿਦੇਸ਼ਾਂ ਵੱਲ ਪਰਵਾਸ, ਨਸ਼ੇ ਆਦਿ ਪੰਜਾਬ ਨੂੰ ਅੰਦਰੋਂ ਖੋਖਲਾ ਕਰ ਰਹੇ ਹਨ ਜਿਨ੍ਹਾਂ ਵਿਚ ਕੇਂਦਰ ਅਤੇ ਪੰਜਾਬ ਦੀਆਂ ਸਰਕਾਰਾਂ ਦਾ ਹੱਥ ਰਿਹਾ ਹੈ ਪਰ ਪੰਜਾਬ ਦੇ ਆਪਣੇ ਸਮਾਜਿਕ ਤਾਣੇ-ਬਾਣੇ ਅੰਦਰ ਵੀ ਵਿਤਕਰੇ ਮੌਜੂਦ ਹਨ ਜਿਨ੍ਹਾਂ ਵਿਚੋਂ ਲਿੰਗ ਅਤੇ ਜਾਤ ਪੰਜਾਬੀਆਂ ਨੂੰ ਇੱਕ ਦੂਜੇ ਦੇ ਦੁਸ਼ਮਣ ਬਣਾ ਦਿੰਦੇ ਹਨ; ਜਿਵੇਂ ਸ਼ਾਇਰ ਸੁਰਜੀਤ ਪਾਤਰ ਲਿਖਦੇ ਹਨ: 'ਲੱਗੀ ਨਜ਼ਰ ਪੰਜਾਬ ਨੂੰ, ਏਦ੍ਹੀ ਨਜ਼ਰ ਉਤਾਰੋ। ਲੈ ਕੇ ਮਿਰਚਾਂ ਕੌੜੀਆਂ, ਏਹਦੇ ਸਿਰ ਤੋਂ ਵਾਰੋ' ਪਰ ਮੈਨੂੰ ਇਹ ਨਜ਼ਰਾਂ ਸਿਰਫ਼ ਬਾਹਰਲੇ ਦੁਸ਼ਮਣ ਦੀਆਂ ਨਹੀਂ ਜਾਪਦੀਆਂ, ਇਹ ਸਾਡੇ ਅੰਦਰ ਵੀ ਰਚ ਗਈਆਂ ਹਨ, ਇਨ੍ਹਾਂ ਸਾਡੀਆਂ ਅੱਖਾਂ 'ਤੇ ਪੱਟੀਆਂ ਬੰਨ੍ਹ ਦਿੱਤੀਆਂ ਹਨ।




*ਨਿਕਿਤਾ ਆਜ਼ਾਦ ਦੀ ਪਲੇਠੀ ਕਿਤਾਬ 'ਦਖ਼ਲਅੰਦਾਜ਼ੀ' ਦਾ ਮੁਖੜਾ।*



*ਨਿਕਿਤਾ ਆਜ਼ਾਦ*

ਮੇਰੀ ਇਹ ਸਮਝ ਹੈ ਕਿ ਜੇ ਪੰਜਾਬ ਨੇ ਆਪਣੇ ਲਈ ਮਾਣ ਅਤੇ ਹੱਕ ਲੈਣੇ ਹਨ, ਉਸ ਲਈ ਵੀ ਆਪਣੇ ਅੰਦਰਲੇ ਰੋਗਾਂ ਨਾਲ ਲੜਨ ਦੀ ਲੋੜ ਹੈ; ਪੰਜਾਬ ਦੇ ਘੋਲ ਨੂੰ ਸਮੁੱਚੇ ਪੰਜਾਬ ਦੀ ਲੜਾਈ ਬਣਨ ਤੇ ਬਰਾਬਰੀ ਦੀ ਲੜਾਈ ਬਣਨ ਲਈ ਨਾਰੀਵਾਦੀ ਅਤੇ ਜਾਤ-ਵਿਰੋਧੀ ਹੋਣ ਦੀ ਲੋੜ ਹੈ।"

### ਪ੍ਰੇਸ਼ਾਨ ਕਰਦੀਆਂ ਦਖਲਅੰਦਾਜ਼ੀਆਂ

ਉਘੇ ਸ਼ਾਇਰ ਜਸਵੰਤ ਸਿੰਘ ਜ਼ਫਰ ਨੇ ਇਸ ਕਿਤਾਬ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਲਿਖਿਆ ਹੈ: "ਦਖ਼ਲਅੰਦਾਜ਼ੀਆਂ ਪ੍ਰੇਸ਼ਾਨ ਤਾਂ ਕਰਦੀਆਂ ਹੀ ਹੁੰਦੀਆਂ ਹਨ। ਨਵ-ਚਿੰਤਕ ਨਿਕਿਤਾ ਆਜ਼ਾਦ ਦੀਆਂ ਦਖ਼ਲਅੰਦਾਜ਼ੀਆਂ ਦੀ ਪੜ੍ਹਤ ਵਾਰ-ਵਾਰ ਹੈਰਾਨ ਕਰਨ ਵਾਲੀ ਵੀ ਹੈ। ਹੈਰਾਨੀ ਉਸ ਦੀ ਬੁੱਧੀ ਦੀ ਬਾਰੀਕਬੀਨੀ ਅਤੇ ਚਿੰਤਨੀ ਪ੍ਰਤਿਭਾ ਕਰ ਕੇ ਹੁੰਦੀ ਹੈ। ਪ੍ਰੇਸ਼ਾਨੀ ਸਾਨੂੰ ਆਪਣੇ ਆਪ ਬਾਰੇ ਅਤੇ ਆਪਣੇ ਭਾਈਚਾਰੇ ਜਾਂ ਸਮਾਜ ਦੇ ਉਸ ਵਿਸ਼ੇਸ਼ ਵਰਤਾਰੇ ਬਾਰੇ ਮਿਲਦੀ ਗਹਿਰੀ ਜਾਣਕਾਰੀ ਨਾਲ ਹੁੰਦੀ ਹੈ ਜੋ ਸਾਡੇ ਆਲੇ-ਦੁਆਲੇ ਵਾਪਰ ਤਾਂ ਆਮ ਰਿਹਾ ਹੈ ਪਰ ਸਾਨੂੰ ਉਸ ਤਰ੍ਹਾਂ ਦਿਸਦਾ ਜਾਂ ਮਹਿਸੂਸ ਨਹੀਂ ਸੀ ਹੁੰਦਾ, ਜਿਵੇਂ ਇਹ ਦਖ਼ਲਅੰਦਾਜ਼ੀਆਂ ਦਿਸਣ ਜਾਂ ਮਹਿਸੂਸ ਹੋਣ ਲਾ ਦਿੰਦੀਆਂ ਹਨ। ਉਸ ਨੇ ਔਰਤਾਂ ਦੀ ਸਥਿਤੀ ਅਤੇ ਸਾਡੇ ਰਵੱਈਏ ਨੂੰ ਖੁਰਦਬੀਨ ਹੇਠ ਰੱਖ ਕੇ ਦਿਖਾਇਆ ਹੈ। ਇਹ ਲਿਖਤਾਂ ਸਾਡੇ ਸਮਾਜਿਕ ਅਵਚੇਤਨ ਵਿਚ ਚਿਰ-ਕਾਲ ਤੋਂ ਰਚੇ ਹੋਏ ਤੱਥਾਂ, ਧਾਰਨਾਵਾਂ ਅਤੇ ਮਨੌਤਾਂ ਦੀ ਨਿਰਖ ਕਰ ਕੇ ਸਾਡੀ ਚੇਤਨਾ ਅਤੇ ਵਿਹਾਰ ਨੂੰ ਜੜ੍ਹਾਂ ਤੱਕ ਹਲੂਣ ਦੇਣ ਦੀ ਸ਼ਕਤੀ ਦਾ ਪ੍ਰਗਟਾਵਾ ਕਰਦੀਆਂ ਹਨ।

### ਪੰਜਾਬਣ ਦਾ ਬਗ਼ਾਵਤੀ ਸੁਰ

ਦਸਤਾਵੇਜ਼ੀ ਫਿਲਮਸਾਜ਼ ਅਤੇ ਪੱਤਰਕਾਰ ਦਲਜੀਤ ਅਮੀ ਨੇ ਨਿਕਿਤਾ ਆਜ਼ਾਦ ਦੀਆਂ ਲਿਖਤਾਂ ਨੂੰ 'ਪੰਜਾਬਣ ਦਾ ਬਗ਼ਾਵਤੀ ਸੁਰ' ਆਖ ਕੇ ਵਡਿਆਇਆ ਹੈ। ਉਹਨੇ ਲਿਖਿਆ ਹੈ: "ਨਿਕਿਤਾ ਆਜ਼ਾਦ ਦੀ 'ਦਖ਼ਲਅੰਦਾਜ਼ੀ' ਪੰਜਾਬ ਦੇ ਵਿਹੜੇ ਵਿਚੋਂ ਆਲਮੀ ਗਿਆਨ ਨੂੰ ਨਾਰੀਵਾਦੀ ਨਜ਼ਰੀਏ ਰਾਹੀਂ ਬੀੜਨ ਦਾ ਉਪਰਾਲਾ ਹੈ ਜੋ ਮਨੁੱਖਾ ਪਿੰਡੇ ਉੱਤੇ ਰਿਸਦੇ ਜ਼ਖ਼ਮਾਂ ਦੀ ਵਿਉਂਤਬੰਦੀ ਨੂੰ ਜ਼ਾਹਿਰ ਕਰਦਾ ਹੈ। ਇਹ ਪਿੰਡਾ ਔਰਤ ਦੀ ਦੇਹ ਹੈ ਜੋ ਨਾਰੀਵਾਦੀ ਨਜ਼ਰੀਏ ਤੋਂ ਦਿਖਾਈ ਦਿੰਦੀ ਹੈ। 'ਦਖ਼ਲਅੰਦਾਜ਼ੀ' ਦੇ ਲੇਖਾਂ ਵਿਚ ਪੰਜਾਬਣ ਦਾ ਬਗ਼ਾਵਤੀ ਸੁਰ ਆਲਮੀ ਗਿਆਨ ਦੀਆਂ ਦਲੀਲਾਂ ਅਤੇ ਤਜਰਬਿਆਂ ਉੱਤੇ ਸਵਾਰ ਹੋ ਕੇ ਆਪਣੀਆਂ ਦਾਅਵੇਦਾਰੀਆਂ ਪੇਸ਼ ਕਰਦਾ ਹੈ ਅਤੇ ਪੰਜਾਬੀ ਸਮਾਜ ਨੂੰ ਨਵੇਂ ਸਿਰੇ ਤੋਂ ਵਿਉਂਤੇ ਜਾਣ ਦੀ ਦਲੀਲਮੰਦ ਮੰਗ ਕਰਦਾ ਹੈ। ਇਹ ਲੇਖ ਦੱਸਦੇ ਹਨ ਕਿ ਲੇਖਕ ਤੋਂ ਵਧੇਰੇ ਆਸ ਕੀਤੀ ਜਾਣੀ ਚਾਹੀਦੀ ਹੈ। ਜਦੋਂ ਨਿਕਿਤਾ ਨਾਰੀਵਾਦੀ ਵਜੋਂ 'ਦਖ਼ਲਅੰਦਾਜ਼ੀ' ਕਰ ਰਹੀ ਹੈ ਤਾਂ ਮੈਂ ਨਾਰੀਵਾਦੀ ਵਜੋਂ ਆਸਮੰਦ ਹਾਂ ਕਿ ਇਹ ਤਾਂ ਮਹਿਜ਼ ਸ਼ੁਰੂਆਤ ਹੈ।"

ਨਿਕਿਤਾ ਆਜ਼ਾਦ ਆਪਣੀ ਸਮਰੱਥਾ ਬਾਰੇ ਪੂਰੀ ਤਰ੍ਹਾਂ ਵਾਕਿਫ ਹੈ। ਉਹ ਪੂਰੀ ਜੁਰਅਤ ਨਾਲ ਲਿਖਦੀ ਹੈ: "ਕਿਸੇ ਦੀ ਜ਼ਿੰਦਗੀ ਵਿਚ ਬੇਮਤਲਬ ਦਖ਼ਲ ਦੇਣਾ ਭੈੜ ਹੈ ਪਰ ਸਮਾਜ ਵਿਚ ਰਹਿੰਦੇ-ਬਹਿੰਦੇ, ਸਮਾਜਿਕ ਸਰੋਕਾਰਾਂ ਨਾਲ ਜੁੜੇ ਰਹਿਣਾ ਅਤੇ ਉਨਾਂ ਬਾਰੇ ਜਾਣਨਾ, ਪੜ੍ਹਨਾ, ਲਿਖਣਾ ਅਤੇ ਉਨ੍ਹਾਂ ਬਾਰੇ ਕੰਮ ਕਰਨਾ ਸਮੇਂ ਦੀ ਲੋੜ ਹੈ। ਇਸ ਤਰ੍ਹਾਂ ਦਖ਼ਲਅੰਦਾਜ਼ੀ ਅੰਦਾਜ਼ ਵੀ ਹੈ ਅਤੇ ਕਲਾ ਵੀ। ਪੰਜਾਬ ਦੇ ਤਮਾਮ ਲੇਖਕ ਅਤੇ ਕਾਰਕੁਨ ਇਹ ਦਖ਼ਲਅੰਦਾਜ਼ੀ ਰੋਜ਼ ਕਰਦੇ ਹਨ।"

## ਨਿਕਿਤਾ ਸਵਾਲ ਕਰਦੀ ਹੈ...

***ਸਵਾਲ ਬਹੁਤ ਹਨ ਪਰ ਵੱਡਾ ਨੁਕਤਾ ਔਰਤਾਂ 'ਤੇ ਹੁੰਦੀ ਹਿੰਸਾ ਦਾ ਹੈ। ... ਕੀ ਕਿਸੇ ਸਿਆਸੀ ਪਾਰਟੀ ਨੇ ਔਰਤਾਂ ਬਾਰੇ ਗੱਲ ਕੀਤੀ ਹੈ? ਕੀ ਕਿਸੇ ਪਾਰਟੀ ਨੇ ਔਰਤ ਦੀ ਆਜ਼ਾਦੀ ਲਈ ਆਵਾਜ਼ ਬੁਲੰਦ ਕੀਤੀ ਹੈ? ਕੀ ਕਿਸੇ ਸਿਆਸੀ ਆਗੂ ਨੇ ਸਮਕਾਲੀ ਔਰਤ ਦੇ ਹਾਲਾਤ ਲਈ ਕੋਈ ਢੁੱਕਵਾਂ ਅਗਾਂਹਵਧੂ ਬਦਲ ਪੇਸ਼ ਕੀਤਾ ਹੈ? ਕੀ ਪ੍ਰੋਗਰਾਮ ਹੈ ਪੰਜਾਬ ਦੀਆਂ ਸਿਆਸੀ ਪਾਰਟੀਆਂ ਦਾ ਔਰਤਾਂ ਲਈ? ਇਹ ਕੁਝ ਸਵਾਲ ਹਨ ਜਿਨ੍ਹਾਂ ਬਾਰੇ ਸੋਚਣਾ ਸ਼ਾਇਦ ਇਸ ਸੂਬੇ ਦੇ ਹਰ ਜਾਗਰੂਕ ਇਨਸਾਨ ਦੀ ਲੋੜ ਅਤੇ ਫਰਜ਼ ਹੈ। ... ਕਈ ਔਰਤਾਂ ਅੱਜ ਇਨ੍ਹਾਂ ਦਸਤੂਰਾਂ ਨਾਲ ਦੋ-ਦੋ ਹੱਥ ਹੋ ਕੇ ਆਜ਼ਾਦੀ ਦੇ ਗੀਤ ਗਾ ਰਹੀਆਂ ਹਨ ਪਰ ਅੱਜ ਵੀ ਲੱਖਾਂ ਔਰਤਾਂ ਨੂੰ ਅੱਤਿਆਚਾਰਾਂ ਦੇ ਬੋਝ ਹੇਠ ਜਿਉਣਾ ਪੈਂਦਾ ਹੈ।***

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 1 ਅਕਤੂਬਰ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-553



**ਸ਼ੌਕ ਦੇ ਨਾ.ਲ ਖਿਚਵਾਉਣ ਫ਼ੋਟੋ, ਚੋਗੀਆਂ ਦਾ ਰੂਪ ਬਣਾਇਆ,**
**ਦੇਖ ਜੱਟੀਆਂ ਮਿਜਾਜ਼ਾਂ ਪੱਟੀਆਂ, ਹੋਏ ਨਰਮਾ ਦੂਣ ਸਵਾਇਆ।**
**ਸਭ ਚਿੱਟੀਆਂ ਕਪਾਹੀਂ ਫੁੱਟੀਆਂ, ਦਿਸਦੇ ਨੇ ਨੀਂ ਪੱਤ ਹਰੇ ਹਰੇ,**
**'ਆਖੀਂ ਨੀਂ ਨਣਾਨੇ ਤੇਰੇ ਵੀਰ ਨੂੰ, ਐਵੇਂ ਨਾ ਭੈੜਾ ਰੁੱਸਿਆ ਕਰੇ।**

### ਕੈਪਸ਼ਨ ਮੁਕਾਬਲਾ-551



ਜਾਗੋ ਕੱਢਣੀ ਮੜਕ ਦੇ ਨਾ.ਲ,
ਸੁਣੋ ਪਿੰਡ ਦੇ ਲੰਬੜਦਾਰੋ,
ਸੁੱਤੇ ਪਿਆਂ ਦੇ ਮੰਜੇ ਉਲਟਾ ਕੇ,
ਸਿੱਠਣੀਆਂ ਦੇ ਦੇ ਕੇ ਯਾਰੋ
ਬਾਬਿਆਂ ਵਾਲਾ ਖੂੰਡਾ ਫੜ ਕੇ,
ਬੰਬੀਹਾ, ਛੱਜ ਖੜਕਾਵਾਂਗੇ,
ਦਾਦਕਿਆਂ ਦੀ ਹੇਂਅ ਭੰਨਾਂਗੇ,
ਵਿਰਸਾ ਯਾਦ ਕਰਾਵਾਂਗੇ।
***-ਸੇਵਾ ਸਿੰਘ ਨੂਰਪੁਰੀ***

---

ਵੱਡੀ ਮਾਮੀ ਦੇ ਸਿਰ 'ਤੇ ਜਾਗੋ
ਮੇ.ਲ ਨਾਨਕਾ ਚੜ੍ਹ ਕੇ ਆਇਆ।
ਚਾਰੇ ਪਾਸੇ ਜਗਮਗ, ਜਗਮਗ
ਸ਼ਗਨਾਂ ਵਾਲਾ ਘਰ ਰੁਸ਼ਨਾਇਆ।
ਦਾਦਕਿਆਂ ਨਾ.ਲ ਮੇਹਣੋ-ਮਿਹਣੀ
ਸਿੱਠਣੀਆਂ ਦਾ ਮੀਂਹ ਵਰ੍ਹਾਇਆ।
ਮਨ ਵਿਚ ਮੈ.ਲ ਕਿਸੇ ਨਾ ਰੱਖੀ
ਬੱਸ ਮਨ ਦਾ ਮੋਰ ਨਚਾਇਆ।
***-ਜਗਮੀਤ ਸਿੰਘ ਪੰਧੇਰ***
***ਫੋਨ: 204 296 3177***

---

ਆਟੇ ਦੇ ਹੱਥੀਂ ਦੀਵੇ ਬਣਾ ਕੇ,
ਪਿੱਤਲ ਦੀ ਟੋਕਨੀ 'ਤੇ ਰੱਖਦੇ ਟਿਕਾ ਕੇ।
ਵੱਡੀ ਮਾਮੀ ਦੇ ਸਿਰ 'ਤੇ ਰਖਾ ਕੇ,
ਕੱਢਦੇ ਸੀ ਜਾਗੋ,
ਵਿਆਹ ਦੀ ਖੁਸ਼ੀ ਮਨਾ ਕੇ।
ਸਭ ਕੁਝ ਡੁਪਲੀਕੇਟ ਹੋ ਗਿਆ,
ਵਿਖਾਵੇ ਦੇ ਰਹਿ ਗਏ ਰਿਸ਼ਤੇ ਨਾਤੇ।
ਪੈਲੇਸ ਵਿਚ ਵਿਆਹ ਕੁਝ ਘੰਟਿਆਂ ਦੇ,
ਖੁਸ਼ੀਆਂ ਖੇੜੇ ਗਏ ਖੂਹ ਖਾਤੇ।
***-ਗੁਰਦੇਵ ਸਿੰਘ ਢਪਾਲੀ***
***ਗੁਰੂ ਤੇਗ ਬਹਾਦਰ ਨਗਰ, ਬਠਿੰਡਾ।***
**ਫੋਨ: 94176-49275**

---

ਸੱਜ ਧੱਜ ਕਰ ਪੂਰਾ
ਸੁਨਹਿਰੀ ਹਾਰ ਸ਼ਿੰਗਾਰ
ਜਿਵੇਂ ਕਣਕ ਜੋਬਨ 'ਤੇ
ਪੱਕ ਸੁਨਹਿਰੀ
ਚਮਕ ਦਮਕ ਕਸਰ ਨਹੀਂ ਛੱਡਦੀ
ਲੈ ਗਾਗਰ, ਰੱਖ ਸਿਰ 'ਤੇ
ਸਜਾ ਦੀਵਾ ਉਪਰ
ਵੀਰੇ ਦੇ ਵਿਆਹ ਦੀ ਸ਼ਾਨ ਤੇ ਆਨ
ਭੈਣਾਂ ਨਿਕਲਦੀਆਂ ਜਦ ਮਨਾਉਣ ਜਾਗੋ
ਬੈਠੇ ਸਭ ਉੱਭਰ ਉੱਭਰ ਤੱਕਦੇ
ਬਿਰਸਾ ਰਸਮ ਤਾਜ਼ਾ ਹੋ
ਪੂਰੇ ਪੰਡਾਲ ਨੂੰ ਹੀ ਝੰਜੋੜ ਦਿੰਦੀ।
**-ਦਰਸ਼ਨ ਪਾਲ ਦੋਸਾਂਝ**

---

'ਘਰ ਵੀਰਨ ਦੇ ਆ ਗਈ
ਭੈਣਾਂ ਹਾਰ ਸ਼ਿੰਗਾਰ ਲਗਾ ਕੇ।
ਸਿਰ 'ਤੇ ਜਾਗੋ ਚੱਕੀ ਉਸ ਨੇ
ਦੀਵਿਆਂ ਨਾਲ ਸਜਾ ਕੇ।
ਪਿੱਤਲ ਦੀ ਗਾਗਰ
ਆਟੇ ਦੇ ਦੀਵੇ ਵਿਚ
ਤੇਲ ਸਰ੍ਹੋਂ ਦਾ ਪਾ ਕੇ।
ਪਰੀਆਂ ਵਰਗੀ ਲੱਗਦੀ ਦੇਖੋ
ਮੱਥੇ ਟਿੱਕਾ ਲਾ ਕੇ।
***-ਹਰਜਿੰਦਰ ਸਿੰਘ ਸਿੱਧੂ***
***ਕਲਿਆਣ ਸੁੱਖਾ, ਬਠਿੰਡਾ***
***ਫੋਨ: 96538-96528***

# ਜ਼ਿੰਦਗੀ ਇਉਂ ਵੀ ਜੀਵੀ ਜਾਂਦੀ ਹੈ

'ਜ਼ਮੀਨ, ਬੰਦੂਕਾਂ, ਜਾਤੀ, ਔਰਤ' (*Land Guns Caste Woman*) ਕਿਸੇ ਪੁਸਤਕ ਲਈ ਬੜਾ ਅਜੀਬ ਜਿਹਾ ਨਾਂ ਹੈ, ਜਿਸ ਵਿਚ ਚਾਰ ਵੱਖੋ-ਵੱਖਰੇ ਸ਼ਬਦਾਂ ਨੂੰ ਇਕ-ਦੂਜੇ ਨਾਲ ਸੰਬੰਧਿਤ ਕਰ ਕੇ ਨਾਮ ਲਈ ਕੋਈ ਤੁਕ ਬਣਾਉਣ ਦੀ ਬਜਾਏ ਇਹ ਚਾਰ ਅਸਬੰਧਿਤ ਜਾਪਦੇ ਸ਼ਬਦ ਹੀ ਸਿਰਲੇਖ ਉਪਰ ਨਾਮ ਵਜੋਂ ਲਿਖ ਦਿੱਤੇ ਗਏ ਹਨ। ਜਿੰਨਾ ਪੁਸਤਕ ਦਾ ਨਾਮ ਅਨੂਠਾ ਹੈ, ਲੇਖਿਕਾ ਗੀਤਾ ਰਾਮਾਸਵਾਮੀ ਦਾ ਜੀਵਨ ਉਸ ਤੋਂ ਵੀ ਵੱਧ ਵਿਲੱਖਣ ਹੈ। ਇਹ ਪੁਸਤਕ ਲੇਖਕਾ ਦੀ ਸਵੈ-ਜੀਵਨੀ ਹੈ ਜਿਸ ਵਿਚ ਉਪਰੋਕਤ ਚਾਰੇ ਚੀਜ਼ਾਂ ਨਾਲ ਉਸ ਦਾ ਲਗਾਤਾਰ ਅਤੇ ਗਹਿਰਾ ਵਾਸਤਾ ਬਣਿਆ ਰਹਿੰਦਾ ਹੈ।

ਅਸੀਂ ਬਹੁਤ ਸਾਰੇ ਅਜਿਹੇ ਲੋਕਾਂ ਬਾਰੇ ਪੜ੍ਹਦੇ-ਸੁਣਦੇ ਹਾਂ ਜਿਨ੍ਹਾਂ ਨੇ ਆਪਣੇ ਮੁਆਸ਼ਰੇ ਦੇ ਰਵਾਇਤੀ ਮਾਹੌਲ ਨੂੰ ਤੋੜ ਕੇ ਜਿਉਣ ਦਾ

ਰਾਜਪਾਲ ਸਿੰਘ
ਸੰਪਰਕ: 98767-10809


ਆਪਣੇ ਲਈ ਬਿਲਕੁਲ ਵੱਖਰਾ ਰਾਹ ਚੁਣਿਆ ਪਰ ਗੀਤਾ ਇਨ੍ਹਾਂ ਵੱਖਰਿਆਂ ਵਿਚੋਂ ਵੀ ਬਹੁਤ ਵੱਖਰੀ ਹੈ। ਗੀਤਾ ਰਾਮਾਸਵਾਮੀ ਤਾਮਿਲ ਬ੍ਰਾਹਮਣ ਪਰਿਵਾਰ ਵਿਚ ਜਨਮ ਲੈਂਦੀ ਹੈ, ਜਿੱਥੇ ਰਸੋਈ ਵਿਚ ਕਦੇ ਲਸਣ ਅਤੇ ਪਿਆਜ਼ ਨਹੀਂ ਵੜੇ ਸਨ, ਮਾਹਵਾਰੀ ਆਉਣ 'ਤੇ ਵੱਖਰੇ ਕਮਰੇ ਵਿਚ ਰਹਿਣਾ ਅਤੇ ਕਿਸੇ ਬਰਤਨ ਨੂੰ ਹੱਥ ਨਹੀਂ ਲਗਾਉਣਾ ਸੀ, ਕਿਸੇ ਲੜਕੇ ਨਾਲ ਗੱਲ ਨਹੀਂ ਕਰਨੀ ਸੀ ਕਿਉਂਕਿ ਦੱਸਿਆ ਗਿਆ ਸੀ ਕਿ ਕਿਸੇ ਲੜਕੇ ਦੇ ਕੋਲ ਬੈਠਣ ਨਾਲ ਵੀ ਗਰਭ ਠਹਿਰ ਜਾਂਦਾ ਹੈ ਆਦਿ। ਬੇਹੱਦ ਜ਼ਹੀਨ ਗੀਤਾ ਇਨ੍ਹਾਂ ਸਾਰੀਆਂ ਗੱਲਾਂ 'ਤੇ ਸਵਾਲ ਕਰਦੀ ਹੈ ਅਤੇ ਉਲੰਘਣਾ ਵੀ ਕਰਦੀ ਹੈ। ਬੇਸ਼ੱਕ ਇਹ ਕੋਈ ਖ਼ਾਸ ਗੱਲਾਂ ਨਹੀਂ ਸਨ, ਪਰੰਪਰਾਵਾਦੀ ਪਰਿਵਾਰਾਂ ਵਿਚ ਬਹੁਤ ਕੁਝ ਅਜਿਹਾ ਚਲਦਾ ਹੈ ਅਤੇ ਬਹੁਤ ਕੁੜੀਆਂ ਅਜਿਹਾ ਕੁਝ ਸਹਿਣ ਤੋਂ ਇਨਕਾਰੀ ਹੋ ਜਾਂਦੀਆਂ ਹਨ। ਇਹ ਜ਼ਿਕਰ ਸਿਰਫ਼ ਇਸ ਲਈ ਹੈ ਕਿ ਬਾਅਦ ਵਾਲੀ ਜ਼ਿੰਦਗੀ ਦੀ ਗੱਲ ਚੱਲੇ ਤਾਂ ਪਤਾ ਹੋਵੇ ਕਿ ਉਹ ਕਿਹੋ ਜਿਹੇ ਪਰਿਵਾਰਕ ਪਿਛੋਕੜ ਵਿਚੋਂ ਆਈ ਸੀ।

ਅਜਿਹੀਆਂ ਬ੍ਰਾਹਮਣਵਾਦੀ ਪਰੰਪਰਾਵਾਂ ਅਤੇ ਬੰਦਿਸ਼ਾਂ ਵਾਲੇ ਪਰਿਵਾਰ ਵਿਚ ਪਲੀ ਇਹ ਲੜਕੀ ਸਭ ਤੋਂ ਨੀਵੀਆਂ ਸਮਝੀਆਂ ਜਾਂਦੀਆਂ ਜਾਤੀਆਂ ਦੇ ਲੋਕਾਂ ਵਿਚ ਕੰਮ ਕਰਦੀ ਹੈ, ਉਨ੍ਹਾਂ ਵਿਚ ਰਹਿੰਦੀ ਹੋਈ ਗਊ ਮਾਸ ਸਮੇਤ ਮੋਟਾ ਮਾਸ, ਗੰਦ 'ਤੇ ਪਲਦੇ ਸੂਰਾਂ ਦਾ ਮਾਸ ਖਾਣ ਤਕ ਕੁਝ ਵੀ ਖਾਣ, ਪਹਿਨਣ ਤੋਂ ਹਿਚਕਿਚਾਉਂਦੀ ਨਹੀਂ। ਤਾਮਿਲ ਭਾਸ਼ੀ, ਫਰਾਟੇਦਾਰ ਅੰਗਰੇਜ਼ੀ ਬੋਲਣ ਵਾਲੀ ਗੀਤਾ ਐਮਰਜੈਂਸੀ ਦੌਰਾਨ ਰੂਪੋਸ਼ ਹੋਣ ਸਮੇਂ ਚੰਡੀਗੜ੍ਹ ਆ ਕੇ ਪੰਜਾਬੀ ਵੀ ਸਿੱਖਦੀ ਹੈ ਅਤੇ ਦਸਵੀਂ ਦੀ ਪੰਜਾਬੀ ਪਹਿਲੇ ਦਰਜੇ ਵਿਚ ਪਾਸ ਕਰਦੀ ਹੈ। ਫਿਰ ਆਂਧਰਾ ਪ੍ਰਦੇਸ਼ ਦੇ ਲੋਕਾਂ ਵਿਚ ਕੰਮ ਕਰਨ ਲਈ ਤੇਲਗੂ ਬੋਲਣ-ਸਮਝਣ ਵਿਚ ਮੁਹਾਰਤ ਹਾਸਲ ਕਰਦੀ ਹੈ। ਉਸ ਨੂੰ ਆਪਣੇ ਸਿਆਸੀ ਗਰੁੱਪ ਦੀ ਕਾਰਗੁਜ਼ਾਰੀ 'ਤੇ ਸ਼ੰਕੇ ਖੜ੍ਹੇ ਹੁੰਦੇ ਹਨ ਤਾਂ ਉਹ ਉਸ ਖ਼ਿਲਾਫ਼ ਵੀ ਬਗ਼ਾਵਤ ਕਰਦੀ ਹੈ, ਪਾਰਟੀ ਛੱਡ ਦਿੰਦੀ ਹੈ। ਹੈਦਰਾਬਾਦ ਵਿਚ ਇਕ ਸਫਲ ਪ੍ਰਕਾਸ਼ਨ ਘਰ ਸਥਾਪਿਤ ਕਰਦੀ ਹੈ ਪਰ ਸਿਆਸੀ ਕੰਮ ਕਰਨ ਦੀ ਚਿਣਗ ਉਸ ਨੂੰ ਫਿਰ ਖਿੱਚ ਕੇ ਸੰਘਰਸ਼ਮਈ ਜ਼ਿੰਦਗੀ ਵਿਚ ਲੈ ਜਾਂਦੀ ਹੈ। ਉਹ ਜਗੀਰੂ ਦਾਬੇ ਦੇ ਸ਼ਿਕਾਰ ਆਂਧਰਾ ਦੇ ਇਕ ਅਤਿ ਪਛੜੇ ਇਲਾਕੇ ਇਬਰਾਹੀਮਪਟਨਮ ਵਿਚ ਦਲਿਤ ਖੇਤ ਮਜ਼ਦੂਰਾਂ ਵਿਚ ਕੰਮ ਕਰ ਕੇ ਇਕ ਦਹਾਕੇ ਵਿਚ (1984-93) ਉਨ੍ਹਾਂ ਦੀਆਂ ਜ਼ਿੰਦਗੀਆਂ ਬਦਲ ਦਿੰਦੀ ਹੈ। ਬਗ਼ੈਰ ਕਿਸੇ ਪਾਰਟੀ ਢਾਂਚੇ ਦੇ ਉਸ ਇਕੱਲੀ ਵਲੋਂ ਜਥੇਬੰਦ ਕੀਤੇ ਕੰਮ ਦੀਆਂ ਪ੍ਰਾਪਤੀਆਂ ਵਰਣਨਯੋਗ ਹਨ- ਇਸ ਦੌਰਾਨ 17 ਹਜ਼ਾਰ ਬੰਧੂਆ ਮਜ਼ਦੂਰਾਂ ਨੂੰ ਮੁਕਤੀ ਦਿਵਾਈ ਗਈ ਅਤੇ ਉਨ੍ਹਾਂ ਦੇ ਕਰਜ਼ ਮੁਆਫ਼ ਕਰਵਾਏ ਗਏ, 14 ਹਜ਼ਾਰ ਏਕੜ ਜ਼ਮੀਨ ਜਾਗੀਰਦਾਰਾਂ ਦੇ ਕਬਜ਼ੇ ਵਿਚੋਂ ਛੁਡਵਾ ਕੇ ਗਰੀਬਾਂ ਨੂੰ ਦਿਵਾਈ ਗਈ, ਔਰਤਾਂ ਦੀ ਮਜ਼ਦੂਰੀ ਜੋ ਅੱਠ ਆਨੇ ਤੋਂ ਲੈ ਕੇ ਦੋ ਰੁਪਏ ਤਕ ਸੀ ਵਧਾ ਕੇ 4-5 ਰੁਪਏ ਅਤੇ ਆਦਮੀਆਂ ਦੀ 6-7 ਰੁਪਏ ਤੋਂ 14-15 ਰੁਪਏ ਤਕ ਕਰਵਾਉਣ ਵਿਚ ਸਫਲਤਾ ਹਾਸਲ ਕੀਤੀ ਗਈ, ਪੱਕੇ ਮਜ਼ਦੂਰਾਂ ਦੀ ਉਜ਼ਰਤ ਢਾਈ ਤੋਂ ਤਿੰਨ ਗੁਣਾ ਵਧਵਾਈ ਗਈ। ਇਸ ਤੋਂ ਇਲਾਵਾ ਹਜ਼ਾਰਾਂ ਬੱਚਿਆਂ ਨੂੰ ਸਕੂਲਾਂ ਵਿਚ ਦਾਖਲ ਕਰਵਾਇਆ ਗਿਆ ਅਤੇ ਸਭ ਤੋਂ ਵੱਡੀ ਗੱਲ ਉਨ੍ਹਾਂ ਗਰੀਬਾਂ ਵਿਚ ਸਵੈਮਾਣ ਅਤੇ ਸਿਆਸੀ ਸਮਝ ਪੈਦਾ ਕੀਤੀ ਗਈ।

ਇਹ ਸਾਰਾ ਕੁਝ ਕਰਨ ਵਾਲੀ ਗੀਤਾ ਰਾਮਾਸਵਾਮੀ ਲਈ ਘਰ ਤੋਂ ਬਾਹਰ ਦੀ ਜ਼ਿੰਦਗੀ ਦੀ ਸ਼ੁਰੂਆਤ ਇਸ ਤਰ੍ਹਾਂ ਹੁੰਦੀ ਹੈ ਕਿ ਉਹ ਕੌਮੀ ਵਿਗਿਆਨ ਪ੍ਰਤਿਭਾ ਇਮਤਿਹਾਨ (NTSE) ਵਿਚੋਂ ਵਜ਼ੀਫ਼ਾ ਲੈ ਕੇ ਉਸਮਾਨੀਆ ਯੂਨੀਵਰਸਿਟੀ ਵਿਚ ਸਾਇੰਸ ਪੜ੍ਹਨ ਲੱਗਦੀ ਹੈ। ਉੱਥੇ ਉਹ ਖੱਬੇ ਪੱਖੀ ਵਿਦਿਆਰਥੀਆਂ ਨੂੰ ਮਿਲਦੀ ਹੈ ਜਿਨ੍ਹਾਂ ਰਾਹੀਂ ਉਸ ਦੀ ਇਕ ਨਵੇਂ ਸੰਸਾਰ ਅਤੇ ਨਵੇਂ ਸੰਸਾਰ ਦ੍ਰਿਸ਼ਟੀਕੋਣ ਨਾਲ ਜਾਣ-ਪਛਾਣ ਹੁੰਦੀ ਹੈ। ਇਹ ਉਸ ਨੂੰ ਖਿੱਚ ਕੇ ਨਕਸਲੀਆਂ ਦੇ ਚੰਦਰ ਪੁਲਾਰੈਡੀ ਗਰੁੱਪ ਨਾਲ ਜੋੜ ਦਿੰਦਾ ਹੈ। ਉਹ ਜੀਅ-ਜਾਨ ਲਾ ਕੇ ਜਥੇਬੰਦੀ ਦਾ ਕੰਮ ਕਰਦੀ ਹੈ, ਉਸ ਦੀ ਊਰਜਾ, ਪ੍ਰਤੀਬੱਧਤਾ ਅਤੇ ਪ੍ਰਤਿਭਾ ਵੇਖ ਕੇ ਉਸ ਨੂੰ ਵੱਡੇ ਕੰਮ ਵੀ ਦਿੱਤੇ ਜਾਂਦੇ ਹਨ। ਜੂਨ 1975 ਵਿਚ ਐਮਰਜੈਂਸੀ ਲੱਗ ਜਾਂਦੀ ਹੈ ਤਾਂ ਹੋਰਨਾਂ ਨਾਲ ਉਸ ਨੂੰ ਵੀ ਰੂਪੋਸ਼ ਹੋਣ ਦੀ ਹਦਾਇਤ ਮਿਲਦੀ ਹੈ। ਹੁਣ ਘਰਦਿਆਂ ਨੂੰ ਵੀ ਉਸ ਦੀਆਂ ਗਤੀਵਿਧੀਆਂ ਦਾ ਪਤਾ ਚੱਲ ਜਾਂਦਾ ਹੈ ਅਤੇ ਉਹ ਉਸ ਨਾਲ ਇਕ ਚਾਲ ਖੇਡਦੇ ਹਨ। ਉਸ ਨੂੰ ਸੁਨੇਹਾ ਦਿੱਤਾ ਜਾਂਦਾ ਹੈ ਕਿ ਉਸ ਦੀ ਮਾਤਾ ਨੂੰ ਦਿਲ ਦਾ ਦੌਰਾ ਪਿਆ ਹੈ, ਉਹ ਮਿਲਣਾ ਚਾਹੁੰਦੀ ਹੈ। ਜਦ ਗੀਤਾ ਘਰ ਪਹੁੰਚਦੀ ਹੈ ਤਾਂ ਉਸ ਨੂੰ ਕੈਦ ਕਰ ਲਿਆ ਜਾਂਦਾ ਹੈ ਅਤੇ ਮਾਨਸਿਕ ਰੋਗਾਂ ਦੇ ਇਕ 'ਡਾਕਟਰ' ਕੋਲ ਲਿਜਾਇਆ ਜਾਂਦਾ ਹੈ ਕਿ ਇਸ ਦਾ ਨਕਸਲੀਆਂ ਨੇ ਬਰੇਨਵਾਸ਼ ਕਰ ਦਿੱਤਾ ਹੈ। ਉਹ ਡਾਕਟਰ ਰਾਮਾਰਾਓ ਉਨ੍ਹਾਂ ਨੂੰ ਭਰੋਸਾ ਦਿੰਦਾ ਹੈ ਕਿ ਉਹ 'ਬਰੇਨਵਾਸ਼' ਦਾ ਅਸਰ ਖ਼ਤਮ ਕਰ ਦੇਵੇਗਾ ਜਿਸ ਲਈ ਡਾਕਟਰ ਵਲੋਂ ਉਸ ਨੂੰ ਬਿਜਲੀ ਦੇ ਝਟਕੇ ਲਗਾਏ ਜਾਂਦੇ ਹਨ। ਵੀਹ ਦਿਨ ਉਸ ਦਾ ਇਹ ਕਥਿਤ ਇਲਾਜ ਚੱਲਦਾ ਹੈ, ਜਿਸ ਦੌਰਾਨ ਵਾਰ ਵਾਰ ਬਿਜਲੀਆਂ ਲਾਉਣ ਨਾਲ ਉਸ ਦੀ ਮਾਨਸਿਕ ਅਤੇ ਸਰੀਰਕ ਸਿਹਤ ਉੱਤੇ ਬਹੁਤ ਮਾੜਾ ਅਸਰ ਪੈਂਦਾ ਹੈ ਜੋ ਬਾਅਦ ਵਿਚ ਵੀ ਉਸ ਨੂੰ ਤੰਗ ਕਰਦਾ ਰਿਹਾ। ਖ਼ੈਰ! ਉਹ ਕਿਸੇ ਤਰ੍ਹਾਂ ਆਪਣੇ ਸਾਥੀਆਂ ਨਾਲ ਸੰਪਰਕ ਬਣਾਉਂਦੀ ਹੈ, ਜਿਨ੍ਹਾਂ ਦੀ ਸਹਾਇਤਾ ਨਾਲ ਉਹ ਘਰ ਦੀ ਕੈਦ ਵਿਚੋਂ ਫਰਾਰ ਹੋ ਜਾਂਦੀ ਹੈ। ਬਾਕੀ ਸਾਰੀ ਜ਼ਿੰਦਗੀ ਉਹ ਦੱਬੇ ਕੁਚਲੇ ਲੋਕਾਂ ਦੇ ਹਾਲਾਤ ਬਦਲਣ ਲਈ ਸੰਘਰਸ਼ ਕਰਨ ਵਿਚ ਲਾਉਂਦੀ ਹੈ।

* * *

ਇਹ ਸਵੈ-ਜੀਵਨੀ ਬਹੁਤ ਵੱਖਰੀ ਹੈ, ਦਿਲਚਸਪ ਹੈ, ਜਿਉਣ ਦਾ ਇਕ ਬਦਲਵਾਂ ਮਾਡਲ ਸਿਰਜਦੀ ਹੈ, ਦੱਬੇ ਕੁਚਲੇ ਲੋਕਾਂ ਦੇ ਜੀਵਨ ਅਤੇ ਸੰਘਰਸ਼ ਬਾਰੇ ਬਹੁਤ ਜਾਣਕਾਰੀ ਦਿੰਦੀ ਹੈ, ਇਸ ਸਿਸਟਮ ਦੀਆਂ ਪਰਤਾਂ ਨੂੰ ਵਧੀਆ ਢੰਗ ਨਾਲ ਫਰੋਲਦੀ ਹੈ। ਇਸ ਪੁਸਤਕ ਦੀ ਅਸਲ ਮਹੱਤਤਾ ਉਨ੍ਹਾਂ ਸਵਾਲਾਂ ਨੂੰ ਨਜਿੱਠਣ ਵਿਚ ਹੈ ਜਿਨ੍ਹਾਂ ਦਾ ਉਸ ਨੂੰ ਆਪਣੇ ਕੰਮ ਦੌਰਾਨ ਸਾਹਮਣਾ ਕਰਨਾ ਪੈਂਦਾ ਹੈ। ਇਕ ਵੱਡਾ ਸਵਾਲ ਹੈ: ਕੀ ਸਿਆਸੀ ਸੱਤਾ ਹਾਸਲ ਕਰਨ ਲਈ ਲੜਨਾ ਹੀ ਜ਼ਰੂਰੀ ਹੈ


ਲੇਖਿਕਾ ਗੀਤਾ ਰਾਮਾਸਵਾਮੀ ਤੇ ਉਸ ਦੀ ਸਵੈ-ਜੀਵਨੀ 'Land Guns Caste Woman' ਦਾ ਸਰਵਰਕ

ਜਾਂ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰ ਕੇ ਉਨ੍ਹਾਂ ਦਾ ਜੀਵਨ ਬਿਹਤਰ ਬਣਾਉਣਾ ਵੀ ਠੀਕ ਹੈ। ਇਹ ਸਵਾਲ ਉਸ ਦੀ ਜ਼ਿੰਦਗੀ ਵਿਚ ਜਲਦੀ ਹੀ ਆ ਜਾਂਦਾ ਹੈ ਜਦ ਐਮਰਜੈਂਸੀ ਹਟਣ ਤੋਂ ਤੁਰੰਤ ਬਾਅਦ ਉਹ ਅਤੇ ਉਸ ਦਾ ਪਤੀ ਸਿਰਿਲ ਰੈਡੀ ਦੋ ਕੁ ਸਾਲ ਲਈ ਗਾਜ਼ੀਆਬਾਦ ਰਹਿੰਦੇ ਹਨ। ਉੱਥੇ ਉਹ ਵਾਲਮੀਕੀਆਂ ਦੀ ਬਸਤੀ ਵਿਚ ਜਾ ਕੇ ਪੁੱਛਦੇ ਹਨ ਕਿ ਅਸੀਂ ਤੁਹਾਡੇ ਲਈ ਕੀ ਕਰ ਸਕਦੇ ਹਨ ਤਾਂ ਉਨ੍ਹਾਂ ਦਾ ਜਵਾਬ ਹੁੰਦਾ ਹੈ ਕਿ 'ਸਾਡੇ ਬੱਚਿਆਂ ਨੂੰ ਅੰਗਰੇਜ਼ੀ ਸਿਖਾ ਦਿਉ।' ਉਹ ਨਿਰਾਸ਼ ਹੁੰਦੀ ਹੈ ਕਿਉਂਕਿ ਉਸ ਨੂੰ ਲੱਗਦਾ ਹੈ ਕਿ ਜੇ ਉਹ ਸਾਰੇ ਵਾਲਮੀਕੀਆਂ ਦੇ ਬੱਚਿਆਂ ਨੂੰ ਵੀ ਅੰਗਰੇਜ਼ੀ ਸਿਖਾ ਦੇਵੇਗੀ ਤਾਂ ਵੀ ਇਨਕਲਾਬ ਤਾਂ ਨੇੜੇ ਨਹੀਂ ਹੋਵੇਗਾ। ਫਿਰ ਵੀ ਉਹ ਉਨ੍ਹਾਂ ਦੀ ਮੰਗ ਉੱਤੇ ਦੋ ਸਾਲ ਉਨ੍ਹਾਂ ਦੇ ਬੱਚਿਆਂ ਨੂੰ ਅੰਗਰੇਜ਼ੀ ਸਿਖਾਉਣ ਵਿਚ ਲਗਾ ਦਿੰਦੀ ਹੈ ਪਰ ਆਪਣੇ ਨਕਸਲੀ ਪਿਛੋਕੜ ਕਾਰਨ ਬਣੇ ਵਿਚਾਰਾਂ ਕਰਕੇ ਆਪਣੇ ਉਸ ਕੰਮ ਵਿਚੋਂ ਉਹ ਕੋਈ ਸੰਤੁਸ਼ਟੀ ਨਹੀਂ ਹਾਸਲ ਕਰਦੀ ਅਤੇ ਆਂਧਰਾ ਦੇ ਲੋਕਾਂ ਵਿਚ ਕੰਮ ਕਰਨ ਲਈ ਹੈਦਰਾਬਾਦ ਚਲੀ ਜਾਂਦੀ ਹੈ। ਇਸ ਕੰਮ, ਭਾਵ ਬੱਚਿਆਂ ਦੇ ਅੰਗਰੇਜ਼ੀ ਪੜ੍ਹਨ, ਦੀ ਉਨ੍ਹਾਂ ਲੋਕਾਂ ਲਈ ਕੀ ਮਹੱਤਤਾ ਸੀ, ਇਸਦਾ ਅਹਿਸਾਸ ਉਸ ਨੂੰ ਕੁਝ ਸਾਲ ਬਾਅਦ ਹੁੰਦਾ ਹੈ।

ਹੈਦਰਾਬਾਦ ਨੇੜਲੇ ਇਲਾਕੇ ਇਬਰਾਹੀਮਪਟਨਮ ਦੇ ਦਲਿਤਾਂ ਵਿਚ ਕੰਮ ਦੌਰਾਨ ਇਹ ਸਵਾਲ ਹੋਰ ਜ਼ੋਰਦਾਰ ਅਤੇ ਠੋਸ ਰੂਪ ਵਿਚ ਉਸ ਦੇ ਸਾਹਮਣੇ ਆਉਂਦਾ ਹੈ ਜਦ ਨਕਸਲੀ ਆਗੂ ਲੋਕਾਂ ਦੇ ਮਸਲਿਆਂ ਬਾਰੇ ਬੋਲਣ ਸਮੇਂ ਇੱਥੋਂ ਸ਼ੁਰੂ ਕਰਦੇ ਸਨ ਕਿ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਸਾਨੂੰ ਤਿੰਨ ਪਹਾੜਾਂ ਨੂੰ ਨਸ਼ਟ ਕਰਨਾ ਹੋਵੇਗਾ- ਸਾਮਰਾਜਵਾਦ, ਜਾਗੀਰਦਾਰੀ ਅਤੇ ਦਲਾਲ ਸਰਮਾਏਦਾਰੀ; ਜਦੋਂਕਿ ਅੰਬੇਡਕਰਵਾਦੀ ਉਨ੍ਹਾਂ ਦੀਆਂ ਰੋਜ਼ਾਨਾ ਸਮੱਸਿਆਵਾਂ ਬਾਰੇ ਗੱਲ ਕਰਦੇ ਅਤੇ ਉਨ੍ਹਾਂ ਦੇ ਹੱਲ ਲਈ ਕੰਮ ਕਰਦੇ ਸਨ। ਉਸ ਦੀ ਆਪਣੀ ਟ੍ਰੇਨਿੰਗ ਇਨਕਲਾਬੀ ਸਿਆਸਤ ਵਿਚ ਹੋਈ ਹੋਣ ਕਰਕੇ ਇਨਕਲਾਬੀ ਸੰਘਰਸ਼ ਖੜ੍ਹੇ ਕਰਨ ਵਾਲਾ ਕੰਮ ਹੀ ਉਸ ਨੂੰ ਚੰਗਾ ਲੱਗਦਾ ਸੀ ਪਰ ਆਪਣੇ ਅਮਲੀ ਅਨੁਭਵ ਵਿਚੋਂ ਉਸ ਨੂੰ ਸਪੱਸ਼ਟ ਹੋਇਆ ਕਿ ਇਨਕਲਾਬੀ ਸੰਘਰਸ਼ ਅਤੇ ਸੁਧਾਰਕ ਕੰਮਾਂ ਵਿਚ ਦੁਫੇੜ ਗਲਤ ਲੀਹ ਹੈ। ਇਸ ਦੌਰਾਨ ਉਸ ਨੂੰ ਆਪਣੇ ਗਾਜ਼ੀਆਬਾਦ ਵਿਚ ਕੀਤੇ ਕੰਮ ਦੀ ਮਹੱਤਤਾ ਦਾ ਵੀ ਅਹਿਸਾਸ ਹੁੰਦਾ ਹੈ ਜਦ ਉਹ ਆਪਣੇ ਇਕ ਦਿੱਲੀ ਫੇਰੇ ਦੌਰਾਨ ਮੁੜ ਉਸ ਬਾਲਮੀਕੀ ਬਸਤੀ ਵਿਚ ਜਾਂਦੀ ਹੈ ਤਾਂ ਉੱਥੋਂ ਦਾ ਇਕ ਵਸਨੀਕ ਉਸ ਦਾ ਬੜਾ ਸਤਿਕਾਰ ਕਰਦਾ ਹੋਇਆ ਦੱਸਦਾ ਹੈ ਕਿ ਉਸ ਵਲੋਂ ਕਰਵਾਈ ਪੜ੍ਹਾਈ ਨੇ ਤਾਂ ਉਸ ਦੇ ਭਰਾ ਅਤੇ ਹੋਰ ਅਨੇਕਾਂ ਬੱਚਿਆਂ ਦੀਆਂ ਜ਼ਿੰਦਗੀਆਂ ਹੀ ਬਦਲ ਦਿੱਤੀਆਂ ਜੋ ਹੁਣ ਪਖਾਨੇ ਸਾਫ਼ ਕਰਨ ਦੀ ਬਜਾਏ ਚੰਗੇ ਸਨਮਾਨਜਨਕ ਕੰਮਾਂ ਉੱਤੇ ਲੱਗੇ ਹੋਏ ਹਨ। ਉਹ ਅੰਬੇਦਕਰ ਨੂੰ ਵੀ ਪੜ੍ਹਦੀ ਹੈ, ਅੰਬੇਦਕਰੀ ਵਿਚਾਰਧਾਰਾ ਨਾਲ ਜੁੜੇ ਲੋਕਾਂ ਦੇ ਕੰਮ ਨੂੰ ਵਾਚਦੀ ਹੈ। ਪੁਸਤਕ ਵਿਚ ਉਹ ਇਨਕਲਾਬੀ ਧਿਰਾਂ ਵੱਲੋਂ ਵਿਕਾਸਮਈ ਕੰਮਾਂ ਨੂੰ ਰੱਦ ਕਰਨ ਅਤੇ ਅੰਬੇਦਕਰੀ ਧਿਰਾਂ ਵਲੋਂ ਇਸ ਸਿਸਟਮ ਦੇ ਦਾਇਰੇ ਵਿਚ ਹੀ ਰਹਿ ਕੇ ਕੰਮ ਕਰਨ, ਦੋਵਾਂ ਦੀਆਂ ਸੀਮਾਵਾਂ ਅਤੇ ਸੰਭਾਵਨਾਵਾਂ ਬਾਰੇ ਭਾਵਪੂਰਤ ਵਿਸ਼ਲੇਸ਼ਣ ਕਰਦੀ ਹੈ।

ਇਕ ਹੋਰ ਵੱਡਾ ਮਸਲਾ ਕਮਿਊਨਿਸਟ ਪਾਰਟੀਆਂ /ਗਰੁੱਪਾਂ ਵਿਚ ਵੱਖਰੇ ਵਿਚਾਰ ਰੱਖਣ ਦੀ ਆਜ਼ਾਦੀ ਨਾ ਹੋਣਾ ਹੈ। ਆਗੂ ਚਾਹੁੰਦੇ ਹਨ ਕਿ ਪਾਰਟੀ ਕਾਡਰ ਉਨ੍ਹਾਂ ਦਾ ਕਿਹਾ ਅੱਖਾਂ ਮੀਟ ਕੇ ਮੰਨੇ, ਵੱਖਰੇ ਵਿਚਾਰਾਂ ਨੂੰ ਕੋਈ ਮਾਨਤਾ ਨਹੀਂ, ਕਿੰਤੂ ਪ੍ਰੰਤੂ ਕਰਨ ਵਾਲਿਆਂ ਨੂੰ ਖੂੰਜੇ ਲਾ ਦਿੱਤਾ ਜਾਂਦਾ ਹੈ। ਇਸ ਤੋਂ ਦੁਖੀ ਹੋ ਕੇ ਉਹ ਕਮਿਊਨਿਸਟ ਪਾਰਟੀਆਂ ਵਿਚ ਫੈਸਲੇ ਲੈਣ ਲਈ ਵਰਤੇ ਜਾਂਦੇ ਢੰਗ ਜਮਹੂਰੀ ਕੇਂਦਰੀਵਾਦ ਬਾਰੇ ਲਿਖਦੀ ਹੈ, "ਜਮਹੂਰੀ ਕੇਂਦਰਵਾਦ ਇਕੋ ਇੱਕ ਅਜਿਹਾ ਹਥਿਆਰ ਸੀ ਜਿਸ ਨਾਲ ਖੱਬਿਆਂ ਨੇ ਬਹਿਸ ਵਿਚਾਰ ਨੂੰ ਖ਼ਤਮ ਕਰ ਕੇ ਆਪਣੇ ਆਪ ਨੂੰ ਨਸ਼ਟ ਕਰ ਲਿਆ।" ਉਹ ਹੋਰ ਲਿਖਦੀ ਹੈ- "ਇਨ੍ਹਾਂ (ਕਮਿਊਨਿਸਟਾਂ) ਦੀ ਇਕ ਬੁਨਿਆਦੀ ਸਮੱਸਿਆ ਪਰਦਰਸ਼ਤਾ ਦੀ ਘਾਟ ਹੈ। ਉਹ ਕਦੇ ਵੀ ਆਪਣੀ ਗਲਤੀ ਨਹੀਂ ਮੰਨਣਗੇ, ਉਹ ਲੋਕਾਂ ਵਿਚ ਖੁੱਲ੍ਹੀ ਬਹਿਸ ਲਈ ਨਹੀਂ ਜਾਣਗੇ। ਲੋਕ ਅਜਿਹੀਆਂ ਪਾਰਟੀਆਂ ਤੋਂ ਅੱਕੇ ਹੋਏ ਸਨ ਜੋ ਲੋਕਾਂ ਨੂੰ ਤਾਂ ਲਗਾਤਾਰ ਇਕ ਹੋ ਜਾਣ ਲਈ ਕਹਿੰਦੀਆਂ ਰਹਿੰਦੀਆਂ ਹਨ ਪਰ ਖ਼ੁਦ ਅਨੇਕਾਂ ਧੜਿਆਂ ਵਿਚ ਵੰਡੀਆਂ ਜਾਂਦੀਆਂ ਹਨ। ਇਨ੍ਹਾਂ ਸਾਰੀਆਂ ਦੇ ਉਦੇਸ਼ ਅਤੇ ਮੈਨੀਫੈਸਟੋ ਇਕੋ ਜਿਹੇ ਹੁੰਦੇ ਹਨ ਪਰ ਆਪਣੀਆਂ ਜਨਤਕ ਜਥੇਬੰਦੀਆਂ ਨੂੰ ਵੀ ਕਿਸੇ ਸਾਂਝੇ ਮੁੱਦੇ ਉੱਤੇ ਇਕੱਠੀਆਂ ਨਹੀਂ ਹੋਣ ਦਿੰਦੀਆਂ।" ਉਸ ਦਾ ਪਾਰਟੀ ਨਾਲੋਂ ਆਪਣਾ ਤੋੜ ਵਿਛੋੜਾ ਵੀ ਅਜਿਹਾ ਕੁਝ ਵੇਖ ਕੇ ਹੋਇਆ ਜਦ ਐਮਰਜੈਂਸੀ ਦੌਰਾਨ ਆਪਣੇ ਆਗੂ ਚੰਦਰਪੁੱਲਾ ਰੈਡੀ ਨਾਲ ਇਕੋ ਮਕਾਨ ਵਿਚ ਰਹਿੰਦਿਆਂ ਉਸ ਦੀ ਕਾਰਜ-ਸ਼ੈਲੀ ਉੱਤੇ ਇਤਰਾਜ਼ ਕੀਤੇ ਤਾਂ ਉਸ ਨੂੰ ਬਾਹਰ ਦਾ ਰਸਤਾ ਵਿਖਾ ਦਿੱਤਾ ਗਿਆ।

ਇਸੇ ਤਰ੍ਹਾਂ ਆਪਣੇ ਤਜਰਬੇ ਵਿਚੋਂ ਉਹ ਜਾਤ ਅਤੇ ਜਮਾਤ ਦੇ ਆਧਾਰ ਉੱਤੇ ਪੈਂਦੀ ਸਾਂਝ ਦਾ ਵੀ ਠੋਸ ਆਧਾਰ ਉੱਤੇ ਮੁਲਾਂਕਣ ਕਰਦੀ ਹੈ। ਉਸ ਵੇਖਿਆ ਕਿ ਆਪਣੀ ਜਾਤ ਦੇ ਲੋਕਾਂ ਦੀ ਮਦਦ ਉੱਤੇ ਆਉਣਾ ਇਕ ਸੁਭਾਵਿਕ ਵਰਤਾਰਾ ਸੀ ਜਦਕਿ ਆਰਥਿਕ ਜਮਾਤ ਦੇ ਆਧਾਰ 'ਤੇ ਇਕਮੁੱਠਤਾ ਕਾਇਮ ਕਰਨ ਲਈ ਬਹੁਤ ਕੋਸ਼ਿਸ਼ਾਂ ਕਰਨੀਆਂ ਪੈਂਦੀਆਂ ਸਨ।

ਇਸ ਵਿਚੋਂ ਉਸ ਨੂੰ ਲੱਗਦਾ ਹੈ ਕਿ ਜਮਾਤ ਅਤੇ ਆਰਥਿਕ ਮੁੱਦਿਆਂ ਦੀ ਆੜ ਵਿਚ ਕਮਿਊਨਿਸਟਾਂ ਦਾ ਜਾਤ ਦੇ ਮਸਲਿਆਂ ਨੂੰ ਅਣਗੌਲਿਆਂ ਕਰਨਾ ਠੀਕ ਰਾਹ ਨਹੀਂ ਹੈ। ਉਨ੍ਹਾਂ ਨੂੰ ਅੰਬੇਦਕਰਵਾਦ ਦੀ ਮਹੱਤਤਾ ਵੀ ਸਮਝਣੀ ਚਾਹੀਦੀ ਹੈ।

ਇਸ ਪੁਸਤਕ ਦੀ ਵਧਵੀਂ ਮਹੱਤਤਾ ਇਸ ਗੱਲ ਵਿਚ ਹੈ ਕਿ ਉਹ ਜੋ ਵੀ ਵਿਸ਼ਲੇਸ਼ਣ ਕਰਦੀ ਅਤੇ ਵਿਚਾਰ ਦਿੰਦੀ ਹੈ ਉਹ ਕਿਸੇ ਅਕਾਦਮਿਕ ਬੁੱਧੀਜੀਵੀ ਦੇ ਕੇਵਲ ਕਿਤਾਬਾਂ ਪੜ੍ਹ ਕੇ ਹਾਸਲ ਕੀਤੇ ਗਿਆਨ ਉੱਤੇ ਆਧਾਰਿਤ ਨਹੀਂ ਸਗੋਂ ਲੋਕਾਂ ਵਿਚ ਪੂਰੀ ਤਰ੍ਹਾਂ ਖੁੱਭ ਕੇ ਕੀਤੇ ਕੰਮ ਦੇ ਤਜਰਬੇ ਵਿਚੋਂ ਨਿਕਲੇ ਹਨ। ਉਸ ਨੇ ਅਤਿ ਗਰੀਬ ਲੋਕਾਂ ਦੀ ਜ਼ਿੰਦਗੀ ਖ਼ੁਦ ਜਿਉਂ ਕੇ ਵੇਖੀ, ਆਪਣੇ ਖਿਲਾਫ਼ ਹੋਏ ਭੰਡੀ ਪ੍ਰਚਾਰ ਤੋਂ ਲੈ ਕੇ ਜਾਨ ਉੱਤੇ ਹੋਏ ਕਾਤਲਾਨਾ ਹਮਲਿਆਂ ਨੂੰ ਝੱਲਿਆ, ਜਾਗੀਰਦਾਰਾਂ ਅਤੇ ਸਰਕਾਰੀ ਤੰਤਰ ਦੇ ਦਾਬੇ ਅਤੇ ਜ਼ੁਲਮਾਂ ਨੂੰ ਪੀੜਤ ਧਿਰ ਵਾਲੇ ਪਾਸੇ ਤੋਂ ਅਨੁਭਵ ਕੀਤਾ, ਲੋਕਾਂ ਦੇ ਸੰਘਰਸ਼ਾਂ ਨੂੰ ਸੇਧ ਦਿੱਤੀ। ਸਮਾਜਿਕ ਜਾਂ ਰਾਜਨੀਤਕ ਕਾਰਕੁਨ ਗੀਤਾ ਰਾਮਾਸਵਾਮੀ ਦੇ ਜੀਵਨ ਅਨੁਭਵਾਂ ਤੋਂ ਬਹੁਤ ਕੁਝ ਸਿੱਖ ਸਕਦੇ ਹਨ।

# ਜਿਓਤਿਸ਼ ਦਾ ਕੱਚ ਸੱਚ !

ਪੰਜਾਬੀ ਹਿੰਦੂ ਸੁਰਿੰਦਰ ਮੋਹਨ ਪਾਠਕ ਹਿੰਦੀ ਦਾ ਚੋਟੀ ਦਾ ਬੈਸਟ ਸੈਲਰ ਜਾਸੂਸੀ ਲੇਖਕ ਹੈ ਜੋ ਬਚਪਨ ਵਿਚ ਵੰਡ ਵੇਲੇ ਮਾਪਿਆਂ ਨਾਲ ਪਾਕਿਸਤਾਨੋਂ ਭਾਰਤ ਆ ਵਸਿਆ ਸੀ। ਹਾਲਾਂਕਿ ਮੈਨੂੰ ਜਾਸੂਸੀ ਸਾਹਿਤ ਵਿਚ ਖਾਸ ਦਿਲਚਸਪੀ ਨਹੀਂ ਪਰ ਉਸ ਦੀ ਲਿਖੀ ਸਵੈ-ਜੀਵਨੀ ਕਾਬਲੇ ਤਾਰੀਫ ਹੈ ਜਿਸ ਵਿਚ ਉਸ ਦੁਆਰਾ ਜਿਓਤਿਸ਼ ਨਾਲ ਜੁੜੀਆਂ ਕੁਝ



ਹਰਜੀਤ ਦਿਓਲ, ਬਰੈਂਪਟਨ

ਘਟਨਾਵਾਂ ਦਾ ਜ਼ਿਕਰ ਡਾਢਾ ਮਨੋਰੰਜਕ ਲੱਗਿਆ। ਉਸ ਅਨੁਸਾਰ ਕਿਵੇਂ ਦੁਨੀਆ ਦੇ ਅਰਬਾਂ-ਖਰਬਾਂ ਲੋਕਾਂ ਦਾ ਭਵਿੱਖ ਬਾਰ੍ਹਾਂ ਰਾਸ਼ੀਆਂ ਵਿਚ ਸਮਾ ਸਕਦਾ ਹੈ? ਕਦੇ ਕਿਸੇ ਜਿਓਤਿਸ਼ੀ ਨੇ ਨਹੀਂ ਦੱਸਿਆ ਕਿ ਫਲਾਣਾ ਬੰਦਾ ਹਾਰਟ ਅਟੈਕ ਜਾਂ ਐਕਸੀਡੈਂਟ ਨਾਲ ਮਰਨ ਵਾਲਾ ਹੈ। ਅੰਦਾਜ਼ੇ ਨਾਲ ਬਹੁਤ ਕੁਝ ਦੱਸ ਦਿੰਦੇ ਹਨ ਪਰ ਜੇ ਇੱਤਫਾਕਨ ਕੁਝ ਸੱਚ ਨਿਕਲ ਆਇਆ ਤਾਂ ਜਿਓਤਿਸ਼ੀ ਦੀ ਬੱਲੇ-ਬੱਲੇ ਨਹੀਂ ਤਾਂ ਜਜਮਾਨ ਦੁਆਰਾ ਦੱਸੇ ਤੱਥਾਂ ਵਿਚ ਗਲਤੀ ਕੱਢ ਦਿੰਦੇ ਹਨ। ਪਹਿਲਾਂ ਕੁਝ ਬੁਰਾ ਹੋਣ ਦਾ ਡਰ ਖੜ੍ਹਾ ਕਰਨਾ ਫੇਰ ਉਪਾਅ ਦੇ ਨਾਂਅ ਮਾਇਆ ਹਾਸਲ ਕਰ ਲੈਣੀ। ਕੁਝ ਕੁ ਮਿਸਾਲਾਂ ਹਨ। ਭਾਰਤ ਦਾ ਇਕ ਪ੍ਰਧਾਨ ਮੰਤਰੀ ਜੋ ਹੱਦੋਂ ਵੱਧ ਜਿਓਤਿਸ਼ 'ਤੇ ਵਿਸ਼ਵਾਸ ਕਰਦਾ ਸੀ ਅਤੇ ਬਿਨਾ ਦਰਜਨਾਂ ਜਿਓਤਿਸ਼ੀਆਂ ਦੀ ਸਲਾਹ ਦੇ ਕੋਈ ਕਦਮ ਨਹੀਂ ਪੁੱਟਦਾ ਸੀ ਆਪਣੀ ਪੰਜ ਸਾਲ ਦੀ ਟਰਮ ਦੀ ਥਾਂ 170 ਦਿਨਾਂ ਵਿਚ ਗੱਦੀਉਂ ਲੱਥ ਗਿਆ।

ਜਿਓਤਿਸ਼ 'ਤੇ ਵਿਸ਼ਵਾਸ ਕਰਨ ਵਾਲੇ ਇੱਕ ਮਿੱਤਰ ਨੇ ਆਪਣੀ ਬੇਟੀ ਦੇ ਵਿਆਹ ਵਿਚ ਆਉਂਦੀ ਇੱਕ ਅੜਚਨ ਦੂਰ ਕਰਾਉਣ ਲਈ ਉਪਾਅ ਵਾਸਤੇ ਦਸ ਹਜ਼ਾਰ ਰੁਪਏ ਖਰਚੇ ਪਰ ਵਿਆਹ ਤਿੰਨ ਮਹੀਨੇ ਨਹੀਂ ਚੱਲਿਆ। ਲੇਖਕ ਦੇ ਮਹਿਕਮੇ ਦੇ ਚੀਫ ਦਾ ਲੜਕਾ ਕੈਂਸਰਗ੍ਰਸਤ ਸੀ ਅਤੇ ਡਾਕਟਰਾਂ ਜਵਾਬ ਦਿੱਤਾ ਹੋਇਆ ਸੀ। ਕਿਸੇ ਮਸ਼ਹੂਰ ਜੋਤਸ਼ੀ ਜਿਸ ਨੂੰ ਲੋਕ ਰੱਬ ਵਾਂਗ ਪੂਜਦੇ ਸੀ, ਦੇ ਕਹਿਣ 'ਤੇ ਉਪਾਅ ਵਜੋਂ ਉਸ ਗਿਆਰਾਂ ਪੰਡਤਾਂ ਤੋਂ ਇੱਕ ਲੱਖ ਵਾਰ ਗਾਇਤਰੀ ਮੰਤਰ ਦਾ ਜਾਪ ਕਰਵਾਇਆ। ਜਾਪ ਪੂਰਾ ਹੁੰਦੇ ਹੀ ਲੜਕਾ ਪੰਡਤਾਂ ਨੂੰ ਚੰਗੀ ਕਮਾਈ ਕਰਵਾ ਸਵਰਗ ਸਿਧਾਰ ਗਿਆ। ਜੋਤਸ਼ੀ ਮਹਾਰਾਜ ਨੇ ਜਜਮਾਨ ਦੁਆਰਾ ਕੀਤੇ ਵਿਧੀ ਵਿਧਾਨ ਵਿਚ ਨੁਕਸ ਕੱਢ ਪੱਲਾ ਝਾੜ ਲਿਆ। ਇੱਕ ਫਿਲਮੀ ਰਸਾਲੇ ਦੇ ਪ੍ਰਕਾਸ਼ਕ ਨੇ ਇੱਕ ਪਹੁੰਚੇ ਹੋਏ ਜਿਓਤਿਸ਼ੀ ਕੋਲੋਂ ਮਹਿੰਗੇ ਭਾਅ 'ਭਾਗ ਜਗਾਊ' ਮੁੰਦਰੀ ਹਾਸਲ ਕਰ ਪਹਿਨੀ। ਤੀਜੇ ਦਿਨ ਹੀ ਪ੍ਰਕਾਸ਼ਕ ਨੂੰ ਗੰਭੀਰ ਦਿਲ ਦਾ ਦੌਰਾ ਪੈ ਪਿਆ। ਨਰਸਿੰਗ ਹੋਮ ਦੇ ਮਾਹਿਰ ਡਾਕਟਰਾਂ ਉਸ ਨੂੰ ਬਚਾ ਤਾਂ ਲਿਆ ਪਰ ਹੋਸ਼ ਆਉਣ 'ਤੇ ਮਰੀਜ਼ ਨੇ ਸਭ ਤੋਂ ਪਹਿਲਾਂ ਆਪਣੀ 'ਭਾਗ ਜਗਾਊ' ਮੁੰਦਰੀ ਪਰ੍ਹਾਂ ਵਗਾਹ ਮਾਰੀ। ਕੋਈ ਤੀਹ-ਪੈਂਤੀ ਵਰ੍ਹੇ ਪਹਿਲਾਂ ਭਾਰਤੀ ਕ੍ਰਿਕਟ ਟੀਮ ਇੰਗਲੈਂਡ ਖੇਡਣ ਗਈ ਤਾਂ ਉਸ ਜ਼ਮਾਨੇ ਦੀਆਂ ਵੱਡੀਆਂ ਹਸਤੀਆਂ ਦੇ ਮਾਨਤਾ ਪ੍ਰਾਪਤ ਜੋਤਸ਼ੀ ਮਹਾਰਾਜ ਨੇ ਭਵਿੱਖਬਾਣੀ ਕੀਤੀ ਸੀ ਕਿ ਭਾਰਤੀ ਟੀਮ ਪੰਜੇ ਮੈਚਾਂ ਦੀ ਸੀਰੀਜ਼ ਸ਼ਾਨ ਨਾਲ ਜਿੱਤੇਗੀ ਪਰ ਟੀਮ ਮੈਚ ਹਾਰ ਪੰਜ ਜ਼ੀਰੋ ਦਾ ਸਕੋਰ ਬਣਾ ਮੁੜੀ। ਮੀਡੀਆ ਵਿਚ ਜੋਤਸ਼ੀ ਹੁਰਾਂ ਸਫਾਈ ਦਿੱਤੀ ਕਿ ਟੀਮ ਲੈ ਜਾ ਰਹੇ ਜਹਾਜ਼ ਨੇ ਉਨ੍ਹਾਂ ਦੇ ਕੈਲਕੁਲੇਟਿਡ ਟਾਈਮ ਤੋਂ ਅੱਧਾ ਘੰਟਾ ਲੇਟ ਉਡਾਣ ਭਰੀ ਸੀ। ਫੜ ਲਓ ਪੂਛ। ਇਕ ਵਾਰ ਜਦ ਕਾਂਗਰਸੀ ਪ੍ਰਧਾਨ ਮੰਤਰੀ ਨੇ ਇੱਕ ਪਹੁੰਚੇ ਹੋਏ ਤ੍ਰਕਾਲਦਰਸ਼ੀ ਨਾਗਾ ਬਾਬੇ ਤੋਂ ਆਸ਼ੀਰਵਾਦ ਲੈ ਚੋਣਾਂ ਲੜੀਆਂ ਤਾਂ ਕਾਂਗਰਸ ਨੂੰ ਸਭ ਤੋਂ ਬੁਰੀ ਹਾਰ ਦਾ ਮੂੰਹ ਦੇਖਣਾ ਪਿਆ। ਮਸ਼ਹੂਰ ਲੇਖਕ ਪੱਤਰਕਾਰ ਖੁਸ਼ਵੰਤ ਸਿੰਘ ਹੁਰਾਂ ਨੂੰ ਇੱਕ ਮਾਹਿਰ ਜੋਤਸ਼ੀ ਨੇ ਕਿਹਾ ਸੀ ਕਿ ਉਹ 80 ਸਾਲ ਦੀ ਉਮਰ ਵਿਚ ਚਲਾਣਾ ਕਰ ਜਾਣਗੇ ਪਰ ਹੋਇਆ ਇਹ ਕਿ ਖੁਸ਼ਵੰਤ ਸਿੰਘ ਲਗਭਗ 99 ਸਾਲ ਸਲਾਮਤ ਰਹੇ ਅਤੇ ਜੋਤਸ਼ੀ ਸਾਹਬ ਉਨ੍ਹਾਂ ਤੋਂ ਕਿਤੇ ਪਹਿਲਾਂ ਚੜ੍ਹਾਈ ਕਰ ਗਏ। ਹੋਰ ਤਾਂ ਹੋਰ ਇਸ ਧਰਤੀ ਦੇ ਅੰਤ ਬਾਰੇ ਕਈ ਭਵਿੱਖਬਾਣੀਆਂ ਹੋਈਆਂ ਪਰ ਇਹ ਹਾਲੇ ਤਾਈਂ ਸਲਾਮਤ ਹੈ ਕੱਲ੍ਹ ਦਾ ਪਤਾ ਨਹੀਂ। ਦਰਅਸਲ ਜੋਤਿਸ਼ ਵਿਚ ਰਾਸ਼ੀਆਂ ਅਤੇ ਗ੍ਰਹਿਆਂ ਨੂੰ ਉਪਾਵਾਂ ਨਾਲ ਪ੍ਰਭਾਵਿਤ ਕਰਨ ਦਾ ਢੋਂਗ ਅਤੇ ਕਰਾਮਾਤੀ ਰੱਬ ਦਾ ਅਡੰਬਰ ਫਰਾਡਤੰਤਰ ਦੇ ਬਰਾਬਰ ਦੇ ਹਿੱਸੇਦਾਰ ਹਨ ਜੋ ਉਨ੍ਹਾਂ ਨਾਸਮਝਾਂ ਤੋਂ ਲਾਭ ਉਠਾਉਂਦੇ ਹਨ ਜੋ ਕੁਦਰਤੀ ਨੇਮਾਂ ਅਧੀਨ ਚੱਲ ਰਹੇ ਜੀਵਨ ਨੂੰ ਸਮਝਣ ਤੋਂ ਅਸਮਰੱਥ ਹਨ। ਇਸ ਲਈ ਕੇਵਲ ਵਿਗਿਆਨਕ ਨਜ਼ਰੀਆ ਹੀ ਸਾਨੂੰ ਵਹਿਮਾਂ-ਭਰਮਾਂ ਤੋਂ ਦੂਰ ਰੱਖ ਸਕਦਾ ਹੈ। ਆਓ ਸੰਸਾਰ ਨੂੰ ਵਿਗਿਆਨਕ ਢੰਗ ਨਾਲ ਦੇਖਣ ਸਮਝਣ ਦਾ ਯਤਨ ਕਰੀਏ।

# ਮਨੁੱਖਤਾ ਨੂੰ ਦਰਪੇਸ਼ ਸੰਕਟ ਅਤੇ ਸਾਮਰਾਜਵਾਦ

***ਪੰਜਾਬ ਟਾਈਮਜ਼ ਲਈ ਗਾਹੇ-ਬਗਾਹੇ ਅਹਿਮ ਮੁੱਦਿਆਂ ‘ਤੇ ਲਿਖਣ ਵਾਲੇ ਸ. ਗੁਰਬਚਨ ਸਿੰਘ (ਜਲੰਧਰ) ਨੇ ਇਸ ਲੇਖ ਵਿਚ ਸੰਸਾਰ ਦੇ ਮੌਜੂਦਾ ਸੰਕਟ ਦੀ ਪੁਣ-ਛਾਣ ਕੀਤੀ ਹੈ। ਇਸ ਪ੍ਰਸੰਗ ਵਿਚ ਉਨ੍ਹਾਂ ਸੰਸਾਰ ਦੀਆਂ ਸਾਮਰਾਜੀ ਸ਼ਕਤੀਆਂ ਦੇ ਮਕਸਦ ਅਤੇ ਮੰਤਵ ਉਤੇ ਉਂਗਲ ਰੱਖੀ ਹੈ। ਇਸ ਦੇ ਨਾਲ ਹੀ ਉਨ੍ਹਾਂ ਇਹ ਚੇਤਾ ਵੀ ਕਰਵਾਇਆ ਹੈ ਕਿ ਜੇ ਕਿਤੇ ਰੂਸੀ ਇਨਕਲਾਬ ਸਹੀ ਲੀਹਾਂ ‘ਤੇ ਪੈ ਜਾਂਦਾ ਤਾਂ ਸੰਸਾਰ ਨੂੰ ਅਜਿਹੇ ਸੰਕਟ ਦਾ ਸਾਹਮਣਾ ਨਾ ਕਰਨਾ ਪੈਂਦਾ।***

ਆਲਮੀ ਪੱਧਰ ਉਤੇ ਦੋ ਵਰਤਾਰੇ ਨਾਲੋ-ਨਾਲ ਵਾਪਰ ਰਹੇ ਹਨ। ਇਕ ਵਾਤਾਵਰਨ ਦੇ ਘਾਣ ਕਾਰਨ ਦੁਨੀਆ ਭਰ ਵਿਚ ਹੋ ਰਹੀ ਤਬਾਹੀ ਹੈ। ਕਿਤੇ ਹੜ੍ਹ ਆ ਰਹੇ ਹਨ, ਕਿਤੇ ਸੋਕੇ ਕਾਰਨ ਪੈਦਾਵਾਰ ਪ੍ਰਭਾਵਿਤ ਹੋ ਰਹੀ ਹੈ, ਕਿਤੇ ਜੰਗਲਾਂ ਨੂੰ ਲੱਗੀ ਅੱਗ ਬੁਝਣ ਦਾ ਨਾਂ ਨਹੀਂ ਲੈ ਰਹੀ, ਕਿਤੇ ਵਧੀ ਤਪਸ਼ ਕਾਰਨ ਜ਼ਿੰਦਗੀ ਅਕਹਿ ਤੇ ਅਸਹਿ ਬਣ ਰਹੀ ਹੈ। ਗਰਮੀ ਕਾਰਨ ਬਜ਼ੁਰਗਾਂ ਤੇ ਬੱਚਿਆਂ ਦੀ ਸੰਭਾਲ ਮੁਸ਼ਕਿਲ ਹੋ ਰਹੀ ਹੈ। ਉਤਰੀ ਪੋਲ ਦੀ ਬਰਫ ‘ਤੇ ਗਲੇਸ਼ੀਅਰ ਪਿਘਲਣ ਕਾਰਨ ਸਮੁੰਦਰਾਂ ਦੇ ਵਧ ਰਹੇ ਪਾਣੀਆਂ ਦਾ ਪੱਧਰ ਤੇ ਭਿਅੰਕਰ ਵਾਵਰੋਲੇ ਕਿਨਾਰਿਆਂ ਉਤੇ ਵਸਦੇ ਲੋਕਾਂ ਲਈ ਮੁਸੀਬਤ ਬਣ ਰਹੇ ਹਨ। ਕਿਸੇ ਵੀ ਮੁਲਕ ਦੀਆਂ ਖਬਰਾਂ ਸੁਣ ਲਓ, ਤਕਰੀਬਨ ਹਰ ਮੁਲਕ ਵਿਚ ਵਾਤਾਵਰਨ ਵਿਚ ਤਬਦੀਲੀਆਂ ਕਾਰਨ ਮਨੁੱਖਤਾ ਦਾ ਵੱਡਾ



**ਗੁਰਬਚਨ ਸਿੰਘ**
ਫੋਨ: +91-98156-98451

ਹਿੱਸਾ ਕਸ਼ਟ ਭੋਗ ਰਿਹਾ ਹੈ।

ਪਾਕਿਸਤਾਨ ਵਿਚ ਭਿਆਨਕ ਹੜ੍ਹ ਇਸ ਵੇਲੇ ਦੁਨੀਆ ਭਰ ਵਿਚ ਚਰਚਾ ਦਾ ਵਿਸ਼ਾ ਹਨ। ਗਲੇਸ਼ੀਅਰ ਪਿਘਲਣ ਕਾਰਨ ਆਏ ਇਹਨਾਂ ਹੜ੍ਹਾਂ ਬਾਰੇ ਪਾਕਿਸਤਾਨ ਦੀ ਵਜ਼ੀਰ-ਏ-ਵਾਤਾਵਰਨ ਦਾ ਬਿਆਨ ਹੈ ਕਿ ਅਮੀਰ ਮੁਲਕਾਂ ਦੀ ਮਨਮਾਨੀ ਦਾ ਖਮਿਆਜ਼ਾ ਗਰੀਬ ਮੁਲਕਾਂ ਦੇ ਲੋਕ ਭੁਗਤ ਰਹੇ ਹਨ। ਉਸ ਅਨੁਸਾਰ, ਪਾਕਿਸਤਾਨ ਵਾਤਾਵਰਨ ਵਿਚ ਵਧ ਰਹੀ ਕਾਰਬਨ ਦਾ ਸਿਰਫ ਇਕ ਫੀਸਦ ਵਾਧਾ ਕਰਨ ਦਾ ਜ਼ਿੰਮੇਵਾਰ ਹੈ ਪਰ ਇਸ ਦੀ ਦੋ-ਤਿਹਾਈ ਆਬਾਦੀ ਹੜ੍ਹਾਂ ਦੀ ਮਾਰ ਹੇਠ ਹੈ। ਆਬਾਦੀ ਪਖੋਂ ਦੁਨੀਆ ਦੇ ਸਭ ਤੋਂ ਵੱਡੇ ਮੁਲਕ ਚੀਨ ਵਿਚ ਗਰਮੀ ਨੇ ਅਤਿ ਚੁਕੀ ਹੋਈ ਹੈ। ਮੁਲਕ ਦੇ 34 ਦਰਿਆ ਸੁਕ ਗਏ ਹਨ ਜਾਂ ਸੁੱਕਣ ਕਿਨਾਰੇ ਹਨ। ਯੂਰਪ ਦਾ ਵਧੇਰੇ ਹਿੱਸਾ ਤਪਸ਼ ਦਾ ਸ਼ਿਕਾਰ ਹੈ। ਫਰਾਂਸ ਦੇ ਸੌ ਸ਼ਹਿਰਾਂ ਵਿਚ ਪੀਣ ਦੇ ਪਾਣੀ ਦੀ ਕਿੱਲਤ ਹੈ। ਜਰਮਨ ਦੇ ਦਰਿਆ ਰਾਈਨ ਵਿਚ ਪਾਣੀ ਦੀ ਮਿਕਦਾਰ ਘਟਣ ਕਾਰਨ ਦਰਿਆਈ ਆਵਾਜਾਈ ਪ੍ਰਭਾਵਿਤ ਹੋਈ ਹੈ।

ਦੂਜਾ ਵਰਤਾਰਾ ਪਿਛਲੇ ਲਗਭਗ ਸੱਤ ਮਹੀਨਿਆਂ ਤੋਂ ਯੂਕਰੇਨ ਤੇ ਰੂਸ ਵਿਚਕਾਰ ਚਲ ਰਹੀ ਜੰਗ ਹੈ। ਇਹ ਜੰਗ ਹੁਣ ਸਮੂਹ ਸੰਸਾਰ ਦੇ ਲੋਕਾਂ ਉਤੇ ਆਪਣਾ ਸਥਾਈ ਪ੍ਰਭਾਵ ਛੱਡ ਰਹੀ ਹੈ। ਜਿਹੜੀ ਜੰਗ ਪਹਿਲਾਂ ਦੋ ਮੁਲਕਾਂ ਅਤੇ ਸੰਸਾਰ ਦੇ ਇਕ ਕੋਨੇ ਵਿਚ ਲੱਗੀ ਜਾਪਦੀ ਸੀ, ਹੁਣ ਉਹ ਦਰਜਨਾਂ ਮੁਲਕਾਂ ਦੀ ਆਰਥਿਕ ਬਰਬਾਦੀ ਦੇ ਨਾਲ-ਨਾਲ ਦੁਨੀਆ ਭਰ ਦੇ ਸਮਾਜਾਂ ਵਿਚ ਆ ਰਹੀ ਵੱਡੀ ਉਥਲ-ਪੁਥਲ ਦਾ ਕਾਰਨ ਬਣ ਰਹੀ ਹੈ। ਯੂਨਾਈਟਡ ਨੇਸ਼ਨਜ਼ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਦਾ ਕਹਿਣਾ ਹੈ ਕਿ ਛੋਟਾ ਜਿਹਾ ਗਲਤ ਅਨੁਮਾਨ ਵੀ ਮਨੁੱਖਤਾ ਨੂੰ ਪਰਮਾਣੂ ਜੰਗ ਦੀ ਭੱਠੀ ਵਿਚ ਝੋਕ ਸਕਦਾ ਹੈ। ਦੂਜੀ ਸੰਸਾਰ ਜੰਗ ਤੋਂ ਬਾਅਦ ਹੋਂਦ ਵਿਚ ਆਇਆ ਸੰਸਾਰ ਪ੍ਰਬੰਧ ਤਿੜਕ ਗਿਆ ਹੈ। ਰੂਸ ਦੀ ਆਲਮੀ ਮਸਲਿਆਂ ਦੀ ਕੌਂਸਲ ਨੇ ਪੱਛਮ ਨਾਲੋਂ ਆਪਣੇ ਮੁਕੰਮਲ ਤੋੜ-ਵਿਛੋੜੇ ਦਾ ਐਲਾਨ ਕਰ ਦਿਤਾ ਹੈ। ਉਹ ਦਿਨ ਮੁੱਕ ਗਏ ਜਦੋਂ ਰੂਸ ਪੱਛਮ ਅਤੇ ਬਾਕੀ ਮੁਲਕਾਂ ਵਿਚਕਾਰ ਜੋੜਨ ਵਾਲੀ ਕੜੀ ਸੀ। ਹੁਣ ਇਹ ਯਕੀਨ ਕਰਨਾ ਵੀ ਮੁਸ਼ਕਿਲ ਜਾਪਦਾ ਹੈ ਕਿ ਸਿਰਫ ਅੱਠ ਸਾਲ ਪਹਿਲਾਂ ਰੂਸ ਅਮੀਰ ਮੁਲਕਾਂ ਦੇ ਗਰੁਪ ਜੀ-8 ਦਾ ਮੈਂਬਰ ਸੀ।

ਯੂਕਰੇਨ ਇਹ ਜੰਗ ਅਮਰੀਕਾ ਅਤੇ ਨਾਟੋ ਗੁਟ ਦੇ ਮੁਲਕਾਂ ਦੇ ਪੈਸੇ ਅਤੇ ਹਥਿਆਰਾਂ ਨਾਲ ਲੜ ਰਿਹਾ ਹੈ। ਇਸ ਜੰਗ ਦਾ ਅਸਲੀ ਕਾਰਨ ਪੂਤਿਨ ਅਤੇ ਯੇਲੈਂਸਕੀ ਦੀ ਜਾਤੀ ਦੁਸ਼ਮਣੀ ਨਹੀਂ ਬਲਕਿ 2008 ਵਿਚ ਆਇਆ ਆਰਥਿਕ ਸੰਕਟ ਅਤੇ ਉਸ ਸੰਕਟ ਕਾਰਨ ਸਾਮਰਾਜੀ ਅਰਥਚਾਰੇ ਵਿਚ ਆਈ ਖੜੋਤ ਹੈ। ਇਸ ਖੜੋਤ ਨੂੰ ਤੋੜਨ ਲਈ ਕੀਤੀਆਂ ਕੋਸ਼ਿਸ਼ਾਂ ਸਾਮਰਾਜੀ ਪ੍ਰਬੰਧ ਨੂੰ ਹੋਰ ਡੂੰਘੇ ਸੰਕਟ ਵਿਚ ਧੱਕ ਰਹੀਆਂ ਹਨ। ਅਮੀਰ ਮੁਲਕਾਂ ਦੇ ਰਿਜ਼ਰਵ ਬੈਂਕਾਂ ਵੱਲੋਂ ਛਾਪੇ ਧੜਾਧੜ ਨੋਟ ਵੀ ਇਸ ਸੰਕਟ ਉਤੇ ਕਾਬੂ ਨਹੀਂ ਪਾ ਸਕੇ।

ਵਧ ਤੋਂ ਵਧ ਮੁਨਾਫਾ ਕਮਾਉਣ ਦੀ ਧੁਸ, ਇਕ-ਦੂਜੇ ਤੋਂ ਵਧੇਰੇ ਪੂੰਜੀ ਇਕੱਠੀ ਕਰਨ ਲਈ ਖਰਬਾਂਪਤੀਆਂ ਦਾ ਆਪਸੀ ਮੁਕਾਬਲਾ, ਇਸ ਮੁਕਾਬਲੇ ਕਾਰਨ ਪੈਦਾ ਹੋਈ ਗੜਬੜ (ਅਨਾਰਕੀ) ਤੇ ਦਿਨੋ-ਦਿਨ ਵਧ ਰਹੀ ਮਹਿੰਗਾਈ ਕਾਰਨ ਲੋਕ ਮਨਾਂ ਵਿਚ ਸਾਮਰਾਜੀ ਸਰਕਾਰਾਂ ਪ੍ਰਤੀ ਵਧ ਰਹੀ ਬੇਭਰੋਸਗੀ, ਇਸ ਜੰਗ ਦੇ ਅਸਲੀ ਕਾਰਨ ਹਨ। ਜਿਉਂ-ਜਿਉਂ ਜੰਗ ਲਮਕ ਰਹੀ ਹੈ, ਤਿਉਂ-ਤਿਉਂ ਇਸ ਦੇ ਦੂਰ-ਰਸੀ ਪ੍ਰਭਾਵ ਹੋਰ ਗਹਿਰੇ ਹੋ ਰਹੇ ਹਨ। ਪਹਿਲਾਂ ਤੋਂ ਹੀ ਖੜੋਤ ਦੇ ਸ਼ਿਕਾਰ ਸੰਸਾਰ ਅਰਥਚਾਰੇ ਦੇ ਹੋਰ ਵੀ ਰਸਾਤਲ ਵਿਚ ਜਾਣ ਦੀ ਭਵਿਖਬਾਣੀ ਸੰਸਾਰ ਬੈਂਕ ਅਤੇ ਆਈ.ਐਮ.ਐਫ. ਕਰ ਰਹੇ ਹਨ।

ਰੂਸ ਦੇ ਰੱਖਿਆ ਮੰਤਰੀ ਸਰਗਈ ਲਾਵਰੋਵ ਨੇ ਹਮਲੇ ਤੋਂ ਪਹਿਲਾਂ ਹੀ ਸਪਸ਼ਟ ਕਰ ਦਿੱਤਾ ਸੀ ਕਿ ਮਸਲਾ ਯੂਕਰੇਨ ਦਾ ਨਹੀਂ, ਅਮਰੀਕਾ ਦੀ ਅਗਵਾਈ ਹੇਠਲੀ ਨਾਟੋ ਦੀ ਠਾਣੇਦਾਰੀ ਖਤਮ ਕਰਨ ਦਾ ਹੈ। ਇਹ ਯੂਕਰੇਨ ਲਈ ਨਹੀਂ, ਨਵੇਂ ਸੰਸਾਰ ਪ੍ਰਬੰਧ ਲਈ ਜੰਗ ਹੈ ਅਤੇ ਆਧੁਨਿਕ ਇਤਿਹਾਸ ਦਾ ਇਹ ਯੁਗ-ਪਲਟਾਊ ਸਮਾਂ ਹੈ। ਹਿਲੇਰੀ ਕਲਿੰਟਨ ਨੇ ਇਹ ਗੱਲ ਸਾਫ ਸ਼ਬਦਾਂ ਵਿਚ ਕਈ ਵਾਰ ਦੁਹਰਾਈ ਹੈ ਕਿ ਰੂਸ ਯੂਕਰੇਨ ਦੀ ਜੰਗ ਵਿਚ ਅਮਰੀਕੀ ਸਾਮਰਾਜ ਦੀ ਆਪਣੀ ਹੋਂਦ ਦਾਅ ਉਤੇ ਲਗੀ ਹੋਈ ਹੈ ਤੇ ਮੌਜੂਦਾ ਜੰਗ ਵਿਚ ਰੂਸ ਦੀ ਹਾਰ ਨਾਟੋ ਮੁਲਕਾਂ ਸਮੇਤ ਅਮਰੀਕਾ ਦੀ ਅਟਲ ਲੋੜ ਹੈ। ਰੂਸ ਦੀ ਹਾਰ ਦਾ ਮਤਲਬ ਰੂਸ ਨੇ ਪਹਿਲਾਂ ਹੀ ਸਪਸ਼ਟ ਕੀਤਾ ਹੋਇਆ ਹੈ ਕਿ ਇਸ ਦੀ ਕੀਮਤ ਦੁਨੀਆ ਨੂੰ ਪਰਮਾਣੂ ਜੰਗ ਦੇ ਰੂਪ ਵਿਚ ਦੇਣੀ ਪਵੇਗੀ।

ਰੂਸ ਦੇ ਸਰਕਾਰੀ ਇੰਟਰਨੈਟ ਅਖਬਾਰ ਰਸ਼ੀਆ ਟੂਡੇ (ਆਰਟੀ.ਕਾਮ) ਦੀ ਸੁਰਖੀ ਹੈ: ਆਓ! ਅਰਦਾਸ ਕਰੀਏ ਕਿ ਰੂਸ ਅਮਰੀਕਾ ਦੀ ਸੀਤ ਜੰਗ ਕਿਤੇ ਹਾਟ, ਭਾਵ ਪਰਮਾਣੂ ਜੰਗ ਵਿਚ ਨਾ ਪਲਟ ਜਾਏ। ਇਸ ਲਿਖਤ ਵਿਚ ਪੂਤਿਨ ਦੀ ਉਸ ਤਕਰੀਰ ਦਾ ਹਵਾਲਾ ਵੀ ਹੈ ਜਿਸ ਵਿਚ ਉਸ ਨੇ ਕਿਹਾ ਸੀ ਕਿ ਰੂਸ ਨੇ ਪਰਮਾਣੂ ਬੰਬ ਢੋਣ ਲਈ ਅਜਿਹੀਆਂ ਹਾਈਪਰਸੌਨਿਕ ਮਿਜ਼ਾਈਲਾਂ ਵਿਕਸਿਤ ਕਰ ਲਈਆਂ ਹਨ ਜਿਨ੍ਹਾਂ ਨੂੰ ਦੁਨੀਆ ਭਰ ਦੀ ਕੋਈ ਵੀ ਤਾਕਤ ਨਹੀਂ ਰੋਕ ਸਕਦੀ। ਨਾਲੋ-ਨਾਲ ਵਾਪਰ ਰਹੇ ਇਹਨਾਂ ਦੋਵਾਂ ਹੀ ਵਰਤਾਰਿਆਂ ਦਾ ਮੂਲ ਕਾਰਨ ਇਕੋ ਹੀ ਹੈ। ਮਨੁੱਖਤਾ ਦਾ ਕੁਦਰਤ ਅਤੇ ਮਨੁੱਖ ਦਾ ਆਪਣੀ ਕੁਦਰਤੀ ਫਿਤਰਤ ਤੋਂ ਟੁਟੇ ਹੋਣਾ। ਕੁਦਰਤ ਤੋਂ ਟੁੱਟਣ ਕਾਰਨ ਵਾਤਾਵਰਨ ਦਾ ਘਾਣ ਹੋ ਰਿਹਾ ਹੈ ਅਤੇ ਆਪਣੀ ਕੁਦਰਤੀ ਫਿਤਰਤ ਤੋ ਟੁੱਟਾ ਮਨੁੱਖ ਮਨੋਰੋਗੀ ਬਣ ਕੇ ਬੇਲੋੜੀ ਸਾਮਰਾਜੀ ਖਪਤਕਾਰੀ ਦਾ ਸ਼ਿਕਾਰ ਹੋ ਗਿਆ ਹੈ।

ਕਮਿਊਨਿਸਟ ਮੈਨੀਫੈਸਟੋ ਵਿਚ ਮਾਰਕਸ ਨੇ ਲਿਖਿਆ ਹੈ ਕਿ ਪੂੰਜੀਵਾਦ ਕੁਦਰਤ ਅਤੇ ਮਨੁੱਖ ਦੀ ਕੁਦਰਤੀ ਫਿਤਰਤ ਤੋਂ ਟੁੱਟਿਆ ਹੋਇਆ ਆਪਣਾ ਹੀ ਕਲਪਿਆ ਸਮਾਜ ਸਿਰਜ ਲੈਂਦਾ ਹੈ। ਅਜੋਕਾ ਸਾਮਰਾਜੀ ਸੰਸਾਰ ਪੂੰਜੀਵਾਦ ਦਾ ਕਲਪਿਆ ਅਜਿਹਾ ਸੰਸਾਰ ਹੈ ਜਿਹੜਾ ਮਹਿਜ਼ ਮਨੁੱਖੀ ਲੁੱਟ ਦਾ ਵਹਿਸ਼ੀ ਸੰਦ ਹੈ। ਇਹ ਹੱਥੀਂ ਕਿਰਤ ਤੋਂ ਟੁੱਟੇ ਵਿਹਲੜ ਸਭਿਆਚਾਰ ਦਾ ਜਨਕ ਹੈ। ਇਸ ਨੇ ਪਰਾਈ ਕਿਰਤ ਉਤੇ ਪਲਣ ਵਾਲੇ ਪਰਜੀਵੀ, ਨਸ਼ੇੜੀ, ਜੂਏਬਾਜ਼ ਬੁਧੀਜੀਵੀ ਤੇ ਸੰਵੇਦਨਹੀਣ ਨੌਕਰਸ਼ਾਹ ਪੈਦਾ ਕੀਤੇ ਹਨ। ਇਹ ਵੇਸਵਾਗਿਰੀ ਨੂੰ ਉਤਸ਼ਾਹਿਤ ਕਰਦਾ ਹੈ। ਮਨੁੱਖੀ-ਪਰਿਵਾਰਕ ਤੇ ਸਮਾਜੀ ਰਿਸ਼ਤਿਆਂ ਨੂੰ ਤੋੜਦਾ ਹੈ। ਇਸ ਨੇ ਔਰਤ ਵੇਸਵਾਗਿਰੀ ਦੇ ਨਾਲ-ਨਾਲ ਮਰਦ ਵੇਸਵਾਗਿਰੀ ਤੇ ਸਮਲਿੰਗੀ ਰਿਸ਼ਤਿਆ ਨੂੰ ਵੀ ਉਤਸ਼ਾਹਿਤ ਕੀਤਾ ਹੈ। ਇਹ ਸਾਰੀਆਂ ਪੂੰਜੀਵਾਦੀ ਆਰਥਿਕ ਰਿਸ਼ਤਿਆਂ ਦੇ ਆਉਣ ਨਾਲ ਹੋ ਰਹੀਆਂ ਸੁਭਾਵਿਕ ਤਬਦੀਲੀਆਂ ਦਾ ਸਿੱਟਾ ਨਹੀਂ ਬਲਕਿ ਸਾਮਰਾਜੀ-ਪੂੰਜੀਵਾਦੀ ਵਿਕਾਸ ਦੀਆਂ ਅਲਾਮਤਾਂ ਹਨ।

ਦੁਨੀਆ ਭਰ ਵਿਚ ਵਡੀ ਪੱਧਰ ਉਤੇ ਹੋ ਰਿਹਾ ਪਰਵਾਸ ਅਤੇ ਆਵਾਸ ਸਹਿਜ ਮਨੁੱਖੀ ਜ਼ਿੰਦਗੀ ਦੀ ਰਵਾਨੀ ਦਾ ਸਿੱਟਾ ਨਹੀਂ ਬਲਕਿ ਅੰਨ੍ਹੀ ਸਾਮਰਾਜੀ ਅਨਾਰਕੀ ਦੀ ਦੇਣ ਹੈ। ਸੰਸਾਰ ਭਰ ਵਿਚ ਜ਼ਰਖੇਜ਼ ਜ਼ਮੀਨ ਦਾ ਜ਼ਹਿਰੀ ਹੋਣਾ, ਪਾਣੀ ਦਾ ਪੀਣਯੋਗ ਨਾ ਰਹਿਣਾ, ਚੌਗਿਰਦੇ ਦਾ ਪਲੀਤ ਹੋਣਾ, ਦਿਲ ਦੀਆਂ ਬਿਮਾਰੀਆਂ ਤੇ ਸ਼ੂਗਰ, ਕੈਂਸਰ ਵਰਗੇ ਸਾਰੇ ਰੋਗ ਇਸੇ ਸਾਮਰਾਜੀ ਵਿਨਾਸ਼ ਦੀ ਦੇਣ ਹਨ। ਸਿੱਟੇ ਵਜੋਂ ਮਨੁੱਖਤਾ ਦਿਨੋ-ਦਿਨ ਵਧੇਰੇ ਮਾਨਸਿਕ ਤਣਾਅ ਦਾ ਸ਼ਿਕਾਰ ਹੋ ਰਹੀ ਹੈ।

ਦੋ ਸੰਸਾਰ ਜੰਗਾਂ ਪਹਿਲਾਂ ਲੜੀਆ ਜਾ ਚੁਕੀਆ ਹਨ ਅਤੇ ਤੀਜੀ ਸੰਸਾਰ ਜੰਗ ਯੂਕਰੇਨ ਵਿਚ ਲੜੀ ਜਾ ਰਹੀ ਹੈ। ਕੈਥੋਲਿਕ ਇਸਾਈਅਤ ਦੇ ਮੁਖੀ ਪੋਪ ਨੇ ਇਸ ਨੂੰ ਕਿਸ਼ਤਾਂ ਵਿਚ ਲੜੀ ਜਾ ਰਹੀ ਤੀਜੀ ਸੰਸਾਰ ਜੰਗ ਕਿਹਾ ਹੈ। ਇਕ ਪਾਸੇ ਅਮਰੀਕਾ ਦੀ ਅਗਵਾਈ ਹੇਠਲੇ ਨਾਟੋ ਮੁਲਕ ਹਨ ਅਤੇ ਦੂਜੇ ਪਾਸੇ ਰੂਸ ਤੇ ਚੀਨ। ਆਪਣੀ ਮਨੂਵਾਦੀ ਫਿਤਰਤ ਕਾਰਨ ਮੋਦੀਕੇ ਇਸ ਜੰਗ ਵਿਚੋਂ ਮੁਨਾਫਾ ਖੱਟਣ ਲਈ ਦੋਵੇਂ ਪਾਸੇ ਟਪੂਸੀਆਂ ਮਾਰ ਰਹੇ ਹਨ।

ਆਦਿ ਕਾਲ ਤੋਂ ਮਨੁੱਖ ਆਪਣੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਕੁਦਰਤੀ ਸਰੋਤਾਂ ਦੀ ਵਰਤੋਂ ਕਰਦਾ ਆਇਆ ਹੈ। ਮਨੁੱਖੀ ਇਤਿਹਾਸ ਕੁਦਰਤੀ ਰਹੱਸਾਂ ਨੂੰ ਸਮਝਣ ਦੀ ਪ੍ਰਬਲ ਤਾਂਘ (ਜਗਿਆਸਾ) ਦਾ ਇਤਿਹਾਸ ਹੈ ਪਰ ਹੁਣ ਸਾਮਰਾਜੀ ਦੌਰ ਵਿਚ ਆ ਕੇ ਲਾਲਚੀ ਸਾਮਰਾਜੀ ਪੂੰਜੀਪਤੀਆਂ ਦਾ ਇਕੋ-ਇਕ ਨਿਸ਼ਾਨਾ ਕੁਦਰਤ ਉਤੇ ਗਲਬਾ ਪਾਉਣਾ ਹੈ। ਉਹਨਾਂ ਨੇ ਉਜੱਡ ਤੌਰ-ਤਰੀਕਿਆਂ ਨਾਲ ਧਰਤੀ ਤੇ ਕੁਦਰਤ ਨੂੰ ਮਧੋਲਣਾ ਸ਼ੁਰੂ ਕਰ ਦਿਤਾ ਹੈ। ਕੁਦਰਤੀ ਸੋਮਿਆਂ ਦੇ ਘਾਣ ਤੇ ਵਾਤਾਵਰਨ ਪਲੀਤ ਹੋਣ ਦਾ ਵੱਡਾ ਕਾਰਨ ਸਾਮਰਾਜੀ ਰਾਜ ਪ੍ਰਬੰਧ ਅਤੇ ਧਨ ਕੁਬੇਰਾਂ ਵਲੋਂ ਸਿਰਜਿਆ ਅਜੋਕਾ ਵਿਕਾਸ ਮਾਡਲ ਹੈ। ਨਿਜੀ ਜਾਇਦਾਦ ਆਧਾਰਿਤ ਹੋਣ ਦੇ ਨਾਲ-ਨਾਲ ਕਿਰਤ ਦੀ ਲੁਟ, ਮੰਡੀਆਂ ਅਤੇ ਕੁਦਰਤੀ ਸਰੋਤਾਂ ਉਤੇ ਕਬਜ਼ੇ ਦੀ ਲੜਾਈ ਤੇ ਫਿਰ ਪੈਸੇ ਦੀ ਦੁਰਵਰਤੋਂ ਨਾਲ ਮੋਦੀਕਿਆਂ ਵਾਂਗ ਰਾਜਸੱਤਾ ਉਤੇ ਕਬਜ਼ਾ ਕਰਨਾ, ਇਸ ਮਾਡਲ ਦਾ ਇਕੋ-ਇਕ ਨਿਸ਼ਾਨਾ ਹੈ। ਖਣਿਜਾਂ ਤੇ ਪੈਟਰੋ-ਕੈਮੀਕਲ ਪਦਾਰਥਾਂ ਦੀ ਬੇਕਿਰਕ ਵਰਤੋਂ, ਜੰਗਲਾਂ ਦੀ ਕਟਾਈ, ਕੀਟਨਾਸ਼ਕ ਜ਼ਹਿਰਾਂ ਦੇ ਛਿੜਕਾਅ ਤੇ ਜਲ-ਸੋਮਿਆਂ ਦੇ ਨਸ਼ਟ ਹੁੰਦੇ ਜਾਣ ਨਾਲ ਬਨਸਪਤੀ ਤੇ ਜੀਵ-ਜੰਤੂਆਂ ਦੀਆਂ ਬਹੁਤ ਸਾਰੀਆਂ ਵੰਨਗੀਆਂ ਨਸ਼ਟ ਹੋ ਰਹੀਆਂ ਹਨ। ਕੁਦਰਤੀ ਤਵਾਜ਼ਨ ਵਿਗੜਨ ਨਾਲ ਮੌਸਮਾਂ ਵਿਚ ਮਾਰੂ ਤਬਦੀਲੀ ਹੋਣ ਲੱਗ ਪਈ ਹੈ।

ਕੁਦਰਤੀ ਨੇਮਾਂ ਵਿਚ ਜੰਮਿਆ ਬੰਦਾ, ਕੁਦਰਤੀ ਨੇਮਾਂ ਵਿਚ ਰਹਿ ਕੇ ਹੀ ਸਾਰੀ ਜ਼ਿੰਦਗੀ ਬਸਰ ਕਰਦਾ ਹੈ। ਇਥੋਂ ਤਕ ਕਿ ਬੰਦਾ ਆਪਣਾ ਹਰ ਸਾਹ ਵੀ ਕੁਦਰਤੀ ਨੇਮਾਂ ਅਨੁਸਾਰ ਲੈਂਦਾ ਹੈ ਪਰ ਮੌਜੂਦਾ ਸਾਮਰਾਜੀ ਤਰਜ਼ ਦੇ ਆਰਥਿਕ ਵਿਕਾਸ ਦਾ ਮੁਢਲਾ ਟਕਰਾਅ ਹੀ ਕੁਦਰਤ ਨਾਲ ਹੈ। ਇਹ ਆਰਥਿਕ ਵਿਕਾਸ ਕੁਦਰਤ ਨੂੰ ਪੂੰਜੀ ਅਤੇ ਆਪਣੀ ਮੁਨਾਫੇ ਦੀ ਹਵਸ ਅਨੁਸਾਰ ਢਾਲਣਾ ਚਾਹੁੰਦਾ ਹੈ। ਇਸੇ ਕਾਰਨ ਇਹ ਆਰਥਿਕ ਵਿਕਾਸ ਮਨੁੱਖਤਾ ਨੂੰ ਨਿਰੰਤਰ ਤਬਾਹੀ ਵਲ ਧਕ ਰਿਹਾ ਹੈ।

ਮਲਿਕ ਭਾਗੋਆਂ ਦੇ ਇਸ ਸਾਮਰਾਜੀ ਆਰਥਿਕ ਵਿਕਾਸ ਨੇ ਕਦੇ ਨਾ ਸੁਣੀ ਦੇਖੀ ਗਈ ਆਰਥਿਕ ਨਾ-ਬਰਾਬਰੀ ਨੂੰ ਜਨਮ ਦਿਤਾ ਹੈ। ਇਕ ਪਾਸੇ ਅਰਬਾਂ ਲੋਕ ਭੁੱਖਮਰੀ ਅਤੇ ਗਰੀਬੀ ਦਾ ਸ਼ਿਕਾਰ ਹਨ; ਦੂਜੇ ਪਾਸੇ ਅੰਬਾਨੀ-ਅਡਾਨੀ ਵਰਗੇ ਚੰਦ ਲੋਕਾਂ ਕੋਲ ਖਰਬਾਂ ਰੁਪਏ ਦੀ ਦੌਲਤ ਜਮਾਂ ਹੋ ਗਈ ਹੈ। ਅੰਨ੍ਹੇ ਬੋਲੇ ਹੱਥਾਂ ਵਿਚ ਆਈ ਇਸ ਬੇਹਿਸਾਬੀ ਦੌਲਤ ਨੇ ਮਨੁਖੀ, ਪਰਿਵਾਰਕ ਅਤੇ ਸਮਾਜੀ ਰਿਸ਼ਤਿਆਂ ਵਿਚ ਜ਼ਹਿਰ ਭਰ ਦਿੱਤੀ ਹੈ।

ਕਾਰਲ ਮਾਰਕਸ ਦਾ ਦੋ ਸੌ ਸਾਲ ਪਹਿਲਾਂ ਦਾ ਇਹ ਕਥਨ ਅੱਜ ਵੀ ਓਨਾ ਹੀ ਦਰੁਸਤ ਹੈ, “ਸਮੁੱਚੀ ਆਬਾਦੀ ਵਾਸਤੇ ਲੋੜੀਂਦੀ ਪੈਦਾਵਾਰ ਕਿਉਂ ਨਹੀਂ ਹੋ ਰਹੀ? ਇਸ ਲਈ ਨਹੀਂ ਕਿ ਪੈਦਾਵਾਰ ਦੀ ਸੀਮਾ ਖਤਮ ਹੋ ਗਈ ਹੈ ਬਲਕਿ ਮੁਨਾਫੇ ਦੇ ਵਧਣ ਦੀ ਸੰਭਾਵਨਾ ਖਤਮ ਹੋ ਗਈ ਹੈ। ਕਿਉਂਕਿ ਪੈਦਾਵਾਰ ਦੀ ਸੀਮਾ ਭੁੱਖੇ ਢਿਡਾਂ ਦੀ ਗਿਣਤੀ ਨਹੀਂ ਸਗੋਂ ਪੈਸੇ ਵਾਲੇ ਖਰੀਦਦਾਰਾਂ ਦੀ ਗਿਣਤੀ ਨਿਸ਼ਚਿਤ ਕਰਦੀ ਹੈ। ਪੂੰਜੀਵਾਦੀ ਸਮਾਜ ਵਿਚ ਹੋਰ ਪੈਦਾ ਕਰਨ ਦੀ ਕੋਈ ਇੱਛਾ ਨਹੀਂ ਅਤੇ ਨਾ ਹੀ ਕੋਈ ਇੱਛਾ ਹੋ ਸਕਦੀ ਹੈ। ਉਹ ਢਿੱਡ, ਉਹ ਕਿਰਤ ਜੋ ਮੁਨਾਫ਼ੇ ਲਈ ਨਹੀਂ ਵਰਤੀ ਜਾ ਸਕਦੀ ਅਤੇ ਇਸ ਤਰ੍ਹਾਂ ਖਰੀਦੇ ਜਾਣ ਦੇ ਅਯੋਗ ਹੈ, ਮੌਤ ਦਰ ਦੇ ਅੰਕੜਿਆਂ ਦਾ ਸ਼ਿਕਾਰ ਹੋ ਜਾਂਦੀ ਹੈ।”

ਪੂੰਜੀ ਅਤੇ ਮੁਨਾਫਾ ਆਧਾਰਿਤ ਇਹ ਰਾਜਪ੍ਰਬੰਧ ਕਦੀ ਵੀ ਸਮੁੱਚੀ ਮਨੁੱਖਤਾ ਦੀਆਂ ਲੋੜਾਂ ਦੀ ਪੂਰਤੀ ਨਹੀਂ ਕਰ ਸਕਦਾ। ਆਪਣੀ ਅਹਿਮ ਲਿਖਤ ‘ਪੂੰਜੀ’ ਦੀ ਤੀਜੀ ਜਿਲਦ ਦੇ ਸਫਾ 820 ਉਤੇ ਮਾਰਕਸ ਨੇ ਲਿਖਿਆ ਹੈ, “ਅਸਲ ਵਿਚ ਮਨੁੱਖੀ ਆਜ਼ਾਦੀ ਸਿਰਫ ਉਦੋਂ ਹੀ ਹਕੀਕੀ ਅਰਥ ਗ੍ਰਹਿਣ ਕਰਦੀ ਹੈ, ਜਦੋਂ ਮਨੁਖੀ ਕਿਰਤ ਦਾ ਫੈਸਲਾ ਮਨੁੱਖੀ ਲੋੜਾਂ ਤੇ ਦੁਨਿਆਵੀ ਥੁੜ੍ਹਾਂ ਨਹੀਂ ਕਰਦੀਆਂ ਤੇ ਇਸ ਤਰ੍ਹਾਂ ਸਾਰੀਆਂ ਵਸਤੂਆਂ ਦਾ ਖਾਸਾ ਜਿਣਸੀ (ਵਿਕਾਊ) ਪੈਦਾਵਾਰ ਦੇ ਘੇਰੇ ਵਿਚੋਂ ਬਾਹਰ ਨਿਕਲ ਜਾਂਦਾ ਹੈ। ਜਿਵੇਂ ਬਾਕੀ ਪਸ਼ੂ ਅਤੇ ਜੀਵ ਜਗਤ ਆਪਣੀਆਂ ਲੋੜਾਂ ਦੀ ਪੂਰਤੀ ਲਈ ਸਿੱਧਾ ਕੁਦਰਤ ਉਤੇ ਨਿਰਭਰ ਕਰਦੇ ਹਨ, ਇਸੇ ਤਰ੍ਹਾਂ ਹੀ ਸਭਿਅਕ ਮਨੁੱਖ ਸਗਲ ਸਮਾਜੀ ਤਾਣੇ ਬਾਣੇ ਅਤੇ ਪੈਦਾਵਾਰ ਦੇ ਸਾਰੇ ਸੰਭਵ ਢੰਗਾਂ ਸਮੇਤ ਸਿੱਧਾ ਕੁਦਰਤੀ ਨੇਮਾਂ ਦੇ ਅਧੀਨ ਵਿਚਰਦਾ ਹੈ।”

ਮਨੁੱਖੀ ਆਜ਼ਾਦੀ ਬਾਰੇ ਏਂਗਲਜ਼ ਦਾ ਕਹਿਣਾ ਹੈ, “ਆਪਣੀਆਂ (ਕੁਦਰਤੀ-ਮਨੁੱਖੀ) ਲੋੜਾਂ ਦੀ ਸੁਚੇਤ ਪਛਾਣ ਹੀ ਆਜ਼ਾਦੀ ਹੈ। ਆਜ਼ਾਦੀ ਕੁਦਰਤੀ ਨੇਮਾਂ ਤੋਂ ਕਲਪਿਤ ਮੁਕਤੀ ਨਹੀਂ ਬਲਕਿ ਕੁਦਰਤੀ ਨੇਮਾਂ ਦੇ ਗਿਆਨ ਦੀ ਸੋਝੀ ਨਾਲ ਜੀਵਨ ਜਿਉਣ ਦੀ ਕਲਾ ਹੈ। ਇੱਛਾ ਦੀ ਆਜ਼ਾਦੀ (ਮਨ ਦੀ ਮੁਕਤੀ) ਦਾ ਅਰਥ ਹੋਰ ਕੁਝ ਨਹੀਂ ਬਲਕਿ ਕੁਦਰਤੀ-ਮਨੁਖੀ ਲੋੜਾਂ ਦੇ ਗਿਆਨ ਨਾਲ ਇਹਨਾਂ ਇੱਛਾਵਾਂ ਨੂੰ ਸਮਝਣ ਦੀ ਸਮਰਥਾ ਤੇ ਜੁਗਤ ਹੈ। ਇਸ ਲਈ ਮਨੁੱਖੀ ਆਜ਼ਾਦੀ ਦਾ ਭਾਵ-ਅਰਥ ਆਪਣੀਆਂ ਕੁਦਰਤੀ ਲੋੜਾਂ ਦੇ ਗਿਆਨ ਨਾਲ ਸਵੈ ਉਤੇ ਖੁਦ ਅਤੇ ਬਾਹਰੀ ਕੁਦਰਤ ਉਤੇ (ਸਮੂਹਿਕ) ਕਾਬੂ ਪਾਉਣਾ ਹੈ।”

ਏਂਗਲਜ਼ ਨੇ ਇਹ ਵੀ ਕਿਹਾ ਹੈ ਕਿ ਕੁਦਰਤ ਉਤੇ ਕਾਬੂ ਪਾਉਣ ਦਾ ਮਤਲਬ ਕੁਦਰਤ ਉਤੇ ਜਿੱਤ ਪ੍ਰਾਪਤ ਕਰਨਾ ਨਹੀਂ ਤੇ ਨਾ ਹੀ ਉਸ ਦਾ ਬੇਲਿਹਾਜ਼ ਉਜਾੜਾ ਕਰਨਾ ਹੈ ਬਲਕਿ ਕੁਦਰਤੀ-ਮਨੁੱਖੀ ਲੋੜਾਂ ਦੀ ਪੂਰਤੀ ਲਈ ਆਪਣੇ ਚੌਗਿਰਦੇ ਦੀਆਂ ਹਾਲਤਾਂ ਨਾਲ ਇਕਸੁਰ ਰਹਿ ਕੇ ਜ਼ਿੰਦਗੀ ਜਿਊਣਾ ਹੈ। ਉਸ ਅਨੁਸਾਰ, “ਕੁਦਰਤ ਉਤੇ ਮਨੁੱਖੀ ਜਿੱਤ ਦੀਆਂ ਗਿਣਤੀਆਂ-ਮਿਣਤੀਆਂ ਨਾਲ ਸਾਨੂੰ ਜ਼ਿਆਦਾ ਖੁਸ਼ਫਹਿਮੀ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ। ਅਜਿਹੀ ਹਰ ਜਿੱਤ ਦਾ ਕੁਦਰਤ ਸਾਡੇ ਕੋਲੋਂ ਬਦਲਾ ਲੈਂਦੀ ਹੈ। ਇਹ ਸੱਚ ਹੈ ਕਿ ਅਜਿਹੀ ਹਰ ਜਿੱਤ ਦੇ ਨਿਕਲੇ ਪਹਿਲੇ ਸਿੱਟੇ ਸਾਡੀ ਆਸ ਮੁਤਾਬਿਕ ਹੁੰਦੇ ਹਨ ਪਰ ਦੂਜੀ ਤੇ ਤੀਜੀ ਥਾਂ ਬਿਲਕੁਲ ਵੱਖਰੇ ਅਤੇ ਅਣਕਿਆਸੇ ਸਿੱਟੇ ਨਿਕਲਦੇ ਹਨ ਜਿਹੜੇ ਅਕਸਰ ਪਹਿਲੇ ਨਿਕਲੇ ਸਿੱਟਿਆਂ ਨੂੰ ਨਕਾਰ ਦਿੰਦੇ ਹਨ। ... ਸੋ, ਹਰ ਕਦਮ ਉਤੇ ਸਾਨੂੰ ਚੇਤੇ ਕਰਵਾਇਆ ਜਾਂਦਾ ਹੈ ਕਿ ਅਸੀਂ ਕਿਸੇ ਵੀ ਤਰ੍ਹਾਂ ਕੁਦਰਤ ਤੋਂ ਬਾਹਰ ਖੜ੍ਹੇ ਕਿਸੇ ਅਜ਼ਨਬੀ ਵਾਂਗ ਕੁਦਰਤ ਉਤੇ ਰਾਜ ਨਹੀਂ ਕਰ ਸਕਦੇ। ਅਸੀਂ ਵੀ ਖੂਨ ਮਾਸ ਤੇ ਦਿਮਾਗ ਸਮੇਤ, ਕੁਦਰਤ ਦਾ ਹੀ ਅਟੁੱਟ ਅੰਗ ਹਾਂ ਅਤੇ ਉਸ ਦੇ ਅੰਦਰ ਹੀ ਆਪਣੀ ਹੋਂਦ ਰੱਖਦੇ ਹਾਂ। ਸਾਡੀ ਸਾਰੀ ਮੁਹਾਰਤ ਇਸ ਹਕੀਕਤ ਵਿਚ ਮੌਜੂਦ ਹੈ ਕਿ ਸਾਡੇ ਕੋਲ ਬਾਕੀ ਸਾਰੇ ਜੀਵਾਂ ਨਾਲੋਂ ਵਾਧੂ ਗੁਣ ਹੈ ਕਿ ਅਸੀਂ ਕੁਦਰਤ ਦੇ ਨੇਮਾਂ ਨੂੰ ਜਾਣਨ ਅਤੇ ਉਹਨਾਂ ਨੂੰ ਠੀਕ ਤਰ੍ਹਾਂ ਲਾਗੂ ਕਰਨ ਦੇ ਯੋਗ ਹਾਂ। ... ਵਾਹੀਯੋਗ ਜ਼ਮੀਨ ਪ੍ਰਾਪਤ ਕਰਨ ਲਈ ਜਿਨ੍ਹਾਂ ਲੋਕਾਂ ਨੇ ਮੈਸੋਪਟਾਮੀਆਂ, ਯੂਨਾਨ, ਏਸ਼ੀਆ ਮਾਈਨਰ ਤੇ ਹੋਰਨੀਂ ਥਾਈਂ ਜੰਗਲ ਬਰਬਾਦ ਕੀਤੇ ਸਨ, ਉਹਨਾਂ ਨੇ ਕਦੇ ਸੁਪਨੇ ਵਿਚ ਵੀ ਨਹੀਂ ਸੋਚਿਆ ਹੋਣਾ ਕਿ ਜੰਗਲਾਂ ਦੇ ਨਾਲ ਹੀ ਨਮੀ ਦੇ ਸੰਗ੍ਰਹਿ ਕੇਂਦਰਾਂ ਤੇ ਭੰਡਾਰਾਂ ਨੂੰ ਖਤਮ ਕਰਕੇ ਉਹ ਉਹਨਾਂ ਮੁਲਕਾਂ ਦੀ ਮੌਜੂਦਾ ਉਜਾੜੇ ਵਾਲੀ ਹਾਲਤ ਦੀ ਨੀਂਹ ਰੱਖ ਰਹੇ ਹਨ। ਜਦੋਂ (ਐਲਪਸ) ਪਹਾੜਾਂ ਉਤੇ ਰਹਿੰਦੇ ਇਤਾਲਵੀਆਂ ਨੇ ਦਖਣੀ ਢਲਾਣਾਂ ਦੇ ਨਾਲ-ਨਾਲ ਬੜੀ ਸਾਂਭ-ਸੰਭਾਲ ਕੇ ਪਾਲੇ ਗਏ, ਉਤਰੀ ਢਲਾਣਾਂ ਉਤਲੇ ਚੀੜ੍ਹ ਦੇ ਜੰਗਲ ਵੀ ਵਰਤ ਲਏ, ਤਾਂ ਉਨ੍ਹਾਂ ਨੂੰ ਚਿਤ-ਚੇਤਾ ਵੀ ਨਹੀਂ ਸੀ ਕਿ ਉਹ ਆਪਣੇ ਖੇਤਰ ਵਿਚਲੀ ਡੇਅਰੀ ਸਨਅਤ ਦੀਆਂ ਜੜ੍ਹਾਂ ਵਢ ਰਹੇ ਹਨ। ਇਸ ਹਕੀਕਤ ਦਾ ਤਾਂ ਉਹਨਾਂ ਨੂੰ ਹੋਰ ਵੀ ਘਟ ਗਿਆਨ ਸੀ ਕਿ ਅਜਿਹਾ ਕਰ ਕੇ ਤੇ ਸਾਲ ਦਾ ਵਧੇਰੇ ਸਮਾਂ ਆਪਣੇ ਪਹਾੜੀ ਚਸ਼ਮਿਆਂ ਨੂੰ ਪਾਣੀ ਤੋਂ ਵਾਂਝਾ ਰਖ ਕੇ ਉਹ ਇਹ ਸੰਭਵ ਬਣਾ ਰਹੇ ਹਨ ਕਿ ਬਰਸਾਤਾਂ ਸਮੇਂ ਉਹ ਮੈਦਾਨਾਂ ਉਤੇ ਹੋਰ ਵੀ ਵਧੇਰੇ ਝਲਿਆਏ ਹੜ੍ਹ ਸੁਟਣ।”

ਇਹ ਹੈ ਕੁਦਰਤ ਉਤੇ ਗਲਬਾ ਪਾਉਣ ਦੇ ਕੀਤੇ ਯਤਨਾਂ ਦੇ ਸਿੱਟੇ। ਅਜਿਹੇ ਸਿੱਟਿਆਂ ਦਾ ਖਮਿਆਜ਼ਾ ਹੀ ਅੱਜ ਦੁਨੀਆ ਭਰ ਦੇ ਅਨੇਕ ਮੁਲਕ ਤੇ ਪਾਕਿਸਤਾਨ ਦੇ ਲੋਕ ਸਾਡੀਆਂ ਅੱਖਾਂ ਦੇ ਸਾਹਮਣੇ ਭੁਗਤ ਰਹੇ ਹਨ। ਪੂੰਜੀਵਾਦੀ ਪੈਦਾਵਾਰੀ ਢੰਗ ਨਾ ਸਿਰਫ ਕੁਦਰਤ ਉਤੇ ਪੈਣ ਵਾਲੇ ਪ੍ਰਭਾਵਾਂ ਨੂੰ ਅਣਗੌਲਿਆ ਕਰਦਾ ਹੈ ਸਗੋਂ ਵਧ ਤੋਂ ਵਧ ਮੁਨਾਫਾ ਕਮਾਉਣ ਦੀ ਆਪਣੀ ਹਵਸ ਵਿਚ ਅੰਨ੍ਹਾ ਹੋ ਕੇ ਇਹ ਕੁਦਰਤੀ ਸਾਧਨਾਂ ਦਾ ਉਜਾੜਾ ਵੀ ਕਰਦਾ ਹੈ।

ਮਾਰਕਸ ਦਾ ਕਥਨ ਹੈ, “ਕੁਦਰਤ ਮਨੁੱਖ ਦਾ ਅਜੀਵ ਸਰੀਰ ਹੀ ਨਹੀਂ ਸਗੋਂ ਮਨੁੱਖ ਕੁਦਰਤ ਉਤੇ ਜਿਊਂਦਾ ਹੈ। ਕੁਦਰਤ ਉਸ ਦੇ ਸਰੀਰ ਦੇ ਅੰਦਰ ਹੈ। ਆਪਣੇ ਜਿਊਂਦੇ ਰਹਿਣ ਲਈ ਮਨੁੱਖ ਲਗਾਤਾਰ ਕੁਦਰਤ ਉਤੇ ਨਿਰਭਰ ਰਹਿੰਦਾ ਹੈ। ਮਨੁੱਖ ਦੀ ਸਰੀਰਕ ਤੇ ਆਤਮਿਕ ਜ਼ਿੰਦਗੀ ਦਾ ਕੁਦਰਤ ਨਾਲ ਸਿੱਧਾ ਰਿਸ਼ਤਾ ਹੈ, ਦਾ ਭਾਵ-ਅਰਥ

(ਬਾਕੀ ਸਫਾ 30’ਤੇ)



ਰੂਸ-ਯੂਕਰੇਨ ਜੰਗ ਨਾਲ ਮੱਚੀ ਤਬਾਹੀ।



ਪਾਕਿਸਤਾਨ ਵਿਚ ਹੜ੍ਹਾਂ ਦੀ ਮਾਰ ਨਾਲ ਜੂਝ ਰਹੇ ਲੋਕ।

# ਦਲ-ਬਦਲੀਆਂ ਦੀ ਕੌੜ-ਕਬੱਡੀ: ਹਮਲਾਵਰ 'ਕੱਲੀ ਭਾਜਪਾ ਮੁਕਾਬਲੇ ਆਪੋ ਵਿਚ ਲੜਦੀ ਵਿਰੋਧੀ ਧਿਰ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦੀ ਰਾਜਨੀਤੀ ਵਿਚ ਪਿਛਲੇ ਦਿਨਾਂ ਵਿਚ ਤੇਜ਼ੀ ਫੜ ਚੁੱਕੀ ਦਲ-ਬਦਲੀਆਂ ਦੀ ਗੰਦੀ ਖੇਡ ਆਖਰ ਪੰਜਾਬ ਤੱਕ ਆਣ ਪਹੁੰਚੀ ਹੈ। ਇਸ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਦਿੱਲੀ ਦੇ ਡਿਪਟੀ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਦੋਸ਼ ਲਾਇਆ ਸੀ ਕਿ ਉਨ੍ਹਾਂ ਦੇ ਵਿਧਾਇਕ ਖਰੀਦਣ ਲਈ ਭਾਜਪਾ ਆਗੂਆਂ ਨੇ ਵੀਹ-ਵੀਹ ਕਰੋੜ ਰੁਪਏ ਦੀ ਪੇਸ਼ਕਸ਼ ਕੀਤੀ ਹੈ, ਪਰ ਇਕ ਵੀ ਵਿਧਾਇਕ ਉਨ੍ਹਾਂ ਦੇ ਇਸ ਜਾਲ ਵਿਚ ਨਹੀਂ ਫਸਿਆ। ਫਿਰ ਉਨ੍ਹਾਂ ਨੇ ਇਕ ਦਿਨ ਵਿਧਾਨ ਸਭਾ ਵਿਚ ਭਰੋਸੇ ਦਾ ਮਤਾ ਪੇਸ਼ ਕਰ ਦਿੱਤਾ, ਜਿਹੜਾ ਕਿਸੇ ਵਿਰੋਧ ਤੋਂ ਬਿਨਾਂ ਪਾਸ ਹੋ ਗਿਆ, ਕਿਉਂਕਿ ਵਿਰੋਧ ਦੀ ਇਕਲੌਤੀ ਪਾਰਟੀ ਭਾਜਪਾ ਦੇ ਦੋ ਵਿਧਾਇਕ ਹੰਗਾਮਾ ਕਰਨ ਕਰ ਕੇ ਸਪੀਕਰ ਨੇ ਮਾਰਸ਼ਲਾਂ ਤੋਂ ਬਾਹਰ ਕੱਢ ਦਿੱਤੇ ਤੇ ਬਾਕੀ ਭਾਜਪਾ ਵਿਧਾਇਕ ਵਾਕ-ਆਊਟ ਕਰ ਕੇ ਨਿਕਲ ਗਏ ਸਨ। ਉਹ ਮੁੱਦਾ ਓਥੇ ਠੱਪ ਹੋਣ ਦੀ ਥਾਂ ਇਸ ਪਿੱਛੋਂ ਪੰਜਾਬ ਵੱਲ ਨੂੰ ਤੁਰ ਪਿਆ ਅਤੇ ਉਹੀ ਦੋਸ਼ ਏਥੇ ਲੱਗਣ ਲੱਗ ਪਏ ਕਿ ਰਾਜ ਕਰਦੀ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੂੰ ਖਿੱਚਣ ਲਈ ਭਾਰਤੀ ਜਨਤਾ ਪਾਰਟੀ ਕਰੋੜਾਂ ਰੁਪਏ ਦੀ ਪੇਸ਼ਕਸ਼ ਕਰ ਰਹੀ ਹੈ ਤੇ ਕੇਂਦਰੀ ਜਾਂਚ ਏਜੰਸੀਆਂ ਰਾਹੀਂ ਉਨ੍ਹਾਂ ਨੂੰ ਧਮਕਾਉਣ ਦਾ ਕੰਮ ਵੀ ਕਰਵਾਇਆ ਜਾ ਰਿਹਾ ਹੈ। ਇਸ ਨਾਲ ਸਿਆਸਤ ਵਿਚ ਇਹ ਮਾਮਲਾ ਹੋਰ ਗੰਭੀਰ ਬਣ ਗਿਆ।

ਪੰਜਾਬ ਵਿਚ ਜਦੋਂ ਇਹ ਗੱਲ ਚੱਲੀ, ਮੁੱਖ ਮੰਤਰੀ ਭਗਵੰਤ ਮਾਨ ਦੇਸ਼ ਤੋਂ ਦੂਰ ਜਰਮਨੀ ਵਿਚ ਸੀ ਤੇ ਪਿੱਛੋਂ ਇਸ ਮੋਰਚੇ ਦੀ ਕਮਾਂਡ ਸਭ ਤੋਂ ਸੀਨੀਅਰ ਆਗੂ ਤੇ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਦੇ ਹੱਥ ਸੀ। ਹਰਪਾਲ ਸਿੰਘ ਚੀਮਾ ਬਾਰੇ ਸਭ ਲੋਕ ਜਾਣਦੇ ਹਨ ਕਿ ਉਹ ਕੱਚੀਆਂ ਗੱਲਾਂ ਕਰਨ ਵਾਲਾ ਨਹੀਂ ਅਤੇ ਹਰ ਗੱਲ ਤੋਲ ਕੇ ਬੋਲਣ ਦਾ ਆਦੀ ਹੋਣ ਕਾਰਨ ਉਸ ਦੇ ਕਹੇ ਸ਼ਬਦਾਂ ਨੂੰ ਲੋਕਾਂ ਨੇ ਗੰਭੀਰਤਾ ਨਾਲ ਲਿਆ। ਭਾਜਪਾ ਆਗੂ ਕਹਿੰਦੇ ਰਹੇ ਕਿ ਐਵੇਂ ਝੂਠ ਬੋਲਿਆ ਜਾ ਰਿਹਾ ਹੈ, ਅਸੀਂ ਏਦਾਂ ਦੀ ਕੋਈ ਸਰਗਰਮੀ ਨਹੀਂ ਕੀਤੀ ਤੇ ਰਾਜ ਦੀਆਂ ਹੋਰ ਸਿਆਸੀ ਧਿਰਾਂ ਇਹ ਕਹਿਣ ਲੱਗ ਪਈਆਂ ਕਿ ਆਮ ਆਦਮੀ ਪਾਰਟੀ ਦੇ ਬੰਦੇ ਵਿਕਾਊ ਕਿਸਮ ਦੇ ਹੋਣ ਕਰਕੇ ਉਸ ਨੇ ਇਹ ਦੋਸ਼ ਲਾਏ ਹਨ। ਇੱਕ ਭਾਜਪਾ ਆਗੂ ਨੇ ਇਹ ਚੁਣੌਤੀ ਵੀ ਦੇ ਦਿੱਤੀ ਕਿ ਜੇ ਆਮ ਆਦਮੀ ਪਾਰਟੀ ਕੋਲ ਸਬੂਤ ਹਨ ਤਾਂ ਪੁਲਿਸ ਨੂੰ ਇਸ ਦੀ ਸ਼ਿਕਾਇਤ ਦਰਜ ਕਰਵਾ ਦੇਵੇ ਤੇ ਆਮ ਆਦਮੀ ਪਾਰਟੀ ਨੇ ਇਸ ਚੁਣੌਤੀ ਨੂੰ ਮੰਨ ਕੇ ਸ਼ਿਕਾਇਤ ਵੀ ਕਰ ਦਿੱਤੀ। ਪੁਲਿਸ ਦੇ ਮੁਖੀ ਨੇ ਇਹ ਸ਼ਿਕਾਇਤ ਵਿਜੀਲੈਂਸ ਬਿਊਰੋ ਨੂੰ ਭੇਜ ਦਿੱਤੀ, ਜਿੱਥੇ ਏਦਾਂ ਦੇ ਕੇਸਾਂ ਦਾ ਢੇਰ ਹੋਣ ਕਾਰਨ ਇਸ ਮਾਮਲੇ ਦੀ ਤੁਰੰਤ ਜਾਂਚ ਹੋਣ ਦੀ ਸੰਭਾਵਨਾ ਹੀ ਕੋਈ ਨਹੀਂ। ਇਸ ਲਈ ਮਾਮਲਾ ਲਮਕਵੀਂ ਕਾਰਵਾਈ ਵਿਚ ਉਲਝ ਗਿਆ ਹੈ।

ਦੂਸਰਾ ਪੱਖ ਇਹ ਹੈ ਕਿ ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਜਦੋਂ ਇਸ ਮੁੱਦੇ ਬਾਰੇ ਪੱਤਰਕਾਰਾਂ ਨਾਲ ਪਹਿਲੀ ਵਾਰ ਗੱਲਬਾਤ ਕੀਤੀ ਤਾਂ ਉਸ ਨੇ ਕਿਹਾ ਕਿ ਸਾਡੀ ਪਾਰਟੀ ਏਦਾਂ ਦੀ ਨਹੀਂ ਕਿ ਹੋਰਨਾਂ ਪਾਰਟੀਆਂ ਦੇ ਵਿਧਾਇਕ ਤੋੜਦੇ ਫਿਰੀਏ। ਹਾਲੇ ਪ੍ਰੈੱਸ ਕਾਨਫਰੰਸ ਚੱਲਦੀ ਸੀ ਕਿ ਗੋਆ ਤੋਂ ਕਾਂਗਰਸ ਦੇ ਅੱਠ ਵਿਧਾਇਕ ਭਾਜਪਾ ਵਿਚ ਸ਼ਾਮਲ ਹੋ ਜਾਣ ਦੀ ਖਬਰ ਆ ਗਈ। ਗੋਆ ਦੀ ਵਿਧਾਨ ਸਭਾ ਚੋਣ ਵੀ ਬੀਤੇ ਫਰਵਰੀ ਵਿਚ ਪੰਜਾਬ ਦੇ ਨਾਲ ਹੀ ਹੋਈ ਸੀ, ਉਸ ਦੇ ਅੱਠ ਕਾਂਗਰਸੀ ਵਿਧਾਇਕ ਭਾਜਪਾ ਵਿਚ ਜਾਣ ਨਾਲ ਇਹ ਗੱਲ ਖੜ੍ਹੇ ਪੈਰ ਰੱਦ ਹੋ ਗਈ ਕਿ ਹੋਰ ਧਿਰਾਂ ਦੇ ਵਿਧਾਇਕਾਂ ਨੂੰ ਤੋੜਨਾ ਦਾ ਭਾਜਪਾ ਦੀ ਨੀਤੀ ਨਹੀਂ। ਦੂਸਰੇ ਪਾਸੇ ਇਸ ਨਾਲ ਆਮ ਆਦਮੀ ਪਾਰਟੀ ਨੂੰ ਇੱਕ ਮੌਕਾ ਕਾਂਗਰਸ ਪਾਰਟੀ ਨੂੰ ਚੋਭਾਂ ਲਾਉਣ ਦਾ ਮਿਲ ਗਿਆ। ਹਰਪਾਲ ਸਿੰਘ ਚੀਮਾ ਨੇ ਪ੍ਰੈੱਸ ਕਾਨਫਰੰਸ ਕਰ ਕੇ ਕਿਹਾ ਕਿ ਹੈਰਾਨੀ ਵਾਲੀ ਗੱਲ ਹੈ ਕਿ ਜਿਸ ਕਾਂਗਰਸ ਪਾਰਟੀ ਦੀ ਬਜ਼ੁਰਗ ਪ੍ਰਧਾਨ ਸੋਨੀਆ ਗਾਂਧੀ ਤੇ ਉਸ ਦੇ ਪੁੱਤਰ ਰਾਹੁਲ ਗਾਂਧੀ ਨੂੰ ਭਾਜਪਾ ਜਾਂਚ ਏਜੰਸੀਆਂ ਤੋਂ ਬੇਇੱਜ਼ਤ ਕਰਵਾ ਰਹੀ ਹੈ ਅਤੇ ਹਰ ਰਾਜ ਵਿਚ ਉਨ੍ਹਾਂ ਦੇ ਵਿਧਾਇਕ ਤੋੜਦੀ ਪਈ ਹੈ, ਪੰਜਾਬ ਵਿਚ ਉਸ ਪਾਰਟੀ ਦੇ ਆਗੂ ਭਾਜਪਾ ਦੇ ਹੱਥਕੰਡਿਆਂ ਦਾ ਵਿਰੋਧ ਕਰਨ ਦੀ ਥਾਂ ਸਾਡਾ ਵਿਰੋਧ ਕਰਦੇ ਪਏ ਹਨ।




ਹਾਲੇ ਇਹ ਚੱਕਰ ਚੱਲਦਾ ਪਿਆ ਸੀ ਕਿ ਮੀਡੀਆ ਵਿਚ ਇਹ ਚਰਚਾ ਛਿੜ ਪਈ ਕਿ ਪੰਜਾਬ ਕਾਂਗਰਸ ਪਾਰਟੀ ਦੇ ਬਾਰਾਂ ਵਿਧਾਇਕਾਂ ਨੂੰ ਭਾਜਪਾ ਕੁੰਡੀ ਪਾਈ ਫਿਰਦੀ ਹੈ। ਇਹ ਵੀ ਗੱਲ ਚਰਚਾ ਵਿਚ ਆਈ ਕਿ ਦਲ-ਬਦਲੀ ਰੋਕੂ ਕਾਨੂੰਨ ਦੀ ਮਾਰ ਤੋਂ ਬਚਣ ਲਈ ਭਾਜਪਾ ਇਸ ਖੇਡ ਵਿਚ ਦੋ-ਤਿਹਾਈ ਵਿਧਾਇਕ ਗੰਢਣ ਤੋਂ ਪਹਿਲਾਂ ਪੱਤੇ ਨਹੀਂ ਖੋਲ੍ਹੇਗੀ, ਪਰ ਬਹੁਤਾ ਜ਼ੋਰ ਇਸ ਗੱਲ ਉੱਤੇ ਹੈ ਕਿ ਪੰਜਾਬ ਕਾਂਗਰਸ ਵਿਚੋਂ ਵੱਧ ਤੋਂ ਵੱਧ ਸਿੱਖ ਵਿਧਾਇਕ ਤੋੜੇ ਜਾਣ, ਤਾਂ ਕਿ ਅਗਲੀ ਲੋਕ ਸਭਾ ਚੋਣ ਵਿਚ ਭਾਜਪਾ ਸਿੱਖਾਂ ਦੀ ਪ੍ਰਤੀਨਿਧ ਵਜੋਂ ਮੈਦਾਨ ਵਿਚ ਨਿੱਤਰ ਸਕੇ। ਪੰਜਾਬ ਦੀ ਕਾਂਗਰਸ ਪਾਰਟੀ ਵਿਚ ਜਿੱਦਾਂ ਦੀ ਗੁੱਟਬੰਦੀ ਚੱਲਦੀ ਤੇ ਇੱਕ-ਦੂਸਰੇ ਵਿਰੁੱਧ ਲਗਾਤਾਰ ਬਿਆਨਬਾਜ਼ੀ ਹੁੰਦੀ ਹੈ, ਉਸ ਕਾਰਨ ਬਹੁਤ ਸਾਰੇ ਲੋਕਾਂ ਨੂੰ ਲੱਗਦਾ ਹੈ ਕਿ ਗੋਆ ਦੀ ਵਿਧਾਨ ਸਭਾ ਚੋਣ ਦੇ ਮਸਾਂ ਛੇ ਮਹੀਨੇ ਪਿੱਛੋਂ ਭਾਜਪਾ ਨੇ ਜਿਵੇਂ ਉਸ ਰਾਜ ਵਿਚ ਕਾਂਗਰਸ ਦੇ ਗਿਆਰਾਂ ਵਿਚੋਂ ਅੱਠ ਵਿਧਾਇਕ ਤੋੜੇ ਹਨ, ਪੰਜਾਬ ਵਿਚ ਵੀ ਏਦਾਂ ਕਰ ਸਕਦੀ ਹੈ। ਕਾਂਗਰਸ ਦੇ ਆਗੂ ਇਹ ਮੰਨਣ ਨੂੰ ਤਿਆਰ ਨਹੀਂ, ਸਗੋਂ ਇਹ ਗੱਲ ਕਹੀ ਜਾਂਦੇ ਹਨ ਕਿ ਪੌਣੇ ਦੋ ਸਾਲਾਂ ਨੂੰ ਹੋਣ ਵਾਲੀਆਂ ਲੋਕ ਸਭਾ ਚੋਣਾਂ ਤੱਕ ਭਾਜਪਾ ਨੇ ਪੰਜਾਬ ਵਿਚ ਆਮ ਆਦਮੀ ਪਾਰਟੀ ਦੇ ਅੱਧੇ ਤੋਂ ਵੱਧ ਵਿਧਾਇਕ ਤੋੜ ਕੇ ਆਪਣੇ ਨਾਲ ਜੋੜ ਲੈਣੇ ਹਨ।

ਆਪਣੀ ਚੜ੍ਹਤ ਦੇ ਦਿਨਾਂ ਵਿਚ ਕਿਸੇ ਸਮੇਂ ਕਾਂਗਰਸ ਵੀ ਏਦਾਂ ਕਰਦੀ ਹੁੰਦੀ ਸੀ ਅਤੇ ਪੰਜਾਬ ਵਿਚ ਅਕਾਲੀ ਦਲ ਦੇ ਕਈ ਵੱਡੇ ਲੀਡਰ ਖਿੱਚ ਕੇ ਲੈ ਗਈ ਸੀ। ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਪਹਿਲਾਂ ਅਕਾਲੀ ਸੀ, ਗਿਆਨੀ ਗੁਰਮੁਖ ਸਿੰਘ ਮੁਸਾਫਰ ਵੀ, ਬੇਅੰਤ ਸਿੰਘ ਅਤੇ ਕੈਪਟਨ ਅਮਰਿੰਦਰ ਸਿੰਘ ਵੀ। ਅਕਾਲੀ ਦਲ ਅਤੇ ਕੁਝ ਹੋਰ ਧਿਰਾਂ ਦੀ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਵਾਲੀ ਸਾਂਝੀ ਸਰਕਾਰ ਵੀ ਲਛਮਣ ਸਿੰਘ ਗਿੱਲ ਨੂੰ ਖਿੱਚ ਕੇ ਕਾਂਗਰਸ ਪਾਰਟੀ ਨੇ ਹੀ ਤੋੜੀ ਸੀ। ਪ੍ਰਤਾਪ ਸਿੰਘ ਕੈਰੋਂ ਨੇ ਅਕਾਲੀ ਉਮੀਦਵਾਰ ਵਜੋਂ ਚੋਣ ਲੜੀ ਅਤੇ ਪ੍ਰਸਿੱਧ ਦੇਸ਼ਭਗਤ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਨੂੰ ਝੂਠਾ ਪ੍ਰਚਾਰ ਕਰ ਕੇ ਹਰਾਉਣ ਪਿੱਛੋਂ ਕਾਂਗਰਸੀ ਹੋ ਗਿਆ ਸੀ। ਇੱਕ ਸਮੇਂ ਅਕਾਲੀ ਦਲ ਦਾ ਆਗੂ ਅਤੇ ਸ੍ਰੀ ਅਕਾਲ ਤਖਤ ਦਾ ਜਥੇਦਾਰ ਰਹਿ ਚੁੱਕਾ ਗਿਆਨੀ ਗੁਰਮੁਖ ਸਿੰਘ ਮੁਸਾਫਰ ਪਿੱਛੋਂ ਜਦੋਂ ਕਾਂਗਰਸ ਵਿਚ ਆ ਗਿਆ ਤਾਂ ਪਾਰਲੀਮੈਂਟ ਮੈਂਬਰ ਵੀ ਬਣਿਆ ਤੇ ਜਦੋਂ ਹਰਿਆਣਾ ਬਣਿਆ ਤਾਂ ਨਵੇਂ ਪੰਜਾਬ ਦਾ ਮੁੱਖ ਮੰਤਰੀ ਕਾਂਗਰਸ ਨੇ ਬਣਾਇਆ ਸੀ। ਬੇਅੰਤ ਸਿੰਘ ਨੇ ਸਾਲ 1967 ਵਿਚ ਪਹਿਲੀ ਚੋਣ ਅਕਾਲੀ ਦਲ ਵੱਲੋਂ ਲੜੀ ਸੀ ਅਤੇ ਕਾਂਗਰਸ ਦੇ ਗਿਆਨ ਸਿੰਘ ਰਾੜੇਵਾਲਾ ਤੋਂ ਹਾਰਿਆ ਸੀ, ਪਰ ਅਗਲੇ ਸਾਲ ਜਦੋਂ ਰਾੜੇਵਾਲਾ ਅਕਾਲੀ ਹੋ ਗਿਆ ਤਾਂ ਸਾਲ 1969 ਵਿਚ ਅਕਾਲੀ ਦਲ ਵੱਲੋਂ ਖੜ੍ਹੇ ਓਸੇ ਗਿਆਨ ਸਿੰਘ ਰਾੜੇਵਾਲਾ ਨੂੰ ਹਰਾ ਕੇ ਬੇਅੰਤ ਸਿੰਘ ਆਜ਼ਾਦ ਜਿੱਤ ਗਿਆ ਸੀ। ਕੁਝ ਚਿਰ ਬਾਅਦ ਉਹ ਕਾਂਗਰਸ ਵਿਚ ਸ਼ਾਮਲ ਹੋ ਗਿਆ ਤੇ ਹੌਲੀ-ਹੌਲੀ ਇੱਕ ਸਮੇਂ ਓਸੇ ਕਾਂਗਰਸ ਪਾਰਟੀ ਵੱਲੋਂ ਪੰਜਾਬ ਦਾ ਮੁੱਖ ਮੰਤਰੀ ਬਣ ਗਿਆ ਸੀ, ਜਿਸ ਦੇ ਖ਼ਿਲਾਫ ਪਹਿਲੀ ਚੋਣ ਲੜੀ ਤੇ ਹਾਰੀ ਸੀ। ਏਦਾਂ ਦੀਆਂ ਕਈ ਹੋਰ ਮਿਸਾਲਾਂ ਵੀ ਹਨ।

ਜਿਹੜਾ ਕੰਮ ਓਦੋਂ ਕਾਂਗਰਸੀ ਲੀਡਰਸ਼ਿਪ ਕਰਿਆ ਕਰਦੀ ਸੀ, ਉਹ ਅੱਜ ਭਾਰਤੀ ਜਨਤਾ ਪਾਰਟੀ ਕੇਂਦਰ ਦੀਆਂ ਏਜੰਸੀਆਂ ਦਾ ਦਬਾਅ ਪਾ ਕੇ ਜਾਂ ਫਿਰ ਵੱਖ-ਵੱਖ ਧਿਰਾਂ ਦੇ ਵਿਧਾਇਕਾਂ ਨੂੰ ਆਪਣੇ ਏਜੰਟਾਂ ਰਾਹੀਂ ਪ੍ਰੇਰ ਕੇ ਕਰ ਰਹੀ ਹੈ। ਆਸਾਮ ਵਾਲਾ ਅਜੋਕਾ ਭਾਜਪਾ ਮੁੱਖ ਮੰਤਰੀ ਹੇਮੰਤ ਬਿਸਵਾ ਸਰਮਾ ਵੀ ਕਿਸੇ ਸਮੇਂ ਕਾਂਗਰਸ ਆਗੂ ਤੇ ਮੰਤਰੀ ਹੁੰਦਾ ਸੀ। ਜਦੋਂ ਓਥੇ ਤਿੰਨ ਵਾਰੀ ਲਗਾਤਾਰ ਕਾਂਗਰਸ ਦੀ ਸਰਕਾਰ ਬਣੀ ਤਾਂ ਉਹ ਮੰਤਰੀ ਸੀ, ਪਰ ਕੇਂਦਰ ਵਿਚ ਨਰਿੰਦਰ ਮੋਦੀ ਸਰਕਾਰ ਬਣਦੇ ਸਾਰ ਪੱਛਮੀ ਬੰਗਾਲ ਵਿਚਲੇ ਸ਼ਾਰਦਾ ਚਿੱਟ ਫੰਡ ਕੇਸ ਵਿਚ ਜਿਹੜੇ ਲੋਕ ਦੋਸ਼ੀ ਵਜੋਂ ਜਾਂਚ ਵਿਚ ਮੁੜ-ਮੁੜ ਸੱਦੇ ਗਏ, ਉਨ੍ਹਾਂ ਵਿਚ ਹੇਮੰਤ ਸਰਮਾ ਵੀ ਸੀ। ਇਸ ਦਬਾਅ ਹੇਠ ਉਹ ਕਾਂਗਰਸ ਛੱਡ ਕੇ ਭਾਜਪਾ ਵਿਚ ਸ਼ਾਮਲ ਹੋ ਗਿਆ ਤੇ ਹੌਲੀ-ਹੌਲੀ ਭਾਜਪਾ ਦੇ ਪੁਰਾਣੇ ਆਗੂ ਪਿਛਾਂਹ ਧੱਕ ਕੇ ਆਸਾਮ ਦਾ ਮੁੱਖ ਮੰਤਰੀ ਬਣ ਗਿਆ। ਕਈ ਹੋਰ ਰਾਜਾਂ ਵਿਚ ਵੀ ਕਾਂਗਰਸ ਤੋਂ ਆਏ ਲੀਡਰ ਭਾਜਪਾ ਵੱਲੋਂ ਮੋਹਰੀ ਪੁਜ਼ੀਸ਼ਨਾਂ ਉੱਤੇ ਹਨ ਅਤੇ ਉਨ੍ਹਾਂ ਦੇ ਜਾਣ ਤੋਂ ਪਹਿਲਾਂ ਜਿਹੜੇ ਲੋਕ ਭਾਜਪਾ ਵਿਚ ਸਾਲਾਂ-ਬੱਧੀ ਕੰਮ ਕਰਦੇ ਰਹੇ ਸਨ, ਉਹ ਪਿੱਛੇ ਧੱਕੇ ਜਾਣ ਨਾਲ ਬਾਕੀ ਰਾਜਾਂ ਨੂੰ ਇੱਕ ਸੰਕੇਤ ਚਲਾ ਗਿਆ ਹੈ ਕਿ ਜਿਹੜਾ ਕੋਈ ਦੂਸਰੀ ਪਾਰਟੀ ਵਿਚੋਂ ਆਇਆ ਹੈ, ਭਾਜਪਾ ਲੀਡਰਸ਼ਿਪ ਉਸ ਨੂੰ ਪੂਰਾ ਮਾਣ ਅਤੇ ਮੌਕਾ ਦੇਵੇਗੀ। ਇਸ ਨਾਲ ਉਨ੍ਹਾਂ ਰਾਜਾਂ ਵਿਚੋਂ ਹੋਰ ਪਾਰਟੀਆਂ ਤੋਂ, ਖਾਸ ਕਰ ਕੇ ਕਾਂਗਰਸ ਤੋਂ ਭਾਜਪਾ ਵੱਲ ਜਾਣ ਵਾਲਿਆਂ ਦਾ ਵਹਿਣ ਤੇਜ਼ ਹੋਈ ਜਾ ਰਿਹਾ ਹੈ। ਇਹ ਕੁਝ ਪੰਜਾਬ ਵਿਚ ਵੀ ਹੋ ਰਿਹਾ ਹੈ।

ਸਥਿਤੀ ਇਸ ਵਕਤ ਇਹ ਹੈ ਕਿ ਵਿਰੋਧੀ ਧਿਰ ਦੀ ਹਰ ਪਾਰਟੀ ਦਾ ਲਗਭਗ ਹਰ ਆਗੂ ਮੰਨਦਾ ਹੈ ਕਿ ਉਨ੍ਹਾਂ ਦੇ ਬੰਦੇ ਖਿੱਚਣ ਲਈ ਭਾਜਪਾ ਸਾਰਾ ਤਾਣ ਲਾਈ ਜਾਂਦੀ ਹੈ, ਪਰ ਇਸ ਰੁਝਾਨ ਨੂੰ ਰੋਕਣ ਦੀ ਕੋਸ਼ਿਸ਼ ਕਿਸੇ ਪਾਰਟੀ ਵਿਚੋਂ ਵੀ ਉਸ ਗੰਭੀਰਤਾ ਨਾਲ ਨਹੀਂ ਕੀਤੀ ਜਾਂਦੀ, ਜਿੱਦਾਂ ਆਮ ਆਦਮੀ ਪਾਰਟੀ ਕਰਦੀ ਵਿਖਾਈ ਦੇਂਦੀ ਹੈ। ਇਸ ਸਥਿਤੀ ਨੂੰ ਏਦਾਂ ਸਮਝਿਆ ਜਾ ਸਕਦਾ ਹੈ ਕਿ ਕਬੱਡੀ ਮੈਚ ਵਿਚ ਕਿਸੇ ਧਿਰ ਦਾ ਰੇਡਰ ਜਦੋਂ ਕਬੱਡੀ ਪਾਉਣ ਜਾਂਦਾ ਹੋਵੇ ਤੇ ਅੱਗੇ ਫੜਨ ਵਾਲੇ ਜਾਫੀ ਆਪਸ ਵਿਚ ਘਸੁੰਨ-ਮੁੱਕੀ ਹੋਣ ਲੱਗ ਜਾਣ ਤਾਂ ਰੇਡਰ ਜਿਸ ਨੂੰ ਮਰਜ਼ੀ ਧੱਫਾ ਮਾਰ ਕੇ ਆਪਣੇ ਨੰਬਰ ਬਣਾ ਸਕਦਾ ਹੈ। ਰਾਜਨੀਤੀ ਦੀ ਇਸ ਕੌੜ-ਕਬੱਡੀ ਵਿਚ ਭਾਜਪਾ ਟੀਮ ਹਮਲਾਵਰੀ ਉੱਤੇ ਹੈ ਤੇ ਵਿਰੋਧੀ ਪਾਰਟੀਆਂ ਦੇ ਆਗੂਆਂ ਦਾ ਉਸ ਦੇ ਵਿਰੋਧ ਨਾਲੋਂ ਵੱਧ ਆਪਣੀਆਂ ਪਾਰਟੀਆਂ ਦੇ ਅੰਦਰ ਜਾਂ ਇੱਕ-ਦੂਸਰੀ ਭਾਜਪਾ ਵਿਰੋਧੀ ਪਾਰਟੀ ਦੇ ਲੀਡਰਾਂ ਨਾਲ ਆਢਾ ਲੱਗਾ ਪਿਆ ਹੈ। ਭਾਜਪਾ ਦੇ ਵਿਰੋਧ ਦੀਆਂ ਸੁਰਾਂ ਘੱਟ ਹਨ ਅਤੇ ਕਾਂਗਰਸੀ ਤੇ ਅਕਾਲੀ ਲੀਡਰਾਂ ਦੇ ਬਿਆਨ ਆਮ ਆਦਮੀ ਪਾਰਟੀ ਵਿਰੁੱਧ ਬਹੁਤੇ ਸੁਣਾਈ ਦੇਂਦੇ ਹਨ। ਅੱਗੋਂ ਆਮ ਆਦਮੀ ਪਾਰਟੀ ਵੀ 'ਹਮ ਹੀ ਹਮ ਹੈਂ" ਦੀ ਨੀਤੀ ਉੱਤੇ ਚੱਲਦੀ ਹੋਣ ਕਾਰਨ ਕਿਸੇ ਨਾਲ ਸਾਂਝ ਨਹੀਂ ਰੱਖਣਾ ਚਾਹੁੰਦੀ ਅਤੇ ਭਾਜਪਾ ਦਾ ਮੁਕਾਬਲਾ ਇਕੱਲੀ ਕਰਨ ਦੀ ਕੋਸ਼ਿਸ਼ ਵਿਚ ਹੈ। ਹਾਲਾਤ ਦਾ ਵਹਿਣ ਜਿੱਧਰ ਜਾ ਰਿਹਾ ਹੈ, ਭਾਜਪਾ ਅਗਲੇ ਸਮੇਂ ਵਿਚ ਭਾਰਤ ਅੰਦਰ ਏਨੀ ਤਕੜੀ ਵੀ ਬਣ ਸਕਦੀ ਹੈ ਕਿ ਉਸ ਨਿਸ਼ਾਨੇ ਦੀ ਪੂਰਤੀ ਵੱਲ ਸਿੱਧੀ ਤੁਰ ਪਏ, ਜਿਹੜਾ ਇੱਕ ਸਦੀ ਪਹਿਲਾਂ ਬਣਾਏ ਗਏ ਆਰ ਐੱਸ ਐੱਸ ਦੇ ਮੁੱਢਲੇ ਆਗੂਆਂ ਨੇ ਚਿਤਵਿਆ ਸੀ। ਜਿਨ੍ਹਾਂ ਨੂੰ ਇਸ ਬਾਰੇ ਹਾਲੇ ਤੱਕ ਯਕੀਨ ਨਹੀਂ, ਉਨ੍ਹਾਂ ਨੂੰ ਬੀਤੇ ਇੱਕ ਹਫਤੇ ਵਿਚ ਆਏ ਕੁਝ ਹਿੰਦੂ ਆਗੂਆਂ ਅਤੇ ਸ਼ੰਕਰਾਚਾਰੀਆ ਵਰਗੇ ਧਾਰਮਿਕ ਮੁਖੀਆਂ ਦੇ ਬਿਆਨ ਪੜ੍ਹਨ ਜੋਗਾ ਸਮਾਂ ਕੱਢ ਲੈਣਾ ਚਾਹੀਦਾ ਹੈ। ਗੱਲ ਇਸ ਵੇਲੇ ਉਸ ਰਾਜਨੀਤਕ ਦ੍ਰਿਸ਼ ਤੱਕ ਸੀਮਤ ਨਹੀਂ, ਜਿਸ ਦੀ ਚਰਚਾ ਹੁੰਦੀ ਰਹਿੰਦੀ ਹੈ, ਸਗੋਂ ਭਵਿੱਖ ਦੇ ਉਸ ਨਕਸ਼ੇ ਬਾਰੇ ਸੋਚਣ ਦੀ ਹੈ, ਜਿਹੜਾ ਹਾਲੇ ਕੁਝ ਚੋਣਵੇਂ ਲੋਕਾਂ ਦੇ ਮਨਾਂ ਵਿਚ ਹੈ।

# ਸਮਾਜਿਕ ਸੁਨੇਹਾ ਦਿੰਦੀ ਲਘੂ ਫ਼ਿਲਮ 'ਮੁਲਾਕਾਤ'

ਔਰਤ ਭਾਵੇਂ ਛੋਟੀ ਉਮਰ ਦੀ ਬੱਚੀ ਹੀ ਕਿਉਂ ਨਾ ਹੋਵੇ, ਸਮਾਜ ਵਿਚਲੇ ਭੈੜ ਨੂੰ ਬਦਲਣ ਦੀ ਤਾਕਤ ਰੱਖਦੀ ਹੈ, ਪੱਥਰਾਂ ਨੂੰ ਵੀ ਮੋਮ ਕਰਨ ਦੀ ਤਾਕਤ.. ਅਜਿਹਾ ਹੀ ਸੁਨੇਹਾ ਦਿੰਦੀ ਹੈ 22 ਮਿੰਟਾਂ ਦੀ ਇਹ ਲਘੂ ਫ਼ਿਲਮ 'ਮੁਲਾਕਾਤ', ਜਿਸਨੂੰ ਨੌਜਵਾਨ



ਸੁਰਜੀਤ ਜੱਸਲ

ਨਿਰਦੇਸ਼ਕ ਮਨਜੋਤ ਸਿੰਘ ਨੇ ਬੜੀ ਹੀ ਖੂਬਸੂਰਤੀ ਤੇ ਪ੍ਰਭਾਵਸ਼ਾਲੀ ਢੰਗ ਨਾਲ ਪਰਦੇ 'ਤੇ ਪੇਸ਼ ਕੀਤਾ ਹੈ।



ਫ਼ਿਲਮ 'ਮੁਲਾਕਾਤ' ਅਜੋਕੇ ਸਮਾਜ ਦੀ ਤਸਵੀਰ ਪੇਸ਼ ਕਰਦੀ ਇਕ ਸਾਰਥਕ ਫ਼ਿਲਮ ਹੈ ਜੋ ਇਕ ਕੈਦੀ ਦੇ ਪਰਿਵਾਰ ਦੀ ਮਾਨਸਿਕਤਾ, ਬੱਚਿਆਂ ਦੀਆਂ ਕੋਮਲ ਭਾਵਨਾਵਾਂ ਤੇ ਸਮਾਜ ਦੇ ਦੋਗਲੇ ਚਿਹਰੇ ਨੂੰ ਬਾਖ਼ੂਬੀ ਪੇਸ਼ ਕਰਦੀ ਹੈ। ਫ਼ਿਲਮ ਵਿਚ ਪਰਮਵੀਰ ਨੇ ਭਿੰਦੇ ਬਦਮਾਸ਼ ਦਾ ਕਿਰਦਾਰ ਨਿਭਾਇਆ ਹੈ ਤੇ ਰਾਜ ਧਾਲੀਵਾਲ ਨੇ ਉਸਦੀ ਪਤਨੀ ਦਾ। ਭਿੰਦਾ ਨਸ਼ਿਆਂ ਦਾ ਸੌਦਾਗਰ ਹੈ ਜੋ ਬਿਗਾਨੇ ਪੁੱਤਾਂ ਨੂੰ ਨਸ਼ੇ ਵੰਡਦਾ-ਵੰਡਦਾ ਆਪਣਾ ਹੱਸਦਾ ਵੱਸਦਾ ਘਰ ਤਬਾਹ ਕਰ ਬਹਿੰਦਾ ਹੈ। ਭਿੰਦੇ ਦੀਆਂ ਭੈੜੀਆਂ ਕਰਤੂਤਾਂ ਕਰਕੇ ਉਸਦਾ ਪਰਿਵਾਰ ਸਮਾਜ ਵਿਚ ਨੀਵਾਂ ਹੋ ਕੇ ਰਹਿ ਜਾਂਦਾ ਹੈ। ਜੇਲ੍ਹ ਵਿੱਚ ਬੰਦ ਭਿੰਦੇ ਦੀ ਮੁਲਾਕਾਤ ਕਰਨ ਜਦ ਉਸ ਦੀ ਮਾਂ ਤੇ ਪਤਨੀ ਨਾਲ ਉਸ ਦੀ ਮਾਸੂਮ ਧੀ ਜਾਂਦੀ ਹੈ ਤਾਂ ਅੜ੍ਹਬ ਸੁਭਾਅ ਵਾਲਾ ਭਿੰਦਾ ਮੋਮ ਬਣ ਕੇ ਵਹਿ ਜਾਂਦਾ ਹੈ ਤੇ ਆਪਣੇ ਕੀਤੇ ਗੁਨਾਹਾਂ ਦਾ ਪਛਤਾਵਾ ਕਰਦਾ ਸਮਾਜ ਦਾ ਇਕ ਚੰਗਾ ਨਾਗਰਿਕ ਬਣਨ ਦਾ ਪ੍ਰਣ ਕਰਦਾ ਹੈ।

ਐਮ ਐਮ ਮੂਵੀਜ਼ ਅਤੇ ਪੰਜਾਬੀ ਸਕਰੀਨ ਐਂਟਰਟੇਨਰਜ਼ ਦੇ ਬੈਨਰ ਹੇਠ ਬਣੀ ਨਿਰਮਾਤਾ ਮਨਮੋਹਨ ਸਿੰਘ ਦੀ ਇਸ ਫ਼ਿਲਮ ਵਿਚ ਪਰਮਵੀਰ, ਰਾਜ ਧਾਲੀਵਾਲ, ਮਲਕੀਤ ਸਿੰਘ ਰੌਣੀ, ਗੁਰਪ੍ਰੀਤ ਕੌਰ ਭੰਗੂ, ਬਾਲ ਕਲਾਕਾਰ ਏਕਨੂਰ ਸ਼ਰਮਾ, ਰਤਨ ਔਲਖ, ਹਰਿੰਦਰ ਸੋਹਲ, ਸੁਖਦੇਵ ਬਰਨਾਲਾ, ਅਮਰਪਾਲ ਤੇ ਗੁਰ ਰੰਧਾਵਾ ਆਦਿ ਨੇ ਅਹਿਮ ਕਿਰਦਾਰ ਨਿਭਾਏ ਹਨ।

ਦਲਜੀਤ ਸਿੰਘ ਅਰੋੜਾ ਦੀ ਲਿਖੀ ਇਸ ਕਹਾਣੀ ਆਧਾਰਤ ਫ਼ਿਲਮ ਦਾ ਸਕਰੀਨ ਪਲੇਅ ਤੇ ਡਾਇਲਾਗ ਪਾਲੀ ਭੁਪਿੰਦਰ ਨੇ ਲਿਖੇ ਹਨ। ਦਲਜੀਤ ਸਿੰਘ ਅਰੋੜਾ ਦਾ ਲਿਖਿਆ ਪਿੱਠਵਰਤੀ ਗੀਤ ਹਰਿੰਦਰ ਸੋਹਲ ਦੇ ਸੰਗੀਤ ਵਿਚ ਮਨਪ੍ਰੀਤ ਸੋਹਲ ਨੇ ਗਾਇਆ ਹੈ ਅਤੇ ਐਪਸੀ ਸਿੰਘ ਨੇ ਫ਼ਿਲਮ ਦਾ ਬੈਕਰਾਊਂਡ ਸੰਗੀਤ ਦਿੱਤਾ ਹੈ। ਸਮਾਜ ਨੂੰ ਚੰਗਾ ਸੁਨੇਹਾ ਦਿੰਦੀ ਇਸ ਫ਼ਿਲਮ ਨੂੰ ਦਰਸ਼ਕਾਂ ਵਲੋਂ ਖੂਬ ਪਸੰਦ ਕੀਤਾ ਜਾ ਰਿਹਾ ਹੈ।

# ਖੇਡਾਂ 'ਵਤਨ ਪੰਜਾਬ' ਦੀਆਂ ਤੋਂ 'ਵਿਸ਼ਵ ਪੰਜਾਬੀ' ਖੇਡਾਂ ਤਕ

**ਪੰਜਾਬੀ ਖੇਡ ਸਾਹਿਤ**



**ਪ੍ਰਿੰ. ਸਰਵਣ ਸਿੰਘ**
**ਫੋਨ: 647-785-1661**

ਹੁਣ ਜਦੋਂ 'ਖੇਡਾਂ ਵਤਨ ਪੰਜਾਬ ਦੀਆਂ' ਹੋ ਰਹੀਆਂ ਹਨ ਤਾਂ ਮੈਨੂੰ 2001 ਵਿਚਲੀ ਲਾਹੌਰ ਦੀ ਆਲਮੀ ਪੰਜਾਬੀ ਕਾਨਫਰੰਸ ਯਾਦ ਆ ਗਈ ਹੈ। ਉਥੇ ਪੰਜਾਬ ਦੀਆਂ ਖੇਡਾਂ ਤੇ ਖਿਡਾਰੀਆਂ ਬਾਰੇ ਪਰਚਾ ਪੇਸ਼ ਕਰਦਿਆਂ ਮੈਂ ਸੁਝਾਅ ਦਿੱਤਾ ਸੀ ਕਿ ਵਿਸ਼ਵ ਭਰ 'ਚ ਖਿਲਰੇ ਪੰਜਾਬੀਆਂ ਦੀ 'ਪੰਜਾਬੀ ਓਲੰਪਿਕਸ' ਹੋਣੀ ਚਾਹੀਦੀ ਹੈ। ਇਸ ਸੁਝਾਅ ਦਾ ਲਾਹੌਰ ਦੇ ਅਖ਼ਬਾਰਾਂ ਵਿਚ ਹਾਂ ਪੱਖੀ ਜ਼ਿਕਰ ਹੋਇਆ। ਫਿਰ ਹੋਟਲ ਸ਼ਾਹਤਾਜ ਵਿਚ ਮੀਟਿੰਗ ਹੋਈ ਜਿਸ ਵਿਚ ਵਿਸ਼ਵ ਪੰਜਾਬੀਅਤ ਫਾਊਂਡੇਸ਼ਨ ਦੇ ਅਹੁਦੇਦਾਰ ਅਤੇ ਪਾਕਿਸਤਾਨ ਓਲੰਪਿਕ ਐਸੋਸੀਏਸ਼ਨ ਦੇ ਮੈਂਬਰ ਤੇ ਆਲਮੀ ਕਬੱਡੀ ਫੈਡਰੇਸ਼ਨ ਦੇ ਸਦਰ ਖ਼ੁਆਜ਼ਾ ਅਲੀ ਮੁਹੰਮਦ ਹੋਰਾਂ ਨੇ ਭਾਗ ਲਿਆ। ਉਥੇ ਪੰਜਾਬੀ ਓਲੰਪਿਕਸ ਕਰਾਉਣ ਲਈ ਸਰਕਾਰਾਂ ਦੀ ਸਹਿਮਤੀ ਜ਼ਰੂਰੀ ਸਮਝੀ ਗਈ। ਨਾਲੇ ਪੰਜਾਬੀ ਓਲੰਪਿਕਸ ਤੋਂ ਪਹਿਲਾਂ 'ਇੰਡੋ-ਪਾਕਿ ਪੰਜਾਬ ਖੇਡਾਂ' ਕਰਾਉਣੀਆਂ ਹੋਰ ਵੀ ਜ਼ਰੂਰੀ ਸਮਝੀਆਂ ਗਈਆਂ। ਗੱਲ ਅੱਗੇ ਚੱਲੀ। 2002 ਵਿਚ ਦੱਖਣੀ ਕੋਰੀਆ ਦੇ ਸ਼ਹਿਰ ਬੁਸਾਨ ਵਿਖੇ 14ਵੀਆਂ ਏਸ਼ੀਅਨ ਖੇਡਾਂ ਹੋਈਆਂ ਤਾਂ ਉਥੇ ਹਿੰਦ-ਪਾਕਿ ਦੇ ਖੇਡ ਵਫਦਾਂ ਵਿਚਕਾਰ 'ਇੰਡੋ-ਪਾਕਿ ਪੰਜਾਬ ਖੇਡਾਂ' ਕਰਾਉਣ ਦੀ ਹਾਂ-ਪੱਖੀ ਵਾਰਤਾਲਾਪ ਹੋਈ।

ਆਖ਼ਰ 2004 ਵਿਚ 'ਇੰਡੋ-ਪਾਕਿ ਪੰਜਾਬ ਖੇਡਾਂ' ਪਟਿਆਲੇ ਵਿਚ ਹੋਣੀਆਂ ਤੈਅ ਹੋ ਗਈਆਂ। ਉਦੋਂ ਭਾਰਤੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਨ ਅਤੇ ਪਾਕਿਸਤਾਨੀ ਪੰਜਾਬ ਦੇ ਵਜ਼ੀਰੇ ਆਲਾ ਚੌਧਰੀ ਪ੍ਰਵੇਜ਼ ਇਲਾਹੀ। ਉਸ ਸਾਲ ਮੈਂ ਕੈਨੇਡਾ ਤੋਂ ਪੰਜਾਬ ਪਰਤਿਆ ਤਾਂ ਸ਼ੰਭੂ ਬਾਰਡਰ ਤੋਂ ਲੈ ਕੇ ਸਾਰੇ ਚੌਕਾਂ ਤੇ ਮੋੜਾਂ ਉਤੇ ਕੈਪਟਨ ਅਮਰਿੰਦਰ ਸਿੰਘ ਵੱਲੋਂ ਚੌਧਰੀ ਪ੍ਰਵੇਜ਼ ਇਲਾਹੀ ਨੂੰ ਖ਼ੁਸ਼ ਆਮਦੀਦ ਕਹਿੰਦੇ ਬੈਨਰ ਦਿਖਾਈ ਦਿੱਤੇ। ਉਦੋਂ ਕੈਪਟਨ ਅਮਰਿੰਦਰ ਸਿੰਘ ਤੇ ਪ੍ਰਵੇਜ਼ ਇਲਾਹੀ ਦੇ ਬਗਲਗੀਰ ਹੋਣ ਉਤੇ ਸਭਨਾਂ ਨੂੰ ਖ਼ੁਸ਼ੀ ਹੋਈ। ਪਰ ਪੰਦਰਾਂ ਸਾਲ ਬਾਅਦ 2019 ਵਿਚ ਕਰਤਾਰਪੁਰ ਸਾਹਿਬ ਦੇ ਲਾਂਘੇ ਦੀ ਪੇਸ਼ਕਸ਼ ਕਰਨ ਵੇਲੇ ਜਨਰਲ ਬਾਜਵਾ ਤੇ ਨਵਜੋਤ ਸਿੱਧੂ ਦੀ ਜੱਫੀ ਪੈਣ ਨਾਲ ਕਈਆਂ ਨੂੰ ਪਤਾ ਨਹੀਂ ਕਿਉਂ ਸੂਲ਼ ਹੋਇਆ? 2004 ਵਿਚ ਉਹੀ ਕੈਪਟਨ ਅਮਰਿੰਦਰ ਸਿੰਘ ਲਹਿੰਦੇ ਪੰਜਾਬ ਦੇ ਵਜ਼ੀਰੇ ਆਲਾ ਨੂੰ ਖ਼ੁਸ਼ ਆਮਦੀਦ ਕਹਿੰਦੇ ਪਿਆਰ ਮੁਹੱਬਤ ਦਾ ਇਜ਼ਹਾਰ ਕਰ ਰਹੇ ਸਨ। ਉਦੋਂ ਪਹਿਲੀਆਂ ਇੰਡੋ-ਪਾਕਿ ਪੰਜਾਬ ਖੇਡਾਂ ਪਟਿਆਲੇ 'ਚ, ਦੂਜੀਆਂ ਇੰਡੋ-ਪਾਕਿ ਪੰਜਾਬ ਖੇਡਾਂ ਲਾਹੌਰ ਤੇ ਤੀਜੀਆਂ ਇੰਡੋ-ਪਾਕਿ ਪੰਜਾਬ ਖੇਡਾਂ ਜਲੰਧਰ ਵਿਚ ਹੋਣੀਆਂ ਤੈਅ ਹੋ ਗਈਆਂ ਸਨ। ਮੀਡੀਆ ਨੇ ਪ੍ਰਚਾਰ ਰੱਖਿਆ ਸੀ ਕਿ 2004 ਵਿਚ 5 ਦਸੰਬਰ ਤੋਂ 11 ਦਸੰਬਰ ਤਕ ਪਟਿਆਲੇ 'ਚ 12 ਸਪੋਰਟਸ ਦੇ ਖੇਡ ਮੁਕਾਬਲੇ ਹੋਣਗੇ ਜਿਨ੍ਹਾਂ ਵਿਚ ਚੜ੍ਹਦੇ ਤੇ ਲਹਿੰਦੇ ਪੰਜਾਬ ਤੋਂ ਲਗਭਗ 700 ਖਿਡਾਰੀ ਭਾਗ ਲੈਣਗੇ।

ਹੋਰ ਪਿੱਛੇ ਝਾਤ ਮਾਰੀਏ ਤਾਂ ਪਤਾ ਲੱਗਦੈ ਕਿ 1947 ਵਿਚ ਲੱਖਾਂ ਪੰਜਾਬੀਆਂ ਦਾ ਖ਼ੂਨ ਵਹਾਉਣ ਵਾਲੀ ਦੇਸ਼ ਵੰਡ ਤੋਂ ਤਿੰਨ ਸਾਲਾਂ ਬਾਅਦ ਹੀ ਦੋਹਾਂ ਗੁਆਂਢੀ ਦੇਸ਼ਾਂ ਵਿਚਕਾਰ ਖੇਡਾਂ ਹੋਣੀਆਂ ਸ਼ੁਰੂ ਹੋ ਗਈਆਂ ਸਨ। 1950 ਵਿਚ ਪਾਕਿਸਤਾਨੀ ਪੰਜਾਬ ਦੀ ਹਾਕੀ ਟੀਮ ਜਲੰਧਰ ਮੈਚ ਖੇਡਣ ਆਈ ਸੀ। ਦਰਸ਼ਕ ਬਹੁਤ ਵੱਡੀ ਗਿਣਤੀ ਵਿਚ ਮੈਚ ਵੇਖਣ ਪਹੁੰਚੇ ਸਨ। ਲੋਕਾਂ ਦਾ ਉਤਸ਼ਾਹ ਵੇਖ ਕੇ ਚੜ੍ਹਦੇ ਤੇ ਲਹਿੰਦੇ ਪੰਜਾਬ ਦੀਆਂ ਹਾਕੀ ਐਸੋਸੀਏਸ਼ਨਾਂ ਨੇ ਮਨ ਬਣਾ ਲਿਆ ਕਿ ਇਕ ਦੂਜੇ ਵੱਲ ਜਾ ਕੇ ਹੋਰ ਹਾਕੀ ਮੈਚ ਖੇਡੇ ਜਾਣ। ਇੰਜ ਦੋਹਾਂ ਪੰਜਾਬਾਂ 'ਚ ਮੇਲ ਮਿਲਾਪ ਵੀ ਵਧੇਗਾ ਤੇ ਦੋਹਾਂ ਪਾਸਿਆਂ ਦੇ ਹਾਕੀ ਖਿਡਾਰੀਆਂ ਦੀ ਖੇਡ ਵੀ ਬਿਹਤਰ ਹੋਵੇਗੀ। ਹੈਲਸਿੰਕੀ-1952 ਦੀਆਂ ਓਲੰਪਿਕ ਖੇਡਾਂ ਸਮੇਂ ਪਾਕਿਸਤਾਨੀ ਪੰਜਾਬ ਤੇ ਭਾਰਤੀ ਪੰਜਾਬ ਦੇ ਪੁਲਿਸ ਮੁਖੀਆਂ ਨੇ ਗੱਲ ਚਲਾਈ ਕਿ ਪੁਲਿਸ ਦੀਆਂ ਟੀਮਾਂ ਦਾ ਆਦਾਨ-ਪ੍ਰਦਾਨ ਸ਼ੁਰੂ ਕੀਤਾ ਜਾਵੇ। ਉਦੋਂ ਸੰਤ ਪ੍ਰਕਾਸ਼ ਸਿੰਘ ਪੰਜਾਬ ਪੁਲਿਸ ਦੇ ਮੁਖੀ ਤੇ ਅਸ਼ਵਨੀ ਕੁਮਾਰ ਐੱਸਐੱਸਪੀ ਸਨ। ਦੋਵੇਂ ਅਫਸਰ ਹਾਕੀ ਦੀ ਖੇਡ ਵਿਚ ਵਿਸ਼ੇਸ਼ ਦਿਲਚਸਪੀ ਲੈਂਦੇ ਸਨ। ਪੰਜਾਬ ਹਾਕੀ ਐਸੋਸੀਏਸ਼ਨ ਦੀ ਕਮਾਂਡ ਉਨ੍ਹਾਂ ਦੇ ਹੱਥ ਸੀ।

ਦੋਹਾਂ ਪਾਸਿਆਂ ਦੇ ਪੁਲਿਸ ਅਫਸਰਾਂ ਨੇ ਫੈਸਲਾ ਕੀਤਾ ਕਿ ਪੂਰਬੀ ਪੰਜਾਬ ਤੇ ਲਹਿੰਦੇ ਪੰਜਾਬ ਦੀਆਂ ਟੀਮਾਂ ਦੇ ਮੈਚ ਸਦਭਾਵਨਾ ਵਾਲੇ ਹੀ ਹੋਣਗੇ। ਉਹ ਜਿੱਤਣ ਲਈ ਨਹੀਂ ਸਗੋਂ ਦਰਸ਼ਕਾਂ ਦੇ ਮਨੋਰੰਜਨ ਲਈ ਦੋਸਤਾਨਾ ਮੈਚ ਖੇਡਣਗੇ। 1953 ਦੇ ਸ਼ੁਰੂ ਵਿਚ ਪੱਛਮੀ ਪੰਜਾਬ ਦੀ ਪੁਲਿਸ ਟੀਮ ਹਾਕੀ ਦਾ ਪਹਿਲਾ ਮੈਚ ਖੇਡਣ ਅੰਮ੍ਰਿਤਸਰ ਆਈ। ਲੋਕ ਫਿਰ ਵੱਡੀ ਗਿਣਤੀ ਵਿਚ ਮੈਚ ਵੇਖਣ ਲਈ ਉਮੜੇ। ਦੋਸਤਾਨਾ ਮੈਚ ਵਿਚ ਪਹਿਲਾ ਗੋਲ ਭਾਰਤੀ ਪੰਜਾਬ ਦੀ ਟੀਮ ਨੇ ਕੀਤਾ। ਹੁਣ ਵਾਰੀ ਪਾਕਿ ਪੰਜਾਬ ਟੀਮ ਵੱਲੋਂ ਗੋਲ ਲਾਹੁਣ ਦੀ ਸੀ ਪਰ ਉਸ ਤੋਂ ਗੋਲ ਲਹਿ ਨਹੀਂ ਸੀ ਰਿਹਾ। ਅਸ਼ਵਨੀ ਕੁਮਾਰ ਨੇ ਇਕ ਅਫ਼ਸਰ ਨੂੰ ਸਾਈਡ ਲਾਈਨ 'ਤੇ ਭੇਜਿਆ ਪਈ ਆਪਣੇ ਖਿਡਾਰੀਆਂ ਨੂੰ ਕਹੋ, ਗੋਲ ਜਲਦੀ ਲੁਹਾ ਲੈਣ ਕਿਉਂਕਿ ਸਮਾਂ ਮੁੱਕਣ ਵਾਲਾ ਹੈ। ਐਨ ਆਖ਼ਰੀ ਸਮੇਂ ਗੋਲ ਲੱਥਾ ਤਾਂ ਅਸ਼ਵਨੀ ਕੁਮਾਰ ਹੋਰਾਂ ਨੂੰ ਸੁਖ ਦਾ ਸਾਹ ਆਇਆ। ਅੰਬਰਸਰੀਆਂ ਨੇ ਪੱਛਮੀ ਪੰਜਾਬ ਦੇ ਖਿਡਾਰੀਆਂ ਦੀ ਖ਼ੂਬ ਮਹਿਮਾਨ ਨਿਵਾਜ਼ੀ ਕੀਤੀ ਤੇ ਹੱਥੀਂ ਛਾਵਾਂ ਕੀਤੀਆਂ। ਕੁਝ ਖਿਡਾਰੀਆਂ ਨੇ ਆਪਣੇ ਪਿਛਲੇ ਘਰ ਵੇਖੇ ਤੇ ਵੈਰਾਗ ਵਿਚ ਜਜ਼ਬਾਤੀ ਵੀ ਹੋਏ। ਵਾਰੀ ਫਿਰ ਪੂਰਬੀ ਪੰਜਾਬ ਦੀ ਪੁਲਿਸ ਟੀਮ ਦੇ ਪੱਛਮੀ ਪੰਜਾਬ ਵੱਲ ਜਾਣ ਦੀ ਸੀ। ਮੈਚ ਮਿੰਟਗੁਮਰੀ ਤੇ ਲਾਹੌਰ ਵਿਚ ਹੋਣੇ ਸਨ।





ਪੂਰਬੀ ਪੰਜਾਬ ਵੱਲੋਂ ਜਾਣ ਵਾਲੇ ਕੁਝ ਖਿਡਾਰੀਆਂ ਦੇ ਸਹੁਰੇ ਪੱਛਮੀ ਪੰਜਾਬ ਵਿਚ ਸਨ। ਉਨ੍ਹਾਂ ਨੂੰ ਤਾਂ ਸਹੁਰੀਂ ਜਾਣ ਵਰਗਾ ਚਾਅ ਸੀ। ਐਸੋਸੀਏਸ਼ਨ ਨੇ ਫੈਸਲਾ ਕੀਤਾ ਕਿ ਜਿਨ੍ਹਾਂ ਖਿਡਾਰੀਆਂ ਦੀਆਂ ਪਤਨੀਆਂ ਪੱਛਮੀ ਪੰਜਾਬ ਤੋਂ ਸਨ ਉਹ ਉਨ੍ਹਾਂ ਨੂੰ ਆਪਣੇ ਨਾਲ ਲਿਜਾ ਸਕਦੇ ਸਨ। ਬਲਬੀਰ ਸਿੰਘ ਨੇ ਘਰ ਆ ਕੇ ਇਹ ਗੱਲ ਦੱਸੀ ਤਾਂ ਉਸ ਦੀ ਪਤਨੀ ਸੁਸ਼ੀਲ ਕੌਰ ਬਹੁਤ ਖ਼ੁਸ਼ ਹੋਈ। ਉਹ ਲਾਹੌਰ ਵਿਚ ਆਪਣਾ ਪੇਕਾ ਘਰ ਵੇਖਣਾ ਲੋਚਦੀ ਸੀ। ਮਾਡਲ ਟਾਊਨ ਵਾਲਾ ਉਹ ਘਰ, ਜਿੱਥੇ ਉਹ ਜੰਮੀ-ਪਲੀ ਸੀ ਤੇ ਜਿਥੇ ਉਹਦਾ ਬਲਬੀਰ ਸਿੰਘ ਨਾਲ ਵਿਆਹ ਹੋਇਆ ਸੀ।

ਪਾਕਿ-ਪੰਜਾਬ ਦੀ ਟੀਮ ਦੇ ਟੂਰ ਪਿੱਛੋਂ ਬਲਬੀਰ ਹੋਰਾਂ ਦੀ ਟੀਮ ਪੱਛਮੀ ਪੰਜਾਬ ਦੇ ਟੂਰ 'ਤੇ ਗਈ। ਧਰਮ ਸਿੰਘ, ਤਰਲੋਚਨ ਸਿੰਘ, ਬਖ਼ਸ਼ੀਸ਼ ਸਿੰਘ, ਰਾਮ ਪ੍ਰਕਾਸ਼ ਤੇ ਬਲਬੀਰ ਸਿੰਘ ਦੀਆਂ ਪਤਨੀਆਂ ਵੀ ਉਨ੍ਹਾਂ ਦੇ ਨਾਲ ਸਨ। ਜਦੋਂ ਉਹ ਲਾਹੌਰ ਅੱਪੜੇ ਤਾਂ ਲੋਕਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਅਗਲੀ ਸਵੇਰ ਕਿਸੇ ਨੇ ਬਲਬੀਰ ਦੇ ਬੂਹੇ 'ਤੇ ਦਸਤਕ ਦਿੱਤੀ। ਉਸ ਨੇ ਬੂਹਾ ਖੋਲ੍ਹਿਆ ਤਾਂ ਸਾਹਮਣੇ ਆਜ਼ਮ ਖੜ੍ਹਾ ਸੀ। ਉਹੀ ਆਜ਼ਮ ਜੋ ਮੋਗੇ ਉਸ ਨਾਲ ਹਾਕੀ ਖੇਡਦਾ ਰਿਹਾ ਸੀ। ਦੋਹਾਂ ਨੇ ਹੈਰਾਨੀ ਨਾਲ ਇਕ ਦੂਜੇ ਨੂੰ ਵੇਖਿਆ ਤੇ ਕੁਝ ਪਲ ਕੁਝ ਵੀ ਨਾ ਬੋਲ ਸਕੇ। ਫਿਰ ਜਿਵੇਂ ਕਰੰਟ ਲੱਗਦਾ ਹੈ ਦੋਹਾਂ ਨੇ ਇਕ ਦੂਜੇ ਨੂੰ ਧਾਅ ਕੇ ਜੱਫੀ ਪਾਈ ਤੇ ਕਿੰਨਾ ਹੀ ਚਿਰ ਹਿੱਕਾਂ ਨਾਲ ਲੱਗੇ ਰਹੇ। ਕਿਆ ਕਮਾਲ ਦਾ ਮੇਲ ਸੀ ਜੋ ਦੋਹਾਂ ਦੇ ਖ਼ਾਬ ਖ਼ਿਆਲ ਵਿਚ ਵੀ ਨਹੀਂ ਸੀ! ਆਜ਼ਮ ਸਿੱਧਾ ਰਾਵਲਪਿੰਡੀ ਤੋਂ ਆਇਆ ਸੀ। ਉਸ ਨੂੰ ਅਖ਼ਬਾਰਾਂ 'ਚੋਂ ਪਤਾ ਲੱਗਾ ਸੀ ਕਿ ਉਹਦਾ ਬਚਪਨ ਦਾ ਬੇਲੀ ਲਾਹੌਰ ਆਇਐ। ਉਹ ਇਕੋ ਸਾਹੇ ਮੋਗੇ ਦੀਆਂ ਤੇ ਯਾਰਾਂ ਬੇਲੀਆਂ ਦੀਆਂ ਗੱਲਾਂ ਕਰਨ ਲੱਗੇ। ਉਨ੍ਹਾਂ ਦੀਆਂ ਗੱਲਾਂ 'ਚ ਨਾ ਹਿੰਦੋਸਤਾਨ ਸੀ ਨਾ ਪਾਕਿਸਤਾਨ। ਸੀ ਤਾਂ ਬੱਸ ਮੋਹ ਮੁਹੱਬਤ ਹੀ ਸੀ।

**ਬਲਬੀਰ ਦੀ ਇਕ ਹੋਰ ਅਭੁੱਲ ਯਾਦ**

ਮਿੰਟਗੁਮਰੀ 'ਚ ਮੈਚ ਖੇਡਣ, ਮਿੱਤਰਾਂ ਨੂੰ ਮਿਲਣ ਤੇ ਦਾਅਵਤਾਂ ਲੈਣ ਪਿੱਛੋਂ ਪੂਰਬੀ ਪੰਜਾਬ ਦੀ ਟੀਮ ਲਾਹੌਰ ਨੂੰ ਚੱਲ ਪਈ। ਸੜਕ 'ਤੇ ਵੱਡਾ ਬਾਗ਼ ਸੀ ਜਿਸ ਨੂੰ ਮਿੱਚਲ ਫਰੂਟ ਫਾਰਮ ਕਹਿੰਦੇ ਹਨ। ਉਥੇ ਦੋ ਢਾਈ ਸੌ ਮਹਿਮਾਨਾਂ ਲਈ ਵੱਡੇ ਖਾਣੇ ਦਾ ਪ੍ਰਬੰਧ ਸੀ। ਫਲਾਂ ਦੀਆਂ ਰਸਭਿੰਨੀਆਂ ਮਹਿਕਾਂ ਨਾਲ ਸਬਜ਼ੀਆਂ ਭਾਜੀਆਂ ਤੇ ਤਰਕਾਰੀਆਂ ਦੀਆਂ ਕਰਾਰੀਆਂ ਖ਼ੁਸ਼ਬੋਆਂ ਆ ਰਹੀਆਂ ਸਨ। ਵਾਜੇ ਵੱਜ ਰਹੇ ਤੇ ਪੰਛੀ ਚਹਿਕ ਰਹੇ ਸਨ। ਬਹਿਰੇ ਖਾਣੇ ਪਰੋਸਦੇ ਭੱਜੇ ਫਿਰਦੇ ਸਨ। ਜਿਉਂ ਹੀ ਮਹਿਮਾਨ ਖਾਣੇ ਦੇ ਮੇਜ਼ਾਂ ਵੱਲ ਵਧੇ, ਤਿਉਂ ਹੀ ਡੂਮਣੇ ਦੀਆਂ ਭੀਂ ਭੀਂ ਕਰਦੀਆਂ ਮੱਖੀਆਂ ਨੇ ਹੱਲਾ ਬੋਲ ਦਿੱਤਾ। ਡੂਮਣਾਂ ਕਿਤੋਂ ਬਾਹਰੋਂ ਨਹੀਂ ਬਾਗ ਵਿਚੋਂ ਹੀ ਉੱਡ ਪਿਆ ਸੀ। ਹੋ ਸਕਦੈ ਕਿਸੇ ਤੋਂ ਛੇੜਿਆ ਗਿਆ ਹੋਵੇ। ਪਰ ਉਸ ਨੇ ਜੋ ਭਾਣਾ ਵਰਤਾਇਆ, ਰਹੇ ਰੱਬ ਦਾ ਨਾਂ!

ਫੇਰ ਕੀ ਸੀ? ਪਲੇਟਾਂ ਹੱਥੋਂ ਛੁੱਟ ਗਈਆਂ। ਭਾਜੜਾਂ ਪੈ ਗਈਆਂ। ਡੰਗ ਮਾਰਦੀਆਂ ਮੱਖੀਆਂ ਨਾ ਮਹਿਮਾਨਾਂ ਨੂੰ ਬਖ਼ਸ਼ਣ ਨਾ ਮੇਜ਼ਬਾਨਾਂ ਨੂੰ! ਜਿਨ੍ਹਾਂ ਦੇ ਪੱਗਾਂ ਬੱਧੀਆਂ ਸਨ ਉਨ੍ਹਾਂ ਨੇ ਖੋਲ੍ਹ ਕੇ ਮੂੰਹ ਸਿਰ ਦੁਆਲੇ ਲਪੇਟ ਲਈਆਂ। ਔਰਤਾਂ ਨੇ ਚੁੰਨੀਆਂ ਤੇ ਦੁਪੱਟਿਆਂ ਨੂੰ ਆਪਣੇ ਦੁਆਲੇ ਵਲ ਲਿਆ। ਕਿਸੇ ਨੇ ਨੰਗਾ ਸਿਰ ਮੇਜ਼ ਹੇਠਾਂ ਲੁਕੋਅ ਲਿਆ ਤੇ ਕਿਸੇ ਨੇ ਮੇਜ਼ਪੋਸ਼ ਹੀ ਖਿੱਚ ਕੇ ਉਤੇ ਲੈ ਲਿਆ। ਭਰੇ ਡੂੰਨਿਆਂ ਦੀ ਕਿਸੇ ਨੇ ਪਰਵਾਹ ਨਹੀਂ ਕੀਤੀ ਕਿ ਕਿਧਰ ਰੁੜ੍ਹਦੇ ਤੇ ਡਿਗਦੇ ਹਨ? ਡੂਮਣੇ ਦੇ ਹਮਲੇ ਨੇ ਸਭ ਨੂੰ ਆਪੋ ਧਾਪੀ ਪਾ ਦਿੱਤੀ ਸੀ। ਗੁੱਸੇ 'ਚ ਆਈਆਂ ਮੱਖੀਆਂ ਮੂੰਹ, ਸਿਰ, ਹੱਥ, ਬਾਹਾਂ, ਧੌਣ, ਸਰੀਰ ਦਾ ਜੋ ਵੀ ਨੰਗਾ ਹਿੱਸਾ ਸੀ ਡੰਗ ਮਾਰ ਰਹੀਆਂ ਸਨ। ਸਭ ਤੋਂ ਮੰਦਾ ਹਾਲ ਘੋਨ ਮੋਨਿਆਂ ਦਾ ਹੋ ਰਿਹਾ ਸੀ। ਉਹ ਜਿਥੇ ਵੀ ਸਿਰ ਫਸਾਉਣ ਜੋਗੀ ਥਾਂ ਲੱਭਦੀ ਸੀ ਮੂੰਹ ਸਿਰ ਛੁਪਾਈ ਬੈਠੇ ਸਨ! ਲਗਭਗ ਅੱਧਾ ਘੰਟਾ ਡੂਮਣਾ ਮੈਚ ਚੱਲਿਆ। ਡੂਮਣੇ ਦੇ ਮੁੜ ਜਾਣ ਪਿੱਛੋਂ ਵੀ ਕਈ ਡਰਦੇ ਰਹੇ ਕਿ ਫੇਰ ਨਾ ਆ ਜਾਵੇ। 'ਗੋਲ ਕਿੰਗ' ਬਲਬੀਰ ਸਿੰਘ ਆਪਣੀ ਪੱਗ ਆਪਣੇ ਉਤੋਂ ਦੀ ਲਪੇਟ ਕੇ ਇਕ ਮੇਜ਼ ਹੇਠ ਲੁਕ ਗਿਆ ਸੀ। ਪਰ ਸਿਰੋਂ ਗੰਜਾ ਰਾਮ ਸਰੂਪ ਕੀ ਕਰਦਾ? ਪਾਕਿਸਤਾਨੀ ਪੁਲਿਸ ਦਾ ਸਥਾਨਕ ਚੀਫ ਨਵਾਜ਼ ਹੱਕ ਵੀ ਸਿਰੋਂ ਗੰਜਾ ਸੀ। ਡੂਮਣੇ ਨੇ ਗੰਜਿਆਂ ਦਾ ਉਹ ਹਾਲ ਕੀਤਾ ਕਿ ਮੂੰਹ ਸਿਰ ਗੁਲਗੁਲਿਆਂ ਵਰਗੇ ਗੋਲ ਕਰ ਦਿੱਤੇ। ਰਾਮ ਸਰੂਪ ਦਾ ਨਾ ਹੱਸਦੇ ਦਾ ਪਤਾ ਲੱਗਦਾ ਸੀ ਨਾ ਰੋਂਦੇ ਦਾ!

ਮੁੜ ਪਰੋਸੇ ਲੰਚ ਦੀ ਠੂੰਗਾ ਠਾਂਗੀ ਕਰਨ ਪਿੱਛੋਂ ਟੀਮ ਲਾਹੌਰ ਨੂੰ ਰਵਾਨਾ ਹੋਈ। ਖਿਡਾਰੀ ਹਾਕੀ ਮੈਚ ਦੀਆਂ ਗੱਲਾਂ ਕਰਨ ਦੀ ਥਾਂ ਡੂਮਣੇ ਨਾਲ ਹੋਏ ਮੈਚ ਦੀਆਂ ਗੱਲਾਂ ਕਰਦੇ ਗਏ। ਮੱਖੀਆਂ ਨੂੰ ਦਿੱਤੀਆਂ ਡਾਜਾਂ ਤੇ ਝਕਾਨੀਆਂ ਦੀਆਂ ਸ਼ੇਖ਼ੀਆਂ ਮਾਰਦੇ ਗਏ। ਹਰੇਕ ਨੇ ਆਪਣਾ ਹਾਲ ਦੱਸਿਆ ਕਿ ਉਹ ਕਿਵੇਂ ਬਚਿਆ? ਦੱਸ ਤਾਂ ਰਾਮ ਸਰੂਪ ਵੀ ਸਕਦਾ ਸੀ ਪਰ ਉਹਦਾ ਸਰੂਪ ਹੀ ਵਿਗੜਿਆ ਪਿਆ ਸੀ। ਨਾ ਮੂੰਹ ਦਾ ਪਤਾ ਲੱਗਦਾ ਸੀ ਨਾ ਨੱਕ ਦਾ ਕਿ ਕਿਥੇ ਐ! ਬੇਸ਼ਕ ਡੂਮਣੇ ਨੇ ਲੰਚ ਪਾਰਟੀ ਦਾ ਸੁਆਦ ਮਾਰ ਦਿੱਤਾ ਸੀ ਪਰ ਖਿਡਾਰੀਆਂ ਨੇ ਹੱਸਣ ਹਸਾਉਣ ਦੀ ਡੰਝ ਲਾਹ ਦਿੱਤੀ ਸੀ। ਉਹ ਬੱਚਿਆਂ ਵਾਂਗ ਹਸਦੇ ਲਾਹੌਰ ਪੁੱਜੇ। ਠਾਣੇਦਾਰ ਬਖ਼ਸ਼ੀਸ਼ ਸਿੰਘ ਨੇ ਤੋੜਾ ਝਾੜਿਆ, "ਆਪਾਂ ਕਾਹਦੇ ਠਾਣੇਦਾਰ ਆਂ? ਆਪਾਂ ਨੂੰ ਤਾਂ ਮੱਖੀਆਂ ਨੇ ਹੀ ਵਾਹਣੀਂ ਪਾ ਛੱਡਿਆ!"

1950ਵਿਆਂ ਵਿਚ ਹਾਕੀ ਵਾਂਗ ਕ੍ਰਿਕਟ, ਅਥਲੈਟਿਕਸ ਤੇ ਕਬੱਡੀ ਦੀਆਂ ਇੰਡੋ-ਪਾਕਿ ਟੀਮਾਂ ਦਾ ਵੀ ਇਕ ਦੂਜੇ ਦੇ ਦੇਸ਼ ਜਾ ਕੇ ਖੇਡਣ ਦਾ ਸਿਲਸਿਲਾ ਚੱਲ ਪਿਆ। ਖਿਡਾਰੀਆਂ ਦੀਆਂ ਮਿਲਣੀਆਂ ਦੋਹਾਂ ਮੁਲਕਾਂ ਨੂੰ ਇਕ ਦੂਜੇ ਦੇ ਵਿਸ਼ਵਾਸ ਵਿਚ ਲਿਆਉਣ ਲੱਗੀਆਂ। 1952 ਵਿਚ ਪਾਕਿਸਤਾਨ ਦੀ ਕ੍ਰਿਕਟ ਟੀਮ ਭਾਰਤ ਆਈ ਤੇ 16 ਤੋਂ 19 ਅਕਤੂਬਰ ਨੂੰ ਦਿੱਲੀ ਵਿਖੇ ਟੈਸਟ ਮੈਚ ਖੇਡੀ। 1954 ਵਿਚ ਪਾਕਿ-ਪੰਜਾਬ ਦੀ ਹਾਕੀ ਟੀਮ ਦੂਜੀ ਵਾਰ ਇੰਡੋ ਪੰਜਾਬ 'ਚ ਆ ਕੇ ਕੁਝ ਦੋਸਤਾਨਾ ਮੈਚ ਖੇਡੀ। ਮਾਹੌਲ ਅਜਿਹਾ ਬਣ ਗਿਆ ਕਿ 1947 ਦੇ ਜ਼ਖ਼ਮ ਭਰਨ ਲੱਗ ਪਏ। 1955 ਵਿਚ ਭਾਰਤੀ ਕ੍ਰਿਕਟ ਟੀਮ ਲਾਹੌਰ ਕ੍ਰਿਕਟ ਮੈਚ ਖੇਡਣ ਗਈ ਤਾਂ ਹਜ਼ਾਰਾਂ ਭਾਰਤੀਆਂ ਨੂੰ ਲਾਹੌਰ ਦੇ ਵੀਜ਼ੇ ਮਿਲ ਗਏ ਤੇ ਉਹ ਵੀ ਲਾਹੌਰ ਸ਼ਹਿਰ ਵੇਖਣ ਚਲੇ ਗਏ। ਉਹੀ ਲਾਹੌਰ ਜਿਸ ਬਾਰੇ ਕਹਾਵਤ ਹੈ, ਜੀਹਨੇ ਲਾਹੌਰ ਨਹੀਂ ਵੇਖਿਆ ਉਹ ਜੰਮਿਆ ਹੀ ਨਹੀਂ! ਉਦੋਂ ਲਾਹੌਰ ਦੇ ਤਾਂਗੇ ਤੇ ਰਿਕਸ਼ੇ ਵਾਲਿਆਂ ਨੇ ਭਾਰਤੀ ਦਰਸ਼ਕਾਂ ਤੋਂ ਕਿਰਾਇਆ ਨਹੀਂ ਸੀ ਲਿਆ। ਢਾਬਿਆਂ ਵਾਲਿਆਂ ਨੇ ਖਾਣੇ ਤੇ ਹਲਵਾਈਆਂ ਨੇ ਮਿਠਿਆਈਆਂ ਦੇ ਪੈਸੇ ਨਹੀਂ ਸੀ ਲਏ। ਕਹਿੰਦੇ ਰਹੇ,"ਕਿਉਂ ਸ਼ਰਮਿੰਦੇ ਪਏ ਕਰਦੇ ਓ, ਕੋਈ ਮਹਿਮਾਨਾਂ ਤੋਂ ਵੀ ਪੈਸੇ ਵਸੂਲਦਾ ਏ!"

20 ਮਾਰਚ 1954 ਨੂੰ ਲੁਧਿਆਣੇ ਇੰਡੋ-ਪਾਕਿ ਪੰਜਾਬਾਂ ਦਰਮਿਆਨ ਕਬੱਡੀ ਮੈਚ ਹੋਇਆ ਤਾਂ ਦੋਹਾਂ ਪੰਜਾਬਾਂ ਦੇ ਲੋਕਾਂ ਦਾ ਦੋਹੀਂ ਪਾਸੀਂ ਆਉਣਾ-ਜਾਣਾ ਹੋਰ ਸੌਖਾ ਹੋ ਗਿਆ। 1956 ਵਿਚ ਇੰਡੋ-ਪਾਕਿ ਅਥਲੈਟਿਕਸ ਮੀਟ ਦਿੱਲੀ ਵਿਚ ਹੋਈ। ਸਾਂਝ ਹੋਰ ਵਧੀ। 1960 ਵਿਚ ਇੰਡੋ-ਪਾਕਿ ਮੀਟ ਲਾਹੌਰ ਵਿਚ ਹੋਈ ਤਾਂ ਬੁਰਕਿਆਂ 'ਚ ਰਹਿਣ ਵਾਲੀਆਂ ਬੇਗਮਾਂ ਨੇ ਪੱਗਾਂ ਵਾਲੇ ਸਰਦਾਰ ਭਰਾਵਾਂ ਨੂੰ ਰੱਜ ਕੇ ਤੱਕਿਆ। ਦੋਹਾਂ ਮੁਲਕਾਂ ਦੇ ਆਮ ਲੋਕ ਇਕ ਦੂਜੇ ਨੂੰ ਧਾਅ ਕੇ ਮਿਲੇ। ਮਿਲਣੀਆਂ ਤੇ ਦਾਅਵਤਾਂ ਦੇ ਦੌਰ ਦਿਨ ਰਾਤ ਚੱਲੇ। ਜਦੋਂ ਲੋਕਾਂ ਨੂੰ ਮਜਬੂਰੀ ਵੱਸ ਨਿਖੇੜ ਦਿੱਤਾ ਗਿਆ ਹੋਵੇ ਤੇ ਉਨ੍ਹਾਂ ਨੂੰ ਮਸੀਂ ਮਿਲਣ ਦਾ ਮੌਕਾ ਮਿਲੇ ਤਾਂ ਉਹ ਇੰਜ ਹੀ ਮਿਲਦੇ ਨੇ। ਇਹਦੇ ਬਾਰੇ ਬੜਾ ਕੁਝ ਲਿਖਿਆ ਗਿਆ ਤੇ ਲਿਖਿਆ ਜਾਂਦਾ ਰਹੇਗਾ। ਉਸੇ ਅਥਲੈਟਿਕਸ ਮੀਟ ਵਿਚ ਮਿਲਖਾ ਸਿੰਘ ਨੂੰ ਸਟੇਡੀਅਮ ਵਿਚ ਦੌੜਦਿਆਂ ਵੇਖ ਕੇ ਪਾਕਿਸਤਾਨ ਦੇ ਸਦਰ ਜਨਰਲ ਅਯੂਬ ਖਾਂ ਨੇ ਉਸ ਨੂੰ 'ਫਲਾਈਂਗ ਸਿੱਖ' ਦਾ ਖ਼ਿਤਾਬ ਦਿੱਤਾ ਜੋ ਹਮੇਸ਼ਾ ਲਈ ਉਹਦੇ ਨਾਂ ਨਾਲ ਜੁੜ ਗਿਆ। ਦੋਹਾਂ ਦੇਸ਼ਾਂ ਦੀ ਮਾੜੀ ਕਿਸਮਤ ਇਸ ਕਰਕੇ ਬਣੀ ਕਿ ਦੋਹਾਂ ਦੇਸ਼ਾਂ ਦੇ ਹਾਕਮਾਂ ਨੇ ਆਪੋ ਆਪਣੀਆਂ ਰਾਜਸੀ ਖਾਹਿਸ਼ਾਂ ਪੂਰੀਆਂ ਕਰਨ ਲਈ ਆਮ ਲੋਕਾਂ ਨੂੰ ਇਕ ਦੂਜੇ ਤੋਂ ਨਿਖੇੜੀ ਰੱਖਿਆ। 1962 ਤੋਂ 77 ਤਕ ਹਿੰਦ-ਪਾਕਿ ਟੀਮਾਂ ਦਾ ਇਕ ਦੂਜੇ ਦੇਸ਼ ਆਉਣ ਜਾਣ ਨਾ ਹੋ ਸਕਿਆ। ਇਹਦਾ ਸਭ ਤੋਂ ਵੱਧ ਕਸ਼ਟ ਦੋਹਾਂ ਪੰਜਾਬਾਂ ਦੇ ਲੋਕਾਂ ਨੇ ਭੋਗਿਆ।

ਪੰਜਾਬੀ ਹੁਣ ਪੰਜ ਦਰਿਆਵਾਂ ਦੀ ਧਰਤੀ ਤਕ ਹੀ ਸੀਮਤ ਨਹੀਂ ਰਹੇ। ਐਸੇ ਸੌ ਤੋਂ ਵੱਧ ਮੁਲਕ ਹਨ ਜਿਨ੍ਹਾਂ ਵਿਚ ਥੋੜ੍ਹੇ ਬਹੁਤੇ ਪੰਜਾਬੀ ਵੀ ਵਸਦੇ ਹਨ। ਪੰਜਾਬੀਆਂ ਦਾ ਹੁਣ ਗਲੋਬਲ ਵਾਸਾ ਹੋ ਗਿਆ ਹੈ ਤੇ ਪੰਜਾਬੀ ਗਲੋਬਲ ਭਾਸ਼ਾ ਬਣ ਗਈ ਹੈ। ਜਿਨ੍ਹਾਂ ਮੁਲਕਾਂ 'ਚ ਪੰਜਾਬੀ ਅਜੇ ਤਕ ਨਹੀਂ ਜਾ ਸਕੇ ਹੋਰ ਕੁਝ ਸਾਲਾਂ ਤਕ ਚਲੇ ਜਾਣਗੇ ਕਿਉਂਕਿ ਪੰਜਾਬੀਆਂ ਵਿਚ ਪਰਦੇਸੀਂ ਜਾਣ ਦੀ ਪਰਬਲ ਲੋਚਾ ਹੈ। ਜਦੋਂ ਕਦੇ ਚੰਦ ਜਾਂ ਕਿਸੇ ਹੋਰ ਧਰਤੀ 'ਤੇ ਜਾਣ ਦਾ ਗੇੜ ਬਣਿਆ ਤਾਂ ਪੰਜਾਬੀ ਦੂਲੇ ਕਿਸੇ ਤੋਂ ਪਿੱਛੇ ਨਹੀਂ ਰਹਿਣੇ। ਸੰਭਵ ਹੈ ਕਿਸੇ ਦਿਨ ਚੰਦ ਉਤੇ ਵੀ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦੇ ਮੈਚ ਹੋਣ ਲੱਗ ਪੈਣ!

ਪੰਜਾਬੀ ਜਿਥੇ ਗਏ ਹਨ ਉਥੇ ਆਪਣਾ ਸਭਿਆਚਾਰ ਵੀ ਲੈ ਗਏ ਹਨ। ਐਸੇ ਅਨੇਕਾਂ ਮੁਲਕ ਹਨ ਜਿਨ੍ਹਾਂ ਵਿਚ ਪੰਜਾਬੀ ਖੇਡ ਮੇਲੇ ਲੱਗਣ ਲੱਗੇ ਹਨ। 'ਕੱਲੇ ਅਮਰੀਕਾ ਦੀ ਧਰਤੀ ਉਤੇ ਹੀ ਦਰਜਨਾਂ ਪੰਜਾਬੀ ਖੇਡ ਮੇਲੇ ਲੱਗਦੇ ਹਨ। ਕੈਨੇਡਾ, ਇੰਗਲੈਂਡ, ਇਟਲੀ, ਆਸਟ੍ਰੇਲੀਆ, ਨਿਊਜ਼ੀਲੈਂਡ, ਨਾਰਵੇ, ਸਪੇਨ, ਜਰਮਨੀ, ਬੈਲਜੀਅਮ, ਹਾਲੈਂਡ, ਆਸਟਰੀਆ, ਮਲਾਇਆ, ਸਿੰਘਾਪੁਰ, ਹਾਂਗਕਾਂਗ, ਅਰਬ ਤੇ ਅਫਰੀਕੀ ਦੇਸ਼ਾਂ ਦੇ ਪੰਜਾਬੀ ਖੇਡ ਮੇਲਿਆਂ ਦੀਆਂ ਰਿਪੋਰਟਾਂ ਅਕਸਰ ਪੜ੍ਹਨ ਨੂੰ ਮਿਲਦੀਆਂ ਹਨ। ਪੁਸਤਕ 'ਖੇਡ ਮੇਲੇ ਵੇਖਦਿਆਂ' ਤੇ 'ਮੇਲੇ ਕਬੱਡੀ ਦੇ' ਵਿਚ ਮੈਂ ਸੈਂਕੜੇ ਖੇਡ ਮੇਲਿਆਂ ਦਾ ਜ਼ਿਕਰ ਕੀਤਾ ਹੈ। 2010 ਵਿਚ ਪੰਜਾਬ ਸਰਕਾਰ ਵੱਲੋਂ ਨੌਂ ਮੁਲਕਾਂ ਦੀਆਂ ਕਬੱਡੀ ਟੀਮਾਂ ਦਾ ਵਰਲਡ ਕੱਪ ਕਰਵਾਇਆ ਗਿਆ ਸੀ। ਉਸ ਨੇ ਕੁਲ ਦੁਨੀਆ ਵਿਚ ਵਸਦੇ ਪੰਜਾਬੀਆਂ ਦੇ ਰੋਮ-ਰੋਮ ਵਿਚ ਝਰਨਾਟਾਂ ਛੇੜ ਦਿੱਤੀਆਂ ਸਨ। ਦਸ ਦਿਨ ਕੁਲ ਆਲਮ ਦੇ ਪੰਜਾਬੀ ਕਬੱਡੀਓ-ਕਬੱਡੀ ਹੋਏ ਰਹੇ।

ਸਮੇਂ ਦੀ ਲੋੜ ਹੈ ਕਿ ਹਰ ਚਾਰ ਸਾਲਾਂ ਬਾਅਦ ਓਲੰਪਿਕ ਖੇਡਾਂ ਦੀ ਤਰਜ਼ 'ਤੇ 'ਵਿਸ਼ਵ ਪੰਜਾਬੀ ਖੇਡਾਂ' ਹੋਣ। ਇਨ੍ਹਾਂ ਖੇਡਾਂ 'ਚ ਕੁਲ ਦੁਨੀਆ ਵਿਚ ਵਸਦੇ ਪੰਜਾਬੀ ਮੂਲ ਦੇ ਖਿਡਾਰੀ ਭਾਗ ਲੈਣ। ਮਜ਼੍ਹਬਾਂ ਤੇ ਮੁਲਕਾਂ ਦਾ ਕੋਈ ਵਿਤਕਰਾ ਨਾ ਹੋਵੇ। 'ਵਿਸ਼ਵ ਪੰਜਾਬੀ ਖੇਡਾਂ' ਦੇ ਸੰਚਾਰ ਦੀ ਮੁੱਖ ਭਾਸ਼ਾ ਪੰਜਾਬੀ ਹੋਵੇ ਤੇ ਸੰਪਰਕ ਭਾਸ਼ਾ ਅੰਗਰੇਜ਼ੀ। ਉਹ ਖੇਡਾਂ ਪੰਜਾਬੀ ਸਭਿਆਚਾਰ ਨਾਲ ਓਤ ਪੋਤ ਹੋਣ ਤੇ ਉਨ੍ਹਾਂ ਵਿਚ ਪੰਜਾਬ ਦੀਆਂ ਦੇਸੀ ਖੇਡਾਂ ਵੀ ਸ਼ਾਮਲ ਕੀਤੀਆਂ ਜਾਣ ਜਿਵੇਂ ਕਬੱਡੀ, ਕੁਸ਼ਤੀ, ਰੱਸਾਕਸ਼ੀ, ਗਤਕਾ ਤੇ ਨੇਜ਼ਾਬਾਜੀ ਆਦਿ। ਓਲੰਪਿਕ ਖੇਡਾਂ ਵਾਲੀਆਂ ਆਧੁਨਿਕ ਖੇਡਾਂ ਵੀ ਸ਼ਾਮਲ ਹੋਣ। ਵੱਖ ਵੱਖ ਮੁਲਕਾਂ ਵਿਚ ਵੱਸਦੇ ਪੰਜਾਬੀ ਆਪੋ ਆਪਣੇ ਮੁਲਕਾਂ ਵੱਲੋਂ ਜਾਂ ਆਜ਼ਾਦ ਤੌਰ 'ਤੇ ਖੇਡਾਂ ਵਿਚ ਭਾਗ ਲੈ ਸਕਣ। ਇਹਦੇ ਨਾਲ ਪੰਜਾਬੀਅਤ ਦੀ ਸਾਂਝ ਹੋਰ ਮਜ਼ਬੂਤ ਹੋਵੇਗੀ ਤੇ ਪੰਜਾਬੀ ਕੌਮ ਵਿਸ਼ਵ ਪੱਧਰ 'ਤੇ ਆਪਣੀ ਹੋਂਦ ਜਤਲਾ ਸਕੇਗੀ। ਇਉਂ ਪੰਜਾਬੀਅਤ ਦਾ ਜਜ਼ਬਾ ਪ੍ਰਫੁੱਲਤ ਹੋਣ ਨਾਲ ਸੌੜੀਆਂ ਫਿਰਕੂ ਸੋਚਾਂ ਨੂੰ ਢਾਹ ਲੱਗੇਗੀ।

ਦੋ ਸਾਲ ਜਾਂ ਚਾਰ ਸਾਲਾਂ ਬਾਅਦ ਇਹ ਖੇਡਾਂ ਬਦਲਵੇਂ ਦੇਸ਼ ਵਿਚ ਹੋਣ ਜਿਵੇਂ ਹੋਰ ਖੇਡਾਂ ਹੁੰਦੀਆਂ ਹਨ। ਪਹਿਲਾਂ ਇਹ ਸੀਮਤ ਪੱਧਰ 'ਤੇ ਸ਼ੁਰੂ ਕਰ ਕੇ ਸਮੇਂ ਨਾਲ ਵਧਾਈਆਂ ਜਾ ਸਕਦੀਆਂ ਹਨ। ਏਥਨਜ਼ ਦੀਆਂ ਪਹਿਲੀਆਂ ਓਲੰਪਿਕ ਖੇਡਾਂ ਵਿਚ 14 ਮੁਲਕਾਂ ਦੇ 200 ਖਿਡਾਰੀ ਹੀ ਸ਼ਾਮਲ ਹੋਏ ਸਨ ਤੇ ਦਿੱਲੀ ਦੀਆਂ ਪਹਿਲੀਆਂ ਏਸ਼ਿਆਈ ਖੇਡਾਂ ਵਿਚ ਵੀ 11 ਦੇਸ਼ਾਂ ਦੇ 489 ਖਿਡਾਰੀਆਂ ਨੇ ਹੀ ਭਾਗ ਲਿਆ ਸੀ। ਅੱਜ ਉਨ੍ਹਾਂ ਖੇਡਾਂ ਵਿਚ ਸੈਂਕੜੇ ਮੁਲਕ ਤੇ ਹਜ਼ਾਰਾਂ ਖਿਡਾਰੀ ਭਾਗ ਲੈ ਰਹੇ ਹਨ। ਉਮੀਦ ਹੈ ਖੇਡਾਂ ਨਾਲ ਜੁੜੇ ਖਿਡਾਰੀ, ਸਰਕਾਰਾਂ ਤੇ ਖੇਡ ਅਧਿਕਾਰੀ 'ਵਿਸ਼ਵ ਪੰਜਾਬੀ ਖੇਡਾਂ' ਦੇ ਵਿਚਾਰ ਉਤੇ ਗ਼ੌਰ ਕਰਨਗੇ। ਅਜੋਕੀ ਸਰਕਾਰ 'ਖੇਡਾਂ ਵਤਨ ਪੰਜਾਬ ਦੀਆਂ' ਨੂੰ ਪੰਜਾਬੀ ਪਰਵਾਸੀਆਂ ਦੇ ਸਹਿਯੋਗ ਨਾਲ 'ਵਿਸ਼ਵ ਪੰਜਾਬੀ ਖੇਡਾਂ' ਤਕ ਵੀ ਪੁਚਾ ਸਕਦੀ ਹੈ।

ਦੋਹਾਂ ਪੰਜਾਬਾਂ ਦੀ ਬਦਕਿਸਮਤੀ ਹੈ ਕਿ ਇੰਡੋ-ਪਾਕਿ ਖੇਡ ਮੇਲੇ ਲਗਾਤਾਰ ਨਹੀਂ ਲੱਗੇ। ਕਸ਼ਮੀਰ ਦੇ ਰੇੜਕੇ ਨੇ ਗੁਆਂਢੀ ਮੁਲਕਾਂ ਦੇ ਗੁਆਂਢਪੁਣੇ ਨੂੰ ਦੁਸ਼ਮਣੀ ਵਿਚ ਬਦਲੀ ਰੱਖਿਆ। ਪਹਿਲਾਂ ਪੰਜਾਬ ਤੇ ਬੰਗਾਲ ਨੂੰ ਨਰਕ ਬਣਾਇਆ ਤੇ ਫਿਰ ਕਸ਼ਮੀਰ ਨੂੰ ਜਹੰਨਮ ਬਣਾ ਦਿੱਤਾ। ਦੋਹਾਂ ਪੰਜਾਬਾਂ ਦੀ ਤਰੱਕੀ ਦੇ ਰਾਹ 'ਚ ਵੱਡੀ ਰੁਕਾਵਟ ਇਹੋ ਹੈ ਕਿ ਦੋਹੇਂ ਭਾਰਤ-ਪਾਕਿ ਬਾਰਡਰ ਉਤੇ ਹਨ ਜਿਥੇ ਲੜਾਈ ਛੇੜ ਦੇਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਲੜਾਈ ਦੀ ਬਹੁਤੀ ਮਾਰ ਬਾਰਡਰ ਵਾਲਿਆਂ ਨੂੰ ਹੀ ਪੈਂਦੀ ਹੈ। ਕਸ਼ਮੀਰ ਦੇ ਨਾਂ ਉਤੇ ਜਿਹੜੀ ਵੀ ਲੜਾਈ ਲੱਗਦੀ ਹੈ ਉਹਦਾ ਬਹੁਤਾ ਸੇਕ ਦੋਹਾਂ ਪਾਸਿਆਂ ਦੇ ਪੰਜਾਬੀਆਂ ਨੂੰ ਲੱਗਦਾ ਹੈ। ਪੰਜਾਬ ਵਿਚ ਵੱਡੀ ਇੰਡਸਟਰੀ ਇਸੇ ਬਹਾਨੇ ਨਹੀਂ ਲਾਈ ਜਾਂਦੀ ਕਿ ਪੰਜਾਬ ਤੋਪਾਂ ਤੇ ਡਰੋਨਾਂ ਦੀ ਮਾਰ ਹੇਠ ਹੈ। ਹੋਰ ਤਾਂ ਹੋਰ ਪੰਜਾਬ ਦੇ ਹਵਾਈ ਮੁਸਾਫ਼ਰਾਂ ਲਈ ਅੰਮ੍ਰਿਤਸਰ ਦਾ ਹਵਾਈ ਅੱਡਾ ਵੀ ਓਡਾ ਵੱਡਾ ਕੌਮਾਂਤਰੀ ਅੱਡਾ ਨਹੀਂ ਬਣਾਇਆ ਗਿਆ ਜਿੱਡੇ ਦੀ ਲੋੜ ਸੀ। ਇਸੇ ਕਰਕੇ ਲੱਖਾਂ ਪੰਜਾਬੀ ਮੁਸਾਫ਼ਿਰ ਦਿੱਲੀ ਦੇ ਧੱਕੇ ਖਾਣ ਲਈ ਮਜਬੂਰ ਹਨ।


ਜੇਕਰ ਅਮਨ ਅਮਾਨ ਰਹੇ ਤਾਂ ਸਮੁੰਦਰੀ ਬੰਦਰਗਾਹਾਂ ਵਾਂਗ ਖੁਸ਼ਕ ਸਰਹੱਦਾਂ ਦੇ ਸ਼ਹਿਰ ਸਗੋਂ ਵਧੇਰੇ ਵਿਕਾਸ ਕਰਨ। ਅਮਨ ਅਮਾਨ ਰਵ੍ਹੇ ਤਾਂ ਆਪਸੀ ਵਪਾਰ ਵਧ ਫੁੱਲ ਸਕਦੈ। ਅੰਮ੍ਰਿਤਸਰ ਤੇ ਲਾਹੌਰ, ਫਿਰੋਜ਼ਪੁਰ ਤੇ ਕਸੂਰ, ਫਾਜ਼ਿਲਕਾ ਤੇ ਮੁਲਤਾਨ ਸੜਕੀ ਢੋਆ-ਢੁਆਈ ਨਾਲ ਵਪਾਰ ਦੇ ਵੱਡੇ ਕੇਂਦਰ ਬਣ ਸਕਦੇ ਹਨ। ਪੰਜਾਬ ਦੀ ਵੰਡ ਨਾ ਹੁੰਦੀ ਤਾਂ ਏਸ਼ੀਆ ਦੀ ਸਭ ਤੋਂ ਵੱਡੀ ਉੱਨ ਮੰਡੀ ਫਾਜ਼ਿਲਕਾ ਤੋਂ ਹੈੱਡ ਸੁਲੇਮਾਨਕੀ ਨਾਲ ਜਾ ਲੱਗਣੀ ਸੀ ਤੇ ਕਰਤਾਰਪੁਰ ਸਾਹਿਬ ਡੇਰਾ ਬਾਬਾ ਨਾਨਕ ਨਾਲ ਆ ਲੱਗਣਾ ਸੀ। ਹੁਣ ਵੀ ਬੀਤ ਗਏ 'ਤੇ ਝੂਰਨ ਦੀ ਥਾਂ ਉਹਤੋਂ ਸਬਕ ਸਿੱਖਣ ਦੀ ਲੋੜ ਹੈ।


*(ਬਾਕੀ ਅਗਲੇ ਸਫੇ 'ਤੇ)*


# ਆਜ਼ਾਦ ਭਾਰਤ ਦੇ ਸਫ਼ਰ ਦੀਆਂ ਗਵਾਹ ਪੰਜਾਹ ਪੁਸਤਕਾਂ

ਉੱਘੀ ਕਵਿੱਤਰੀ ਸਿਲਵੀਆ ਪਲੈਥ ਅਨੁਸਾਰ "ਕਿਤਾਬ ਵਰਗੀ ਕੋਈ ਕਿਸ਼ਤੀ ਨਹੀਂ।" ਚੰਗੀਆਂ ਕਿਤਾਬਾਂ ਸਾਨੂੰ ਦੁਨੀਆਂ ਨੂੰ ਵਾਚਣ ਦੀ ਨਵੀਂ ਸੂਝ ਦਿੰਦੀਆਂ ਹਨ। ਇਸ ਲੇਖ ਵਿਚ ਉੱਘਾ ਇਤਿਹਾਸਕਾਰ ਅਤੇ ਚਿੰਤਕ ਰਾਮਚੰਦਰ ਗੁਹਾ ਉਨ੍ਹਾਂ ਕਿਤਾਬਾਂ ਨਾਲ ਸਾਡੀ ਮੁਲਾਕਾਤ ਕਰਵਾਉਂਦਾ ਹੈ ਜਿਹੜੀਆਂ ਆਧੁਨਿਕ ਭਾਰਤ ਵਿਚ ਪਣਪੇ ਵਿਚਾਰਾਂ, ਤਹਿਰੀਕਾਂ ਤੇ ਲੋਕਾਂ ਦੇ ਆਪਸੀ ਰਿਸ਼ਤਿਆਂ ਦੇ ਵੱਖ-ਵੱਖ ਪਹਿਲੂਆਂ ਨੂੰ ਉਜਾਗਰ ਕਰਦੀਆਂ ਹਨ।

ਰਾਮਚੰਦਰ ਗੁਹਾ







ਪਿਛਲੇ ਮਹੀਨੇ ਲਿਖੇ ਇਕ ਲੇਖ ਵਿਚ ਮੈਂ ਆਜ਼ਾਦੀ ਤੋਂ ਬਾਅਦ ਭਾਰਤ ਦੀਆਂ ਜਮਹੂਰੀ ਸੰਸਥਾਵਾਂ ਦਾ ਸੰਖੇਪ ਲੇਖਾ-ਜੋਖਾ ਕੀਤਾ ਸੀ। ਹਥਲੇ ਲੇਖ ਵਿਚ ਮੈਂ ਕੁਝ ਅਜਿਹੀਆਂ ਕਿਤਾਬਾਂ ਦੀ ਸੂਚੀ ਪੇਸ਼ ਕਰ ਰਿਹਾ ਹਾਂ ਜਿਨ੍ਹਾਂ ਦੇ ਅਧਿਐਨ ਨਾਲ ਮੈਨੂੰ ਸਾਡੇ ਗਣਰਾਜ ਦੇ ਜਟਿਲ ਚਰਿੱਤਰ ਨੂੰ ਸਮਝਣ ਵਿਚ ਮਦਦ ਮਿਲੀ ਸੀ। ਆਪਣੀ ਦਿਲਚਸਪੀ ਦੇ ਲਿਹਾਜ਼ ਤੋਂ ਮੈਂ ਪਝੱਤਰ ਕਿਤਾਬਾਂ ਦੀ ਚੋਣ ਕਰਨਾ ਚਾਹੁੰਦਾ ਸਾਂ ਤਾਂ ਕਿ ਪਾਠਕਾਂ ਨੂੰ ਆਪਣੀ ਚੋਣ ਕਰਨ ਵਿਚ ਸੌਖ ਹੋ ਸਕੇ ਪਰ ਇਸ ਕਾਲਮ ਵਿਚ ਪਝੱਤਰ ਕਿਤਾਬਾਂ ਦੀ ਸੰਖੇਪ ਜਿਹੀ ਵਿਆਖਿਆ ਨੂੰ ਵੀ ਸਮੇਟਣਾ ਬਹੁਤ ਔਖਾ ਹੋਵੇਗਾ। ਇਸ ਲਈ ਮੈਂ ਪੰਜਾਹ ਕਿਤਾਬਾਂ ਦੀ ਚੋਣ ਕੀਤੀ ਹੈ। ਇਸ ਨੂੰ ਮੈਂ 1947 ਤੋਂ ਬਾਅਦ ਦੇ ਅਰਸੇ ਤਕ ਸੀਮਤ ਕੀਤਾ ਹੈ; ਜੋ ਭਾਰਤੀ ਇਤਿਹਾਸ ਦੀ ਪੁਸਤਕ ਸੂਚੀ ਦੀ ਬਜਾਏ 'ਸੁਤੰਤਰ ਭਾਰਤ' ਦੀ ਫ਼ਹਿਰਿਸਤ ਬਣੇਗੀ। ਹਰੇਕ ਕਿਤਾਬ ਦੀ ਪਹਿਲੀ ਪ੍ਰਕਾਸ਼ਨ ਮਿਤੀ ਨਾਲ ਦਿੱਤੀ ਜਾ ਰਹੀ ਹੈ।

ਸੂਚੀ ਦੀ ਸ਼ੁਰੂਆਤ ਗ੍ਰੈਨਵਿਲੇ ਆਸਟਿਨ ਦੀ 'ਦਿ ਇੰਡੀਅਨ ਕਾਂਸਟੀਚਿਊਸ਼ਨ: ਕੌਰਨਰਸਟੋਨ ਆਫ ਏ ਰਿਪਬਲਿਕ' (1966) ਨਾਲ ਕਰ ਰਿਹਾ ਹਾਂ ਜੋ ਸੰਵਿਧਾਨ ਦੇ ਨਿਰਮਾਣ ਮੌਕੇ ਹੋਈਆਂ ਬਹਿਸਾਂ ਦਾ ਸ਼ਾਨਦਾਰ ਬਿਰਤਾਂਤ ਹੈ। ਇਸ ਦੇ ਨਾਲ ਹੀ ਨੀਰਜ ਗੋਪਾਲ ਜਯਾਲ ਦੀ 'ਸਿਟੀਜ਼ਨਸ਼ਿਪ ਐਂਡ ਇਟਸ ਡਿਸਕੰਟੈਂਟਸ: ਐਨ ਇੰਡੀਅਨ ਹਿਸਟਰੀ' (2013) ਨੂੰ ਨਾਲ ਲਿਆ ਜਾ ਸਕਦਾ ਹੈ ਜਿਸ ਦਾ ਕਾਲ ਖੰਡ ਜ਼ਿਆਦਾ ਵਸੀਹ ਅਤੇ ਇਸ ਦੀ ਸਮਾਜਿਕ ਪਹੁੰਚ ਜ਼ਿਆਦਾ ਗਹਿਰੀ ਹੈ।

ਆਜ਼ਾਦ ਰਾਸ਼ਟਰ ਦੇ ਤੌਰ 'ਤੇ ਸਾਡੇ ਪਹਿਲੇ ਦਹਾਕੇ ਦੌਰਾਨ ਹੋਈਆਂ ਸਭ ਤੋਂ ਅਹਿਮ ਘਟਨਾਵਾਂ ਵਿਚ ਸ਼ਾਹੀ ਰਿਆਸਤਾਂ ਦਾ ਏਕੀਕਰਨ ਅਤੇ ਭਾਸ਼ਾ ਦੇ ਆਧਾਰ 'ਤੇ ਸੂਬਿਆਂ ਦਾ ਗਠਨ ਸ਼ਾਮਲ ਸੀ। ਪਹਿਲੇ ਵਿਸ਼ੇ 'ਤੇ ਵੀ.ਪੀ. ਮੈਨਨ ਦੀ 'ਇੰਟੈਗ੍ਰੇਸ਼ਨ ਇੰਡੀਅਨ ਸਟੇਟਸ' (1956) ਇਕ ਬਿਹਤਰੀਨ ਕਿਤਾਬ ਹੈ। (ਕਿਤਾਬ ਦਾ ਲੇਖਕ ਸਰਦਾਰ ਪਟੇਲ ਨਾਲ ਜੁੜ ਕੇ ਕੰਮ ਕਰਦਾ ਰਿਹਾ ਹੈ ਤੇ ਏਕੀਕਰਨ ਦੇ ਅਮਲ ਦਾ ਇਕ ਅਹਿਮ ਕਾਰਕ ਰਿਹਾ ਹੈ।) ਭਾਸ਼ਾਈ ਸੂਬਿਆਂ ਬਾਰੇ ਰੌਬਰਟ ਡੀ. ਕਿੰਗ ਦੀ ਕਿਤਾਬ 'ਨਹਿਰੂ ਐਂਡ ਦਿ ਲੈਂਗੁਏਜ ਪਾਲਿਟਿਕਸ ਆਫ ਇੰਡੀਆ' (1997) ਪੜ੍ਹਨਯੋਗ ਹੈ।

ਇਸ ਤੋਂ ਬਾਅਦ ਮੈਂ ਪ੍ਰਮੁੱਖ ਇਤਿਹਾਸਕ ਹਸਤੀਆਂ ਦੀਆਂ ਜੀਵਨੀਆਂ ਨੂੰ ਲੈਂਦਾ ਹਾਂ। ਇਸ ਵੰਨਗੀ ਵਿਚ ਵਾਲਟਰ ਕਰੌਕਰ ਦੀ 'ਨਹਿਰੂ: ਏ ਕੰਟੈਂਪ੍ਰੇਰੀ'ਜ਼ ਐਸਟੀਮੇਟ' (1966), ਰਾਜਮੋਹਨ ਗਾਂਧੀ ਦੀ 'ਪਟੇਲ: ਏ ਲਾਈਫ' (1990), ਕੈਥਰੀਨ ਫ੍ਰੈਂਕ ਦੀ 'ਇੰਦਰਾ: ਦਿ ਲਾਈਫ ਆਫ ਇੰਦਰਾ ਨਹਿਰੂ ਗਾਂਧੀ' (2011), ਸੀ.ਪੀ. ਸ੍ਰੀਵਾਸਤਵ ਦੀ 'ਲਾਲ ਬਹਾਦਰ ਸ਼ਾਸਤਰੀ' (1995), ਧਨੰਜਯ ਕੀਰ ਦੀ 'ਅੰਬੇਡਕਰ' (1954; ਸੋਧਿਆ ਐਡੀਸ਼ਨ, 1990), ਐਲਨ ਅਤੇ ਵੈਂਡੀ ਸਕਾਰਫੀ ਦੀ 'ਜੇਪੀ: ਹਿਜ਼ ਬਾਇਓਗ੍ਰਾਫ਼ੀ' (1975, ਸੋਧਿਆ ਐਡੀਸ਼ਨ 1998) ਅਤੇ ਐਲਨ ਕੈਰੋਲ ਡਿਊਬਸ ਅਤੇ ਵਿਨੈ ਲਾਲ ਦੀ ਸੰਪਾਦਤ 'ਏ ਪੈਸ਼ਨੇਟ ਲਾਈਫ: ਰਾਈਟਿੰਗਜ਼ ਬਾਇ ਐਂਡ ਔਨ ਕਮਲਾਦੇਵੀ ਚਟੋਪਾਧਿਆਏ' (2017) ਸ਼ਾਮਲ ਹਨ।

ਸੁਤੰਤਰ ਭਾਰਤ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਵਿਚ ਸ਼ਾਮਲ ਅੰਬੇਡਕਰ ਤੇ ਨਹਿਰੂ ਚਿੰਤਕ ਵੀ ਗਿਣੇ ਜਾਂਦੇ ਹਨ। ਇਸ ਲਿਹਾਜ਼ ਤੋਂ ਮੈਂ ਵੈਲਰੀਅਨ ਰੌਡਰਿਗਜ਼ ਵਲੋਂ ਸੰਪਾਦਤ 'ਦਿ ਅਸੈਂਸ਼ੀਅਲ ਰਾਈਇੰਗਜ਼ ਆਫ ਬੀ ਆਰ ਅੰਬੇਡਕਰ' (2002) ਅਤੇ ਪੁਰਸ਼ੋਤਮ ਅਗਰਵਾਲ ਵਲੋਂ ਸੰਪਾਦਤ 'ਹੂ ਇਜ਼ ਭਾਰਤ ਮਾਤਾ? ਹਿਸਟਰੀ, ਕਲਚਰ ਐਂਡ ਦਿ ਆਈਡੀਆ ਆਫ ਇੰਡੀਆ : ਰਾਈਟਿੰਗਜ਼ ਬਾਇ ਐਂਡ ਔਨ ਜਵਾਹਰਲਾਲ ਨਹਿਰੂ' (2019) ਦੋਵਾਂ ਨੂੰ ਚੁਣਦਾ ਹਾਂ। ਪਿਛਲੇ ਕੁਝ ਸਮਿਆਂ ਤੋਂ ਆਰ.ਐੱਸ.ਐੱਸ. ਦੇ ਵਿਚਾਰਕ ਐੱਮ.ਐੱਸ. ਗੋਲਵਾਲਕਰ ਦਾ ਪ੍ਰਭਾਵ ਅੰਬੇਡਕਰ ਤੇ ਨਹਿਰੂ ਦੇ ਸਮਾਨ ਜਾਂ ਸ਼ਾਇਦ ਉਨ੍ਹਾਂ ਤੋਂ ਵੀ ਵਧ ਗਿਆ ਹੈ, ਜਿਸ ਕਰਕੇ ਮੈਂ ਉਨ੍ਹਾਂ ਦੀਆਂ ਲਿਖਤਾਂ ਦੇ ਸੰਗ੍ਰਹਿ 'ਬੰਚ ਆਫ ਥੌਟਸ' (1966) ਨੂੰ ਇਸ ਵਿਚ ਸ਼ਾਮਲ ਕੀਤਾ ਹੈ।

ਨੀਰਜ ਗੋਪਾਲ ਜਯਾਲ ਅਤੇ ਪ੍ਰਤਾਪ ਭਾਨੂੰ ਮਹਿਤਾ ਵੱਲੋਂ ਸੰਪਾਦਤ 'ਔਕਸਫੋਰਡ ਕੰਪੈਨੀਅਨ ਟੂ ਇੰਡੀਅਨ ਪਾਲਿਟਿਕਸ' (2010) ਸੁਤੰਤਰ ਭਾਰਤ ਦੇ ਰਾਜਸੀ ਅਮਲ ਦਾ ਬੇਮਿਸਾਲ ਵਿਸ਼ਲੇਸ਼ਣ ਪੇਸ਼ ਕਰਦੀ ਹੈ। ਭਾਰਤ ਵਲੋਂ ਬਾਲਗ ਮਤਦਾਨ ਪ੍ਰਣਾਲੀ ਕਿਵੇਂ ਅਤੇ ਕਿਉਂ ਅਪਣਾਈ ਗਈ ਸੀ, ਇਸ ਬਾਰੇ ਓਰਨਿਤ ਸ਼ਾਨੀ ਦੀ 'ਹਾਓ ਇੰਡੀਆ ਬੀਕੇਮ ਡੈਮੋਕਰੇਸੀ' (2017) ਪੜ੍ਹਨੀ ਚਾਹੀਦੀ ਹੈ। ਚੁਣਾਵੀ ਰਾਜਨੀਤੀ ਦੇ ਸਿਆਹ ਪੱਖਾਂ 'ਤੇ ਝਾਤ ਮਾਰਨ ਲਈ ਮਿਲਨ ਵੈਸ਼ਨਵ ਦੀ 'ਵੈੱਨ ਕ੍ਰਾਈਮ ਪੇਅਜ਼: ਮਨੀ ਐਂਡ ਮਸਲ ਇਨ ਇੰਡੀਅਨ ਪਾਲਿਟਿਕਸ' (2017) ਜ਼ਰੂਰੀ ਹੈ। ਆਰ.ਐੱਸ.ਐੱਸ. ਬਾਰੇ ਬਿਹਤਰੀਨ ਕਿਤਾਬ ਹੈ ਦੇਸ ਰਾਜ ਗੋਇਲ ਦੀ 'ਰਾਸ਼ਟਰੀ ਸਵੈਮਸੇਵਕ ਸੰਘ' (1979)।

ਆਜ਼ਾਦੀ ਤੋਂ ਬਾਅਦ ਆਰਥਿਕ ਨੀਤੀ ਦਾ ਇਤਿਹਾਸ ਫ੍ਰਾਂਸੀਨ ਫ੍ਰੈਂਕਲ ਦੀ 'ਇੰਡੀਆ'ਜ਼ ਪੌਲਿਟੀਕਲ ਇਕੌਨੋਮੀ, 1947-2004' (2005) ਵਿਚ ਰੇਖਾਂਕਤ ਕੀਤਾ ਗਿਆ ਹੈ। ਭਾਰਤ ਦੀਆਂ ਵਰਤਮਾਨ ਆਰਥਿਕ ਚੁਣੌਤੀਆਂ ਦੇ ਅਧਿਐਨ ਲਈ ਨੌਸ਼ਾਦ ਫੋਰਬਸ ਦੀ 'ਦਿ ਸਟਰਗਲ ਐਂਡ ਦਿ ਪ੍ਰੋਮਿਸ: ਰੀਸਟੋਰਿੰਗ ਇੰਡੀਆ'ਜ਼ ਪੋਟੈਂਸ਼ਲ' (2022) ਦੇਖੀ ਜਾਣੀ ਚਾਹੀਦੀ ਹੈ। ਭਾਰਤੀ ਰੱਖਿਆ ਨੀਤੀ ਅਤੇ ਵਿਦੇਸ਼ ਨੀਤੀ ਬਾਰੇ ਸ੍ਰੀਨਾਥ ਰਾਘਵਨ ਦੀ 'ਵਾਰ ਐਂਡ ਪੀਸ ਇਨ ਮਾਡਰਨ ਇੰਡੀਆ' (2009) ਅਤੇ ਸ਼ਿਵ ਸ਼ੰਕਰ ਮੈਨਨ ਦੀ 'ਚੁਆਇਸਜ਼: ਇਨਸਾਈਡ ਦਿ ਮੇਕਿੰਗ ਆਫ ਇੰਡੀਆ'ਜ਼ ਫੌਰੇਨ ਪਾਲਿਸੀ' (2016) ਰਾਹੀਂ ਸ਼ਾਨਦਾਰ ਝਾਤ ਪੁਆਈ ਗਈ ਹੈ। ਸਾਡੇ ਸਭ ਤੋਂ ਵੱਡੇ ਗੁਆਂਢੀ ਮੁਲਕ ਨਾਲ ਜਟਿਲ ਸਬੰਧਾਂ ਨੂੰ ਸਮਝਣ ਲਈ ਮੈਂ ਕਾਂਤੀ ਬਾਜਪੇਈ ਦੀ 'ਇੰਡੀਆ ਵਰਸਿਜ਼ ਚਾਈਨਾ: ਵਾਇ ਦੇ ਆਰ ਨੌਟ ਫ੍ਰੈਂਡਜ਼' (2021) ਪੜ੍ਹਨ ਦੀ ਸਲਾਹ ਦਿੰਦਾ ਹਾਂ।

ਪਾਰਲੀਮੈਂਟ, ਸੁਪਰੀਮ ਕੋਰਟ ਅਤੇ ਸਿਵਲ ਸੇਵਾਵਾਂ ਜਿਹੀਆਂ ਸੰਸਥਾਵਾਂ ਆਧੁਨਿਕ ਸਟੇਟ/ਰਾਜ ਦੀਆਂ ਨੀਹਾਂ ਗਿਣੀਆਂ ਜਾਂਦੀਆਂ ਹਨ। ਇਸ ਸੰਬੰਧ ਵਿਚ ਦੇਵੇਸ਼ ਕਪੂਰ, ਪ੍ਰਤਾਪ ਭਾਨੂ ਮਹਿਤਾ ਅਤੇ ਮਿਲਨ ਵੈਸ਼ਨਵ ਵਲੋਂ ਸੰਪਾਦਤ 'ਰੀਥਿੰਕਿੰਗ ਪਬਲਿਕ ਇੰਸਟੀਚਿਊਸ਼ਨਜ਼ ਇਨ ਇੰਡੀਆ' (2019) ਪੜ੍ਹਨ ਦੀ ਲੋੜ ਹੈ। ਸਟੀਵਨ ਵਿਲਕਿਨਸਨ ਦੀ 'ਆਰਮੀ ਐਂਡ ਨੇਸ਼ਨ: ਦਿ ਮਿਲਟਰੀ ਐਂਡ ਇੰਡੀਅਨ ਡੈਮੋਕਰੇਸੀ' (2015) ਵਿਚ ਭਾਰਤੀ ਫ਼ੌਜ ਸਬੰਧੀ ਵਿਸ਼ਲੇਸ਼ਣ ਕੀਤਾ ਗਿਆ ਹੈ। ਮੀਡੀਆ ਇਕ ਹੋਰ ਅਹਿਮ ਸੰਸਥਾ ਹੈ ਜਿਸ ਦੇ ਪੂਰਵ ਮੋਦੀ/ਗੋਦੀ ਕਾਲ ਦਾ ਲੇਖਾ-ਜੋਖਾ ਰੌਬਿਨ ਜੈਫਰੀ ਦੀ ਕਿਤਾਬ 'ਇੰਡੀਆ'ਜ਼ ਨਿਊਜ਼ਪੇਪਰ ਰੈਵੋਲੂਸ਼ਨ: ਕੈਪਿਟਲਿਜ਼ਮ, ਪਾਲਿਟਿਕਸ ਐਂਡ ਦਿ ਇੰਡੀਅਨ ਲੈਂਗੁਏਜ' (2000) ਵਿਚ ਕੀਤਾ ਗਿਆ ਹੈ।

ਹੁਣ ਆਧੁਨਿਕ ਭਾਰਤ ਦੇ ਸਮਾਜਿਕ ਢਾਂਚੇ ਅਤੇ ਸਮਾਜਿਕ ਤਬਦੀਲੀ ਬਾਰੇ ਕੁਝ ਲਿਖਤਾਂ ਦੀ ਗੱਲ ਕਰਦੇ ਹਾਂ। ਦਿਹਾਤੀ ਖੇਤਰਾਂ ਵਿਚ ਜਾਤੀ ਪ੍ਰਥਾ ਬਾਰੇ ਮੈਂ ਦੋ ਸ਼ਾਹਕਾਰ ਰਚਨਾਵਾਂ ਦੀ ਸਿਫ਼ਾਰਿਸ਼ ਕਰਦਾ ਹਾਂ ਜਿਨ੍ਹਾਂ ਵਿਚ ਇਕ ਹੈ ਭਾਰਤੀ ਲੇਖਕ ਐੱਮ.ਐੱਨ. ਸ੍ਰੀਨਿਵਾਸ ਦੀ 'ਦਿ ਰਿਮੈਂਬਰਡ ਵਿਲੇਜ' (1977) ਅਤੇ ਦੂਜੀ ਹੈ ਡੱਚ ਵਿਦਵਾਨ ਜੌਨ ਬ੍ਰੇਮਨ ਦੀ 'ਪੈਟਰੋਨੇਜ ਐਂਡ ਐਕਸਪਲੌਇਟੇਸ਼ਨ' (1974)। ਸੁਤੰਤਰ ਭਾਰਤ ਵਿਚ ਮੁਸਲਮਾਨਾਂ ਦੀ ਹੈਸੀਅਤ ਅਤੇ ਅਸਮੰਜਸ ਨੂੰ ਮੁਸ਼ੀਰੁਲ ਹਸਨ ਦੀ 'ਲੈਗੇਸੀ ਆਫ ਏ ਡਿਵਾਈਡਡ ਨੇਸ਼ਨ; ਇੰਡੀਆ'ਜ਼ ਮੁਸਲਿਮ ਸਿੰਸ ਇੰਡੀਪੈਂਡੈਂਸ' (1997) ਬਾਖ਼ੂਬੀ ਬਿਆਨ ਕਰਦੀ ਹੈ। ਕਬਾਇਲੀਆਂ ਦੀ ਹੈਸੀਅਤ ਤੇ ਅਸਮੰਜਸ ਬਾਰੇ ਜਾਣਨ ਲਈ ਨੰਦਿਨੀ ਸੁੰਦਰ ਵੱਲੋਂ ਸੰਪਾਦਤ 'ਦਿ ਸ਼ਡਿਊਲਡ ਟ੍ਰਾਈਬਜ਼ ਐਂਡ ਦਿਅਰ ਇੰਡੀਆ' (2016) ਪੜ੍ਹੀ ਜਾਣੀ ਚਾਹੀਦੀ ਹੈ।

ਭਾਰਤੀ ਸੰਘ ਦੇ ਸੂਬਿਆਂ ਦਰਮਿਆਨ ਸਮਾਜਿਕ, ਸਭਿਆਚਾਰਕ, ਸਿਆਸੀ ਅਤੇ ਵਾਤਾਵਰਣਕ ਪੱਖਾਂ ਤੋਂ ਬਹੁਤ ਜ਼ਿਆਦਾ ਵਖਰੇਵੇਂ ਹਨ। ਅਫ਼ਸੋਸ ਦੀ ਗੱਲ ਹੈ ਕਿ ਇਨ੍ਹਾਂ ਦੇ ਮੁਤੱਲਕ ਵਿਦਵਾਨਾਂ ਵਲੋਂ ਰਚੀਆਂ ਖੋਜ ਭਰਪੂਰ ਲਿਖਤਾਂ ਘੱਟ ਹੀ ਹਨ ਪਰ ਫਿਰ ਵੀ ਰੌਬਿਨ ਜੈਫਰੀ ਦੀ 'ਪਾਲਿਟਿਕਸ, ਵਿਮੈਨ ਐਂਡ ਵੈਲ ਬੀਇੰਗ: ਹਾਓ ਕੇਰਲਾ ਬੀਕੇਮ ਏ ਮਾਡਲ' (1992) ਅਤੇ ਤਾਮਿਲ ਨਾਡੂ ਦੇ ਸੰਦਰਭ ਵਿਚ ਨਰੇਂਦਰ ਸੁਬਰਾਮਣੀਅਨ ਦੀ 'ਐਥਨੀਸਿਟੀ ਐਂਡ ਪਾਪੂਲਿਸਟ ਮੋਬਲਾਈਜ਼ੇਸ਼ਨ' (1999) ਅਪਵਾਦ ਗਿਣੀਆਂ ਜਾਂਦੀਆਂ ਹਨ।

ਸਮਾਜਿਕ ਲਹਿਰਾਂ ਦੇ ਸਬੰਧ ਵਿਚ ਦਲਿਤ ਅੰਦੋਲਨ ਬਾਰੇ ਡੀ.ਆਰ. ਨਾਗਰਾਜ ਦੀ 'ਦਿ ਫਲੇਮਿੰਗ ਫੀਟ: ਦਿ ਦਲਿਤ ਮੂਵਮੈਂਟ ਇਨ ਇੰਡੀਆ' (2010), ਔਰਤਾਂ ਦੀ ਲਹਿਰ ਬਾਰੇ ਰਾਧਾ ਕੁਮਾਰ ਦੀ 'ਏ ਹਿਸਟਰੀ ਆਫ ਡੂਇੰਗ: ਐਨ ਇਲੱਸਟ੍ਰੇਟਿਡ ਅਕਾਊਂਟ ਆਫ ਮੂਵਮੈਂਟ ਫਾਰ ਵਿਮੈਨ'ਜ਼ ਰਾਈਟਸ ਐਂਡ ਫੈਮਿਨਿਜ਼ਮ' (1993); ਪਛੜੇ ਤਬਕਿਆਂ ਦੇ ਸੰਘਰਸ਼ ਬਾਰੇ ਕ੍ਰਿਸਟੋਫ ਜੈਫਰਲੋ ਦੀ ਕਿਤਾਬ 'ਇੰਡੀਆ'ਜ਼ ਸਾਇਲੈਂਟ ਰੈਵੋਲੂਸ਼ਨ' (2003); ਵਾਤਾਵਰਨ ਲਹਿਰਾਂ ਮੁਤੱਲਕ ਸ਼ੇਖਰ ਪਾਠਕ ਦੀ 'ਦਿ ਚਿਪਕੋ ਮੂਵਮੈਂਟ: ਏ ਪੀਪਲਜ਼ ਹਿਸਟਰੀ' (2020) ਪੜ੍ਹਨ ਦੀ ਸਲਾਹ ਦਿੱਤੀ ਜਾਂਦੀ ਹੈ।

ਅਗਾਂਹ, ਕੁਝ ਲਿਖਤਾਂ ਭਾਰਤ ਦੇ ਕੁਝ ਪ੍ਰਮੁੱਖ ਟਕਰਾਅ ਖੇਤਰਾਂ 'ਤੇ ਕੇਂਦਰਤ ਹਨ। ਕਸ਼ਮੀਰ ਵਿਵਾਦ ਦੀ ਪੈਦਾਇਸ਼ ਅਤੇ ਉਭਾਰ ਬਾਰੇ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ ਗਈਆਂ ਹਨ ਜਿਨ੍ਹਾਂ ਦੀ ਮੁੱਢਲੀ ਕਤਾਰ ਵਿਚੋਂ ਸਿਸਿਰ ਗੁਪਤਾ ਦੀ 'ਕਸ਼ਮੀਰ: ਏ ਸਟੱਡੀ ਇਨ ਇੰਡੀਆ-ਪਾਕਿਸਤਾਨ ਰਿਲੇਸ਼ਨਜ਼' (1965) ਆਉਂਦੀ ਹੈ ਜਿਸ ਵਿਚ ਇਸ ਗੱਲ ਦੀ ਚਰਚਾ ਕੀਤੀ ਗਈ ਹੈ ਕਿ ਕਸ਼ਮੀਰ ਵਾਦੀ 'ਤੇ ਕਬਜ਼ਾ ਭਾਰਤ ਅਤੇ ਪਾਕਿਸਤਾਨ ਦੋਵਾਂ ਦੇ ਕੌਮੀ ਮਿੱਥਾਂ ਲਈ ਐਨਾ ਅਹਿਮ ਕਿਉਂ ਹੈ। ਹੋਰਨਾਂ ਟਕਰਾਅ ਬਿੰਦੂਆਂ 'ਚੋਂ ਉੱਤਰ ਪੂਰਬ ਬਾਰੇ ਸੰਜੀਬ ਬਰੂਆ ਦੀ 'ਇਨ ਦਿ ਨੇਮ ਆਫ ਨੇਸ਼ਨ: ਇੰਡੀਆ ਐਂਡ ਇਟਸ ਨੌਰਥ ਈਸਟ' (2020) ਝਾਤ ਪੁਆਉਂਦੀ ਹੈ। ਮੱਧ ਭਾਰਤ ਅੰਦਰ ਚੱਲ ਰਹੇ ਮਾਓਵਾਦੀ ਵਿਦਰੋਹ ਅਤੇ ਇਸ ਦੇ ਵਡੇਰੇ ਅਸਰ ਬਾਰੇ ਨੰਦਿਨੀ ਸੁੰਦਰ ਦੀ 'ਦਿ ਬਰਨਿੰਗ ਫੌਰੈਸਟ' (2016) ਪੜ੍ਹਨੀ ਚਾਹੀਦੀ ਹੈ।

ਹੁਣ ਤਕ ਜੋ ਵੀ ਕਿਤਾਬਾਂ ਸ਼ੁਮਾਰ ਕੀਤੀਆਂ ਗਈਆਂ ਹਨ ਉਹ ਵਿਦਵਾਨੀ ਕਿਰਤਾਂ ਹਨ ਜੋ ਗਹਿਰੀ ਖੋਜ 'ਤੇ ਆਧਾਰਿਤ ਹਨ ਅਤੇ ਇਨ੍ਹਾਂ ਵਿਚ ਪਦ ਟਿੱਪਣੀਆਂ ਤੇ ਹਵਾਲੇ ਦਿੱਤੇ ਗਏ ਹਨ। ਹੁਣ ਮੈਂ ਕੁਝ ਕਿਤਾਬਾਂ ਨੂੰ ਹਰਮਨਪਿਆਰਤਾ ਅੰਦਾਜ਼ ਤੋਂ ਸ਼ੁਮਾਰ ਕਰਨਾ ਚਾਹੁੰਦਾ ਹਾਂ। ਇਸ ਪੱਖ ਤੋਂ ਜੀਆਂ ਦ੍ਰੇਜ਼ ਦੀ 'ਸੈਂਸ ਐਂਡ ਸੌਲਿਡੈਰਿਟੀ: ਝੋਲਾਵਾਲਾ ਇਕਨੌਮਿਕਸ ਫਾਰ ਐਵਰੀਵਨ' (2017), ਆਂਦਰੇ ਬੈਟਿਲੇ ਦੀ 'ਕ੍ਰੋਨੀਕਲਜ਼ ਆਫ ਅਵਰ ਟਾਈਮ' (2000) ਸ਼ਾਮਲ ਹਨ। ਦ੍ਰੇਜ਼ ਨੂੰ ਮੈਂ ਭਾਰਤ ਦਾ ਮੋਢੀ ਵਿਕਾਸ ਅਰਥਸ਼ਾਸਤਰੀ ਅਤੇ ਬੈਟਿਲੇ ਨੂੰ ਬਿਹਤਰੀਨ ਸਮਾਜ ਸ਼ਾਸਤਰੀ ਮੰਨਦਾ ਹਾਂ।

ਹੁਣ ਮੈਂ ਪੱਤਰਕਾਰਾਂ ਦੀਆਂ ਲਿਖੀਆਂ ਚਾਰ ਚੰਗੀਆਂ ਕਿਤਾਬਾਂ ਨੂੰ ਲੈਂਦਾ ਹਾਂ। ਇਨ੍ਹਾਂ ਵਿਚ ਕੈਥਰੀਨ ਬੂ ਦੀ 'ਬਿਹਾਈਂਡ ਦਿ ਬਿਊਟੀਫੁਲ ਫੋਰੈਵਰਜ਼' (2012) ਜੋ ਮੁੰਬਈ ਦੀ ਝੁੱਗੀ-ਝੋਂਪੜੀ ਵਿਚ ਜੀਵਨ ਦਾ ਬਿਹਤਰੀਨ ਬਿਰਤਾਂਤ ਹੈ; ਪੀ. ਸਾਈਨਾਥ ਦੀ 'ਐਵਰੀਬਡੀ ਲਵਜ਼ ਏ ਗੁੱਡ ਡਰਾਊਟ' ਜੋ ਦਿਹਾਤੀ ਭਾਰਤ ਦੀ ਹੋਂਦ ਤੇ ਸੰਘਰਸ਼ ਦੀ ਕਹਾਣੀ ਹੈ, ਰਾਜਦੀਪ ਸਰਦੇਸਾਈ ਦੀ '2019: ਹਾਓ ਮੋਦੀ ਵਨ ਇੰਡੀਆ' (2020), ਜੋ ਸਾਡੀਆਂ ਸਭ ਤੋਂ ਸੱਜਰੀਆਂ ਚੋਣਾਂ ਬਾਰੇ ਇਕ ਪੱਤਰਕਾਰ ਦਾ ਲੇਖਾ-ਜੋਖਾ ਪੇਸ਼ ਕਰਦੀ ਹੈ ਅਤੇ ਮਾਰਕ ਟਲੀ ਦੀ 'ਨੋ ਫੁੱਲ ਸਟੌਪਜ਼ ਇਨ ਇੰਡੀਆ' (1991) ਜੋ ਸ਼ਾਇਦ ਭਾਰਤ ਵਿਚ ਕੰਮ ਕਰਨ ਵਾਲੇ ਇਕ ਮਾਣਮੱਤੇ ਬਿਹਤਰੀਨ ਵਿਦੇਸ਼ੀ ਪੱਤਰਕਾਰ ਵੱਲੋਂ ਲਿਖੇ ਗਏ ਲੇਖਾਂ ਦੀ ਲੜੀ ਹੈ।

ਜਿਵੇਂ ਜੀਵਨੀ ਕਿਸੇ ਖ਼ਾਸ ਸਮੇਂ 'ਤੇ ਕਿਸੇ ਜੀਵਨ ਦੀ ਕਹਾਣੀ ਸਮਾਜਿਕ ਤੇ ਸਿਆਸੀ ਇਤਿਹਾਸ ਦਾ ਝਰੋਖਾ ਹੁੰਦੀ ਹੈ ਤੇ ਉਸੇ ਤਰ੍ਹਾਂ ਸਵੈ-ਜੀਵਨੀ ਵੀ ਹੁੰਦੀ ਹੈ। ਇਸ ਕਰਕੇ ਅਖੀਰ ਵਿਚ ਮੈਂ ਆਪਣੀਆਂ ਕੁਝ ਕੁ ਪਸੰਦੀਦਾ ਸਵੈ-ਜੀਵਨੀਆਂ ਦਾ ਸ਼ੁਮਾਰ ਕਰਨਾ ਚਾਹੁੰਦਾ ਹਾਂ। ਇਨ੍ਹਾਂ 'ਚੋਂ ਦੋ ਦਲਿਤਾਂ ਵਲੋਂ ਲਿਖੀਆਂ ਗਈਆਂ ਹਨ ਜਿਨ੍ਹਾਂ 'ਚੋਂ ਇਕ 'ਐਂਟਸ ਅਮੰਗ ਐਲੀਫੈਂਟਸ' (2017) ਅੰਗਰੇਜ਼ੀ ਵਿਚ ਸੁਜਾਤਾ ਗਿਡਲਾ ਵੱਲੋਂ ਲਿਖੀ ਗਈ ਹੈ ਜਦੋਂਕਿ ਦੂਜੀ ਹਿੰਦੀ ਵਿਚ ਓਮ ਪ੍ਰਕਾਸ਼ ਵਾਲਮੀਕੀ ਵੱਲੋਂ ਲਿਖੀ 'ਜੂਠਨ' ਹੈ, ਜਿਸ ਦਾ ਅੰਗਰੇਜ਼ੀ ਤਰਜਮਾ ਅਰੁਣ ਮੁਖਰਜੀ ਨੇ 2004 ਵਿਚ ਕੀਤਾ। ਇਨ੍ਹਾਂ ਤੋਂ ਇਲਾਵਾ ਦੋ ਔਰਤਾਂ ਵਲੋਂ ਲਿਖੀਆਂ ਗਈਆਂ ਹਨ- ਇਕ ਅੰਗਰੇਜ਼ੀ ਵਿਚ ਮੱਧਵਰਗੀ ਪਦਮਾ ਦੇਸਾਈ ਵੱਲੋਂ 'ਬ੍ਰੇਕਿੰਗ ਆਊਟ' (2012) ਅਤੇ ਦੂਜੀ ਮੂਲ ਰੂਪ ਵਿਚ ਮਰਾਠੀ ਵਿਚ ਮਿਹਨਤਕਸ਼ ਮਲਿਕਾ ਅਮਰ ਸ਼ੇਖ ਵਲੋਂ ਲਿਖੀ ਗਈ ਹੈ, ਜਿਸ ਦਾ ਅੰਗਰੇਜ਼ੀ ਤਰਜਮਾ 'ਆਈ ਵਾਂਟ ਟੂ ਡਿਸਟ੍ਰਾਇ ਮਾਈਸੈਲਫ' (2019) ਜੈਰੀ ਪਿੰਟੋ ਵੱਲੋਂ ਕੀਤਾ ਗਿਆ ਹੈ।

ਇਸ ਸੂਚੀ ਵਿਚ 1950 ਤੋਂ ਲੈ ਕੇ ਹੁਣ ਤੱਕ ਪ੍ਰਕਾਸ਼ਤ ਹੋਈਆਂ ਕਿਤਾਬਾਂ ਨੂੰ ਸ਼ਾਮਲ ਕੀਤਾ ਗਿਆ ਹੈ, ਜਿਸ ਤਹਿਤ ਆਰਥਿਕ, ਸਭਿਆਚਾਰਕ ਜਾਂ ਤਵਾਰੀਖੀ ਕਿਰਤਾਂ ਦੇ ਮੁਕਾਬਲੇ ਸਮਾਜਿਕ ਅਤੇ ਰਾਜਨੀਤਕ ਕਿਤਾਬਾਂ ਦਾ ਪਲੜਾ ਭਾਰੂ ਹੈ। ਉਂਝ, ਮੈਂ ਨਿਊ ਇੰਡੀਆ ਫਾਊਂਡੇਸ਼ਨ ਦੇ ਪ੍ਰਕਾਸ਼ਨ ਹੇਠ ਪ੍ਰਕਾਸ਼ਤ ਹੋਈਆਂ ਕਈ ਪੁਸਤਕਾਂ ਨੂੰ ਇਸ ਕਰਕੇ ਸੂਚੀਬੱਧ ਨਹੀਂ ਕੀਤਾ ਕਿਉਂਕਿ ਮੈਂ ਕਈ ਸਾਲ ਇਸ ਅਦਾਰੇ ਨਾਲ ਜੁੜਿਆ ਰਿਹਾ ਹਾਂ।

ਮੈਨੂੰ ਭਰੋਸਾ ਹੈ ਕਿ ਪਾਠਕ ਇੱਥੇ ਦਰਜ ਕੀਤੀਆਂ ਗਈਆਂ ਪੰਜਾਹ ਕਿਤਾਬਾਂ 'ਚੋਂ ਕੁਝ ਕਿਤਾਬਾਂ ਦਾ ਅਧਿਐਨ ਕਰਨਗੇ। ਇਨ੍ਹਾਂ 'ਚੋਂ ਲਗਭਗ ਸਾਰੀਆਂ ਕਿਤਾਬਾਂ ਦੇ ਸੰਸਕਰਨ ਉਪਲਬਧ ਹਨ ਜੋ ਕੁਝ ਕੁ ਉਪਲਬਧ ਨਹੀਂ ਹਨ, ਉਹ ਵੈੱਬਸਾਈਟ archive.org ਉਪਰ ਉਪਲਬਧ ਹਨ। ਕਈ ਕਿਤਾਬਾਂ ਦੇ ਹਿੰਦੀ ਤੇ ਹੋਰਨਾਂ ਭਾਸ਼ਾਵਾਂ ਵਿਚ ਅਨੁਵਾਦ ਵੀ ਪ੍ਰਕਾਸ਼ਤ ਹੋ ਚੁੱਕੇ ਹਨ।

***'ਕਿਤਾਬ ਉਹ ਤੇਸਾ ਹੋਣੀ ਚਾਹੀਦੀ ਹੈ ਜੋ ਸਾਡੇ ਅੰਦਰ ਜੰਮੀ ਬਰਫ਼ ਨੂੰ ਤੋੜ ਦੇਵੇ।' - ਫਰਾਂਜ਼ ਕਾਫ਼ਕਾ***

---

## ਖੇਡਾਂ 'ਵਤਨ ਪੰਜਾਬ' ਦੀਆਂ ਤੋਂ 'ਵਿਸ਼ਵ ਪੰਜਾਬੀ' ਖੇਡਾਂ ਤਕ

***(ਪਿਛਲੇ ਸਫੇ ਦਾ ਬਾਕੀ)***

ਪਿਛਲੇ ਵਰ੍ਹਿਆਂ ਵਿਚ ਕੌਮਾਂਤਰੀ ਪੱਧਰ 'ਤੇ ਕਈ ਐਸੀਆਂ ਘਟਨਾਵਾਂ ਘਟੀਆਂ ਨੇ ਜਿਨ੍ਹਾਂ ਕਰਕੇ ਚਿਰੀਂ ਵਿਛੜਿਆਂ ਦੇ ਮੇਲੇ ਹੋਏ ਹਨ। ਜਰਮਨਾਂ ਨੇ ਜਰਮਨ ਭਾਈਚਾਰੇ ਨੂੰ ਵੰਡਦੀ ਬਰਲਿਨ ਦੀ ਦੀਵਾਰ ਢਾਹ ਘੱਤੀ ਹੈ। ਵੀਅਤਨਾਮੀਏ ਵਿਛੜ ਕੇ ਇਕ ਹੋਏ ਸਨ। ਦੱਖਣੀ ਤੇ ਉੱਤਰੀ ਕੋਰੀਆ ਦੇ ਲੋਕ ਬਾਹਾਂ ਅੱਡ ਕੇ ਇਕ ਦੂਜੇ ਵੱਲ ਵਧੇ ਹਨ। ਪੰਜਾਬੀਆਂ ਦੇ ਕਾਫ਼ਲੇ ਵੀ ਧਾਅ ਕੇ ਇਕ ਦੂਜੇ ਨੂੰ ਮਿਲਣ ਲਈ ਉਮੜ ਪੈਣ ਤਾਂ ਕੋਈ ਵਜ੍ਹਾ ਨਹੀਂ ਕਿ ਚਤਰ ਚਲਾਕ ਸਿਆਸਤਦਾਨ ਹਮੇਸ਼ਾਂ ਲਈ ਉਨ੍ਹਾਂ ਦੇ ਰਾਹ ਰੋਕੀ ਰੱਖਣ। ਲੜਾਈਆਂ ਕਿਸੇ ਮਸਲੇ ਦਾ ਹੱਲ ਨਹੀਂ ਹੁੰਦੀਆਂ। ਖੇਡਾਂ ਨੂੰ ਐਵੇਂ ਨਹੀਂ ਲੜਾਈਆਂ ਦਾ ਬਦਲ ਕਿਹਾ ਜਾਂਦਾ। ਓਲੰਪਿਕ ਖੇਡਾਂ ਦੇ ਬਾਨੀ ਬੈਰਨ ਦਿ ਕੂਬਰਤਿਨ ਨੇ ਕਿਹਾ ਸੀ ਕਿ ਖਿਡਾਰੀਆਂ ਨੂੰ ਇਕ ਦੂਜੇ ਦੇ ਦੇਸ਼ ਭੇਜਣਾ ਸਭ ਤੋਂ ਸੱਚਾ ਤੇ ਸੁੱਚਾ ਵਪਾਰ ਹੈ। ਭਾਰਤ ਤੇ ਪਾਕਿਸਤਾਨ ਦੇ ਕੁਝ ਹੁੱਜਤੀ ਹਾਕਮਾਂ ਨੇ ਦੋਹਾਂ ਮੁਲਕਾਂ ਨੂੰ ਲੜਾ ਕੇ, ਨਫਰਤ ਫੈਲਾਅ ਕੇ ਬਥੇਰਾ ਨੁਕਸਾਨ ਕਰਵਾ ਲਿਆ ਹੈ। ਹੁਣ ਅਮਨ-ਅਮਾਨ ਨਾਲ ਵਸ ਕੇ ਵੇਖਣ ਕਿ ਹਿੰਦ-ਮਹਾਂਦੀਪ ਮੁੜ ਸੋਨੇ ਦੀ ਚਿੜੀ ਕਿਵੇਂ ਬਣਦਾ ਹੈ?

ਫਿਰ ਜਿਵੇਂ ਯੂਰਪ ਦੇ ਲੋਕ ਇਕ ਦੂਜੇ ਦੇ ਮੁਲਕ ਆਸਾਨੀ ਨਾਲ ਆ ਜਾ ਸਕਦੇ ਹਨ ਉਵੇਂ ਹਿੰਦ-ਪਾਕਿ ਦੇ ਲੋਕ ਵੀ ਇਕ ਦੂਜੇ ਨੂੰ ਖੁੱਲ੍ਹੇ ਮਿਲ ਗਿਲ ਸਕਣਗੇ। ਇਕ ਦੂਜੇ ਦਾ ਦੁੱਖ ਵੰਡਾਅ ਸਕਣਗੇ ਤੇ ਸੁੱਖ ਰਲ ਮਿਲ ਕੇ ਮਾਣ ਸਕਣਗੇ। 'ਵਿਸ਼ਵ ਪੰਜਾਬੀ ਖੇਡਾਂ' ਦਾ ਤਰਾਨਾ ਫ਼ਿਰੋਜ਼ਦੀਨ ਸ਼ਰਫ਼ ਦਾ ਗੀਤ ਹੋਵੇ: ਸੋਹਣਾ ਦੇਸ਼ਾਂ ਵਿਚੋਂ ਦੇਸ਼ ਪੰਜਾਬ ਨੀ ਸਹੀਓ...। ਉਥੇ ਧਨੀ ਰਾਮ ਚਾਤ੍ਰਿਕ ਦੀ ਨਜ਼ਮ ਗੂੰਜ ਰਹੀ ਹੋਵੇ: ਪੰਜਾਬ ਕਰਾਂ ਕੀ ਸਿਫ਼ਤ ਤਿਰੀ ਸ਼ਾਨਾਂ ਦੇ ਸਭ ਸਮਾਨ ਤੇਰੇ...। ਤੇ ਮੋਹਨ ਸਿੰਘ ਗਾ ਰਿਹਾ ਹੋਵੇ: ਭਾਰਤ ਹੈ ਵਾਂਗ ਮੁੰਦਰੀ ਵਿਚ ਨਗ ਪੰਜਾਬ ਦਾ...।

# ਬੇਬੇ ਦੀ ਯਾਦ ਅਤੇ ਬੱਦਲ ਦੀ ਆਮਦ



ਬੱਦਲ, ਬਰਸਾਤ, ਮੀਂਹ ਦਾ ਆਉਣਾ ਬਹੁਤ ਹੀ ਸੁਖਦ ਅਤੇ ਰੁਮਾਂਚਿਕ ਅਹਿਸਾਸ ਪੈਦਾ ਕਰਦਾ ਹੈ। ਮਹਾਨਗਰ ਨਵੀ ਮੁੰਬਈ ਦੇ ਨੈਰੂਲ ਉਪ ਨਗਰ ਵਿਚ ਬਹੁ-ਮੰਜ਼ਿਲੀ ਇਮਾਰਤ ਦੀ ਚੌਦਵੀਂ ਮੰਜ਼ਿਲ ਦੇ ਫਲੈਟ ਵਿਚ ਬੈਠਾ ਵਰਖਾ ਦਾ ਆਨੰਦ ਮਾਣ ਰਿਹਾ ਹਾਂ। ਪੁੱਤਰ ਦੇ ਇਸ ਫਲੈਟ ਦੀ ਖਿੜਕੀ ਵਿਚੋਂ ਪੂਣਾ ਹਾਈਵੇਅ ਦੀਆਂ


**ਪ੍ਰੋ. ਕੇ.ਸੀ. ਸ਼ਰਮਾ**
ਫੋਨ: +91-95824-28184


ਹਰੀਆਂ ਪਹਾੜੀਆਂ 'ਤੇ ਨਜ਼ਰ ਦੁੜਾ ਰਿਹਾ ਹਾਂ। ਸਾਹਮਣੇ ਪਹਾੜੀਆਂ ਦੇ ਪੈਰਾਂ ਵਿਚ ਬਣੀ ਵਲ ਖਾਂਦੀ ਸੜਕ 'ਤੇ ਕਾਰਾਂ, ਬੱਸਾਂ, ਟਰੱਕ ਅਤੇ ਹੋਰ ਗੱਡੀਆਂ ਰੀਂਗਦੀਆਂ ਬਹੁਤ ਸੁੰਦਰ ਲੱਗ ਰਹੀਆਂ ਹਨ। ਸਮੁੰਦਰ ਤੋਂ ਹੋ ਕੇ ਆਉਣ ਵਾਲੀ ਠੰਢੀ ਹਵਾ ਦੇ ਬੁੱਲੇ ਖਿੜਕੀ ਵਿਚੋਂ ਠੰਢਕ ਦਾ ਜ਼ਬਰਦਸਤ ਹੁਲਾਰਾ ਦੇ ਜਾਂਦੇ ਹਨ। ਉਪਰੋਂ ਨੂੰਹ ਵੱਲੋਂ ਗਰਮ ਚਾਹ ਦਾ ਦੂਸਰਾ ਕੱਪ ਅਤੇ ਦੂਸਰੇ ਅਖ਼ਬਾਰ ਦੇ ਪੰਨਿਆਂ 'ਤੇ ਨਜ਼ਰ ਦੌੜਾਉਣਾ; ਸੇਵਾਮੁਕਤ ਆਦਮੀ ਲਈ ਇਸ ਤੋਂ ਵੱਧ ਅਨੰਦਦਾਇਕ ਕੁਝ ਨਹੀਂ ਹੋ ਸਕਦਾ।

ਮੁੰਬਈ ਵਿਚ ਬਰਸਾਤ ਪੰਜਾਬ ਵਿਚ ਜੂਨ ਦੇ ਮਹੀਨੇ ਦੀਆਂ ਤਪਦੀਆਂ ਲੂਆਂ ਝੱਲਣ ਵਾਲੇ ਵਾਸੀਆਂ ਲਈ ਕੁਦਰਤ ਦੀ ਬਹੁਮੁੱਲੀ ਸੌਗਾਤ ਹੈ। ਇੱਥੇ ਪੈਦਲ, ਦੁਪਹੀਆ ਸਵਾਰ, ਆਟੋ, ਕਾਰ ਆਦਿ ਵਾਹਨਾਂ ਵਾਲੇ ਸਾਰੇ ਲੋਕ ਮੀਂਹ ਲਈ ਮਾਨਸਿਕ ਤੌਰ 'ਤੇ ਤਿਆਰ ਹੁੰਦੇ ਹਨ। ਪੰਜਾਬ ਵਾਂਗ ਕੁਝ ਕਣੀਆਂ ਦੀ ਆਮਦ 'ਤੇ ਲੋਕਾਂ ਵਿਚ ਬਸੇਰੇ ਦੀ ਖੋਜ ਲਈ ਭਾਜੜ ਨਹੀਂ ਪੈਂਦੀ; ਸੜਕਾਂ ਸੁੰਨੀਆਂ ਨਹੀਂ ਹੁੰਦੀਆਂ ਅਤੇ ਜਨ ਜੀਵਨ ਆਮ ਵਾਂਗ ਆਪਣੀ ਗਤੀ ਨਾਲ ਚਲਦਾ ਰਹਿੰਦਾ ਹੈ। ਬਾਹਰ ਬਰਸਾਤ ਹੋਰ ਤੇਜ਼ ਹੋ ਗਈ ਹੈ ਅਤੇ ਪਹਾੜੀਆਂ ਤੇ ਸੜਕਾਂ ਉਪਰਲੇ ਵਾਹਨ ਦਿਸਣੋਂ ਬੰਦ ਹੋ ਗਏ ਹਨ। ਮੈਂ ਅੰਦਰ ਮਨ ਅੰਦਰ ਦੇਖਣਾ ਸ਼ੁਰੂ ਕਰ ਦਿੱਤਾ। ਮੇਰੇ ਮਨ ਦੇ ਸਾਹਮਣੇ ਪੰਜਾਹਵਿਆਂ ਦੀ ਰੀਲ ਘੁੰਮ ਗਈ। ਬਸ ਚੀਸ ਜਿਹੀ ਪੈਦਾ ਕਰ ਗਈ। ਅਸਲ ਵਿਚ ਬਰਸਾਤਾਂ ਵਿਚ ਅੱਧੀ ਰਾਤ ਦੇ ਹਨੇਰੇ ਵਿਚ ਗੂੰਜਦੀ ਆਵਾਜ਼ 'ਬੱਦਲ ਤਾਂ ਆ ਗਿਆ...' ਮੇਰੇ ਜੀਵਨ ਵਿਚ ਦੁਖਦ ਅਤੇ ਪਛਤਾਵੇ ਦਾ ਅਹਿਸਾਸ ਬਣ ਚੁੱਕੀ ਹੈ। ਬਰਸਾਤ ਨਾਲ ਜੁੜੀ ਇਸ ਆਵਾਜ਼ ਦੀ ਯਾਦ ਨੇ ਮੈਨੂੰ ਹਿਲਾ ਦਿੱਤਾ ਹੈ।

ਮੈਂ ਆਪਣਾ ਮੁੱਢਲਾ ਜੀਵਨ ਮਾਲਵੇ ਦੇ ਛੋਟੇ ਜਿਹੇ ਪਿੰਡ ਮੱਲਕੇ (ਹੁਣ ਮੋਗਾ ਜ਼ਿਲ੍ਹਾ, ਉਸ ਵੇਲੇ ਫਿਰੋਜ਼ਪੁਰ) ਵਿਚ ਬਿਤਾਇਆ ਹੈ। ਜਦੋਂ ਤੋਂ ਮੈਂ ਹੋਸ਼ ਸੰਭਾਲੀ, ਹਰ ਬਰਸਾਤ ਵਿਚ ਇਹ ਆਵਾਜ਼ ਸੁਣੀ: "ਬੱਦਲ ਤਾਂ ਆ ਗਿਆ..." ਆਵਾਜ਼ ਮੇਰੀ ਮਰਹੂਮ ਬੇਬੇ ਦੀ ਸੀ। ਉਸ ਸਮੇਂ ਇਸ ਆਵਾਜ਼ ਵਿਚ ਛੁਪੀ ਚਿੰਤਾ, ਬੱਚਿਆਂ ਲਈ ਦਰਦ, ਮੀਂਹ ਨਾਲ ਜੁੜੀਆਂ ਔਕੜਾਂ ਅਤੇ ਗ਼ਰੀਬੀ ਦੀ ਹਕੀਕਤ ਨੂੰ ਮੈਂ ਬਿਲਕੁਲ ਮਹਿਸੂਸ ਨਹੀਂ ਸੀ ਕਰ ਸਕਿਆ।

ਇਸੇ ਅਹਿਸਾਸ ਵਿਚ ਹੀ ਮੇਰੀ ਸ਼ਰਧਾ ਅਤੇ ਪਛਤਾਵੇ ਦੀ ਭਾਵਨਾ ਛੁਪੀ ਹੋਈ ਹੈ। ਸ਼ਾਇਦ ਲੰਬੇ ਸਮੇਂ ਦੇ ਤਜਰਬੇ ਨੇ ਬੇਬੇ ਨੂੰ ਮੌਸਮ ਵਿਭਾਗ ਦਾ ਪੱਕਾ ਪੰਡਿਤ ਬਣਾ ਦਿੱਤਾ ਸੀ। ਬੇਬੇ ਦੀ ਜਾਗ ਵੀ ਸਭ ਤੋਂ ਪਹਿਲਾਂ ਖੁੱਲ੍ਹਦੀ ਅਤੇ ਉਸ ਦੀ ਭਵਿੱਖਬਾਣੀਨੁਮਾ ਆਵਾਜ਼ ਤੋਂ ਬਾਅਦ ਜ਼ਰੂਰ ਹੀ ਪ੍ਰਰਜ਼ੋਰ ਮੀਂਹ ਆਉਂਦਾ। ਇਸ ਆਵਾਜ਼ ਰਾਹੀਂ ਬੇਬੇ ਸਾਨੂੰ ਸੁਚੇਤ ਕਰਦੀ ਸੀ ਤਾਂ ਜੋ ਅਸੀਂ ਸਮੇਂ ਸਿਰ ਆਪਣੀਆਂ ਮੰਜੀਆਂ ਅਤੇ ਸਫ਼ੈਦ ਜੁੱਲੀਆਂ ਉਠਾ ਕੇ ਸਬ੍ਹਾਤਾਂ ਵਿਚ ਚਲੇ ਜਾਈਏ।

ਜਿੰਨੀ ਦੇਰ ਤੱਕ ਪਹਿਲੀਆਂ ਕਣੀਆਂ ਸ਼ੁਰੂ ਨਾ ਹੋ ਜਾਂਦੀਆਂ, ਮੈਂ ਘੇਸਲ ਮਾਰ ਕੇ ਬੇਬੇ ਦੀ ਆਵਾਜ਼ ਨੂੰ ਭੁਲਾਉਂਦਾ ਰਹਿੰਦਾ ਅਤੇ ਫਿਰ ਸਭ ਕੁਝ ਛੱਡ ਕੇ ਆਪਣੀ ਮੰਜੀ ਜੁੱਲੀ ਲੈ ਕੇ ਸਬਾਤਾਂ ਦੇ ਦੋ ਦਰਵਾਜ਼ਿਆਂ ਵਿਚੋਂ ਇਕ ਦਰਵਾਜ਼ਾ ਮੱਲ ਕੇ ਸੌਂ ਜਾਂਦਾ। ਇਸ ਵਿਚ ਵੀ ਮੇਰਾ ਸੁਆਰਥ ਹੁੰਦਾ ਕਿਉਂਕਿ ਦਰਵਾਜ਼ੇ ਵਿਚ ਹਵਾ ਲੱਗਣ ਦੀ ਸੰਭਾਵਨਾ ਹੁੰਦੀ ਸੀ, ਦੂਸਰੇ ਲੋਕਾਂ ਦਾ ਰਸਤਾ ਭਾਵੇਂ ਬੰਦ ਹੋ ਜਾਂਦਾ ਸੀ। ਬਾਕੀਆਂ ਦਾ ਆਉਣ ਜਾਣ ਦੂਜੇ ਦਰਵਾਜ਼ੇ ਰਾਹੀਂ ਸੀਮਤ ਹੋ ਜਾਂਦਾ।

'ਬੱਦਲ ਤਾਂ ਆ ਗਿਆ...' ਦੀ ਆਵਾਜ਼ ਦੇ ਕੇ ਬੇਬੇ ਆਪਣੇ ਕੰਮ ਵਿਚ ਰੁੱਝ ਜਾਂਦੀ। ਮੈਂ ਸਭ ਤੋਂ ਵੱਧ ਸੁਸਤ, ਸੁਆਰਥੀ ਤੇ ਘੇਸਲਮਾਰ ਸੀ। ਬੇਬੇ ਦੇ ਕੰਮ ਵਿਚ ਜ਼ਰਾ ਵੀ ਹੱਥ ਨਹੀਂ ਸੀ ਵਟਾਉਂਦਾ। ਇਹ ਭਾਵ ਹੁਣ ਮੇਰੇ ਅੰਦਰ ਚੋਭ ਪੈਦਾ ਕਰਦਾ ਹੈ। ਬੇਬੇ ਦਾ ਸਭ ਤੋਂ ਪਹਿਲਾ ਕੰਮ ਮਿੱਟੀ ਦੇ ਚੁੱਲ੍ਹੇ ਵਿਚ ਪਾਥੀ ਲਗਾ ਕੇ ਅੱਗ ਦਬਾਉਣਾ ਅਤੇ ਚੁੱਲ੍ਹੇ ਨੂੰ ਬੱਠਲ ਨਾਲ ਢਕਣਾ ਹੁੰਦਾ ਸੀ; ਨਹੀਂ ਤਾਂ ਸਵੇਰੇ ਚਾਹ ਬਣਾਉਣ ਲਈ ਅੱਗ ਨਹੀਂ ਮਿਲਣੀ ਸੀ।

1957 ਵਿਚ ਬਾਪੂ ਦੇ ਫ਼ੌਤ ਹੋਣ ਤੋਂ ਬਾਅਦ ਖੇਤੀਬਾੜੀ, ਪਸ਼ੂ ਪਾਲਣ ਆਦਿ ਕੰਮ ਵੀ ਬੇਬੇ ਦੇ ਹਿੱਸੇ ਆ ਗਏ ਸਨ। ਇਹ ਅਸਹਿ ਅਤੇ ਅਕਹਿ ਸਦਮਾ ਬੇਬੇ ਨੂੰ ਤੋੜ ਨਹੀਂ ਸਕਿਆ ਸੀ। ਬੇਬੇ ਸਵੈ-ਵਿਸ਼ਵਾਸ ਅਤੇ ਦ੍ਰਿੜ੍ਹਤਾ ਦੀ ਮੂਰਤੀ ਸੀ। ਪਹਿਲਾਂ ਪਹਿਲਾਂ ਕਈ ਵਾਰ ਮੈਂ ਬੇਬੇ ਨੂੰ ਪਿਛਲੀ ਸਬਾਤ ਦੇ ਹਨੇਰੇ ਵਿਚ ਇਕੱਲੀ ਰੋਂਦੀ ਦੇਖਿਆ, ਪਰ ਬੇਬੇ ਨੇ ਸਾਡੇ ਸਾਹਮਣੇ ਕਦੇ ਢਿੱਲੀ ਗੱਲ ਨਹੀਂ ਕੀਤੀ ਅਤੇ ਆਪਣੇ ਅੰਦਰਲੇ ਸਬਰ ਸੰਤੋਖ ਨਾਲ ਨਵੇਂ ਜ਼ਿੰਮੇਵਾਰੀ ਵਾਲੇ ਜੀਵਨ ਵਿਚ ਕਦਮ ਰੱਖ ਦਿੱਤੇ। ਅੱਗ ਦਬਾਉਣ, ਖੁੱਲ੍ਹੀ ਹਾਰੀ ਨੂੰ ਢਕਣ ਤੋਂ ਬਾਅਦ ਬੇਬੇ ਗੋਕਿਆਂ ਨੂੰ ਵਰਾਂਡੇ ਵਿਚ ਬੰਨ੍ਹਦੀ ਅਤੇ ਫਿਰ ਖੁਰਲੀ ਵਿਚੋਂ ਤੂੜੀ ਤੇ ਪੱਠਿਆਂ ਵਾਲੀ ਮਸ਼ੀਨ ਥੱਲਿਓਂ ਹਰੇ ਪੱਠੇ ਸਾਂਭਦੀ।

ਇੰਨੇ ਨੂੰ ਮੀਂਹ ਤੇਜ਼ ਹੋ ਜਾਂਦਾ ਅਤੇ ਬੇਬੇ ਆਪਣੇ ਅਗਲੇ ਯੁੱਧ ਲਈ ਤਿਆਰ ਹੋ ਜਾਂਦੀ। ਸੁੱਖ ਨਾਲ ਪਿਤਾ ਪੁਰਖੇ ਕੱਚੇ ਮਕਾਨ ਬਹੁਤ ਖੁੱਲ੍ਹੇ ਸਨ। ਅੱਗੇ ਪਿੱਛੇ ਦੋ ਸਬ੍ਹਾਤਾਂ ਸਨ। ਮੂਹਰਲੀ ਸਬਾਤ ਦੋ ਲਟੈਣਾਂ ਅਤੇ ਚੌਰਸ ਸ਼ਤੀਰੀਆਂ ਤੇ ਸੰਦੂਕੀ ਛੱਤ ਦੀ ਸੀ। ਦੋਵੇਂ ਪਾਸੇ ਦਸ ਫੁੱਟ ਦੀਆਂ ਦੋ ਕੋਠੜੀਆਂ ਸਨ। ਸੱਜੇ ਹੱਥ ਵਾਲੀ ਕੋਠੜੀ ਵਿਚ ਕਣਕ ਅਤੇ ਛੋਲਿਆਂ ਲਈ ਬੁਖਾਰੀਆਂ ਸਨ। ਹਰ ਸਾਲ ਚੀਕਣੀ ਮਿੱਟੀ ਵਿਚ ਪਲੋਂ ਪਾ ਕੇ ਕੰਧਾਂ ਅਤੇ ਛੱਤ ਦਾ ਲਿਪਾ ਕੀਤਾ ਜਾਂਦਾ ਸੀ। ਫਿਰ ਵੀ ਚੂਹੇ ਪੂਰੀ ਸ਼ਿਲਪਕਾਰੀ ਨਾਲ ਛੱਤ ਤੋਂ ਲੈ ਕੇ ਕਣਕ ਦੀ ਬੁਖਾਰੀ ਤੱਕ ਖੁੱਡਾਂ ਕੱਢ ਲੈਂਦੇ ਸਨ। ਸਿੱਟੇ ਵਜੋਂ ਤੇਜ਼ ਮੀਂਹ ਵਿਚ ਛੱਤ ਟਪਕਣੀ ਸ਼ੁਰੂ ਹੋ ਜਾਂਦੀ ਅਤੇ ਕਈ ਵਾਰ ਬੁਖਾਰੀ ਵਿਚ ਪਾਣੀ ਭਰ ਜਾਂਦਾ। ਬੇਬੇ ਭੱਕ-ਭੱਕ ਕਰਦੀ ਲਾਲਟੈਣ ਲੈ ਕੇ ਅਤੇ ਗੱਟੇ ਵਿਚ ਮਿੱਟੀ ਲੈ ਕੇ ਛੱਤ 'ਤੇ ਚੜ੍ਹਦੀ। ਖੁੱਡਾਂ ਕਈ ਵਾਰ ਬੁਖਾਰੀ ਵਾਲੀ ਥਾਂ ਦੇ ਉਪਰੋਂ ਦੀ ਬਜਾਇ ਕਿਤੇ ਹੋਰ ਮਿਲਦੀਆਂ। ਬੇਬੇ ਖੁੱਡਾਂ ਦੇ ਮੂੰਹ ਬੰਦ ਕਰਕੇ; ਲੇਪ ਕਰਕੇ ਕਦੋਂ ਆ ਕੇ ਦੋ ਘੜੀ ਆਰਾਮ ਕਰਦੀ ਸੀ, ਸਾਨੂੰ ਪਤਾ ਨਹੀਂ ਸੀ ਹੁੰਦਾ।

ਇਸੇ ਭੱਜ ਦੌੜ ਵਿਚ ਮੀਂਹ ਬੰਦ ਹੁੰਦਾ ਅਤੇ ਦਿਨ ਚੜ੍ਹ ਜਾਂਦਾ। ਸਾਨੂੰ ਮੰਜਿਆਂ ਵਿਚ ਪਿਆਂ ਨੂੰ ਚਾਹ ਦੇ ਕੇ ਬੇਬੇ ਫਿਰ ਆਪਣੇ ਕੰਮ ਵਿਚ ਰੁੱਝ ਜਾਂਦੀ। ਪਸ਼ੂਆਂ ਨੂੰ ਬਾਹਰ ਕੱਢਣਾ, ਪੱਠੇ ਪਾਉਣਾ, ਫਹੁੜੇ ਨਾਲ ਗੋਹੇ ਨੂੰ ਹਟਾਉਣਾ, ਧਾਰ ਚੋਣਾ, ਦੁੱਧ ਰਿੜਕਣਾ, ਸਾਨੂੰ ਸਕੂਲ ਲਈ ਤਿਆਰ ਕਰਨਾ ਅਤੇ ਬਾਅਦ ਵਿਚ ਗੋਹਾ ਕੂੜਾ ਕਰਨਾ ਬੇਬੇ ਦੇ ਕੰਮਾਂ ਦੀ ਸੂਚੀ ਵਿਚ ਸ਼ਾਮਲ ਸਨ। ਇੱਥੇ ਬੇਬੇ ਦੇ ਸਚਿਆਰਪੁਣੇ ਦੀ ਗੱਲ ਕਰਨੀ ਬਣਦੀ ਹੈ। ਉਸ ਦੇ ਬਣਾਏ ਮਿੱਟੀ ਦੇ ਚੁੱਲ੍ਹੇ, ਹਾਰੇ, ਹਾਰੀਆਂ, ਤਵੀ ਵਾਲੀ ਚੁਰਾਂ, ਸਬਾਤਾਂ ਵਿਚ ਭਾਂਡੇ ਰੱਖਣ ਲਈ ਲੰਮੀਆਂ ਅੰਗੀਠੀਆਂ ਸੰਪੂਰਨ ਕਲਾ ਦਾ ਨਮੂਨਾ ਸਨ।

ਸਬਾਤਾਂ ਅੰਦਰ ਕਣਕ ਦੇ ਆਟੇ ਅਤੇ ਪਸ਼ੂਆਂ ਲਈ ਦਾਣੇ ਲਈ ਭੜੋਲੇ ਬਣਾਏ ਗਏ ਸਨ। ਪੂਰਨ ਯੋਜਨਾਬੱਧ ਤਰੀਕੇ ਨਾਲ ਅੰਦਰਲੀ ਸਬਾਤ ਦੀਆਂ ਕੰਧਾਂ ਨਾਲ ਰਜ਼ਾਈਆਂ, ਕੰਬਲ, ਖੇਸ ਤੇ ਹੋਰ ਕੱਪੜੇ ਅਤੇ ਘਰੇਲੂ ਸਾਮਾਨ ਲਈ ਕੋਠੀਆਂ ਬਣਾਈਆਂ ਹੋਈਆਂ ਸਨ। ਬਾਹਰ ਗਰਮੀ ਸਰਦੀ ਅਤੇ ਇਕੱਠ ਨੂੰ ਮੁੱਖ ਰੱਖ ਕੇ ਬਣੇ ਤਿੰਨ ਚੌਂਕੇ, ਚੁੱਲ੍ਹੇ ਅਤੇ ਕੰਧੋਲੀਆਂ ਘਰ ਦੀ ਸ਼ਾਨ ਸਨ।

ਸਭ ਤੋਂ ਵੱਧ ਚਰਚਾ ਬੇਬੇ ਦੇ ਬਣਾਏ ਜ਼ੁੰਬੋ ਤੰਦੂਰ ਦੀ ਸੀ ਜਿੱਥੇ ਸਾਰੇ ਆਂਢ-ਗੁਆਂਢ ਦੀਆਂ ਸੁਆਣੀਆਂ ਰੋਟੀਆਂ ਲਾਹੁਣ ਆਉਂਦੀਆਂ। ਬਹੁਤ ਸਾਰੀਆਂ ਤਾਂ ਸਾਡੇ ਘਰੋਂ ਹੀ ਛੋਲਿਆਂ ਦੀਆਂ ਘੁੰਡੀਆਂ ਅਤੇ ਕਪਾਹ ਦੀਆਂ ਛਟੀਆਂ ਬਾਲ ਕੇ ਆਪਣੀ ਵਾਰੀ ਸਿਰ ਰੋਟੀਆਂ ਲਗਾਉਂਦੀਆਂ। ਹੁਣ ਮਹਿਸੂਸ ਕਰਦਾ ਹਾਂ ਕਿ ਇਹ ਦ੍ਰਿਸ਼ ਸਾਡੀ ਪੁਰਾਤਨ ਸਮਾਜਿਕ ਸਾਂਝ ਦੀ ਝਲਕ ਪੇਸ਼ ਕਰਦਾ ਸੀ। ਇਕ ਦੋ ਤਾਂ ਬੇਬੇ ਦੀ ਅਲਮਾਰੀ ਵਿਚੋਂ ਆਪਣੇ ਆਪ ਹੀ ਰੋਟੀ ਚੁੱਕ ਕੇ, ਕੂੰਡੇ ਵਿਚੋਂ ਗੰਢਿਆਂ ਦੀ ਚਟਣੀ ਕੱਢ ਕੇ, ਕੁੱਜੀ ਵਿਚੋਂ ਮਖਣੀ ਲੈ ਕੇ ਅਤੇ ਰਿੜਕਣੇ ਵਿਚੋਂ ਲੱਸੀ ਦਾ ਗਲਾਸ ਭਰ ਕੇ ਘਰ ਵਿਚ ਲੱਗੀ ਡੇਕ ਦੇ ਥੱਲੇ ਬੈਠ ਕੇ ਕੁਝ ਕਾਲਜਾ ਧਾਫੜ ਲੈਂਦੀਆਂ। ਬੇਬੇ ਦੇ ਚਿਹਰੇ 'ਤੇ ਕਦੇ ਕੋਈ ਸ਼ਿਕਨ ਦਿਖਾਈ ਨਹੀਂ ਦਿੰਦੀ ਸੀ।

ਬਾਹਰ ਬਰਸਾਤ ਬੰਦ ਹੋ ਗਈ ਹੈ ਪਰ ਮੈਂ ਦੁਬਾਰਾ ਖਿੜਕੀ ਵਿਚੋਂ ਦੇਖਣ ਦੀ ਕੋਸ਼ਿਸ਼ ਨਹੀਂ ਕੀਤੀ। ਬਾਹਰ ਭਾਵੇਂ ਬਰਸਾਤ ਬੰਦ ਹੋ ਗਈ ਪਰ ਇਕ ਹੋਰ ਬਰਸਾਤ ਸ਼ੁਰੂ ਹੋ ਗਈ ਸੀ, ਇਹ ਮੇਰੇ ਹੰਝੂਆਂ ਦੀ ਝੜੀ ਸੀ। ਮੈਂ ਪੋਤਰੇ ਦੇ ਬਸਤੇ ਵਿਚੋਂ ਕਾਗਜ਼, ਪੈੱਨ ਲੈ ਕੇ ਗੁਰਮੁਖੀ ਵਿਚ ਕੁਝ ਉਲੀਕਣਾ ਸ਼ੁਰੂ ਕਰ ਦਿੱਤਾ। 1970 ਤੋਂ ਬਾਅਦ 'ਬੱਦਲ ਤਾਂ ਆ ਗਿਆ...' ਦੀ ਆਵਾਜ਼ ਮੈਂ ਸੁਣ ਨਹੀਂ ਸਕਿਆ। ਸ਼ਹਿਰ ਵਿਚ ਨੌਕਰੀ ਲੱਗ ਗਈ ਅਤੇ ਪਿੰਡੋਂ ਜ਼ਮੀਨ ਵੇਚ ਕੇ ਸ਼ਹਿਰ ਵਿਚ ਵੱਡੀ ਕੋਠੀ ਪਾ ਲਈ। ਯਾਦਗਾਰੀ ਸਬਾਤਾਂ ਦੀ ਥਾਂ ਵਿਚ ਭਰਾਵੀਂ ਵੰਡ ਤੋਂ ਬਾਅਦ ਵੱਡੇ ਭਰਾ ਨੇ ਪੱਕਾ ਮਕਾਨ ਪਾ ਲਿਆ ਅਤੇ ਚੂਹਿਆਂ ਦੀਆਂ ਖੁੱਡਾਂ ਬੰਦ ਹੋ ਗਈਆਂ। ਬੇਬੇ ਮੇਰੇ ਕੋਲ ਦੋ-ਦੋ ਚਾਰ-ਚਾਰ ਮਹੀਨੇ ਲਾ ਜਾਂਦੀ। ਉਸ ਦੇ ਆਪਣੇ ਕਮਰੇ ਵਿਚ ਛੋਟਾ ਜਿਹਾ ਮੰਦਰ ਅਤੇ ਬਾਕੀ ਸਭ ਸਹੂਲਤਾਂ ਸਨ ਪਰ ਬੇਬੇ ਦਾ ਜੀਅ ਪਿੰਡ ਵਿਚ ਹੀ ਲੱਗਦਾ ਸੀ। 1989 ਵਿਚ ਬੇਬੇ ਆਪਣਾ ਦੁਨਿਆਵੀ ਸਫ਼ਰ ਖ਼ਤਮ ਕਰ ਕੇ ਸਾਨੂੰ ਸਦੀਵੀ ਵਿਛੋੜਾ ਦੇ ਗਈ।

ਮੇਰੇ ਇਹ ਸ਼ਬਦ ਸਿਰਫ਼ ਮੇਰੀ ਆਪਣੀ ਬੇਬੇ ਲਈ ਹੀ ਸ਼ਰਧਾਂਜਲੀ ਨਹੀਂ ਹਨ ਸਗੋਂ ਉਨ੍ਹਾਂ ਸਾਰੀਆਂ ਸਤਿਕਾਰਯੋਗ ਮਾਵਾਂ ਲਈ ਹਨ ਜਿਨ੍ਹਾਂ ਨੇ ਆਪਣੇ ਸਾਹਸ, ਦ੍ਰਿੜ੍ਹਤਾ, ਸੁਚੱਜੀ ਜੀਵਨ ਜਾਚ ਅਤੇ ਨਿਮਰਤਾ ਨਾਲ ਸੰਘਰਸ਼ ਕਰਦਿਆਂ ਆਪਣੇ ਸੰਸਾਰਕ ਫ਼ਰਜ਼ ਨਿਭਾਏ।

# ਫਿਰ ਵੀ ਅਸੀਂ ਹਾਰ ਗਏ...

ਬਸ ਦਿਮਾਗ ਵਿਚ ਆ ਗਿਆ ਕਿ ਸਰਪੰਚ ਬਣ ਕੇ ਕਾਫੀ ਕੁਝ ਪਿੰਡ ਦੇ ਵਿਕਾਸ ਲਈ ਕੀਤਾ ਜਾ ਸਕਦਾ ਹੈ। ਮਿਸ਼ਨ ਮਿਥਿਆ ਗਿਆ- 'ਲੋਕਾਂ ਲਈ ਇਨਸਾਫ ਅਤੇ ਰੁਜ਼ਗਾਰ, ਪਿੰਡ ਲਈ ਆਮਦਨ ਦੇ ਸਾਧਨ।' ਲੋਕਾਂ ਨੇ ਵੱਡੇ ਬਹੁਮਤ ਨਾਲ ਸਰਪੰਚ ਬਣਾ ਦਿੱਤਾ। ਸਭ ਤੋਂ ਪਹਿਲਾ ਕੰਮ


**ਸੁੱਚਾ ਸਿੰਘ ਖੱਟੜਾ**
ਫੋਨ: +91-94176-52947


ਮਗਨਰੇਗਾ ਅਧੀਨ ਮੱਛੀ ਤਲਾਬ ਬਣਾਇਆ ਜੋ ਅੱਜ ਤੱਕ ਵੀ ਪੰਚਾਇਤ ਨੂੰ ਆਮਦਨ ਦੇ ਰਿਹਾ ਹੈ। ਪਿਛਲੀ ਪੰਚਾਇਤ ਦੀ ਅਣਵਰਤੀ ਗਰਾਂਟ ਦੀ ਨਵੀਂ ਪੰਚਾਇਤ ਵੱਲੋਂ ਕੀਤੀ ਵਰਤੋਂ ਤੋਂ ਪ੍ਰਭਾਵਿਤ ਹੋ ਕੇ ਇਲਾਕੇ ਦੇ ਕੈਬਨਿਟ ਮੰਤਰੀ ਨੇ ਨਾ ਚਾਹੁੰਦਿਆਂ ਵੀ ਕਮਿਊਨਿਟੀ ਸੈਂਟਰ ਲਈ ਪੰਦਰਾਂ ਲੱਖ ਦੀ ਗਰਾਂਟ ਦੇ ਦਿੱਤੀ। ਮਨ ਵਿਚ ਆਇਆ ਕਿ ਵੱਡਾ ਪੈਲੇਸ ਬਣਾਇਆ ਜਾਵੇ। ਇਮਾਰਤਸਾਜ਼ੀ ਦੇ ਕਿਸੇ ਜਾਣਕਾਰ ਨੇ ਪੁੱਛਣ 'ਤੇ ਦੱਸਿਆ ਕਿ ਮੇਰੇ ਚਿਤਵੇ ਪੈਲੇਸ ਦੀਆਂ ਇਸ ਗਰਾਂਟ ਨਾਲ ਨੀਂਹਾਂ ਹੀ ਪੈਣਗੀਆਂ।

ਬੀ.ਡੀ.ਪੀ.ਓ. ਨੇ ਮੇਰਾ ਸੁਝਾਅ ਮੰਨਦਿਆਂ ਰਾਜੀਵ ਗਾਂਧੀ ਸੇਵਾ ਕੇਂਦਰ ਲਈ ਦਸ ਲੱਖ ਦੇ ਦਿੱਤਾ ਅਤੇ ਇਸ ਗਰਾਂਟ ਨੂੰ ਪਹਿਲੀ ਗਰਾਂਟ ਨਾਲ ਮਿਲਾ ਕੇ ਵਰਤਣ ਦੇ ਸਹੀ ਪਰ ਨਿਵੇਕਲੇ ਵਿਚਾਰ ਨੂੰ ਝੱਟ ਪ੍ਰਵਾਨਗੀ ਦੇ ਦਿੱਤੀ। ਦਾਨੀਆਂ ਨੇ ਖੁੱਲ੍ਹੇ ਦਿਲ ਨਾਲ ਦਾਨ ਦਿੱਤਾ। ਰੇਤ ਪਿੰਡ ਦੀ ਖੱਡ ਦਾ ਅਤੇ ਮਿਸਤਰੀ ਮਜ਼ਦੂਰਾਂ ਦੀ ਲੇਬਰ ਮਗਨਰੇਗਾ ਦੀ ਵਰਤੀ। ਪਿੰਡ ਦੀ ਸ਼ਾਮਲਾਟ ਦਾ ਠੇਕਾ ਆਦਿ ਮਿਲਾ ਕੇ 112 ਫੁੱਟ ਲੰਮਾ ਅਤੇ 56 ਫੁੱਟ ਚੌੜਾ ਪੈਲੇਸ ਜਿਸ ਵਿਚ ਇੱਕ ਪਾਸੇ ਜੁੜਵੇਂ ਰਾਜੀਵ ਗਾਂਧੀ ਸੇਵਾ ਕੇਂਦਰ ਦੇ ਤਿੰਨ ਕਮਰੇ, ਪਖਾਨੇ, ਥੋੜ੍ਹਾ ਉੱਚਾ ਚੁੱਕ ਕੇ ਬਣਾਏ ਕੇਂਦਰ ਦਾ ਵਰਾਂਡਾ ਪੈਲੇਸ ਹਾਲ ਦੀ ਸਟੇਜ ਬਣ ਗਈ। ਜੁੜਵਾਂ ਪਖਾਨਾ ਵੱਖਰਾ। ਰਸੋਈ, ਸਟੋਰ ਅਤੇ ਡਾਇਨਿੰਗ ਸ਼ੈੱਡ ਤਿੰਨ ਮਹੀਨੇ ਵਿਚ ਬਣ ਕੇ ਤਿਆਰ ਹੋ ਗਏ। ਫਿਰਨੀਆਂ ਵਿਚ ਪਸ਼ੂ ਬੰਨ੍ਹਣ ਦੀ ਮਜਬੂਰੀ ਦਾ ਹੱਲ 82 ਫੁੱਟ ਲੰਮੀ ਪੰਚਾਇਤੀ ਪਸ਼ੂ ਸ਼ੈੱਡ ਬਣਾ ਕੇ ਕਰ ਦਿੱਤਾ। ਲੰਮੇ ਡ੍ਰੇਨ ਬਣਾ ਕੇ ਨਾਲੀਆਂ ਦਾ ਗੰਦਾ ਪਾਣੀ ਦੂਰ ਪੰਚਾਇਤੀ ਜ਼ਮੀਨ ਵਿਚ ਸੁੱਟਿਆ।

ਪੰਚਾਇਤੀ ਜ਼ਮੀਨ ਦੀ ਆਮਦਨ ਵਧਾਉਣ ਲਈ ਸਿੰਜਾਈ ਲਈ ਦੋ ਮੋਟਰਾਂ ਅਤੇ ਦੋ ਬੋਰ ਕਰਵਾ ਦਿੱਤੇ। ਪੰਚਾਇਤ ਵੱਲੋਂ ਪੰਜ ਦੁਕਾਨਾਂ ਦਾ ਸ਼ਾਪਿੰਗ ਮਾਲ ਸੈਂਟਰ ਬਣ ਗਿਆ ਜਿਸ ਵਿਚ ਪੰਚਾਇਤੀ ਚੱਕੀ ਅਤੇ ਕੋਹਲੂ ਲਗਾਏ। ਪਿੰਡ ਵਿਚ ਜਿੰਮ ਲਈ ਮਿਲੀ ਗਰਾਂਟ ਨਾਲ ਬਣਨ ਵਾਲੇ ਕਮਰੇ ਤੋਂ ਦੋ ਗੁਣਾ ਵੱਡਾ ਹਾਲਨੁਮਾ ਕਮਰਾ ਬਣਾਇਆ। ਪੰਚਾਇਤ ਵੱਲੋਂ ਲਾਇਬਰੇਰੀ ਬਣਾਉਣ ਦਾ ਵਿਚਾਰ ਬਚਪਨ ਦੇ ਦੋਸਤ ਨਾਲ ਸਾਂਝਾ ਕੀਤਾ ਕਿ ਉਹ ਆਪਣੇ ਮਰਹੂਮ ਮਾਂ-ਬਾਪ ਦੇ ਨਾਂ ਉੱਤੇ ਬਣਾ ਕੇ ਦੇਣ। ਦੋਸਤ ਨੇ ਅੰਦਰੋਂ ਚੈੱਕਬੁੱਕ ਲਿਆ ਕੇ ਮੇਰੇ ਅੱਗੇ ਟੇਬਲ ਉੱਤੇ ਰੱਖ ਦਿੱਤੀ। ਮੈਂ ਚੈੱਕ ਤਾਂ ਨਹੀਂ ਭਰਿਆ ਪਰ ਉਸ ਨੇ 2 ਲੱਖ 20 ਹਜ਼ਾਰ ਖਰਚ ਕੇ ਸਕੂਲ ਨਾਲ ਜੁੜਵਾਂ ਵਰਾਂਡੇ ਸਮੇਤ ਵੱਡਾ ਲਾਇਬ੍ਰੇਰੀ ਕਮਰਾ ਉਸਾਰ ਕੇ ਦੇ ਦਿੱਤਾ।

ਸਕੂਲ ਵਿਚ ਅਧਿਆਪਕਾਂ ਦੀ ਘਾਟ, ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਨੂੰ ਮਿਲ ਕੇ ਮਿਹਨਤੀ ਅਤੇ ਮੇਰੀ ਪਸੰਦ ਦਾ ਅਧਿਆਪਕ ਸੁਰਜੀਤ ਸਿੰਘ ਮਿਲ ਗਿਆ। ਇੱਕ ਜਮਾਤ ਦੇ ਅੰਗਰੇਜ਼ੀ ਵਿਸ਼ੇ ਦਾ ਜ਼ਿੰਮਾ ਖੁਦ ਲੈ ਲਿਆ। ਸਿੱਖਿਆ ਮਹਿਕਮੇ ਨੇ ਅੰਗਰੇਜ਼ੀ ਵਿਸ਼ੇ ਦੇ ਪੰਜਾਬ ਭਰ ਵਿਚੋਂ ਬਲਾਕ ਅਤੇ ਜ਼ਿਲ੍ਹਾ ਪੱਧਰੀ ਮੁਕਾਬਲੇ ਕਰਵਾਏ। ਬਲਾਕ ਅਤੇ ਜ਼ਿਲ੍ਹੇ ਵਿਚ ਮੇਰੀ ਜਮਾਤ ਦੇ ਬੱਚੇ ਹੀ ਅਵਲ ਆਏ। ਅੰਗਰੇਜ਼ੀ ਦੀ ਕਾਰਗੁਜ਼ਾਰੀ ਦੇਖਣ ਲਈ ਸਿੱਖਿਆ ਸਕੱਤਰ ਆਪ ਆਏ ਅਤੇ ਇੰਨੇ ਹੈਰਾਨ ਹੋਏ ਪਿੱਛੇ ਆਪਣੇ ਦਫਤਰ ਨੂੰ ਜਮਾਤ ਦੀ ਇਸ ਬੇਜੋੜ ਕਾਰਗੁਜ਼ਾਰੀ ਦੀ ਵੀਡੀਓ ਬਣਾਉਣ ਲਈ ਕਲਾਸ ਰੂਮ ਵਿਚੋਂ ਹੀ ਫੋਨ ਉੱਤੇ ਹੁਕਮ ਦੇ ਦਿੱਤਾ। ਇਹ ਵੀਡੀਓ ਪੰਜਾਬ ਭਰ ਦੇ ਅੰਗਰੇਜ਼ੀ ਦੇ ਜ਼ਿਲ੍ਹਾ ਮੈਂਟਰਾਂ ਨੂੰ ਭੇਜੀ ਗਈ।

ਗਲੀਆਂ ਨਾਲੀਆਂ ਬਣਾਈਆਂ ਗਈਆਂ। ਇਮਾਰਤਾਂ, ਗਲੀਆਂ-ਨਾਲੀਆਂ ਦੀ ਉਸਾਰੀ ਮੇਰੇ ਮਸੇਰ ਅਤੇ ਚਚੇਰੇ ਭਰਾ ਨੇ ਸਵੇਰ ਤੋਂ ਸ਼ਾਮ ਤੱਕ ਹਰ ਰੋਜ਼ ਬਰਾਬਰ ਖੜ੍ਹ ਕੇ ਕਰਵਾਈ ਅਤੇ ਪੂਰੇ ਸਾਢੇ ਚਾਰ ਸਾਲ ਲੇਬਰ ਤੇ ਮਿਸਤਰੀਆਂ ਨੂੰ ਚਾਹ ਉਨ੍ਹਾਂ ਨੇ ਆਪਣੇ ਵਲੋਂ ਪਿਆਈ। ਬੇਘਰੇ ਲੋਕਾਂ ਨੂੰ 20 ਲੱਖ ਦੀ ਗਰਾਂਟ ਨਾਲ ਪੰਚਾਇਤ ਦੀ ਜ਼ਮੀਨ ਵਿਚ 12 ਘਰਾਂ ਦੀ ਕਾਲੋਨੀ ਬਣਾਈ। ਪੰਚ ਪੰਜਾਬ ਸਿੰਘ, ਮਦਨ ਸਿੰਘ, ਬਿੰਦਰ ਕੌਰ ਅਤੇ ਸਵਰਗੀ ਰਾਮ ਸਰੂਪ ਦਿਲ-ਜਾਨ ਨਾਲ ਸਹਿਯੋਗੀ ਰਹੇ। ਕੰਮ ਦੀਆਂ ਧੁੰਮਾਂ ਪਿੰਡ ਪਿੰਡ ਹੁੰਦੀਆਂ ਦਿੱਲੀ ਤੱਕ ਪਹੁੰਚ ਗਈਆਂ। ਮਗਨਰੇਗਾ ਸਮਿਤੀ ਦੀ ਕੌਮੀ ਟੀਮ ਪਹੁੰਚੀ। ਪੈਲੇਸ ਅਤੇ ਹੋਰ ਕੀਤੇ ਕਾਰਜ ਦੇਖ ਕੇ ਅਗਲੇ ਸਾਲ ਕੌਮੀ ਐਵਾਰਡ ਦੀ ਸਿਫਾਰਿਸ਼ ਕਰਨ ਦਾ ਵਾਅਦਾ ਕਰਕੇ ਵਾਪਿਸ ਗਈ। ਇਹ ਸਾਰਾ ਕੁਝ ਮੇਰੇ ਲਈ ਉਸ ਵੇਲੇ ਡੂੰਘਾ ਟੋਆ ਬਣ ਗਿਆ ਜਦੋਂ ਪਾਰਟੀਆਂ ਦੇ ਸਥਾਨਕ ਸੂਬੇਦਾਰਾਂ ਅਤੇ ਸੂਬੇ ਦੇ ਸਿਖਰਲੇ ਲੀਡਰਾਂ ਨੇ ਸੋਚਣਾ ਸ਼ੁਰੂ ਕਰ ਦਿੱਤਾ ਕਿ ਮੈਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਲਈ ਇਹ ਸਾਰਾ ਕੁਝ ਕਰ ਰਿਹਾ ਹਾਂ।

ਪਿੰਡ ਦਾ ਕੋਈ ਵੀ ਝਗੜਾ ਥਾਣੇ ਨਹੀਂ ਪਹੁੰਚਿਆ। ਫੌਜਦਾਰੀ ਕੇਸਾਂ ਵਿਚ ਤਿੰਨ ਪੀੜਤ ਧਿਰਾਂ ਨੂੰ ਕ੍ਰਮਵਾਰ 37000, 35000 ਅਤੇ 50000 ਕਸੂਰਵਾਰਾਂ ਤੋਂ ਦਿਲਵਾਏ। ਕਸੂਰ ਅਜਿਹੇ ਸਨ ਕਿ ਕੋਰਟ-ਕਚਹਿਰੀਆਂ ਵਿਚ ਖਰਚਾ ਵੱਧ ਹੋਣਾ ਸੀ ਅਤੇ ਪੀੜਤਾਂ ਨੂੰ ਮਿਲਣਾ ਕੁਝ ਨਹੀਂ ਸੀ।

ਤਸਵੀਰ ਦਾ ਦੂਜਾ ਪੱਖ ਬਰਾਬਰ ਉਸਰ ਰਿਹਾ ਸੀ। ਪੈਲੇਸ, ਪਸ਼ੂ ਸ਼ੈੱਡ ਅਤੇ ਸ਼ਾਪਿੰਗ ਸੈਂਟਰ ਦੀਆਂ ਥਾਵਾਂ ਉੱਤੇ ਨਾਜਾਇਜ਼ ਕਬਜ਼ੇ ਸਨ। ਕਬਜ਼ਾਕਾਰਾਂ ਵਿਚ ਆਪਣੇ ਅਤੇ ਵਿਰੋਧੀ ਦੋਵੇਂ ਸਨ। ਖੇਤਾਂ ਨੂੰ ਲੱਗੀਆਂ ਲੰਮੀਆਂ ਗੋਹਰੀਆਂ ਦੀ ਨਿਸ਼ਾਨਦੇਹੀ ਇੱਕੋ ਦਿਨ ਕਰਵਾਈ। ਹਰ ਰਸਤੇ ਵਿਚ ਦਸ ਬਾਰਾਂ ਮਾਲਕ ਸਨ। ਬਹੁਤਿਆਂ ਨੇ ਗੋਹਰੀਆਂ ਵਾਹ ਕੇ ਖੇਤਾਂ ਵਿਚ ਮਿਲਾ ਲਈਆਂ ਸਨ। ਸਭ ਨੂੰ ਕਬਜ਼ੇ ਛੱਡਣੇ ਪਏ। ਕੁਝ ਨੂੰ ਛੱਡ ਕੇ ਸਭ ਨਾਰਾਜ਼ ਹੋ ਗਏ। ਜਿਹੜੀ ਵਿਰੋਧੀ ਧਿਰ ਸਮਝਦੀ ਸੀ ਕਿ ਹੁਣ ਉਹ ਕਦੇ ਵੀ ਸਰਪੰਚੀ ਨਹੀਂ ਜਿੱਤੇਗੀ, ਮੁੜ ਜਿਊਂਦੀ ਹੋ ਗਈ।

ਖ਼ੈਰ! ਪੰਚਾਇਤੀ ਚੋਣਾਂ ਆ ਗਈਆਂ। ਸਰਪੰਚੀ ਔਰਤਾਂ ਲਈ ਰਾਖਵੀਂ ਹੋ ਗਈ। ਅਸੀਂ ਪਿੰਡ ਦੇ ਬਹੁਗਿਣਤੀ ਭਾਈਚਾਰੇ ਵਿਚੋਂ ਇੱਕ ਬੀਬੀ ਨੂੰ ਬਤੌਰ ਉਮੀਦਵਾਰ ਤੈਅ ਕਰ ਲਿਆ। ਸਾਰਾ ਪਿੰਡ ਅਤੇ ਭਾਈਚਾਰਾ ਸਹਿਮਤ ਸੀ ਪਰ ਕੁਝ ਦਿਨਾਂ ਬਾਅਦ ਫਿਰ ਇਕੱਠ ਕਰਕੇ ਕਹਿਣ ਲੱਗੇ ਕਿ ਅਸੀਂ ਹਾਰ ਜਾਵਾਂਗੇ। ਜ਼ਿੱਦ ਪੈ ਗਏ ਅਤੇ ਮੇਰੀ ਪਤਨੀ ਨੂੰ ਉਮੀਦਵਾਰ ਬਣਾਉਣ ਉੱਤੇ ਅੜ ਗਏ। ਜਿਨ੍ਹਾਂ ਪੰਜ ਸਾਲ ਹਰ ਤਰ੍ਹਾਂ ਦਾ ਸਾਥ ਦਿੱਤਾ, ਉਨ੍ਹਾਂ ਦਾ ਕਹਿਣਾ ਮੰਨਣਾ ਪਿਆ।

ਵੋਟਾਂ ਪਈਆਂ; ਤੇ ਮੇਰੇ ਕਾਰਜਾਂ ਕਾਰਨ ਮੇਰੀ ਪਤਨੀ, ਸੇਵਾ ਮੁਕਤ ਹਾਈ ਸਕੂਲ ਮਾਸਟਰਾਣੀ ਨੂੰ ਅਨਪੜ੍ਹ ਬੀਬੀ ਨੇ 19 ਵੋਟਾਂ ਨਾਲ ਸਰਪੰਚੀ ਦੀ ਚੋਣ ਵਿਚ ਹਰਾ ਦਿੱਤਾ।

# ਪੰਜਾਬ ਲਈ ਖੇਤੀਬਾੜੀ ਨੀਤੀ: ਦਾਅਵੇ ਅਤੇ ਹਕੀਕਤਾਂ

ਪੰਜਾਬ ਦੇ ਮੁੱਖ ਮੰਤਰੀ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਦੌਰੇ ਦੌਰਾਨ ਐਲਾਨ ਕੀਤਾ ਸੀ ਕਿ ਪੰਜਾਬ ਲਈ ਖੇਤੀਬਾੜੀ ਨੀਤੀ ਬਣਾਉਣ ਲਈ ਖੇਤੀ ਮਾਹਿਰਾਂ ਅਤੇ ਯੂਨੀਵਰਸਿਟੀ ਦੇ ਅਧਿਕਾਰੀਆਂ ਤੇ ਵਿਦਿਆਰਥੀਆਂ ਦੀ ਸਾਂਝੀ ਕਮੇਟੀ ਬਣਾਈ ਜਾਵੇਗੀ। ਅਜੇ ਤੱਕ ਸੂਬੇ ਦੀ ਆਪਣੀ ਕੋਈ ਖੇਤੀ ਨੀਤੀ ਨਹੀਂ ਹੈ। ਪੁਰਾਣੇ ਪੰਜਾਬ ਵਿਚ ਅਨਾਜ ਦੀ ਘਾਟ ਹੁੰਦੀ ਸੀ, ਹਰੀ ਕ੍ਰਾਂਤੀ ਆਈ ਤਾਂ ਸੂਬੇ ਨੇ ਅਨਾਜ ਦੀ ਆਪਣੀ ਘਾਟ ਪੂਰੀ ਕਰਨ ਦੇ ਨਾਲ-ਨਾਲ ਪੂਰੇ ਮੁਲਕ ਵਿਚ ਅਨਾਜ ਦੀ ਘਾਟ ਪੂਰੀ ਕਰ ਕੇ ਮੁਲਕ ਨੂੰ ਖੁਰਾਕ ਸੁਰੱਖਿਆ ਮੁਹੱਈਆ ਕਰਵਾਈ। ਸੂਬਾ ਲੰਮੇ



**ਡਾ. ਕੇਸਰ ਸਿੰਘ ਭੰਗੂ**
ਫੋਨ: +91-98154-27127

ਸਮੇਂ ਤੋਂ ਅਨਾਜ ਦੀ ਪੈਦਾਵਾਰ ਵਿਚ ਮੋਹਰੀ ਰਿਹਾ ਹੈ ਅਤੇ ਅੱਜ ਵੀ ਹੈ। ਖੇਤੀ ਨੀਤੀ ਨਾ ਹੋਣ ਦੇ ਬਾਵਜੂਦ ਟੁਕੜਿਆਂ ਵਿਚ ਉਲੀਕੇ ਪ੍ਰੋਗਰਾਮਾਂ/ਸਕੀਮਾਂ ਨਾਲ ਅਨਾਜ ਦੀ ਪੈਦਾਵਾਰ ਤਾਂ ਬਹੁਤ ਵਧੀ ਪਰ ਲੰਮੇ ਸਮੇਂ ਲਈ ਟਿਕਾਊ ਖੇਤੀ ਦੇ ਮੁੱਦੇ ਤੋਂ ਸੂਬਾ ਪਛੜ ਗਿਆ। ਨਤੀਜੇ ਵਜੋਂ ਵਾਤਾਵਰਨ ਤੇ ਮਿੱਟੀ ਦੀ ਉਪਜਾਊ ਸ਼ਕਤੀ 'ਚ ਵਿਗਾੜ, ਪਾਣੀ ਦੇ ਪੱਧਰ 'ਚ ਗਿਰਾਵਟ ਆਦਿ ਦੇਖਣ ਨੂੰ ਮਿਲਦੇ ਹਨ। ਪੰਜਾਬ ਦਾ ਖੇਤੀ ਖੇਤਰ ਅਤੇ ਕਿਸਾਨੀ ਦੇ ਨਾਲ ਨਾਲ ਖੇਤ ਮਜ਼ਦੂਰ ਵੀ ਗੰਭੀਰ ਆਰਥਿਕ ਸੰਕਟ ਵਿਚ ਫਸ ਗਿਆ ਹੈ।

ਅਸਲ ਵਿਚ, ਪੰਜਾਬ ਦੀਆਂ ਸਰਕਾਰਾਂ ਨੇ ਖੇਤੀ ਨੀਤੀ ਬਣਾਉਣ ਲਈ ਕਦੇ ਬਹੁਤੀ ਦਿਲਚਸਪੀ ਨਹੀਂ ਦਿਖਾਈ। ਖੇਤੀ ਨੀਤੀ ਬਾਰੇ ਦੋ ਖਰੜੇ ਤਾਂ ਸਰਕਾਰੀ ਫਾਈਲਾਂ ਹੇਠ ਦੱਬੇ ਪਏ ਹਨ। ਪਹਿਲਾ ਖਰੜਾ 2013 ਵਿਚ ਸਰਕਾਰ ਵੱਲੋਂ ਡਾਕਟਰ ਜੀਐੱਸ ਕਾਲਕਟ ਦੀ ਅਗਵਾਈ ਵਿਚ ਬਣਾਈ ਕਮੇਟੀ ਨੇ ਦਿੱਤਾ ਸੀ। ਦੂਜਾ ਖਰੜਾ 2018 ਵਿਚ ਪੰਜਾਬ ਸਟੇਟ ਫਾਰਮਰਜ਼ ਅਤੇ ਖੇਤ ਮਜ਼ਦੂਰ ਕਮਿਸ਼ਨ ਨੇ ਤਿਆਰ ਕੀਤਾ ਸੀ। ਪੰਜਾਬ ਨੂੰ ਇਸ ਵਕਤ ਲੰਮੇ ਸਮੇਂ ਲਈ ਸਮੇਂ ਦੇ ਹਾਣ ਦੀ ਅਤੇ ਟਿਕਾਊ ਖੇਤੀ ਵਾਲੀ ਨੀਤੀ ਦੀ ਲੋੜ ਹੈ ਜਿਸ ਨਾਲ ਖੇਤੀ ਅਤੇ ਕਿਸਾਨੀ ਸੰਕਟ ਨੂੰ ਹੱਲ ਕੀਤਾ ਜਾ ਸਕੇ।

ਕਾਲਕਟ ਕਮੇਟੀ ਦੀ ਤਜਵੀਜ਼ਸ਼ੁਦਾ ਨੀਤੀ ਦਾ ਮੁੱਖ ਮਕਸਦ ਖੇਤੀਬਾੜੀ ਖੇਤਰ ਦੇ ਵਿਕਾਸ, ਉਤਪਾਦਨ ਵਿਚ ਲੰਮੇ ਸਮੇਂ ਵਿਚ ਸਥਿਰਤਾ ਅਤੇ ਅਸਲ ਖੇਤੀ ਆਮਦਨ ਵਧਾਉਣ ਦੇ ਤਰੀਕਿਆਂ ਤੇ ਸਾਧਨਾਂ ਬਾਰੇ ਸੁਝਾਅ ਦੇਣਾ ਸੀ। ਇਸ ਕਮੇਟੀ ਨੇ ਪਹਿਲਾ ਸੁਝਾਅ ਦਿੱਤਾ ਕਿ ਖੇਤੀਬਾੜੀ ਦੀ ਲੰਮੇ ਸਮੇਂ ਦੀ ਸਥਿਰਤਾ ਲਈ ਕੁਦਰਤੀ ਸਰੋਤਾਂ ਜਿਵੇਂ ਧਰਤੀ ਹੇਠਲਾ ਤੇ ਨਹਿਰੀ ਪਾਣੀ, ਮਿੱਟੀ ਆਦਿ ਦੀ ਸੁਚੱਜੀ ਵਰਤੋਂ ਨੂੰ ਹੱਲਾਸ਼ੇਰੀ ਦੇਣੀ ਚਾਹੀਦੀ ਹੈ। ਦੂਜੇ ਸਥਾਨ 'ਤੇ ਨਵੀਆਂ ਖੋਜਾਂ, ਸਰਕਾਰੀ ਤੇ ਪ੍ਰਾਈਵੇਟ ਨਿਵੇਸ਼ ਵਿਚ ਵਾਧੇ ਨਾਲ ਅਤੇ ਵਿਕਾਸ ਦੇ ਪ੍ਰੋਗਰਾਮ ਮਜ਼ਬੂਤ ਕਰ ਕੇ ਫਸਲਾਂ ਅਤੇ ਪਸ਼ੂਆਂ ਦੀ ਉਤਪਾਦਕਤਾ ਵਿਚ ਵਾਧਾ ਕੀਤਾ ਜਾਣਾ ਚਾਹੀਦਾ ਹੈ। ਤੀਜੇ ਸਥਾਨ 'ਤੇ ਕਿਸਾਨਾਂ ਦੀ ਆਰਥਿਕਤਾ ਸੁਧਾਰਨ ਲਈ ਸੰਜੀਦਾ ਉਪਰਾਲੇ ਕਰਨੇ ਚਾਹੀਦੇ ਹਨ। ਕਮੇਟੀ ਨੇ ਖਰੜੇ ਵਿਚ ਉੱਚ ਮੁੱਲ ਵਾਲੀਆਂ ਫਸਲਾਂ ਦੀਆਂ ਸਮੱਸਿਆਵਾਂ ਹੱਲ ਕਰ ਕੇ ਉਨ੍ਹਾਂ ਦੀ ਕਾਸ਼ਤ ਨੂੰ ਹੁਲਾਰਾ ਦੇਣ ਦੀ ਵਕਾਲਤ ਵੀ ਕੀਤੀ ਹੈ।



ਖੇਤੀ ਨੀਤੀ ਦੇ ਇਸ ਖਰੜੇ ਮੁਤਾਬਿਕ ਖੇਤੀ ਉਤਪਾਦਨ ਵਿਚ ਪਿੰਡ ਅਤੇ ਉਦਯੋਗਿਕ ਪੱਧਰ 'ਤੇ ਉਤਪਾਦਨ ਦੀ ਗਰੇਡਿੰਗ, ਸਾਫ਼-ਸਫ਼ਾਈ ਅਤੇ ਸਾਧਾਰਨ ਪ੍ਰੋਸੈਸਿੰਗ ਕਰ ਕੇ ਹੋਰ ਵਸਤੂਆਂ ਬਣਾਉਣ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਨਾਲ ਹੀ ਖੇਤੀ ਉਤਪਾਦਨ ਨੂੰ ਮਾਰਕੀਟ ਸਥਿਤੀ ਤੇ ਹਿਸਾਬ ਨਾਲ ਕਾਸ਼ਤ ਕਰਨਾ, ਕਿਸਾਨਾਂ ਲਈ ਕਰੈਡਿਟ ਵੰਡ ਪ੍ਰਣਾਲੀ ਵਿਚ ਸੁਧਾਰ ਕਰ ਕੇ ਕਿਸਾਨ ਪੱਖੀ ਬਣਾਉਣਾ, ਖੇਤੀ ਸੰਸਥਾਵਾਂ ਦਾ ਪੁਨਰ-ਗਠਨ ਕਰ ਕੇ ਅਤੇ ਖੇਤੀਬਾੜੀ ਨਾਲ ਸਬੰਧਿਤ ਵਿਭਾਗਾਂ ਦੇ ਆਪਸੀ ਤਾਲਮੇਲ ਨਾਲ ਖੇਤੀਬਾੜੀ ਸਬੰਧੀ ਆ ਰਹੀਆਂ ਰੁਕਾਵਟਾਂ ਨੂੰ ਦੂਰ ਕਰਨਾ ਇਸ ਵਿਚ ਸ਼ਾਮਿਲ ਹੈ।

ਉਪਰਲੇ ਨੁਕਤਿਆਂ ਦੀ ਪੂਰਤੀ ਲਈ ਕਮੇਟੀ ਖੇਤੀ ਵਿਚ ਵੰਨ-ਸਵੰਨਤਾ ਲਿਆਉਣ, ਝੋਨੇ ਹੇਠ ਰਕਬਾ ਘਟਾਉਣ ਅਤੇ ਹੋਰ ਵਪਾਰਕ ਫਸਲਾਂ ਦੀ ਬਿਜਾਈ ਕਰਨ ਲਈ ਉਪਰਾਲੇ ਸ਼ੁਰੂ ਕਰਨ ਦੀ ਲੋੜ 'ਤੇ ਜ਼ੋਰ ਦਿੰਦੀ ਹੈ; ਨਾਲ ਹੀ ਝੋਨੇ ਦੇ ਬਦਲ ਵਜੋਂ ਹੋਰ ਵਪਾਰਕ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਯਕੀਨੀ ਬਣਾਉਣ ਦੀ ਗੱਲ ਵੀ ਕਰਦੀ ਹੈ। ਨੀਤੀ ਦਾ ਖਰੜਾ ਕੁਦਰਤੀ ਸੋਮਿਆਂ, ਖਾਸਕਰ ਪਾਣੀ ਦੀ ਸੰਭਾਲ ਲਈ ਉਪਰਾਲੇ ਕਰਨ ਲਈ ਵੀ ਕਾਰਗਰ ਸੁਝਾਅ ਸਾਹਮਣੇ ਰੱਖਦਾ ਹੈ। ਮਿੱਟੀ ਦੀ ਚੰਗੀ ਸਿਹਤ ਲਈ ਕਿਸਾਨਾਂ ਨੂੰ ਮਿੱਟੀ ਸਿਹਤ ਕਾਰਡ ਬਣਾਉਣ ਦੇ ਨਾਲ ਨਾਲ ਖਾਦਾਂ ਅਤੇ ਕੀਟਨਾਸ਼ਕਾਂ ਦੀ ਸੁਰੱਖਿਅਤ ਤੇ ਸੁਚੱਜੀ ਵਰਤੋਂ ਲਈ ਕਿਸਾਨਾਂ ਨੂੰ ਸਿੱਖਿਅਤ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ। ਇਹ ਖਰੜਾ ਖੇਤੀ ਦੇ ਸਹਾਇਕ ਧੰਦਿਆਂ (ਮੁਰਗੀ ਪਾਲਣ, ਡੇਅਰੀ ਵਿਕਾਸ, ਸੂਰ ਪਾਲਣ, ਮੱਛੀ ਪਾਲਣ, ਬੱਕਰੀ ਪਾਲਣ ਆਦਿ) ਨੂੰ ਪ੍ਰਫੁੱਲਤ ਕਰਨ ਦੀ ਸਲਾਹ ਦੇਣ ਦੇ ਨਾਲ ਇਨ੍ਹਾਂ ਧੰਦਿਆਂ ਦੇ ਉਤਪਾਦਨ ਦੀ ਸਰਕਾਰ ਵੱਲੋਂ ਕਿਸਾਨਾਂ ਨੂੰ ਲਾਹੇਵੰਦ ਕੀਮਤ ਅਤੇ ਯਕੀਨੀ ਖਰੀਦ ਬਣਾਉਣ ਦੀ ਵਕਾਲਤ ਵੀ ਕਰਦਾ ਹੈ। ਕਿਸਾਨਾਂ ਦੇ ਹਿੱਤਾਂ ਵਿਚ ਮੰਡੀਕਰਨ ਵਿਚ ਸੁਧਾਰ, ਖੇਤੀ ਲਈ ਨਵੀਆਂ ਖੋਜਾਂ ਤੇ ਤਕਨੀਕਾਂ ਦੇ ਵਿਕਾਸ ਕਾਰਜ ਨੇਪਰੇ ਚਾੜ੍ਹਨ ਦੀ ਗੱਲ ਵੀ ਕੀਤੀ ਗਈ ਹੈ। ਅੰਤ ਵਿਚ ਇਹ ਖਰੜਾ ਸੂਬੇ ਵਿਚ ਖੇਤੀ ਨਾਲ ਸਬੰਧਿਤ ਸਾਰੇ ਅਦਾਰਿਆਂ ਵਿਚ ਦਰਪੇਸ਼ ਮੁਸ਼ਕਿਲਾਂ ਦੂਰ ਕਰਨ ਲਈ ਅਦਾਰਿਆਂ ਅੰਦਰ ਵੱਡੇ ਪੱਧਰ 'ਤੇ ਬੁਨਿਆਦੀ ਤਬਦੀਲੀਆਂ ਦੀ ਸਿਫਾਰਸ਼ ਕਰਦਾ ਹੈ।

ਪੰਜਾਬ ਸਟੇਟ ਫਾਰਮਰਜ਼ ਅਤੇ ਖੇਤ ਮਜ਼ਦੂਰ ਕਮਿਸ਼ਨ ਵਾਲੇ ਖਰੜੇ ਵਿਚ ਸਭ ਤੋਂ ਪਹਿਲਾਂ ਕਿਸਾਨ ਕੌਣ ਹਨ, ਨੂੰ ਪਰਿਭਾਸ਼ਿਤ ਕੀਤਾ ਗਿਆ ਹੈ। ਖਰੜੇ ਮੁਤਾਬਿਕ ਕਿਸਾਨ, ਠੇਕੇ 'ਤੇ ਜ਼ਮੀਨ ਲੈ ਕੇ ਖੇਤੀ ਕਰਨ ਵਾਲੇ, ਖੇਤ ਮਜ਼ਦੂਰ, ਪਸ਼ੂ ਪਾਲਕ, ਅਤੇ ਖੇਤੀਬਾੜੀ ਤੇ ਖੇਤੀ ਦੇ ਸਹਾਇਕ ਧੰਦਿਆਂ ਵਿਚ ਲੱਗੇ ਸਾਰੇ ਲੋਕ ਕਿਸਾਨ ਹਨ। ਇਹ ਖਰੜਾ ਮੁੱਖ ਤੌਰ 'ਤੇ ਸਾਰੇ ਸਬੰਧਤਾਂ ਲਈ ਚੰਗਾ ਮਿਆਰੀ ਜੀਵਨ ਪੱਧਰ, ਕੁਦਰਤੀ ਸੋਮਿਆਂ ਜਿਵੇਂ ਪਾਣੀ, ਜ਼ਮੀਨ ਤੇ ਜਲਵਾਯੂ ਦੀ ਸੰਭਾਲ, ਖੇਤੀ ਵਿਚ ਛੁਪੀ ਬੇਰੁਜ਼ਗਾਰੀ ਦਾ ਖ਼ਾਤਮਾ ਕਰਨ ਅਤੇ ਕਿਸਾਨਾਂ ਲਈ ਵਧੀਆ ਪ੍ਰਸ਼ਾਸਨ ਤੇ ਸੇਵਾਵਾਂ ਮੁਹੱਈਆ ਕਰਵਾਉਣ ਨੂੰ ਸੰਬੋਧਿਤ ਹੈ। ਖਰੜਾ ਖੇਤੀ ਬਾੜੀ ਤੇ ਕਿਸਾਨਾਂ ਲਈ ਮੌਜੂਦਾ ਕੁਪ੍ਰਬੰਧ, ਖੇਤੀ ਨਾਲ ਸਬੰਧਿਤ ਵਿਭਾਗਾਂ ਵਿਚ ਆਪਸੀ ਤਾਲਮੇਲ ਦੀ ਘਾਟ, ਕਿਸਾਨਾਂ ਲਈ ਸੇਵਾਵਾਂ ਵਿਚ ਵੱਡੀਆਂ ਖਾਮੀਆਂ ਨੂੰ ਉਜਾਗਰ ਕਰਕੇ ਉਨ੍ਹਾਂ ਦੇ ਹੱਲ ਲਈ ਸੁਝਾਅ ਦਿੰਦਾ ਹੈ। ਇਸੇ ਤਰ੍ਹਾਂ ਇਹ ਕਿਸਾਨਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ, ਖਾਸਕਰ ਬੇਜ਼ਮੀਨੇ, ਸੀਮਾਂਤ ਤੇ ਛੋਟੇ ਅਤੇ ਖੇਤ ਮਜ਼ਦੂਰਾਂ ਲਈ ਸਰਕਾਰ ਵੱਲੋਂ ਦਖ਼ਲ ਦੇਣ ਦੀ ਵਕਾਲਤ ਕਰਦਾ ਹੈ। ਇਹ ਖਰੜਾ ਕੁਦਰਤੀ ਖੇਤੀ ਨੂੰ ਉਤਸ਼ਾਹਿਤ ਕਰਨ ਦੀ ਸਲਾਹ ਦਿੰਦਾ ਹੈ, ਨਾਲ ਹੀ ਹਰ ਖੇਤਰ ਲਈ ਢੁਕਵੀਂ ਫਸਲ ਬੀਜਣ, ਵੰਨ-ਸਵੰਨਤਾ ਨੂੰ ਹੁਲਾਰਾ ਦੇਣ ਅਤੇ ਸਹਾਇਕ ਧੰਦੇ ਅਪਣਾਉਣ ਤੇ ਉਤਸ਼ਾਹਿਤ ਕਰਨ ਲਈ ਵੀ ਕਹਿੰਦਾ ਹੈ। ਇਸ ਖਰੜੇ ਮੁਤਾਬਿਕ ਖੇਤੀ ਖੋਜ ਨੂੰ ਵਿਗਿਆਨਕ ਤੌਰ 'ਤੇ ਹੋਰ ਸੁਚੱਜਾ ਅਤੇ ਬਿਹਤਰ ਬਣਾਉਣਾ ਹੋਵੇਗਾ; ਨਾਲ ਹੀ ਕਿਸਾਨਾਂ ਨੂੰ ਬਿਹਤਰ ਪ੍ਰਸਾਰ ਸੇਵਾਵਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਫਸਲਾਂ ਦੀ ਕਟਾਈ ਤੋਂ ਬਾਅਦ ਉਨ੍ਹਾਂ ਦੀ ਸਫਾਈ, ਗਰੇਡਿੰਗ ਅਤੇ ਸਾਧਾਰਨ ਪ੍ਰਾਸੈਸਿੰਗ ਕਰਕੇ, ਭਾਵ ਹੋਰ ਮੁੱਲ ਜੋੜ ਕੇ ਬਾਜ਼ਾਰ ਵਿਚ ਵੇਚਣ ਦੀ ਸਲਾਹ ਦਿੰਦਾ ਹੈ। ਖਰੜਾ ਕਿਸਾਨਾਂ ਲਈ ਬਹੁਤ ਹੀ ਢੁਕਵੀਆਂ ਦਰਾਂ 'ਤੇ ਲੋੜੀਂਦੀ ਮਾਤਰਾ ਵਿਚ ਕਰਜ਼ੇ ਮੁਹੱਈਆ ਕਰਵਾਉਣ ਦੀ ਵੀ ਸਲਾਹ ਦਿੰਦਾ ਹੈ ਅਤੇ ਫਸਲਾਂ ਦੇ ਖ਼ਰਾਬ ਹੋਣ ਦੀ ਸੂਰਤ ਵਿਚ ਲਾਹੇਵੰਦ ਬੀਮਾ ਯੋਜਨਾ ਦੀ ਵਕਾਲਤ ਵੀ ਕਰਦਾ ਹੈ।

ਇਨ੍ਹਾਂ ਦੋਵੇਂ ਖੇਤੀ ਨੀਤੀ ਖਰੜੇ ਕਾਫ਼ੀ ਵਿਸਥਾਰ ਨਾਲ ਜਾਣਕਾਰੀ ਪੇਸ਼ ਕਰਦੇ ਹਨ। ਖੇਤੀ ਨੀਤੀ ਦੀਆਂ ਬਹੁਤ ਸਾਰੀਆਂ ਮੱਦਾਂ ਕੇਂਦਰ ਸਰਕਾਰ ਤੈਅ ਕਰਦੀ ਹੈ ਜਿਵੇਂ ਖੁਰਾਕ ਦੀ ਜਨਤਕ ਵੰਡ ਪ੍ਰਣਾਲੀ, ਖੁਰਾਕ ਸੁਰੱਖਿਆ ਮੁਹੱਈਆ ਕਰਨ ਦੇ ਨਿਯਮ, ਖੁਰਾਕ ਤੇ ਖਾਦ ਸਬਸਿਡੀਆਂ, ਘੱਟੋ-ਘੱਟ ਸਮਰਥਨ ਮੁੱਲ, ਅਨਾਜਾਂ ਦੀ ਕੇਂਦਰੀ ਪੂਲ ਲਈ ਖਰੀਦ ਅਤੇ ਖੇਤੀਬਾੜੀ ਉਤਪਾਦਨ ਦੀਆਂ ਦਰਾਮਦਾਂ ਬਰਾਮਦਾਂ ਆਦਿ; ਇਨ੍ਹਾਂ ਬਾਰੇ ਖਰੜੇ ਕੋਈ ਨੀਤੀਗਤ ਸੁਝਾਅ ਨਹੀਂ ਦਿੰਦੇ ਜਦੋਂ ਕਿ ਇਹ ਮੱਦਾਂ ਸੂਬੇ ਦੀ ਖੇਤੀ ਅਤੇ ਖੇਤੀ ਨੀਤੀ ਨੂੰ ਪ੍ਰਭਾਵਿਤ ਕਰਦੀਆਂ ਹਨ।

ਹੁਣ ਸੂਬਾ ਸਰਕਾਰ ਨੂੰ ਚਾਹੀਦਾ ਹੈ ਕਿ ਜਲਦੀ ਤੋਂ ਜਲਦੀ ਖੇਤੀਬਾੜੀ ਨੀਤੀ ਬਣਾਉਣ ਲਈ ਖੇਤੀ ਮਾਹਿਰਾਂ ਅਤੇ ਖੇਤੀਬਾੜੀ ਨਾਲ ਸਬੰਧਿਤ ਸਾਰੀਆਂ ਧਿਰਾਂ ਦੇ ਨੁਮਾਇੰਦਿਆਂ ਦੀ ਕਮੇਟੀ ਬਣਾਈ ਜਾਵੇ। ਖੇਤੀਬਾੜੀ ਨੀਤੀ ਬਣਾਉਣ ਤੋਂ ਪਹਿਲਾਂ ਪਿਛਲੀਆਂ ਦੋ ਕਮੇਟੀਆਂ ਦੇ ਖਰੜਿਆਂ ਦਾ ਅਧਿਐਨ ਵੀ ਕੀਤਾ ਜਾਵੇ। ਕੇਂਦਰ ਦੇ ਹੱਥਾਂ ਵਿਚਲੀਆਂ ਖੇਤੀ ਮੱਦਾਂ ਨੂੰ ਧਿਆਨ ਵਿਚ ਰੱਖਦਿਆਂ ਹੀ ਸੂਬੇ ਲਈ ਖੇਤੀਬਾੜੀ ਨੀਤੀ ਬਣਾਉਣੀ ਚਾਹੀਦੀ ਹੈ ਤਾਂ ਕਿ ਇਹ ਨੀਤੀ ਸਮੇਂ ਦੇ ਹਾਣ ਦੀ, ਵਿਆਪਕ ਆਧਾਰ ਵਾਲੀ ਅਤੇ ਲੰਮੇ ਸਮੇਂ ਲਈ ਟਿਕਾਊ ਹੋ ਸਕੇ; ਜੋ ਪੰਜਾਬ ਦੀ ਖੇਤੀ ਅਤੇ ਕਿਸਾਨੀ ਦੇ ਸੰਕਟ ਦਾ ਕਾਰਗਰ ਅਤੇ ਸਥਾਈ ਹੱਲ ਕੱਢ ਸਕੇ।

# ਲਿੰਕ ਨਹਿਰ ਦਾ ਮਸਲਾ ਅਤੇ ਆਪਸੀ ਭਾਈਚਾਰਾ

ਸਾਲ ਪਹਿਲਾਂ ਸਾਂਝੇ ਕਿਸਾਨ ਅੰਦੋਲਨ ਵੇਲੇ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਹੀ ਨਹੀਂ, ਆਮ ਲੋਕਾਂ ਵਿਚਕਾਰ ਵੀ ਵੱਡਾ ਭਾਈਚਾਰਾ ਪੈਦਾ ਹੋ ਗਿਆ ਸੀ। ਉਦੋਂ ਵੀ ਇਕ ਦੋ ਵਾਰ ਲਿੰਕ ਨਹਿਰ (ਐੱਸ.ਵਾਈ.ਐੱਲ.) ਦਾ ਮਸਲਾ ਉਠਾ ਕੇ ਭਾਈਚਾਰੇ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ ਪਰ ਕਿਸਾਨਾਂ ਦੇ ਸਖ਼ਤ ਤੇ ਸੰਘਰਸ਼ਮਈ ਵਤੀਰੇ ਕਾਰਨ ਇਹ ਕੋਸ਼ਿਸ਼ਾਂ ਅਸਫਲ ਹੁੰਦੀਆਂ ਰਹੀਆਂ।

ਅੱਜ ਲਿੰਕ ਨਹਿਰ ਦੇ ਵਿਵਾਦ ਨੂੰ 50 ਸਾਲ ਹੋ ਰਹੇ ਹਨ। ਹਰ ਸਿਆਣਾ ਬੰਦਾ ਤਾਂ ਇਹੀ ਕਹੇਗਾ ਕਿ ਇੰਨੇ ਪੁਰਾਣੇ ਝਗੜੇ ਠੀਕ ਨਹੀਂ, ਇਸ ਦਾ

**ਅਭੈ ਸਿੰਘ**
ਫੋਨ: +91-98783-75903

ਕਿਸੇ ਤਰ੍ਹਾਂ ਦਾ ਵੀ ਹੋਵੇ, ਨਿਬੇੜਾ ਹੋ ਜਾਣਾ ਚਾਹੀਦਾ ਹੈ ਲੇਕਿਨ ਇਹ ਵਿਵਾਦ ਇੰਨਾ ਪੇਚੀਦਾ ਹੈ ਤੇ ਇਸ ਢੰਗ ਨਾਲ ਜਜ਼ਬਾਤੀ ਰੰਗਤ ਦਿੱਤੀ ਜਾ ਚੁੱਕੀ ਹੈ ਕਿ ਦਿਲ ਇਹ ਕਹਿਣ ਨੂੰ ਮਜਬੂਰ ਹੋ ਰਿਹਾ ਹੈ ਕਿ ਇਹ ਇਸੇ ਤਰ੍ਹਾਂ ਹੀ ਰਹੇ ਤਾਂ ਚੰਗਾ ਹੈ। ਪੰਜਾਬ ਤੇ ਹਰਿਆਣਾ ਦੇ ਲੋਕਾਂ ਅਤੇ ਕਿਸਾਨਾਂ ਦੇ ਸਾਹਮਣੇ ਜੋ ਜ਼ਿੰਦਗੀ ਮੌਤ ਨਾਲ ਜੁੜੇ ਬਹੁਤ ਗੰਭੀਰ ਮਸਲੇ ਹਨ, ਉਨ੍ਹਾਂ ਦੇ ਮੱਦੇਨਜ਼ਰ ਅਗਲੇ ਇਕ ਦੋ ਦਹਾਕੇ ਇਸੇ ਤਰ੍ਹਾਂ ਨਿਕਲ ਜਾਣ ਤਾਂ ਚੰਗਾ ਹੋਵੇਗਾ।

ਅਜਿਹਾ ਸੋਚਣ ਪਿੱਛੇ ਇਕ ਕਾਰਨ ਇਹ ਹੈ- ਜੋ ਲੋਕ ਸਮਝਦੇ ਹਨ ਕਿ ਨਹਿਰ ਬਣਨ ਨਾਲ ਹਰਿਆਣਾ ਵਿਚ ਲਹਿਰ ਬਹਿਰ ਹੋ ਜਾਣੀ ਹੈ, ਚਾਰੇ ਪਾਸੇ ਹਰਿਆਵਲਾਂ ਛਾ ਜਾਣੀਆਂ ਹਨ, ਗਲਤ ਸੋਚਦੇ ਹਨ। ਇਸ ਨਾਲ ਹਰਿਆਣਾ ਕੋਲ ਪਹਿਲਾਂ ਹੀ ਮੌਜੂਦ ਨਹਿਰੀ ਪਾਣੀ ਵਿਚ ਮਾਮੂਲੀ ਜਿਹਾ ਹੀ ਵਾਧਾ ਹੋਣਾ ਹੈ। ਦੂਜੇ ਪਾਸੇ ਜੋ ਲੋਕ ਸੋਚਦੇ ਹਨ ਕਿ ਇਸ ਨਾਲ ਪੰਜਾਬ ਦਾ ਉਜਾੜਾ ਹੋ ਜਾਣਾ, ਬਿਲਕੁੱਲ ਗ਼ਲਤ ਹਨ। ਕੈਪਟਨ ਅਮਰਿੰਦਰ ਸਿੰਘ ਦਾ ਇਹ ਕਹਿਣਾ ਕਿ ਨਹਿਰ ਬਣਨ ਨਾਲ ਸਾਰਾ ਮਾਲਵਾ ਬੰਜਰ ਹੋ ਜਾਵੇਗਾ, ਬਿਲਕੁਲ ਗ਼ਲਤ ਹੈ। ਇਕ ਦੋ ਸਾਲ ਪਹਿਲਾਂ ਪੰਜਾਬ ਦੇ ਸਿੰਜਾਈ ਵਿਭਾਗ ਦੇ ਇਕ ਵਿਦਵਾਨ ਨੇ ਲਿਖਿਆ ਸੀ ਕਿ ਲਿੰਕ ਨਹਿਰ ਬਣਨ ਨਾਲ ਪੰਜਾਬ ਦੇ ਨਹਿਰੀ ਪਾਣੀ ਦੀ ਉਪਲੱਬਧਤਾ ਵਿਚ ਸਿਰਫ਼ ਤਿੰਨ ਫ਼ੀਸਦੀ ਦੀ ਕਮੀ ਹੋਵੇਗੀ।

ਦੂਸਰਾ ਵੱਡਾ ਕਾਰਨ ਇਹ ਹੈ ਕਿ ਸਬੰਧਿਤ ਧਿਰਾਂ ਵਿਚ ਮਸਲੇ ਦੇ ਹੱਲ ਦੀ ਸੁਹਿਰਦਤਾ ਨਹੀਂ ਹੈ ਤੇ ਹੰਨੇ ਜਾਂ ਬੰਨੇ ਹੋ ਕੇ ਨਿਬੇੜਾ ਕਰ ਲੈਣ ਦੀ ਹਿੰਮਤ ਤਾਂ ਹੈ ਹੀ ਨਹੀਂ। ਹੁਣ ਸੁਪਰੀਮ ਕੋਰਟ ਨੇ ਹੁਕਮ ਦਿੱਤਾ ਹੈ ਕਿ ਇਸ ਮਾਮਲੇ ਨੂੰ ਪੰਜਾਬ ਤੇ ਹਰਿਆਣਾ ਸੀਮਤ ਵਕਤ ਵਿਚ ਮਿਲ ਕੇ ਹੱਲ ਕਰ ਲੈਣ, ਇਹ ਮਤਲਬ ਦੋਹਾਂ ਸੂਬਿਆਂ ਦੀਆਂ ਸਰਕਾਰਾਂ ਤੋਂ ਹੈ ਜਿਨ੍ਹਾਂ ਦੇ ਮੁਖੀ ਉਨ੍ਹਾਂ ਦੇ ਮੁੱਖ ਮੰਤਰੀ ਹਨ ਜੋ ਮੰਤਰੀ ਮੰਡਲ ਤੇ ਵਿਧਾਨਪਾਲਕਾ ਦੇ ਦਿਸ਼ਾ-ਨਿਰਦੇਸ਼ਾਂ ਵਿਚ ਕੰਮ ਕਰਦੇ ਹਨ ਤੇ ਆਪੋ-ਆਪਣੀ ਸਿਆਸੀ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਦੇ ਨਿਰਦੇਸ਼ਾਂ ਵਿਚ ਵੀ।

ਕੀ ਅਸੀਂ ਸਮਝ ਸਕਦੇ ਹਾਂ ਕਿ ਸੁਪਰੀਮ ਕੋਰਟ ਦੇ ਨਿਰਦੇਸ਼ ਤੋਂ ਬਾਅਦ ਹੁਣ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀ ਆਪਣੇ ਸੀਨੀਅਰ ਮੰਤਰੀਆਂ ਸਮੇਤ ਕੋਈ ਸਾਂਝੀ ਮੀਟਿੰਗ ਕਰਨਗੇ ਤੇ ਕਿਸੇ ਸਮਝੌਤੇ ਉੱਪਰ ਪਹੁੰਚਣ ਦੀ ਕੋਸ਼ਿਸ਼ ਕਰਨਗੇ। ਅਜਿਹਾ ਮੁਮਕਿਨ ਨਹੀਂ ਜਾਪਦਾ। ਹਾਂ, ਦੋਵੇਂ ਪਾਸੇ ਸਰਬ ਪਾਰਟੀ ਮੀਟਿੰਗਾਂ ਹੋ ਸਕਦੀਆਂ ਹਨ। ਦੋਹਾਂ ਪਾਸਿਆਂ ਦੀਆਂ ਮੀਟਿੰਗਾਂ ਵਿਚ ਆਪਣੇ ਆਪ ਨੂੰ ਕੌਮੀ ਪਾਰਟੀਆਂ ਅਖਵਾਉਣ ਵਾਲੀਆਂ ਪਾਰਟੀਆਂ, ਕਾਂਗਰਸ, ਭਾਜਪਾ ਤੇ ਆਮ ਆਦਮ ਪਾਰਟੀਆਂ ਵੀ ਸ਼ਾਮਿਲ ਹੋਣਗੀਆਂ। ਪੰਜਾਬ ਦੇ ਮੁੱਖ ਮੰਤਰੀ ਬਿਆਨ ਦੇਣਗੇ ਕਿ ਸਾਡੇ ਕੋਲ ਪਾਣੀ ਦੀ ਇਕ ਬੂੰਦ ਵੀ ਫਾਲਤੂ ਨਹੀਂ। ਪੰਜਾਬ ਭਾਜਪਾ ਦੇ ਪ੍ਰਧਾਨ ਦਾ ਵੀ ਅਜਿਹਾ ਬਿਆਨ ਆਇਆ ਹੈ; ਚੰਗਾ ਹੋਵੇ, ਉਹ ਵੀ ਇਸ ਬਿਆਨ ਵਾਸਤੇ ਕੇਂਦਰੀ ਆਗੂਆਂ ਨੂੰ ਅੱਗੇ ਆਉਣ ਦੇਵੇ। ਇਹੋ ਹਾਲਤ ਕਾਂਗਰਸ ਦੀ ਹੋਵੇਗੀ। ਸਵਾਲ ਇਹ ਹੈ ਕਿ ਜੇ ਇਕ ਕੌਮੀ ਪਾਰਟੀ ਕਿਸੇ ਜ਼ਰੂਰੀ ਮੁੱਦੇ ਬਾਰੇ ਆਪਣਾ ਇਕ ਫ਼ੈਸਲਾ ਨਹੀਂ ਕਰ ਸਕਦੀ ਤਾਂ ਇਹ ਸਿਆਸੀ ਸ਼ਿਸ਼ਟਾਚਾਰ ਦੀ ਉਲੰਘਣਾ ਹੈ।

ਦੂਜੇ ਪਾਸੇ ਇਸ ਦਲੀਲ ਵਿਚ ਵੀ ਜ਼ਰੂਰ ਵਜ਼ਨ ਹੋਵੇਗਾ ਕਿ ਝਗੜਿਆਂ ਦਾ ਆਖ਼ਿਰ ਹੱਲ ਤਾਂ ਹੋਣਾ ਹੀ ਚਾਹੀਦਾ ਹੈ ਅਤੇ ਦੇਰ ਤੱਕ ਲਟਕਦੇ ਮਾਮਲੇ ਠੀਕ ਨਹੀਂ ਪਰ ਸਾਨੂੰ ਦੇਖਣਾ ਪਵੇਗਾ ਕਿ ਇਸ ਵਾਸਤੇ ਠੀਕ ਮਾਹੌਲ, ਦਿਆਨਤਦਾਰੀ, ਹੰਨੇ ਜਾਂ ਬੰਨੇ ਨੂੰ ਮੰਨਣ ਦਾ ਮਾਦਾ ਤੇ ਖੁੱਲ੍ਹੇ ਦਿਲ ਨਾਲ ਛੱਡ ਛਡਾ ਦੀ ਭਾਵਨਾ ਹੈ? ਇਸ ਮਾਮਲੇ ਵਿਚ ਸ਼ੁਰੂ ਤੋਂ ਹੀ ਪਾਰਦਰਸ਼ਤਾ ਅਤੇ ਦਿਆਨਤਦਾਰੀ ਦੀ ਘਾਟ ਰਹੀ ਹੈ।

ਸ਼ਾਇਦ ਹਰ ਸਮਝੌਤੇ ਦਾ ਮਾਹੌਲ ਹੁੰਦਾ ਹੈ। ਅੱਜ ਅਸੀਂ ਦੇਖ ਸਕਦੇ ਹਾਂ ਕਿ ਪਾਕਿਸਤਾਨ ਨਾਲ ਸਿੰਧ ਜਲ ਸਮਝੌਤਾ ਜਿਸ ਨਾਲ ਸਤਲੁਜ, ਰਾਵੀ ਤੇ ਬਿਆਸ ਦਾ ਪਾਣੀ ਭਾਰਤ ਦੇ ਹਿੱਸੇ ਆਇਆ, ਵੀ ਕਿੱਧਰੇ ਭਲਿਆਂ ਵੇਲਿਆਂ ਵਿਚ ਹੋ ਗਿਆ। ਬਾਅਦ ਦੇ ਹਾਲਾਤ ਵਿਚ ਸ਼ਾਇਦ ਉਹ ਵੀ ਮੁਮਕਿਨ ਨਾ ਹੁੰਦਾ। ਉਦੋਂ ਭਾਰਤ ਤੇ ਪਾਕਿਸਤਾਨ, ਦੋਹਾਂ ਮੁਲਕਾਂ ਵਿਚ ਇਸ ਦਾ ਵਿਰੋਧ ਵੀ ਹੋਇਆ ਸੀ। ਕਿਹਾ ਗਿਆ ਕਿ ਭਾਰਤ ਨੇ ਵੱਡੀ ਕੀਮਤ ਦਿੱਤੀ ਹੈ। ਇਨ੍ਹਾਂ ਤਿੰਨਾਂ ਦਰਿਆਵਾਂ ਬਦਲੇ ਪਾਕਿਸਤਾਨ ਨੂੰ ਤਿੰਨ ਬਹੁਤ ਵੱਡੇ ਦਰਿਆ, ਸਿੰਧ, ਜਿਹਲਮ ਤੇ ਚਨਾਬ ਦਿੱਤੇ ਅਤੇ ਏਸ਼ੀਆ ਬੈਂਕ ਦੀ ਮਦਦ ਨਾਲ ਨਹਿਰਾਂ ਦਾ ਰੁਖ ਬਦਲਣ ਵਾਸਤੇ ਪਾਕਿਸਤਾਨ ਨੂੰ 50 ਲੱਖ ਪੌਂਡ ਵੀ ਦਿੱਤੇ।

ਜੰਮੂ ਕਸ਼ਮੀਰ ਦੇ ਸਿਆਸਤਦਾਨਾਂ ਨੇ ਵੀ ਇਸ ਦਾ ਵਿਰੋਧ ਕੀਤਾ ਸੀ। ਹੁਰੀਅਤ ਲੀਡਰਾਂ ਨੇ ਤਾਂ ਸੰਯੁਕਤ ਰਾਸ਼ਟਰ ਦੇ ਨਿਗਰਾਨਾਂ ਨੂੰ ਮੰਗ ਪੱਤਰ ਵੀ ਦਿੱਤਾ ਕਿ ਸੰਯੁਕਤ ਰਾਸ਼ਟਰ ਦੇ ਆਪਣੇ ਰਿਕਾਰਡ ਮੁਤਾਬਕ ਕਿਉਂਕਿ ਜੰਮੂ ਕਸ਼ਮੀਰ ਦੀ ਰਿਆਸਤ ਵਿਵਾਦ ਵਾਲਾ ਖੇਤਰ ਹੈ, ਇਹ ਕਿਸੇ ਵੀ ਦੇਸ਼ ਦਾ ਹਿੱਸਾ ਨਹੀਂ, ਇਸ ਲਈ ਭਾਰਤ ਨੂੰ ਜੰਮੂ ਕਸ਼ਮੀਰ ਦੇ ਦਰਿਆਵਾਂ ਬਾਰੇ ਕੋਈ ਸੌਦਾ ਕਰਨ ਦਾ ਹੱਕ ਨਹੀਂ।

ਖ਼ੈਰ! ਗ਼ਨੀਮਤ ਹੀ ਸਮਝੀ ਜਾਣੀ ਚਾਹੀਦੀ ਹੈ ਕਿ ਸਿੰਧ ਜਲ ਸਮਝੌਤਾ ਹੋ ਗਿਆ। ਭਾਰਤ ਵਾਸਤੇ ਭਾਖੜਾ ਡੈਮ ਅਤੇ ਹਰੀਕੇ ਤੋਂ ਨਹਿਰਾਂ ਦਾ ਰਾਹ ਪੱਧਰਾ ਹੋ ਗਿਆ ਤੇ ਪਾਕਿਸਤਾਨ ਨੇ ਜਿਹਲਮ ਉੱਪਰ ਮੀਰਪੁਰ ਦੇ ਸਥਾਨ 'ਤੇ ਆਪਣਾ ਵੱਡਾ ਡੈਮ ਬਣਾ ਲਿਆ। ਅੱਜ ਚਨਾਬ ਦਰਿਆ ਦਾ ਪਾਣੀ ਬਲੋਚਿਸਤਾਨ ਦੇ ਪਠਾਰਾਂ ਤੱਕ ਚੀਨ ਦੀ ਮਦਦ ਨਾਲ ਬਣੀ 450 ਕਿਲੋਮੀਟਰ ਲੰਮੀ ਸਿੰਥੈਟਿਕ ਕੰਕਰੀਟ ਦੀ ਨਹਿਰ ਰਾਹੀਂ ਪਹੁੰਚਦਾ ਹੈ। ਸਮਝੌਤਿਆਂ ਵਿਚ ਹੀ ਖ਼ੁਸ਼ਹਾਲੀ ਹੁੰਦੀ ਹੈ।

ਇਕ ਹਿਸਾਬ ਲੱਗਦਾ ਹੈ ਕਿ ਭਾਖੜਾ ਡੈਮ ਵੀ ਭਲਿਆਂ ਵੇਲਿਆਂ ਵਿਚ ਬਣ ਗਿਆ। ਅੱਜ ਦੇ ਮਾਹੌਲ ਵਿਚ ਗੋਬਿੰਦ ਸਾਗਰ ਹੇਠ ਆਏ ਇਲਾਕੇ ਦੀ ਇੰਨੀ ਵੱਡੀ ਗਿਣਤੀ ਦੇ ਲੋਕਾਂ ਦਾ ਉਜਾੜਾ ਬਹੁਤ ਔਖਾ ਸੀ। ਭਾਖੜੇ ਦੀ ਗੱਲ ਪਹਿਲੀ ਵਾਰ ਉਦੋਂ ਚੱਲੀ ਜਦੋਂ ਪੰਜਾਬ ਦੇ ਮਾਲ ਮੰਤਰੀ ਸਰ ਛੋਟੂ ਰਾਮ ਕੋਟ ਕੋਹਿਲੂਰ ਦੇ ਰਾਜੇ ਦੇ ਬੰਗਲੇ ਗਏ ਤੇ ਉਸ ਦੀ ਰਿਆਸਤ ਵਿਚ ਪੈਂਦੇ ਭਾਖੜਾ ਦੇ ਸਥਾਨ ਉੱਪਰ ਡੈਮ ਬਣਾਉਣ ਦੀ ਇਜਾਜ਼ਤ ਮੰਗੀ। ਉਸ ਨੇ ਉਜੜਨ ਵਾਲਿਆਂ ਨੂੰ ਲਾਇਲਪੁਰ ਦੀ ਬਾਰ ਵਿਚ ਵਸਾਉਣ ਦੀ ਪੇਸ਼ਕਸ਼ ਕੀਤੀ। ਆਖ਼ਿਰ ਜਦੋਂ ਉਨ੍ਹਾਂ ਦੇ ਪਿਤਾ ਪੁਰਖੀ ਘਰ ਤੇ ਜ਼ਮੀਨਾਂ ਪਾਣੀ ਵਿਚ ਡੁੱਬਣ ਦੀ ਵਾਰੀ ਆਈ ਤਾਂ ਰਾਜਸਥਾਨ ਸਰਕਾਰ ਨੇ ਉਨ੍ਹਾਂ ਨੂੰ ਮੁਆਵਜ਼ੇ, ਘਰ ਤੇ ਕਈ ਗੁਣਾਂ ਵੱਧ ਜ਼ਮੀਨਾਂ ਦਿੱਤੀਆਂ ਪਰ ਸਤਲੁਜ ਕੰਢੇ ਪਹਾੜਾਂ ਦੇ ਵਾਸੀਆਂ ਵਾਸਤੇ ਰਾਜਸਥਾਨ ਦੇ ਟਿੱਬੇ ਰਾਸ ਨਹੀਂ ਆ ਸਕਦੇ ਸਨ। ਉਨ੍ਹਾਂ ਵਿਚ ਕੋਟ ਕੋਹਿਲੂਰ ਜੋ ਹੁਣ ਹਿਮਾਚਲ ਬਣ ਗਿਆ ਸੀ, ਤੋਂ ਇਲਾਵਾ ਪੰਜਾਬ ਦੇ ਜ਼ਿਲ੍ਹਾ ਕਾਂਗੜਾ ਦੇ ਲੋਕ ਵੀ ਸਨ। ਬਹੁਤੇ ਰਾਜਸਥਾਨ ਦੀਆਂ ਜ਼ਮੀਨਾਂ ਵੇਚ ਵੱਟ ਕੇ ਖਿੰਡਰ ਗਏ।

ਝਗੜੇ ਹੱਲ ਕਰਨ ਦਾ ਦੁਨੀਆ ਭਰ ਵਿਚ ਪ੍ਰਵਾਨਿਤ ਇਕ ਹੀ ਦਸਤੂਰ ਹੈ ਕਿ ਜਾਂ ਤਾਂ ਇਸ ਨੂੰ ਆਪਸੀ ਗੱਲਬਾਤ ਨਾਲ ਹੱਲ ਕਰੋ ਜਾਂ ਪੰਚਾਇਤੀ ਤੇ ਜਾਂ ਫਿਰ ਅਦਾਲਤ ਦੇ ਰਾਹੀਂ। ਸਾਡੇ ਵਿਦਵਾਨ ਲੋਕ ਅਖ਼ਬਾਰਾਂ ਦੇ ਕਾਲਮਾਂ ਵਿਚ ਬਹੁਤ ਸਾਰੇ ਕਾਨੂੰਨਾਂ ਦੀ ਧਾਰਨਾਵਾਂ ਤੇ ਇਤਿਹਾਸਕ ਉਦਾਹਰਨਾਂ ਦਿੰਦੇ ਹਨ। ਇਸ ਨਾਲ ਸਾਨੂੰ ਚੰਗੀ ਜਾਣਕਾਰੀ ਮਿਲਦੀ ਹੈ ਲੇਕਿਨ ਅਸਲ ਵਿਚ ਇਹ ਸਭ ਕਾਨੂੰਨ ਤੇ ਦਲੀਲਾਂ ਅੱਜ ਸੁਪਰੀਮ ਕੋਰਟ ਦੇ ਸਾਹਮਣੇ ਹੀ ਰੱਖਣ ਦਾ ਲਾਭ ਹੈ। ਇਸ ਤੋਂ ਅਗਲੀ ਗੱਲ ਇਹ ਹੈ ਕਿ ਸਭ ਦਲੀਲਾਂ ਸੁਣਨ ਤੋਂ ਬਾਅਦ ਕੋਰਟ ਜੋ ਫ਼ੈਸਲਾ ਕਰੇ, ਉਹ ਸਭ ਧਿਰਾਂ ਮੰਨਣ ਚਾਹੇ ਖਿੜੇ ਮੱਥੇ ਤੇ ਚਾਹੇ ਸੜੇ ਮੱਥੇ ਪਰ ਮਸਲਾ ਹੱਲ ਹੋ ਜਾਣ ਦਾ ਸਕੂਨ ਮਿਲਣਾ ਚਾਹੀਦਾ ਹੈ। ਇਸ ਤੋਂ ਬਿਨਾ ਹੋਰ ਕੋਈ ਰਸਤਾ ਹੁੰਦਾ ਹੀ ਨਹੀਂ।

ਕਿਸਾਨ ਅੰਦੋਲਨ ਵੇਲੇ ਜਦੋਂ ਸਰਕਾਰ ਨੇ ਟਰੱਕ ਖਿਲਾਰ ਕੇ ਤੇ ਕਿੱਲਾਂ ਗੱਡ ਕੇ ਸੜਕਾਂ ਰੋਕੀਆਂ ਸਨ ਤਾਂ ਹਰਿਆਣਾ ਦੇ ਕਿਸਾਨਾਂ ਨੇ ਆਪਣੀ ਬੀਜੀਆਂ ਪੈਲੀਆਂ ਦੀ ਵੱਟਾਂ ਵਾਹ ਕੇ ਆਪਣੇ ਖੇਤਾਂ ਵਿਚੋਂ ਦੀ ਰਸਤੇ ਬਣਾ ਕੇ ਦਿੱਤੇ ਸਨ। ਰਸਤੇ ਵਿਚ ਲੰਗਰ ਲਗਾਏ ਸਨ ਤੇ ਕੁਝ ਢਾਬਿਆਂ ਵਾਲਿਆਂ ਨੇ ਸੰਘਰਸ਼ ਕਰ ਰਹੇ ਕਿਸਾਨਾਂ ਵਾਸਤੇ ਖਾਣਾ ਮੁਫ਼ਤ ਦਿੱਤਾ ਸੀ। ਇਸ ਸਦਭਾਵਨਾ ਦੀ ਰਾਖੀ ਕਰਨਾ ਸਭ ਸਬੰਧਿਤ ਧਿਰਾਂ ਵਾਸਤੇ ਤਰਜੀਹ ਹੋਣੀ ਚਾਹੀਦੀ ਹੈ। ਪਾਣੀ ਕੀਮਤੀ ਹੈ ਪਰ ਦੋ ਪ੍ਰਾਂਤਾਂ ਦੇ ਲੋਕਾਂ ਵਿਚਕਾਰ ਅਮਨ ਅਮਾਨ ਦੀ ਜ਼ਿੰਦਗੀ ਇਸ ਨਾਲੋਂ ਕੀਮਤੀ ਨਹੀਂ।

# ਵਾਰਿਸ ਸ਼ਾਹ ਨਾ ਮੁੜਾਂ ਰੰਝੇਟੜੇ ਤੋਂ

ਹੀਰ ਰਾਂਝੇ ਦੇ ਕਿੱਸੇ ਨੂੰ ਬੈਂਤਾਂ ਵਿਚ ਲਿਖਣ ਤੋਂ ਪਹਿਲਾਂ ਇਨ੍ਹਾਂ ਦੀ ਪ੍ਰੀਤ ਕਹਾਣੀ ਨੂੰ ਕਵਿਤਾ ਦੀ ਮਾਲਾ ਵਿਚ ਪਰੋਇਆ ਜਾ ਚੁੱਕਾ ਸੀ। ਇਹ ਕੰਮ ਕਰਨ ਵਾਲਿਆਂ ਵਿਚ ਦਮੋਦਰ (ਸਮਾਂ 1486 ਈ. ਤੋਂ 1568 ਈ.) ਦਾ ਨਾਂ ਸਾਰਿਆਂ ਤੋਂ ਉਪਰ ਆਉਂਦਾ ਹੈ। ਫਿਰ ਇਸੇ ਲੜੀ ਵਿਚ ਅਹਿਮਦ ਗੁੱਜਰ (ਸਮਾਂ 1692 ਈ), ਗੁਰਦਾਸ ਗੁਣੀ (ਸਮਾਂ 1706 ਈ), ਮੀਆਂ ਅਵਾਨ (ਸਮਾਂ 1710 ਈ) ਨਾਬੀਨਾ ਕਵੀ ਮੁਕਬਿਲ (ਸਮਾਂ 1746 ਤੋਂ 47 ਈ) ਆਉਂਦੇ ਹਨ। ਸ਼ਾਇਦ ਅਹਿਮਦ ਗੁੱਜਰ ਪਹਿਲਾ ਕਵੀ ਸੀ ਜਿਸ ਨੇ ਇਸ ਕਹਾਣੀ ਨੂੰ ਬੈਂਤਾਂ ਵਿਚ ਲਿਖਿਆ ਸੀ ਅਤੇ ਇਸੇ ਧਰਤਪੁਰ



**ਡਾਕਟਰ ਅਜੀਤ ਸਿੰਘ ਕੋਟਕਪੂਰਾ**

ਪਿੱਛੋਂ ਮੁਕਬਿਲ ਨੇ ਵੀ ਆਪਣਾ ਹੱਥ ਇਸ ਕਿੱਸੇ ਉਪਰ ਅਜਮਾਇਆ ਜਿਸ ਨੂੰ ਵਾਰਿਸ ਸ਼ਾਹ ਨੇ ਆਪਣੇ ਲਈ ਨਮੂਨਾ ਬਣਾਇਆ। ਅੱਜ ਹੀਰ ਪੰਜਾਬੀ ਲੋਕ ਅਵਚੇਤਨ ਦਾ ਕੇਂਦਰੀ ਹਿੱਸਾ ਹੈ। ਇਸੇ ਲਈ ਅੱਜ ਤਕ ਸੌ ਤੋਂ ਵੱਧ ਵਾਰ ਹੀਰ ਦਾ ਕਿੱਸਾ ਲਿਖਿਆ ਗਿਆ ਅਤੇ ਬਹੁਤ ਸਾਰੇ ਗੀਤਾਂ ਵਿਚ ਅਤੇ ਲੋਕ ਗੀਤਾਂ ਵਿਚ ਵੀ ਹੀਰ ਦਾ ਬਿੰਬ ਵਰਤਿਆ ਗਿਆ ਹੈ। ਹੀਰ ਦੀ ਕਹਾਣੀ ਪੱਕੀ ਪ੍ਰੀਤ ਤੇ ਪੁਰਾਣੇ ਗੁੜ ਵਾਂਗ ਹੀ ਪੁਰਾਣੀ ਤੇ ਮਿੱਠੀ ਹੈ ਅਤੇ ਪੰਜਾਬ ਦੇ ਦਰਿਆਵਾਂ ਵਾਂਗ ਇਸ ਦੇ ਸੋਮੇ ਵੀ ਉਤਨੇ ਹੀ ਡੂੰਘੇ ਅਤੇ ਵਿਸਤ੍ਰਿਤ ਹਨ।

ਅਨੇਕਾਂ ਕਿੱਸੇ ਹੋਣ ਦੇ ਬਾਵਜੂਦ 'ਵਾਰਿਸ ਸ਼ਾਹ ਦੀ ਹੀਰ' ਦਾ ਕੇਂਦਰੀ ਸਥਾਨ ਹੈ ਅਤੇ ਉਸ ਨੇ ਇਕ ਕਿਸਮ ਨਾਲ ਹੀਰ ਨੂੰ ਰਾਂਝੇ ਕੋਲੋਂ ਖੋਹ ਹੀ ਲਿਆ ਹੈ ਕਿਉਂਕਿ ਅੱਜ ਹੀਰ ਨੂੰ ਵਾਰਿਸ ਸ਼ਾਹ ਨਾਲ ਯਾਦ ਕੀਤਾ ਜਾਂਦਾ ਹੈ। ਵਾਰਿਸ ਦੀ ਹੀਰ ਨੂੰ ਅਮਰ ਕਥਾ ਮੰਨਿਆ ਜਾਣ ਲੱਗ ਪਿਆ ਸੀ। ਕਿਉਂ ਜੋ ਵਾਰਿਸ ਦੀ ਹੀਰ ਅੰਦਰਲਾ ਰਸ ਨਿਵੇਕਲਾ ਹੈ, ਇਸ ਦਾ ਕਾਰਨ ਇਹ ਹੈ ਕਿ ਵਾਰਿਸ ਕੇਵਲ ਇਕ ਕਿੱਸਾਕਾਰ ਹੀ ਨਹੀਂ, ਦਾਨਿਸ਼ਵਰ ਵੀ ਹੈ। ਹੀਰ ਵਾਰਿਸ ਸ਼ਾਹ ਅਠਾਰਵੀਂ ਸਦੀ ਦੇ ਸਭਿਆਚਾਰ, ਆਰਥਿਕਤਾ ਅਤੇ ਰਾਜਨੀਤਕ ਦ੍ਰਿਸ਼ ਦਾ ਪ੍ਰਮਾਣਿਕ ਦਸਤਾਵੇਜ਼ ਹੈ।

ਸਭ ਤੋਂ ਪੁਰਾਣੀ ਰਵਾਇਤ ਜਿਹੜੀ ਬਲੋਚਿਸਤਾਨ ਤੇ ਅਫਗਾਨਿਸਤਾਨ ਵਿਚ ਵੀ ਆਮ ਪ੍ਰਚੱਲਿਤ ਹੈ ਤੇ ਜਿਸ ਦੀ ਪੁਸ਼ਟੀ ਡੀ. ਮੈਲੋ ਨੇ ਅਸਲ ਅਰਬੀ ਵਿਚੋਂ ਅੰਗਰੇਜ਼ੀ ਵਿਚ ਅਨੁਵਾਦ ਕਰ ਕੇ ਕੀਤੀ ਹੈ, ਜਿਸ ਦਾ ਹਵਾਲਾ ਡਾਕਟਰ ਮੋਹਨ ਸਿੰਘ ਨੇ ਵੀ ਦਿੱਤਾ ਹੈ, ਉਹ ਹੀਰ ਬਾਰੇ ਇਸ ਤਰ੍ਹਾਂ ਸੰਕੇਤ ਦਿੰਦਾ ਹੈ:

ਜਦੋਂ ਹੀਰ ਗੁਮਾਨਣ ਆਹੀ
ਸੱਦਿਆਂ ਸੱਦ ਨਾ ਦੇਂਦੀ।
ਸੁੰਜੀ ਇਸ਼ਕ ਕੀਤੀ ਦੀਵਾਨੀ,
ਆਈ ਝਲ ਚਿਰੇਂਦੀ।
ਸ਼ੀਹਾਂ ਦੀ ਅਸਵਾਰੀ ਕਰਦੀ,
ਨਾਗਾਂ ਚੋਟ ਮਰੇਂਦੀ।
ਮੱਕੇ ਦੇ ਵਿਚ ਡਿੱਠੀ ਫ਼ਕਰਾਂ,
ਲੰਗਰ ਖੜੀ ਵੰਡੇਂਦੀ।

ਵਾਰਿਸ ਸ਼ਾਹ ਨੇ ਆਪਣੀ ਸ਼ਾਹਕਾਰ ਰਚਨਾ ਹੀਰ 1180 ਹਿਜਰੀ ਵਿਚ ਕੀਤੀ ਜਿਸ ਨੂੰ ਈਸਵੀ ਵਿਚ ਬਦਲਣ ਲਈ ਹੇਠ ਲਿਖਿਆ ਆਸਾਨ ਢੰਗ ਵਰਤ ਕੇ ਇਸ ਤਰ੍ਹਾਂ ਬਦਲਿਆ ਗਿਆ ਹੈ:

1180 ਹਿਜਰੀ =1180 ਦਾ 97% + 622
= 1144-45 + 622
= 1766-67 ਈਸਵੀ ਬਣਦਾ ਹੈ ਅਤੇ ਜੇ ਬਿਕ੍ਰਮੀ ਵਿਚ ਤਬਦੀਲ ਕਰਨਾ ਹੋਵੇ ਤਾਂ ਇਸ ਵਿਚ 57 ਜੋੜ ਕੇ 1823 ਬਣ ਜਾਂਦਾ ਹੈ। ਇਸ ਲਈ ਵਾਰਿਸ ਸ਼ਾਹ ਨੇ ਇਹ ਕਾਵਿ ਕਿੱਸਾ 1180 ਹਿਜਰੀ ਅਰਥਾਤ 1767 ਈਸਵੀ ਜਾਂ ਬਿਕਰਮੀ 1823 ਵਿਚ ਰਚਿਆ ਦੱਸਿਆ ਹੈ। ਉਸ ਦੇ ਲਿਖੇ ਸ਼ਬਦ ਹਨ:

ਸੰਨ ਯਾਰਾਂ ਸੈ ਅਸੀਆ ਨਬੀ ਹਿਜਰਤ,
ਲੰਮੇ ਦੇਸ ਦੇ ਵਿਚ ਤਿਆਰ ਹੋਈ।

ਜਦਕਿ ਕੁਝ ਹੱਥ ਲਿਖਤਾਂ ਭਾਵੇਂ ਉਹ ਗੁਰਮੁਖੀ ਵਿਚ ਸਨ ਭਾਵੇਂ ਫਾਰਸੀ ਵਿਚ ਉਪਲੱਬਧ ਹੋਈਆਂ, ਦੇ ਲਿਖਾਰੀ ਵੀ ਟਪਲਾ ਖਾ ਗਏ। ਡਾਕਟਰ ਜੀਤ ਸਿੰਘ ਸੀਤਲ ਦੀ ਭੂਮਿਕਾ ਵਿਚ ਦਰਜ ਅਨੁਸਾਰ ਇਕ ਹੱਥ ਲਿਖਤ ਵਿਚ ਜੋ 1821 ਈਸਵੀ ਵਾਲੀ ਹੈ, ਵਿਚ ਗੁਰਮੁਖੀ ਵਿਚ ਲਿਖਿਆ ਮਿਲਿਆ ਕਿ ਸੁਣ ਯਾਰਾਂ ਸੈ ਅਸੀਆਂ,

ਬਤੀਆ ਸੰਮਤਾਂ ਤੇ ਹਿਜਰਤ

ਅਤੇ 1827 ਵਾਲੀ ਲਿਖਤ ਇਸ ਤਰ੍ਹਾਂ ਹੈ:

ਸੰਨ ਯਾਰਾਂ ਸੈ ਅਸੀਆਂ ਤਦੋਂ ਆਹਾ,
ਲੰਮੇ ਦੇਸ ਦੇ ਵਿਚ ਹੀਰ ਹੋਈ।
ਅਠਾਰਾਂ ਸੈ ਬਤੀਆਂ ਸੰਮਤਾਂ ਦਾ,
...

ਇਸੇ ਤਰ੍ਹਾਂ 1856 ਈਸਵੀ ਵਾਲੇ ਨੁਸਖੇ ਵਿਚ ਇਹੋ ਤਾਰੀਖ ਇੰਞ ਅੰਕਿਤ ਕੀਤੀ ਹੋਈ ਹੈ:

ਦਹਿਸਤ ਸੌ ਅਸੀਏ ਬਣੀ ਹਿਜਰਤ
***
ਸਤਾਰਾਂ ਸੈ ਬਿਆਸੀਆਂ ਸੰਮਤ
***

ਫਾਰਸੀ ਅੱਖਰਾਂ ਵਾਲੇ ਹੱਥ ਲਿਖਤ ਨੁਸਖੇ ਵਿਚ ਦੋਵੇਂ ਸੰਮਤਾਂ ਦੀਆਂ ਤਰੀਕਾਂ ਵੀ ਠੀਕ ਨਹੀਂ ਜਾਪਦੀਆਂ:

ਸੰਨ ਯਾਰਾਂ ਸੈ ਅਸੀਆਂ ਨਬੀ ਹਿਜਰੀ,
ਅਠਾਰਾਂ ਸੈ ਤੇ ਬੀਸੀਆਂ ਸੰਮਤਾਂ ਦਾ

ਇਸ ਪ੍ਰਕਾਰ ਇਕ ਹੋਰ ਵੀ ਪੁਰਾਣੇ 1834 ਈਸਵੀ ਵਿਚ ਫਾਰਸੀ ਅੱਖਰਾਂ ਵਿਚ ਲਿਖੇ ਕਲਮੀ ਨੁਸਖੇ ਵਿਚ ਇਹ ਤਾਰੀਖਾਂ ਇਉਂ ਮਿਲੀਆਂ ਹਨ

ਸੰਨ ਹਿਜਰੀ ਸੈ ਯਾਰਾਂ ਸੀ ਤਦੋਂ ਆਹਾ
***
ਸਤਾਰਾਂ ਸੈ ਬਰਸ ਉਪਰੰਤ ਅੱਸੀ,
ਰਾਜੇ...

ਉਪਰੋਕਤ ਸਾਰੇ ਵੇਰਵਿਆਂ ਤੋਂ ਕਿਸੇ ਵੀ ਖੋਜੀ ਨੂੰ ਕੋਈ ਸੇਧ ਨਹੀਂ ਮਿਲਦੀ। ਇਸੇ ਲਈ ਸ਼ਾਇਦ ਇਨ੍ਹਾਂ ਦੋਹਾਂ ਤਰੀਕਾਂ ਵਿਚ ਇਕਸਾਰਤਾ ਨਹੀਂ ਹੋ ਸਕੀ।


ਪਰ ਇਸ ਗੁੱਥੀ ਨੂੰ ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ ਵਿਚ ਡਾਕਟਰ ਮੋਹਨ ਸਿੰਘ ਜੀ ਦੇ ਯਤਨ ਸਦਕਾ ਪਾਕਿਸਤਾਨ ਤੋਂ ਉਚੇਚੇ ਤੌਰ 'ਤੇ ਮੰਗਵਾਏ ਗਏ ਫਾਰਸੀ ਅੱਖਰਾਂ ਵਾਲੇ ਕਲਮੀ ਨੁਸਖੇ (1844 ਵਾਲੀ ਲਿਖਤ) ਨੇ ਸੁਲਝਾ ਦਿੱਤਾ। ਉਥੇ ਸਬੰਧਿਤ ਬੰਦ ਵਿਚ ਇਹ ਤਰੀਕਾਂ ਇੰਜ ਦਿੱਤੀਆਂ ਹੋਈਆਂ ਮਿਲੀਆਂ ਜਿਨ੍ਹਾਂ ਨੂੰ ਪੜ੍ਹ ਕੇ ਸਾਰੇ ਭਰਮ ਭੁਲੇਖੇ ਖਤਮ ਹੋ ਜਾਂਦੇ ਹਨ:

ਸੰਨ ਯਾਰਾਂ ਸੈ ਅਸੀਆਂ ਸੀ ਨਬੀ ਹਿਜਰਤ,
ਲੰਮੇ ਦੇਸ ਦੇ ਵਿਚ ਤਿਆਰ ਹੋਈ,
ਅਠਾਰਾਂ ਸੌ ਤੇਈਸੀਆਂ ਸੰਮਤਾਂ ਦਾ,
ਰਾਜੇ ਬਿਕਰਮਜੀਤ ਦੇ ਸਾਰ ਹੋਈ।
ਪਿਆ ਦੇਸ ਦੇ ਵਿਚ ਹੈ ਬਹੁਤ ਰੌਲਾ,
ਹਰ ਕਿਸੇ ਦੇ ਹੱਥ ਤਲਵਾਰ ਹੋਈ।
ਜਦੋਂ ਦੇਸ ਦੇ ਜੱਟ ਸਰਦਾਰ ਹੋਏ,
ਘਰੋਂ ਘਰੀਂ ਨਵੀਂ ਸਰਕਾਰ ਹੋਈ।
ਅਸ਼ਰਫ ਖਰਾਬ ਕਮਿਨ ਤਾਜ਼ੇ,
ਜ਼ਿਮੀਂਦਾਰ ਨੂੰ ਵੱਡੀ ਬਹਾਰ ਹੋਈ।
ਚੋਰ ਚੌਧਰੀ, ਯਾਰਨੀ ਪਾਕ ਦਾਮਨ,
ਭੂਤ ਮੰਡਲੀ ਇਕ ਤੋਂ ਚਾਰ ਹੋਈ।

ਇਸ ਵਿਚ ਹਿਜਰੀ ਸੰਮਤ ਵੀ ਠੀਕ ਹੈ ਉਸ ਦੇ ਮੁਤਾਬਕ ਬਿਕ੍ਰਮੀ ਸੰਮਤ ਜਰਹਦਾ ਅੰਕੜਿਆਂ ਵਿਚ ਵੀ ਦਿੱਤਾ ਹੋਇਆ ਅਸਲ ਵਿਚ ਠੀਕ ਬੈਠਦਾ ਹੈ। ਉਪਰ ਅੰਕੜਿਆਂ ਦੀ ਗਣਨਾ ਕਰ ਕੇ ਵੀ ਪੁਸ਼ਟੀ ਕਰ ਦਿੱਤੀ ਗਈ ਹੈ। ਇਸ ਤੋਂ ਸਪੱਸ਼ਟ ਹੋ ਗਿਆ ਕਿ ਵਾਰਿਸ ਨੇ ਆਪਣੀ ਰਚਨਾ ਨੂੰ 1180 ਹਿਜਰੀ, ਅਰਥਾਤ ਸੰਮਤ 1823 ਬਿਕ੍ਰਮੀ ਜਾਂ 1767 ਈਸਵੀ ਵਿਚ ਲਿਖਿਆ ਸੀ।

ਵਾਰਿਸ ਸ਼ਾਹ ਜਿਸ ਵੇਲੇ ਪੈਦਾ ਹੋਇਆ ਉਸ ਸਮੇਂ ਪੰਜਾਬ ਅੰਦਰ ਕਿਸਾਨ ਵਿਦਰੋਹ ਤੇਜ਼ੀ ਨਾਲ ਫੈਲ ਰਹੇ ਸਨ ਅਤੇ ਜਦੋਂ ਜਵਾਨ ਹੋਇਆ ਉਸ ਵੇਲੇ ਕਿਸਾਨ ਮਿਸਲ ਸਰਦਾਰਾਂ ਦੇ ਅਧੀਨ ਤਾਕਤ ਫੜ ਚੁੱਕੇ ਸਨ। ਮੁਗਲਾਂ ਦੀ ਕੇਂਦਰੀ ਸੱਤਾ ਦੀ ਤਾਕਤ ਟੁੱਟ ਗਈ ਸੀ ਅਤੇ ਪੰਜਾਬ ਲਗਭਗ ਮੁਗਲਾਂ ਹੱਥੋਂ ਨਿਕਲ ਚੁੱਕਾ ਸੀ। ਇੱਥੇ ਸਰਦਾਰਾਂ ਦਾ ਆਪਸੀ ਟਕਰਾਅ ਸਿਖਰਾਂ ਨੂੰ ਛੋਹਣ ਲੱਗਾ। ਕੁਝ ਜੱਟ ਸਰਦਾਰ ਸਿੱਖ ਸਨ ਅਤੇ ਕੁਝ ਮੁਸਲਮਾਨ ਵੀ ਸਨ। ਬਹੁਤੇ ਜਾਗੀਰਦਾਰ ਚੌਧਰੀ ਸਰਦਾਰ ਮੁਸਲਮਾਨ ਸਨ ਪਰ ਹੇਠਲੀ ਕਿਸਾਨੀ ਵਿਚ ਮੁਸਲਮਾਨਾਂ ਦੀ ਘਾਟ ਕਾਰਨ ਉਹ ਉਤਨੇ ਤਾਕਤਵਰ ਨਹੀਂ ਸਨ ਹੋ ਸਕਦੇ ਜਿਤਨੇ ਸਿੱਖ ਸਰਦਾਰ ਹੋ ਸਕਦੇ ਸਨ। ਵਾਰਿਸ ਸ਼ਾਹ ਕਿੱਸਾ ਹੀਰ ਅੰਦਰ ਜੱਟ ਸਭਿਆਚਾਰ ਦੇ ਨਕਸ਼ ਉਘਾੜਨ ਦਾ ਯਤਨ ਕਰਦਾ ਹੈ।

ਵਾਰਿਸ ਸ਼ਾਹ ਦਾ ਜਨਮ ਜੰਡਿਆਲਾ ਸ਼ੇਰ ਖਾਨ ਜ਼ਿਲ੍ਹਾ ਸ਼ੇਖੂਪੁਰ ਪਹਿਲਾਂ ਗੁਜਰਾਂਵਾਲਾ ਵਿਚ 1720 ਈਸਵੀ ਵਿਚ ਹੋਇਆ ਸੀ। ਆਪਣੀ ਮੁੱਢਲੀ ਸਿੱਖਿਆ ਉਸ ਨੇ ਪਿੰਡ ਵਿਚ ਹੀ ਗ੍ਰਹਿਣ ਕੀਤੀ। ਮੁਸਲਮਾਨਾਂ ਦੇ ਅੰਦਰ ਸਯਦ ਘਰਾਣਾ ਪੜ੍ਹਿਆ-ਲਿਖਿਆ ਸਮਝਿਆ ਜਾਂਦਾ ਹੈ ਅਤੇ ਵਾਰਿਸ ਸ਼ਾਹ ਵੀ ਸਯਦ ਘਰਾਣੇ ਨਾਲ ਸਬੰਧਿਤ ਸੀ। ਵਾਰਿਸ ਸ਼ਾਹ ਸਯਦ ਮੁਹੰਮਦ ਅਲ ਮੱਕੀ ਦਾ ਉਤਰਾਅਧਿਕਾਰੀ ਸੀ ਜਿਸ ਨੇ ਉਸ ਦੇ ਪੁੱਤਰ ਸਯਦ ਬਦਰੂਦੀਨ ਤੋਂ ਬਾਅਦ ਗੱਦੀ ਸੰਭਾਲੀ ਸੀ। ਵਾਰਿਸ ਸ਼ਾਹ ਦੇ ਪਿਤਾ ਦਾ ਨਾਮ ਗੁਲਸ਼ੇਰ ਸ਼ਾਹ ਸੀ ਅਤੇ ਮਾਤਾ ਦਾ ਨਾਮ ਕਮਲ ਬਾਨੂ ਸੀ। ਉਸ ਦੇ ਮਾਪੇ ਉਸ ਵਕਤ ਅੱਲਾਹ ਨੂੰ ਪਿਆਰੇ ਹੋ ਗਏ ਸਨ, ਜਦੋਂ ਉਹ ਹਾਲੇ ਛੋਟੀ ਉਮਰ ਵਿਚ ਹੀ ਸੀ।



ਉੱਚ ਦਰਜੇ ਦੀ ਵਿਦਿਆ ਦੀ ਲੋੜ ਸਮਝਦੇ ਹੋਏ ਉਸ ਨੂੰ ਉੱਚ ਸਿੱਖਿਆ ਲਈ ਕਸੂਰ ਵਿਚ ਮੌਲਵੀ ਗੁਲਾਮ ਮਰਤਜ਼ੀ ਦੇ ਮਦਰੱਸੇ ਵਿਚ ਭੇਜਿਆ ਗਿਆ। ਅਕਰਮ ਸ਼ੇਖ ਦੇ ਅਨੁਸਾਰ ਇਹ ਮਦਰੱਸਾ ਉਸ ਸਮੇਂ ਵਿਸ਼ਵ ਵਿਦਿਆਲੇ ਦਾ ਦਰਜਾ ਰੱਖਦਾ ਸੀ ਪਰੰਤੂ ਮਦਰੱਸਾ ਤਾਂ ਮੱਠ ਦੇ ਪੱਧਰ ਦਾ ਹੁੰਦਾ ਹੈ ਜਿੱਥੇ ਮਜ਼੍ਹਬੀ ਸਿੱਖਿਆ ਦਿੱਤੀ ਜਾਂਦੀ ਹੈ ਇਸ ਲਈ ਮਦਰੱਸਾ ਵਿਸ਼ਵ ਵਿਦਿਆਲਾ ਤਾਂ ਨਹੀਂ ਹੋ ਸਕਦਾ। ਕਸੂਰ ਸ਼ਹਿਰ ਅੰਦਰ ਪ੍ਰਤੀਰੋਧੀ ਧਿਰਾਂ ਤਰਕ ਦੀ ਗੱਲ ਕਰਦੀਆਂ ਹਨ ਅਤੇ ਇਸ ਸ਼ਹਿਰ ਵਿਚ ਬਹੁਤ ਤਰ੍ਹਾਂ ਦੇ ਵਿਗਿਆਨਾਂ ਨਾਲ ਸਬੰਧਤ ਸਿੱਖਿਆ ਵੀ ਦਿੱਤੀ ਜਾਇਆ ਕਰਦੀ ਸੀ। ਵਾਰਿਸ ਸ਼ਾਹ ਦਾ ਸਮਕਾਲੀ ਬਾਬਾ ਬੁੱਲ੍ਹੇ ਸ਼ਾਹ ਵੀ ਕਸੂਰ ਵਿਚ ਪੈਦਾ ਹੋਇਆ ਸੀ। ਵਾਰਿਸ ਸ਼ਾਹ ਸ਼ਹਿਰ ਕਸੂਰ ਅੰਦਰ ਹੀ ਆਪਣਾ ਗਿਆਨ ਦਾ ਖਜ਼ਾਨਾ ਹਥਿਆਉਂਦਾ ਹੈ।

ਜਿਸ ਸਮੇਂ ਉਸ ਦੇ ਦੋਸਤ-ਮਿੱਤਰ ਉਸ ਨੂੰ ਹੀਰ ਦਾ ਕਿੱਸਾ ਲਿਖਣ ਲਈ ਆਖਦੇ ਹਨ ਤਾਂ ਉਹ ਖੁਦ ਮਾਲਕ ਹਾਂਸ ਪਹੁੰਚਦਾ ਹੈ, ਜਿਹੜਾ ਝੰਗ ਦੇ ਨੇੜੇ ਹੀ ਹੈ। ਇਹ ਵੀ ਸੰਭਵ ਹੈ ਕਿ ਸ਼ਾਇਦ ਵਾਰਿਸ ਝੰਗ ਅਤੇ ਹਜ਼ਾਰੇ ਦੀ ਭੂਗੋਲਿਕ ਸਥਿਤੀ ਨੂੰ ਵੀ ਚੰਗੀ ਤਰ੍ਹਾਂ ਜਾਣਨਾ ਚਾਹੁੰਦਾ ਹੈ ਤਾਂ ਜੋ ਉਹ ਹੀਰ ਤੇ ਰਾਂਝੇ ਵਿਚਲੀ ਪੀਘੀ ਗੰਢ ਨੂੰ ਅਤੇ ਬੇਲਿਆਂ ਨੂੰ ਵੀ ਭੂਗੋਲਿਕ ਰੂਪ ਵਿਚ ਸਮਝ ਸਕੇ ਅਤੇ ਇਸੇ ਕਾਰਨ ਉਹ ਤਖ਼ਤ ਹਜ਼ਾਰੇ ਦੇ ਰਾਂਝਿਆਂ ਦੀ ਖੂਬਸੂਰਤੀ ਅਤੇ ਨਕਸ਼ਾਂ ਨੂੰ ਨਜ਼ਦੀਕ ਹੋ ਕੇ ਪੇਸ਼ ਕਰਦਾ ਹੈ। ਯਾਰਾਂ ਵੱਲੋਂ ਰੱਖੀ ਮੰਗ ਨੂੰ ਇਸ ਤਰ੍ਹਾਂ ਕਲਮਬੱਧ ਕਰਦਾ ਹੈ:

ਯਾਰਾਂ ਅਸਾਂ ਨੂੰ ਆਣ ਸੁਆਲ ਕੀਤਾ,
ਇਸ਼ਕ ਹੀਰ ਦਾ ਨਵਾਂ ਬਣਾਈਏ ਜੀ।
ਏਸ ਪ੍ਰੇਮ ਦੀ ਝੋਕ ਦਾ ਸਭ ਕਿੱਸਾ,
ਜੀਭਾ ਸੋਹਣੀ ਨਾਲ ਸੁਣਾਈਏ ਜੀ।
...
ਹੁਕਮ ਮੰਨ ਕੇ ਸੱਜਣਾ ਪਿਆਰਿਆਂ ਦਾ,
ਕਿੱਸਾ ਅਜਬ ਬਹਾਰ ਦਾ ਜੋੜਿਆ ਏ।
ਫਿਕਰਾ ਜੋੜ ਕਿ ਖ਼ੂਬ ਦਰੁਸਤ ਕੀਤਾ,
ਨਵਾਂ ਫੁੱਲ ਗੁਲਾਬ ਦਾ ਤੋੜਿਆ ਏ।

ਵਾਰਿਸ, ਹੀਰ ਨੂੰ ਕੇਵਲ ਕਿੱਸਾਕਾਰੀ ਵਜੋਂ ਪੇਸ਼ ਨਹੀਂ ਕਰਦਾ। ਇਸੇ ਕਾਰਨ ਉਸ ਦੀ ਹੀਰ ਕਥਾ ਵਿਚਲੀ ਹੀਰ ਨਹੀਂ ਹੈ, ਕਿਉਂ ਜੋ ਉਹ ਜਾਣਦਾ ਹੈ ਕਿ ਹੀਰ ਰਾਂਝੇ ਦਾ ਕਿੱਸਾ ਤਾਂ ਉਸ ਤੋਂ ਪਹਿਲਾਂ ਵੀ ਲਿਖਿਆ ਜਾ ਚੁੱਕਾ ਹੈ। ਉਹ ਆਪਣੇ ਗਿਆਨ ਦੇ ਸੰਦ ਵਰਤ ਕੇ ਹੀਰ ਨੂੰ ਤਰਾਸ਼ ਕੇ ਇਕ ਚੱਟਾਨ ਵਿਚੋਂ ਕੱਢਣ ਦਾ ਯਤਨ ਕਰਦਾ ਹੈ ਅਤੇ ਉਸ ਦੀ ਚੇਤਨਾ ਅੰਦਰ ਖਲਲ ਪਾ ਰਹੀ ਇਕ ਤਾਕਤਵਰ ਹੀਰ ਨੂੰ ਪੇਸ਼ ਕਰਦਾ ਹੈ ਅਤੇ ਰਾਂਝੇ ਨੂੰ ਇਕ ਕਮਜ਼ੋਰ ਪਾਤਰ ਵਜੋਂ ਪ੍ਰਗਟ ਕਰਦਾ ਹੈ, ਜਿਸ ਦੇ ਅੰਦਰ ਮਰਦਾਵੀਂ ਹੈਂਕੜ ਹੈ ਅਤੇ ਉਤਰ ਦੇਣ ਸਮੇਂ ਦਲੀਲਾਂ ਤੋਂ ਕਿਨਾਰਾ ਕਰ ਆਪਣਾ ਮਰਦਾਵਾਂ ਪੱਖ ਹੀ ਵਿਖਾਉਂਦਾ ਹੈ। ਜਦਕਿ ਬਹੁਤ ਸਾਰੇ ਵਿਚਾਰਵਾਨ ਵਾਰਿਸ ਸ਼ਾਹ ਨੂੰ ਨਾਰੀ ਵਿਰੋਧੀ ਗਰਦਾਨਦੇ ਹਨ ਅਤੇ ਪੁਰਖ ਤੰਤਰ ਵੱਲ ਝੁਕਾਅ ਰੱਖਦਾ ਦੱਸਦੇ ਹਨ। ਪਰ ਸੰਤ ਸਿੰਘ ਸੇਖੋਂ ਦੇ ਮੁਤਾਬਿਕ ਵਾਰਿਸ ਸ਼ਾਹ ਵਲੋਂ ਵਰਤੀ ਗਈ ਸ਼ਬਦਾਵਲੀ ਉਸ ਦੀ ਆਪਣੀ ਨਾ ਹੋ ਕੇ ਪਾਤਰਾਂ ਦੁਆਰਾ ਬੋਲੀ ਹੋਈ ਹੈ। ਸੰਤ ਸਿੰਘ ਸੇਖੋਂ ਹੀਰ ਵਾਰਿਸ ਦਾ ਸੰਪਾਦਨ ਕਰਦਿਆਂ ਜੀਤ ਸਿੰਘ ਸੀਤਲ ਅਤੇ ਹੋਰ ਸੰਪਾਦਕਾਂ ਵਾਂਗ ਬੈਂਤ ਨੰਬਰ ਨਹੀਂ ਦਿੰਦਾ ਸਗੋਂ ਮੁਕਾਲਮਾਕਾਰ ਦਾ ਨਾਂ ਦੇ ਰਿਹਾ ਹੈ ਅਤੇ ਜਿੱਥੇ ਵਾਰਿਸ ਸੂਤਰਧਾਰ ਵਜੋਂ ਆਪ ਟਿੱਪਣੀ ਕਰਦਾ ਹੈ। ਵਾਰਿਸ ਦਾ ਨਾਰੀ ਵਿਰੋਧੀ ਹੋਣਾ ਦੱਸਣ ਵਾਲਿਆਂ ਦਾ ਪੱਖ ਉਦੋਂ ਕਮਜ਼ੋਰ ਪੈ ਜਾਂਦਾ ਹੈ ਜਦੋਂ ਵਾਰਿਸ ਹੀਰ ਅਤੇ ਸਹਿਤੀ, ਜਿਹੜੇ ਕਿੱਸੇ ਦੇ ਦੋ ਪਾਤਰ ਹਨ, ਵਲੋਂ ਪੇਸ਼ ਕੀਤੇ ਤਰਕ ਪ੍ਰਭਾਵਸ਼ਾਲੀ ਦਰਸਾਏ ਗਏ ਹਨ। ਉਸ ਸਮੇਂ ਔਰਤ ਗੁਲਾਮ, ਚਲਿੱਤਰਾਂ ਨਾਲ ਭਰਪੂਰ ਅਤੇ ਦਾਸੀ ਆਦਿ ਸ਼ਬਦਾਂ ਨਾਲ ਦਰਸਾਈ ਜਾ ਰਹੀ ਸੀ। ਉਸ ਸਮੇਂ ਦੋਵੇਂ ਹੀ ਔਰਤਾਂ, ਹੀਰ ਅਤੇ ਸਹਿਤੀ ਆਪਣੀਆਂ ਦਲੀਲਾਂ ਨਾਲ ਕਾਇਲ ਕਰ ਪੁਰਖਤੰਤਰ ਨੂੰ ਹੀਣਾ ਕਰ ਦਿੰਦੀਆਂ ਹਨ। ਇਸ ਤਰ੍ਹਾਂ ਵਾਰਿਸ ਆਪਣੀ ਫ਼ਕਰਾਂ ਵਾਲੀ ਪ੍ਰੰਪਰਾ ਕਾਇਮ ਰੱਖਦੇ ਹੋਏ ਔਰਤ ਨੂੰ ਦਾਸੀ ਦੇ ਰੂਪ ਵਿਚ ਨਾ ਦਰਸਾ ਕੇ ਮਰਦਾਂ ਦੇ ਬਰਾਬਰ ਕਰਦਾ ਹੈ। ਵਾਰਿਸ ਦਾ ਹੀਰ ਨੂੰ ਪ੍ਰਗਟ ਕਰਨ ਦਾ ਮਕਸਦ ਵੀ ਔਰਤ ਨੂੰ ਇਕ ਸੰਭੋਗ ਯੋਗ ਵਸਤੂ ਨਾ ਵਿਖਾ ਕੇ, ਉਸ ਨੂੰ ਇਕ ਅਜਿਹੀ ਔਰਤ ਵਜੋਂ ਵਿਖਾਉਣਾ ਹੈ ਜਿਸ ਵਿਚ ਉਸ ਨੂੰ ਆਪਣਾ ਮਰਦ ਚੁਣ ਸਕਣ ਦਾ ਹੱਕ ਹੋਵੇ। ਇਹ ਹੱਕ ਇਸਲਾਮ ਦੇ ਅੰਦਰ ਮੌਜੂਦ ਸੀ ਜਿਹੜਾ ਉਸ ਵੇਲੇ ਤਕ ਕੇਵਲ ਇਕ ਰਸਮ ਮਾਤਰ ਹੀ ਬਣ ਕੇ ਰਹਿ ਗਿਆ ਸੀ।

ਵਾਰਿਸ ਦੀ ਕਵਿਤਾ ਕਿਉਂਕਿ ਲੈਕਸੀਕਲ ਅਰਥਾਂ ਵਿਚ ਬੱਝੀ ਹੋਈ ਨਹੀਂ ਹੈ, ਜਿਵੇਂ ਮੱਧਕਾਲੀ ਕਵਿਤਾ ਵਿਚ ਅਕਸਰ ਮਿਲਦਾ ਹੈ। ਇਸੇ ਕਾਰਨ ਹੀਰ ਵਾਰਿਸ ਦੇ ਵਿਚ ਬਹੁਤ ਸਾਰੇ ਬਿੰਬ ਸਿਰਜ ਲੈਂਦੀ ਹੈ ਜਿਨ੍ਹਾਂ ਨੂੰ ਵਿਦਵਾਨ ਲੈਕਸੀਕਲ ਅਰਥਾਂ ਰਾਹੀਂ ਸਮਝਣ ਦੀ ਕੋਸ਼ਿਸ਼ ਕਰਦੇ ਹਨ ਪਰ ਵਾਰਿਸ ਦੇ ਬਿੰਬਾਂ ਵਿਚਲੀ ਤਾਜ਼ਗੀ ਦੀ ਮਾਰ ਬਹੁ-ਦਿਸ਼ਾਵੀ ਹੈ ਜਿਵੇਂ ਵਾਰਿਸ ਇਕ ਸ਼ਬਦ 'ਡੰਬਰਾ' ਵਰਤਦਾ ਹੈ, ਜਿਹੜੀ ਮੱਛੀ ਪੰਜਾਬ ਦੇ ਛੱਪੜਾਂ ਵਿਚ ਆਮ ਪਾਈ ਜਾਂਦੀ ਹੈ ਪਰ ਜੀਤ ਸਿੰਘ ਸੀਤਲ ਸ਼ਬਦ ਦੀ ਜੜ੍ਹ ਤਕ ਨਾ ਪਹੁੰਚਦਾ ਹੋਇਆ ਡੰਬੜੀ ਹੀ ਵਰਤ ਦਿੰਦਾ ਹੈ ਅਤੇ ਪ੍ਰੋ. ਪਿਆਰਾ ਸਿੰਘ ਪਦਮ ਡੰਬਰੇ ਦੀ ਜਗ੍ਹਾ ਨੱਢੜੇ ਵਰਤ ਜਾਂਦਾ ਹੈ ਪਰ ਸੰਤ ਸਿੰਘ ਸੇਖੋਂ ਡੰਬਰੇ ਹੀ ਵਰਤਦਾ ਹੈ ਕਿਓਂ ਜੋ ਉਸ ਦਾ ਪਿਛੋਕੜ ਪੇਂਡੂ ਹੈ ਅਤੇ ਉਹ ਪੰਜਾਬੀ ਸਭਿਆਚਾਰ ਅੰਦਰ ਡੰਬਰੇ ਦਾ ਮਹੱਤਵ ਵੀ ਜਾਣਦਾ ਹੈ। ਇਸ ਲਈ ਉਹ ਸਹੀ ਸ਼ਬਦ ਦਾ ਇਸਤੇਮਾਲ ਕਰਦਾ ਹੈ।

ਡੰਬਰਾ ਪੰਜਾਬ ਵਿਚ ਵੱਡੀ ਗਿਣਤੀ ਵਿਚ ਪਾਇਆ ਜਾਂਦਾ ਹੈ। ਇਹ ਨਰ ਮੱਛੀ ਹੈ। ਵਾਰਿਸ ਰਾਂਝੇ ਨੂੰ ਤਖ਼ਤ ਹਜ਼ਾਰੇ ਦਾ ਡੰਬਰਾ ਕਹਿ ਰਿਹਾ ਹੈ ਕਿਉਂਕਿ ਉਹ ਜਾਣਦਾ ਹੈ ਕਿ ਰਾਂਝੇ ਦੀ ਤਸ਼ਬੀਹ ਨਰ ਨਾਲ ਹੀ ਦਿੱਤੀ ਜਾ ਸਕਦੀ ਹੈ। ਡੰਬਰਾ ਨਰ ਵੀ ਹੈ, ਤਾਕਤਵਰ ਵੀ ਹੈ ਅਤੇ ਹੱਡੀਆਂ ਨਾਲ ਭਰਿਆ ਹੋਇਆ ਵੀ ਹੈ। ਉਹ ਭਰਵਾਂ ਫੁਰਤੀਲਾ ਜਵਾਨ ਹੈ। ਇਸ ਚੁਸਤ ਨਰ ਮੱਛੀ ਨੂੰ ਫੜਨਾ ਆਸਾਨ ਨਹੀਂ ਹੈ। ਇਸੇ ਕਾਰਨ ਮਛੇਰੇ ਰੁੱਤਾਂ ਦੇ ਮੁਤਾਬਿਕ ਜਾਲ ਦੇ ਰੰਗ ਵਿਚ ਤਬਦੀਲੀ ਕਰਦੇ ਰਹਿੰਦੇ ਹਨ। ਹਰ ਰੁੱਤ ਵਿਚ ਜਾਲ ਦੇ ਰੰਗ ਦੀ ਤਬਦੀਲੀ ਚੁਸਤ ਡੰਬਰੇ ਨੂੰ ਧੋਖਾ ਦੇਣ ਲਈ ਹੈ। ਵਾਰਿਸ ਸ਼ਾਹ ਦੀ ਤਿੱਖੀ ਨਜ਼ਰ ਇਕ ਸਤਰ ਦੇ ਬਿੰਬਾਂ ਵਿਚ ਹੀ ਬਹੁਤ ਕੁਝ ਰੂਪਮਾਨ ਕਰਨ ਦੀ ਤਾਕਤ ਰੱਖਦੀ ਹੈ। ਵਾਰਿਸ ਦੇ ਸ਼ਬਦਾਂ ਵਿਚ

ਏਸ ਤਖ਼ਤ ਹਜ਼ਾਰੇ ਦੇ ਡੰਬਰੇ ਨੂੰ,
ਰੰਗ-ਰੰਗ ਦੀਆਂ ਜਾਲੀਆਂ ਪਾਉਂਦੀ ਹੈ।

ਇਸੇ ਤਰ੍ਹਾਂ ਜਦੋਂ ਉਹ 'ਨੱਕ ਅਲਫ ਹੁਸੈਨੀ ਦਾ ਪਿਪਲਾ ਸੀ' ਆਖਦਾ ਹੈ ਤਾਂ ਉਹ ਹੀਰ ਦੇ ਨੱਕ ਦੀ ਨੋਕ ਨੂੰ ਤਿੱਖਾ ਬਣਾਉਣ ਲਈ ਹਜ਼ਰਤ ਇਮਾਮ ਹੁਸੈਨ ਦੀ ਤਲਵਾਰ ਦੀ ਨੋਕ ਨੂੰ ਪਿਪਲਾ ਨਾਲ ਤਸ਼ਬੀਹ ਦਿੰਦਾ ਹੈ। ਉਸ ਦੀਆਂ ਸਤਰਾਂ ਮਿੱਥ ਫਲਸਫੇ ਗਿਆਨ ਇਤਿਹਾਸ ਅਤੇ ਕਿੱਤੇ ਦੀਆਂ ਬਰੀਕੀਆਂ ਆਦਿ ਨਾਲ ਨੱਕੋ ਨੱਕ ਭਰੀਆਂ ਹੋਈਆਂ ਹਨ। ਲੇਖਕ ਜਾਣਦਾ ਹੈ ਕਿ ਉਹ ਕਿੱਸਾ ਕਾਵਿ ਵਿਚ ਚਿੰਤਨ ਭਰ ਕੇ ਵਾਸਤਵਿਕ ਜਗਤ ਲਈ ਨਵੀਆਂ ਪੈੜਾਂ ਸਿਰਜ ਰਿਹਾ ਹੈ।

ਵਾਰਿਸ ਨੇ ਸਪੱਸ਼ਟਤਾ ਨਾਲ ਆਪਣੀ ਹੀਰ ਵਿਚ ਲਿਖਿਆ ਹੈ ਕਿ ਕਿਸ ਤਰ੍ਹਾਂ ਹੀਰਾਂ ਬਹਾਦਰੀ ਨਾਲ ਇਕੱਲਿਆਂ ਹੀ ਮਰਦਾਂ ਨਾਲ ਲੋਹਾ ਲੈ ਸਕਦੀਆਂ ਸਨ। ਜਦੋਂ ਹੀਰ ਆਪਣੀਆਂ ਸਹੇਲੀਆਂ ਨਾਲ ਕੈਦੋਂ ਨੂੰ ਉਸ ਦੇ ਕੀਤੇ ਦਾ ਮਜ਼ਾ ਚਖਾਉਣਾ ਚਾਹੁੰਦੀ ਹੈ:

ਹੀਰ ਆਖਿਆ ਵਾੜ ਕੇ ਫਲ੍ਹੇ ਅੰਦਰ,
ਗੱਲ ਪਾਏ ਰੱਸਾ ਮੂੰਹ ਘੁਟ ਘੱਤੋ,
ਲੈ ਕੇ ਕੁਤਕੇ, ਕੁਦਣੇ ਮਾਛੀਆਂ ਦੇ,
ਧੜਾ ਧੜ ਹੀ ਮਾਰ ਕੇ ਕੁੱਟ ਘੱਤੋ।
ਟੰਗੋਂ ਪਕੜ ਕੇ ਲੱਕ ਵਿਚ ਪਾ ਜਫੀ,
ਕਿਸੇ ਟੋਇੜੇ ਦੇ ਵਿਚ ਸੁੱਟ ਘੱਤੋ।
ਮਾਰ ਏਸ ਨੂੰ ਲਾਏ ਕੇ ਅੱਗ ਝੁੱਗੀ,
ਸਾੜ ਬਾਲ ਕੇ ਚੀਜ਼ ਸਭ ਲੁੱਟ ਘੱਤੋ।

ਜਿਸ ਵੇਲੇ ਹੀਰ ਦੇ ਮਾਪੇ ਉਸ ਨੂੰ ਰਾਂਝੇ ਤੋਂ ਵਰਜਦੇ ਹਨ, ਉਸ ਸਮੇਂ ਹੀਰ ਦਲੀਲਾਂ ਨਾਲ

*(ਬਾਕੀ ਅਗਲੇ ਸਫੇ 'ਤੇ)*

## ਹਿੰਦੀ ਕਹਾਣੀ

# ਬਟਵਾਰਾ

ਆਨੰਦ ਲਹਿਰ
ਅਨੁ. ਹਰਪਾਲ ਸਿੰਘ ਪੰਨੂ
ਫੋਨ: 94642-51454

ਗੱਲ ਖਾਸ ਨਹੀਂ ਸੀ ਐਵੇਂ ਵਧ ਗਈ। ਇਕ ਮੁੰਡੇ ਦੀ ਗੇਂਦ ਕੁੜੀ ਦੇ ਘੜੇ ਨਾਲ ਟਕਰਾ ਗਈ, ਨਾ ਘੜਾ ਟੁੱਟਾ, ਨਾ ਗੇਂਦ ਵਿਚ ਚਿੱਬ ਪਿਆ ਪਰ ਨਫਰਤ ਦੀ ਹਵਾ ਦਾ ਕੀ ਪਤਾ ਕਦੋਂ ਵਗ ਪਏ, ਕਿਵੇਂ ਵਗ ਪਏ। ਪੰਚਾਇਤ ਬੁਲਾ ਲਈ ਪਰ ਸਰਪੰਚ ਇਸ ਪਿੰਡ ਦਾ ਨਹੀਂ ਬਾਹਰੋਂ ਗੁਆਂਢ ਦਾ ਸੀ। ਸਰਪੰਚ ਨੇ ਜ਼ੋਰ ਦੇ ਕੇ ਕਿਹਾ- ਇਸ ਪਿੰਡ ਦੇ ਲੋਕ ਸ਼ਰੀਫ ਨੇ ਸੋ ਬਚਾਅ ਹੋ ਗਿਆ, ਕੋਈ ਹੋਰ ਹੁੰਦਾ ਤਾਂ ਘੜਾ ਭੰਨ ਦਿੰਦਾ ਜਾਂ ਗੇਂਦ ਤੋੜ ਦਿੰਦਾ। ਇਹ ਸੁਣ ਕੇ ਲੋਕਾਂ ਨੇ ਇਕ ਦੂਜੇ 'ਤੇ ਹਮਲਾ ਕਰ ਦਿੱਤਾ। ਗੇਂਦ ਟੋਟੇ ਟੋਟੇ, ਘੜਾ ਠੀਕਰੀ ਠੀਕਰੀ।

ਕੁਝ ਸ਼ਾਂਤੀ ਹੋਈ, ਸਰਪੰਚ ਫਿਰ ਆ ਗਿਆ, ਹਿੰਸਾ ਦੀ ਨਿੰਦਿਆ ਕਰਦਿਆਂ ਕਿਹਾ, 'ਭਾਈਓ ਆਪੇ ਤੋਂ ਬਾਹਰ ਨਹੀਂ ਹੋਣਾ, ਰੱਬ ਦਾ ਵਾਸਤਾ ਇਕ ਦੂਜੇ ਦੇ ਘਰ ਨਾ ਫੂਕਣੇ।' ਸਰਪੰਚ ਦੇ ਜਾਣ ਪਿੱਛੋਂ ਲੋਕਾਂ ਨੇ ਇਕ ਦੂਜੇ ਦੇ ਘਰ ਸਾੜ ਦਿੱਤੇ। ਦੁਖੀ ਸਰਪੰਚ ਫੇਰ ਪਿੰਡ ਵਿਚ ਆਇਆ ਤੇ ਲੋਕਾਂ ਨੂੰ ਮੱਤ ਦਿੱਤੀ ਜੋ ਹੋ ਗਿਆ ਸੋ ਹੋ ਗਿਆ, ਹੁਣ ਘਰ ਮੁੜ ਉਸਾਰਨੇ ਪੈਣਗੇ, ਇਕ ਦੂਜੇ ਨੂੰ ਰੋਕਣਾ ਨਾ। ਲੋਕ ਇਕ ਦੂਜੇ ਨੂੰ ਉਸਾਰੀ ਕਰਨੋਂ ਰੋਕਣ ਲੱਗੇ।

ਸਰਪੰਚ ਏਸ ਪਿੰਡ ਦਾ ਨਹੀਂ ਸੀ ਨਾ, ਇਸ ਲਈ ਜ਼ਿਆਦਾ ਹਮਦਰਦੀ ਕਰਨੀ ਪੈਂਦੀ, ਵੱਧ ਹੰਝੂ ਵਹਾਉਣੇ ਪੈਂਦੇ, ਹਉਕੇ ਲੈਂਦਾ। ਦਲੀਲਾਂ ਨੱਥੀ ਕਰ ਕੇ ਉਸ ਨੇ ਭਲਾਈ ਦਾ ਭਾਸ਼ਣ ਦਿੱਤਾ, ਕਿਹਾ, 'ਜੇ ਮਰਜ਼ੀ ਹੋ ਜਾਏ, ਇਸ ਪਿੰਡ ਦੇ ਟੋਟੇ ਨਹੀਂ ਹੋਣੇ ਚਾਹੀਦੇ, ਬਟਵਾਰਾ ਬੜਾ ਖ਼ੌਫਨਾਕ ਹੁੰਦਾ ਹੈ।'

ਇਕ ਬੰਦੇ ਨੇ ਹੈਰਾਨ ਹੋ ਕੇ ਪੁੱਛਿਆ- 'ਕੀ ਪਿੰਡ ਵੰਡਿਆ ਵੀ ਜਾ ਸਕਦੈ'? ਸਰਪੰਚ ਨੇ ਕਿਹਾ- 'ਕਿਉਂ? ਇਸ ਵਿਚ ਕੀ ਔਖ? ਪਰ ਮੈਂ ਰੱਬ ਦਾ ਵਾਸਤਾ ਪਾ ਕੇ ਕਹਿਨਾ ਵੰਡ ਠੀਕ ਨੀਂ'। ਬਸ ਫਿਰ ਕੀ ਸੀ। ਬਟਵਾਰਾ ਹੋ ਗਿਆ। ਪਿੰਡ ਦੋ ਹਿੱਸਿਆਂ ਵਿਚ ਵੰਡਿਆ ਗਿਆ। ਸਰਪੰਚ ਨੇ ਦੁਖੀ ਹੋ ਕੇ ਕਿਹਾ- 'ਮੇਰੀ ਗੱਲ ਤਾਂ ਕੋਈ ਸੁਣਦਾ ਮੰਨਦਾ ਨਹੀਂ। ਮੈਂ ਕਿਵੇਂ ਸਮਝਾਵਾਂ। ਇਹ ਲੋਕ ਮੈਨੂੰ ਬੇਗਾਨਾ ਸਮਝਦੇ ਨੇ'। ਇਕ ਪਿੰਡ ਦੇ ਦੋ ਪਿੰਡ ਬਣਾ ਕੇ ਸਰਪੰਚ ਤੀਜੇ ਪਿੰਡ ਜਾ ਬੈਠਾ। ਕਿਹਾ ਕਰਦਾ, 'ਮੈਂ ਬੜਾ ਉਦਾਸ ਹਾਂ'।

ਲੋਕਾਂ ਦੇ ਘਰ ਉਜੜ ਗਏ, ਸੜਕਾਂ ਉਦਾਸ ਹੋਈਆਂ, ਇਕ ਦੂਜੇ ਦੇ ਘਰੀਂ ਆਣਾ-ਜਾਣਾ ਬੰਦ ਹੋ ਗਿਆ। ਫਕੀਰ ਚੰਦ ਹਕੀਮ ਪਰਲੇ ਪਿੰਡ ਰਹਿ ਗਿਆ, ਉਸ ਦੀ ਦਵਾਈ ਬਿਨਾ ਏਧਰਲੇ ਮਰੀਜ਼ ਮਰਨ ਲੱਗੇ। ਫਕੀਰ ਚੰਦ ਮਰੀਜ਼ਾਂ ਬਗੈਰ ਰੋਣ ਹਾਕਾ ਹੋ ਗਿਆ।


ਨੂਰੇ ਦੀ ਮੱਝ ਨੇ ਨਵੇਂ ਦੁੱਧ ਹੋਣਾ ਸੀ, ਝੋਟਾ ਦੂਜੇ ਪਾਸੇ ਰਹਿ ਗਿਆ। ਸਰਹੱਦ 'ਤੇ ਸਿਪਾਹੀ ਦੀ ਮਿੰਨਤ ਕੀਤੀ, ਸਿਪਾਹੀ ਨੇ ਕਿਹਾ, 'ਪਾਸਪੋਰਟ ਬਣਵਾਓ, ਵੀਜ਼ਾ ਲੁਆਓ'। ਨੂਰੇ ਨੇ ਪੁੱਛਿਆ- ਮੱਝ ਦਾ ਪਾਸਪੋਰਟ? -ਹਾਂ, ਸਿਪਾਹੀ ਨੇ ਕਿਹਾ, ਨਹੀਂ ਕਿਸੇ ਹੋਰ ਰਸਤੇ ਮੱਝ ਉਧਰ ਲੈ ਜਾਹ।

ਸੁਣੱਖੀ ਨੇਹਾ, ਮੁਟਿਆਰ ਹੋਣ ਲੱਗੀ। ਉਸਦਾ ਪਿਤਾ ਚੂੜੀਆਂ ਬਣਾ ਕੇ ਵੇਚਿਆ ਕਰਦਾ। ਪਿਤਾ ਨੂੰ ਪੁੱਛਣ ਲੱਗੀ, 'ਮੇਰੀ ਮਾਂ ਵੀ ਮੇਰੇ ਵਾਂਗੂੰ ਗਰੀਬ ਸੀ ਪਿਤਾ ਜੀ?'

-ਕਿਥੇ? ਆਈ ਚਲਾਈ ਚੰਗੀ ਸੀ, ਉਧਰਲੇ ਪਿੰਡ ਦੀਆਂ ਸਾਰੀਆਂ ਕੁੜੀਆਂ ਬੁੜ੍ਹੀਆਂ ਚੂੜੀਆਂ ਪਹਿਨਿਆ ਕਰਦੀਆਂ। ਉਨ੍ਹਾਂ ਲੋਕਾਂ ਵਿਚ ਇਹ ਵਿਸ਼ਵਾਸ ਹੈ ਕਿ ਕੁੜੀਆਂ ਦੀਆਂ ਬਾਹਵਾਂ ਖਾਲੀ ਹੋਣ ਤਾਂ ਜਾਂ ਮੀਂਹ ਪੈਂਦੇ ਹੀ ਨਹੀਂ, ਜੇ ਪੈਣ ਲੱਗਣ ਫਿਰ ਹਟਦੇ ਨਹੀਂ, ਸਭ ਕੁਝ ਹੜ੍ਹਾ ਕੇ ਲੈ ਜਾਂਦੇ ਨੇ। ਖਾਲੀ ਬਾਹਾਂ ਤੋਂ ਉਨ੍ਹਾਂ ਨੂੰ ਬੜਾ ਡਰ ਲੱਗਦੈ ਧੀਏ। ਪਰ ਕੀ ਹੋ ਸਕਦੈ। ਉਧਰ ਜਾ ਨੀ ਸਕਦਾ। ਉਹ ਆ ਨੀ ਸਕਦੇ।

ਸਿਰਫ ਲੋਕ ਨਹੀਂ ਵੰਡੇ, ਵਿਹੜੇ, ਖੇਤ, ਸਕੂਲ, ਸਰਾਵਾਂ, ਕਿਤਾਬਾਂ ਸਭ ਕੁਝ ਵੰਡਿਆ ਗਿਆ। ਦੁਲ੍ਹੇ ਵਾਸਤੇ ਘੋੜੀ ਚਾਹੀਦੀ ਸੀ, ਮਰਾਸੀ ਤੇ ਉਸ ਦੀ ਸਾਊ ਘੋੜੀ ਉਧਰ ਰਹਿ ਗਏ। ਕਿਸੇ ਦੀ ਇੱਧਰੋਂ ਘੋੜੀ ਮੰਗ ਕੇ ਕੰਮ ਸਾਰਿਆ ਪਰ ਘੋੜੀ ਡਰ ਗਈ। ਉਸ ਵਾਸਤੇ ਢੋਲ ਢਮੱਕਾ ਖਤਰਨਾਕ ਸੀ। ਦੁਲ੍ਹੇ ਨੂੰ ਡੇਗ ਕੇ ਭੱਜ ਗਈ। ਮੁੰਡਾ ਬਚ ਗਿਆ ਪਰ ਸੱਟ ਲੱਗੀ। ਬਦਸ਼ਗਨੀ ਹੋਈ।

ਰਾਜਕੁਮਾਰ ਦਾ ਮੁੰਡਾ ਸਖਤ ਬਿਮਾਰ ਹੋ ਗਿਆ। ਸਰਹੱਦ ਨੇੜੇ ਉਦਾਸ ਚੱਕਰ ਕਟਦਾ ਰਾਜ ਕੁਮਾਰ, ਫਕੀਰ ਚੰਦ ਦੇ ਪਿੰਡ ਵੱਲ ਦੇਖਦਾ ਰਹਿੰਦਾ। ਇਕ ਦਿਨ ਫਕੀਰ ਚੰਦ ਨਜ਼ਰੀਂ ਪਿਆ ਤਾਂ ਉਚੀ ਸਾਰੀ ਵਾਜ ਮਾਰ ਕੇ ਦਵਾਈ ਦਾ ਵਾਸਤਾ ਪਾਇਆ। ਫਕੀਰ ਚੰਦ ਨੇ ਕਿਹਾ, 'ਠਹਿਰ। ਹੁਣੇ ਆਇਆ'। ਦਵਾਈ ਆ ਗਈ। ਪਰ ਇੱਧਰ ਕਿਵੇਂ ਆਏ? ਸਿਪਾਹੀ ਉਪਰ ਮਿੰਨਤ ਤਰਲੇ ਨੇ ਅਸਰ ਨਾ ਕੀਤਾ। ਫਕੀਰ ਚੰਦ ਨੇ ਕਿਹਾ, 'ਦਵਾਈ ਦੇ ਜਿਹੜੇ ਪੈਸੇ ਮੈਨੂੰ ਦੇਣੇ ਸਨ ਉਹ ਸਿਪਾਹੀ ਨੂੰ ਦੇਦੇ'। ਇਸ ਤਰੀਕੇ ਦਵਾਈ ਆ ਗਈ। ਮੁੰਡਾ ਬਚ ਗਿਆ ਪਰ ਲੋਕਾਂ



ਦੀ ਜ਼ਬਾਨ ਕਿਵੇਂ ਫੜੀਏ? ਕਹਿ ਰਹੇ ਸਨ ਕਿ ਬਟਵਾਰੇ ਦੇ ਹੱਕ ਵਿਚ ਸਭ ਤੋਂ ਵਧੀਕ ਨਾਹਰੇ ਏਸ ਰਾਜੂ ਮਾਰੇ ਨੇ ਹੀ ਲਾਏ ਸਨ। ਉਹਨੂੰ ਕੀ ਪਤਾ ਸੀ ਮੁੰਡਾ ਬਿਮਾਰ ਹੋ ਸਕਦੈ।

ਏਸ ਪਿੰਡ ਵਿਚ ਪਾਣੀ ਦੀ ਘਾਟ ਕਰਕੇ ਸੋਕਾ ਪਿਆ ਰਹਿੰਦਾ, ਉਧਰ ਹੜ੍ਹ ਕਰਕੇ ਫਸਲਾਂ ਤਬਾਹ ਹੁੰਦੀਆਂ। ਭੁੱਖ ਦੋਹੀਂ ਪਾਸੇ ਇਕੋ ਜਿਹੀ। ਲੋਕ ਚੋਰੀ ਚੋਰੀ ਲੁਕ ਛਿਪ ਇਧਰ ਉਧਰ ਆਉਂਦੇ ਜਾਂਦੇ।

ਇਕ ਦਿਨ ਸਰਪੰਚ ਨੇ ਦੋਹਾਂ ਪਿੰਡਾਂ ਵਿਚ ਸਦਭਾਵਨਾ ਦਾ ਗੇੜਾ ਲਾਇਆ। ਉਹ ਕੋਈ ਕਿਤਾਬ ਲਿਖਣੀ ਚਾਹੁੰਦਾ ਸੀ, ਕਿਤੇ ਲੋਕ ਉਸ ਦੇ ਕੀਤੇ ਪੁੰਨ ਕਾਰਜ ਭੁੱਲ ਨਾ ਜਾਣ। ਲੋਕਾਂ ਨੇ ਉਸ ਦਾ ਦੋਹੀਂ ਥਾਈਂ ਗਰਮਜੋਸ਼ੀ ਨਾਲ ਖੈਰ ਮਕਦਮ ਕੀਤਾ, ਪਿੰਡ ਦੇ ਬਟਵਾਰੇ ਸਦਕਾ ਸ਼ੁਕਰਾਨਾ ਕੀਤਾ। ਸਰਪੰਚ ਨੇ ਆਪਣਾ ਭਾਸ਼ਣ ਦਿੱਤਾ, 'ਦੇਖੋ ਭਾਈਓ ਅਸੀਂ ਤੁਹਾਡਾ ਭਲਾ ਕੀਤਾ ਹਮੇਸ਼। ਹੁਣ ਅਕਲ ਤੋਂ ਕੰਮ ਲੈਣਾ। ਇਹ ਨਾ ਹੋਵੇ ਕਿ ਤੁਸੀਂ ਉਨ੍ਹਾਂ ਦੇ ਪਾਣੀਆਂ 'ਤੇ ਡਾਕਾ ਮਾਰਨ ਬਾਰੇ ਸੋਚੋ ਤੇ ਉਹ ਤੁਹਾਡੇ ਖੇਤਾਂ ਉਪਰ ਮਾੜੀ ਨਜ਼ਰ ਰੱਖਣ। ਬੁਰਾ ਖਿਆਲ ਦਿਲ ਵਿਚ ਆਏ ਤਾਂ ਵੀ ਲੜਨਾ ਨਹੀਂ'।

ਇਹ ਕਹਿ ਕੇ ਸਰਪੰਚ ਚਲਾ ਗਿਆ। ਸਰਹੱਦ 'ਤੇ ਕੰਡਿਆਲੀ ਤਾਰ ਲੱਗ ਗਈ ਤੇ ਪਿੰਡ ਦੇ ਜੁਆਨਾਂ ਕੋਲ ਪਤਾ ਨਹੀਂ ਕਿੱਥੋਂ ਹਥਿਆਰ ਗੋਲਾ ਬਾਰੂਦ ਆ ਗਿਆ। ਸਰਕਾਰ ਨੇ ਐਲਾਨ ਕਰ ਦਿੱਤਾ ਕਿ ਅਤਿਵਾਦ ਸ਼ੁਰੂ ਹੋ ਗਿਐ। ਪਿੰਡ ਦਾ ਫੱਕਰ ਪਤਾ ਨਹੀਂ ਹਿੰਦੂ ਹੈ ਕਿ ਮੁਸਲਮਾਨ। ਕਦੀ ਮੰਦਰ ਜਾ ਕੇ ਸੰਖ ਵਜਾ ਆਉਂਦੈ ਕਦੀ ਮਸੀਤ ਵਿਚ ਨਮਾਜ਼ ਪੜ੍ਹਨ ਚਲਾ ਜਾਂਦੈ, ਕਿਹਾ ਕਰਦੈ- ਹਜ਼ਾਰਾਂ ਸਾਲ ਪਹਿਲਾਂ ਅਸੀਂ ਰੱਬ ਨੂੰ ਯਾਦ ਕਰਦਿਆਂ ਸੰਖ ਵਜਾਏ ਤਾਂ ਕਿਤੇ ਸਾਨੂੰ ਨਮਾਜ਼ ਨਸੀਬ ਹੋਈ।

ਏਸ ਪਿੰਡ ਦੀ ਮੇਥੀ ਦੂਰ ਦੂਰ ਤਕ ਮਸ਼ਹੂਰ ਸੀ। ਦੂਜੇ ਪਿੰਡ ਮੇਥੀ ਦੀ ਖੁਸ਼ਬੂ ਪੁੱਜਦੀ, ਮੇਥੀ ਨਹੀਂ ਜਾ ਸਕਦੀ। ਸਮੁੰਦਰ ਵਾਲਾ ਰਸਤਾ ਬੜਾ ਮਹਿੰਗਾ ਪੈਂਦਾ। ਇਧਰਲੇ ਉਧਰਲੇ ਬੇਵੱਸ। ਨੂਰਦੀਨ ਨੇ ਧੀ ਦਾ ਵਿਆਹ ਧਰਿਆ ਹੋਇਆ ਸੀ ਕਿ ਉਸਦਾ ਮੇਥੀ ਨਾਲ ਭਰਿਆ ਜਹਾਜ਼ ਡੁੱਬ ਗਿਆ। ਸਭ ਖਤਮ। ਸਰਹੱਦ ਪਾਰੋਂ ਸਾਈਦਾਸ ਨੇ ਆਵਾਜ਼ ਮਾਰੀ- ਵਿਆਹ ਹੋਵੇਗਾ ਨੂਰਦੀਨ, ਮੇਰੇ ਕੋਲ ਪੈਸੇ ਨੇ, ਮੈਂ ਆਪਣੇ ਭਰਾ ਦੀ ਮਦਦ ਵਕਤ ਸਿਰ ਨਾ ਕੀਤੀ ਤਾਂ ਜਿਊਣ 'ਤੇ ਲਾਹਨਤ। ਰੁਕ, ਪੈਸੇ ਲਿਆ ਰਿਹਾਂ। ਸਿਪਾਹੀ ਨੇ ਕਿਹਾ- ਤੇਰੇ ਪਿੰਡ ਦੇ ਪੈਸੇ ਉਧਰ ਨਹੀਂ ਚਲਦੇ। ਇਸ ਗਰੀਬ ਨੂੰ ਫਸਵਾ ਦਏਂਗਾ ਕਿ ਵਿਦੇਸ਼ੀ ਕਰੰਸੀ ਕਿੱਥੋਂ ਆਈ।

ਆਖਰ ਇਕ ਸਕੀਮ ਬਣਾਈ। ਦੋਹਾਂ ਪਾਸਿਆਂ ਦੇ ਲੋਕਾਂ ਨੇ ਜ਼ਮੀਨ ਹੇਠਾਂ ਦੀ ਸੁਰੰਗ ਕੱਢ ਲਈ। ਲੋੜੀਂਦੀਆਂ ਚੀਜ਼ਾਂ ਇਧਰ ਉਧਰ ਆਣ ਜਾਣ ਲੱਗੀਆਂ। ਇਕ ਨਾ ਇਕ ਦਿਨ ਸਰਕਾਰ ਨੂੰ ਸੁਰੰਗ ਦਾ ਪਤਾ ਲੱਗਣਾ ਹੀ ਸੀ, ਲੱਗ ਗਿਆ। ਪੁਲਿਸ ਦੇ ਕੰਮਕਾਜ ਦੀ ਪੜਤਾਲ ਹੋਈ। ਜਾਂਚ ਟੀਮ ਅੱਗੇ ਪੁਲਿਸ ਨੇ ਬਿਆਨ ਦਿੱਤਾ, 'ਅਸੀਂ ਮੈਦਾਨਾਂ ਦੀ ਨਿਗਰਾਨੀ ਕਰਨੀ ਹੈ। ਆਕਾਸ਼ ਵਿਚ ਅਤੇ ਪਤਾਲ ਵਿਚ ਕੀ ਹੋ ਰਿਹੈ, ਸਾਨੂੰ ਨਹੀਂ ਪਤਾ।

ਫੱਕਰ ਨੇ ਕਿਹਾ, 'ਨਦੀਆਂ ਵਹਿਣ ਬਦਲ ਲੈਂਦੀਆਂ ਹਨ, ਧਰਤੀ ਥਾਂ ਛੱਡ ਦਿੰਦੀ ਹੈ ਤਾਂ ਸੁਰੰਗਾਂ ਬਣ ਜਾਂਦੀਆਂ ਹਨ, ਆਕਾਸ਼ ਵਿਚ ਪਤਾ ਨਹੀਂ ਕਿਹੜੀਆਂ ਕਿਹੜੀਆਂ ਹਨੇਰੀਆਂ ਵਗਦੀਆਂ ਹਨ। ਇਨ੍ਹਾਂ ਉਪਰ ਕਿਸੇ ਦਾ ਕੰਟਰੋਲ ਨਹੀਂ। ਜਿਨ੍ਹਾਂ ਬਟਵਾਰਾ ਕੀਤਾ ਉਨ੍ਹਾਂ ਨੂੰ ਕੋਈ ਨੀ ਪੁੱਛਦਾ। ਜ਼ਮੀਨ ਮਨਮਰਜ਼ੀ ਕਰਨ ਲੱਗੇ ਤਾਂ ਬੰਦੇ ਦੀ ਮਰਜ਼ੀ ਨੀ ਚੱਲਦੀ।

---

***(ਪਿਛਲੇ ਸਫੇ ਦਾ ਬਾਕੀ)***

ਆਪਣੀ ਅੰਮਾ ਨੂੰ ਅਸਲੀਅਤ ਦੱਸਦੀ ਹੈ ਤਾਂ ਇਨ੍ਹਾਂ ਤਰਕਾਂ ਵਿਚ ਆਪਣੀ ਮਰਜ਼ੀ ਸਪੱਸ਼ਟ ਸ਼ਬਦਾਂ ਵਿਚ ਦਰਸਾ ਰਹੀ ਹੈ, ਜਿਸ ਵਿਚ ਦਲੇਰੀ ਦਾ ਬਾਖੂਬੀ ਪ੍ਰਗਟਾਅ ਕੀਤਾ ਗਿਆ ਹੈ:

ਅੰਮਾਂ ਬੱਸ ਕਰ ਗਾਲੀਆਂ ਦੇਹ ਨਾਹੀਂ,
ਗਾਲ੍ਹ ਦਿਆਂ ਵੱਡਤਾ ਪਾਪ ਆਵੇ।
ਨੀਂਹ ਰੱਬ ਦੀ ਪੁੱਟਣੀ ਬਹੁਤੀ ਔਖੀ,
ਧੀਆਂ ਮਾਰਿਆਂ ਵੱਡਾ ਸਰਾਪ ਆਵੇ।
ਲੈ ਜਾਵੇ ਮੈਨੂੰ ਭਯਾ ਪਿੰਟਤੀ ਨੂੰ,
ਕੋਈ ਗ਼ੈਬ ਦਾ ਸੂਲ ਕਿ ਤਾਪ ਆਵੇ।
ਵਾਰਿਸ ਸ਼ਾਹ ਨਾ ਮੁੜਾਂ ਰੰਝੇਟੜੇ ਤੋਂ,
ਭਾਵੇਂ ਬਾਪ ਦੇ ਬਾਪ ਆਵੇ।

ਹੀਰ ਦੀ ਦਲੇਰੀ ਇਸ ਬੈਂਤ ਵਿਚ ਵੀ ਪ੍ਰਗਟ ਹੁੰਦੀ ਹੈ:

ਹੀਰ ਆਖਦੀ ਰਾਂਝਣਾ ਬੁਰਾ ਹੋਇਆ,
ਏਥੋਂ ਉੱਠ ਕੇ ਚੱਲ ਜੇ ਚਲਣਾ ਈ।
ਦੋਵੇਂ ਉੱਠ ਕੇ ਲੰਮੜੇ ਰਾਹ ਪਈਏ,
ਕੋਈ ਅਸਾਂ ਨੇ ਦੇਸ ਨਾ ਮਲਣਾ ਏ।

ਰਾਂਝਾ ਇਸ ਦਾ ਉਤਰ ਬੜੇ ਸਲੀਕੇ ਨਾਲ ਦਿੰਦਾ ਵਿਖਾਇਆ ਗਿਆ ਹੈ:

ਹੀਰੇ ਇਸ਼ਕ ਨਾ ਮੂਲ ਸਵਾਦ ਦੇਂਦਾ,
ਨਾਲ ਚੋਰੀਆਂ ਅਤੇ ਉਧਾਲਿਆਂ ਦੇ।
...
ਵਾਰਿਸ ਸ਼ਾਹ ਸਰਾਫ ਸਭ ਜਾਣਦੇ ਨੀ,
ਐਬ ਖੋਟਿਆਂ ਭੰਨਿਆਂ ਵਾਲਿਆਂ ਦੇ।

ਉਸ ਵੇਲੇ ਕਾਜ਼ੀਆਂ ਵਲੋਂ ਵਿਆਹ ਕਰਵਾਏ ਜਾਂਦੇ ਸਨ ਅਤੇ ਔਰਤ ਵਲੋਂ ਰਿਸ਼ਤਾ ਕਬੂਲ ਕਰਨ ਲਈ ਕਿਹਾ ਜਾਂਦਾ ਸੀ। ਪਰ ਜਦੋਂ ਹੀਰ ਵਲੋਂ ਨਿਕਾਹ ਲਈ ਰਜ਼ਾਮੰਦੀ ਜ਼ਾਹਰ ਨਹੀਂ ਕੀਤੀ ਜਾਂਦੀ ਤਾਂ ਕਾਜ਼ੀ ਆਪਣਾ ਫੈਸਲਾ ਦੱਸਦਾ ਹੈ ਅਤੇ ਉਸ ਦਾ ਜ਼ਬਰਦਸਤੀ ਨਿਕਾਹ ਕਰਨ ਦੀ ਸਲਾਹ ਦਿੰਦਾ ਹੈ ਜੋ ਵਾਰਿਸ ਨੇ ਇਸ ਤਰ੍ਹਾਂ ਦਰਸਾਇਆ ਹੈ:

ਕਾਜ਼ੀ ਆਖਦਾ ਇਹ ਜੇ ਰੋੜ ਪੱਕਾ,
ਹੀਰ ਝਗੜਿਆਂ ਨਾਲ ਨਾ ਹਾਰਦੀ ਹੈ।
ਲਿਆਉ ਪੜ੍ਹੋ ਨਿਕਾਹ ਮੂੰਹ ਬੰਨ੍ਹ ਇਸਦਾ,
ਕਿਸਾ ਕੋਈ ਫਸਾਦ ਗੁਜ਼ਾਰਦੀ ਹੈ।
ਛੱਡ ਮਸਜਦਾਂ ਵੇਹੜੇ ਵਿਚ ਜਾਈ ਵੜਦੀ,
ਛੱਡ ਬੱਕਰੀਆਂ ਸੂਰੀਆਂ ਚੜ੍ਹਦੀ ਹੈ।
ਵਾਰਿਸ ਸ਼ਾਹ ਮਧਾਣੀ ਹੈ ਹੀਰ ਜੱਟੀ,
ਇਸ਼ਕ ਦਹੀਂ ਦਾ ਘਿਓ ਨਿਤਾਰਦੀ ਹੈ।

ਰਾਂਝੇ ਨੂੰ ਹੀਰ ਤਕ ਪੁੱਜਣ ਲਈ ਜੋਗ ਧਾਰਨ ਕਰਨਾ ਪਿਆ। ਉਸ ਨੇ ਜੋਗ ਕਬੂਲ ਕੀਤਾ ਕਿ ਇਸ ਪੱਜ ਹੀਰ ਨੂੰ ਮਿਲ ਸਕੇਗਾ ਪਰ ਜਦੋਂ ਉਸ ਨੂੰ ਸਿੱਖਿਆ ਦਿੱਤੀ ਗਈ ਤਾਂ ਸਿੱਖਿਆ ਸੁਣ ਉਸ ਨੇ ਆਪਣੀ ਅਸਲੀਅਤ ਦੱਸੀ ਕਿ ਉਸ ਨੇ ਜੋਗ ਧਾਰਨ ਕਿਉਂ ਕੀਤਾ ਹੈ ਤੇ ਉਸ ਦਾ ਵਰਣਨ ਵਾਰਿਸ ਸ਼ਾਹ ਆਪਣੇ ਵੱਲੋਂ ਸਪੱਸ਼ਟ ਸ਼ਬਦ ਵਰਤ ਕੇ ਦੱਸਦਾ ਹੈ:

ਸਾਬਤ ਹੋਏ ਲੰਗੋਟੜੀ ਸੁਣੀ ਨਾਥਾ,
ਕਾਏ ਝਗੜਾ ਚਾਏ ਉਜਾੜਦਾ ਮੈਂ।
ਜੀਭ ਇਸ਼ਕ ਥੋਂ ਰਹੇ ਜੇ ਚੁੱਪ ਮੇਰੀ,
ਕਾਏ ਏਡਕੇ ਪਾੜਨੇ ਪਾੜਦਾ ਮੈਂ।
...
ਜੇ ਮੈਂ ਜਾਣਦਾ ਕੰਨ ਤੂੰ ਪਾੜ ਮਾਰੇਂ,
ਏਹ ਮੁੰਦਰਾਂ ਮੂਲ ਨਾ ਸਾੜਦਾ ਮੈਂ।
ਜੇ ਮੈਂ ਜਾਣਦਾ ਹਸਣੋਂ ਮਨ੍ਹਾ ਕਰਨਾ,
ਤੇਰੇ ਟਿਲੇ 'ਤੇ ਧਾਰ ਨਾ ਮਾਰਦਾ ਮੈਂ।

ਵਾਰਿਸ ਸ਼ਾਹ ਦੇ ਮੁਤਾਬਿਕ ਇਸ਼ਕ ਇਸ ਸੰਸਾਰ ਦਾ ਆਦਿ ਮੂਲ ਹੈ। ਰੱਬ ਨੂੰ ਜਦੋਂ ਇਸ਼ਕ ਹੋਇਆ ਤਾਂ ਉਸ ਨੇ ਇਹ ਦੁਨੀਆ ਸਾਜੀ। ਆਪਣੀ ਵਲੋਂ ਲਿਖੀ ਹੀਰ ਦੀ ਸ਼ੁਰੂਆਤ ਵਾਰਿਸ ਨੇ ਇਸ ਤਰ੍ਹਾਂ ਕੀਤੀ ਹੈ:

ਅਵੱਲ ਹਮਦ ਖੁਦਾਇ ਦਾ ਵਿਰਦ ਕੀਚੈ,
ਇਸ਼ਕ ਕੀਤਾ ਸੀ ਜਗ ਦਾ ਮੂਲ ਮੀਆਂ।
ਪਹਿਲਾਂ ਆਪ ਹੀ ਰੱਬ ਨੇ ਇਸ਼ਕ ਕੀਤਾ,
ਮਾਸ਼ੂਕ ਹੈ ਨਬੀ ਰਸੂਲ ਮੀਆਂ।

ਇਸ਼ਕ ਨੂੰ ਜ਼ਿੰਦਗੀ ਦਾ ਅਸਲ ਸਵਾਦ ਮੰਨਿਆ ਗਿਆ ਹੈ ਇਸ ਨਾਲ ਨਾ ਕੇਵਲ ਜੀਵਨ ਬਣਦਾ ਹੈ ਸਗੋਂ ਇਕ ਮਿੱਠਾ ਰੋਗ ਲੱਗਦਾ ਹੈ ਜਿਸ ਨਾਲ ਜੀਵਨ ਦਾ ਸਵਾਦ ਬੱਝ ਜਾਂਦਾ ਹੈ। ਇਹ ਕਿਸੇ ਵਿਰਲੇ ਰੱਬ ਦੇ ਪਿਆਰੇ ਨੂੰ ਹੀ ਨਸੀਬ ਹੁੰਦਾ ਹੈ:

ਇਸ਼ਕ ਪੀਰ ਫ਼ਕੀਰ ਦਾ ਮਰਤਬਾ ਹੈ,
ਮਰਦ ਇਸ਼ਕ ਦਾ ਭਲਾ ਰੰਜੂਲ ਮੀਆਂ।

ਇਸ਼ਕ ਦੇ ਨਾਲ ਮਰਦ ਦੇ ਦਿਲਾਂ ਦਾ ਬਾਗ ਖਿੜ ਜਾਂਦਾ ਹੈ ਅਤੇ ਉਸ ਦੇ ਅੰਦਰ ਬਹਾਰ ਦਾ ਵਾਸਾ ਹੋ ਜਾਂਦਾ ਹੈ:

ਖਿਲੇ ਤਿਨਾ ਦੇ ਬੈਗ ਕਲੂਬ ਅੰਦਰ,
ਜਿਨ੍ਹਾਂ ਕੀਤਾ ਹੈ ਇਸ਼ਕ ਕਬੂਲ ਮੀਆਂ।

**ਹਵਾਲੇ:**

1 ਜੀਤ ਸਿੰਘ ਸੀਤਲ, ਕਿੱਸਾ ਹੀਰ ਵਾਰਿਸ ਸ਼ਾਹ
2. ਕੁਲਬੀਰ ਸਿੰਘ ਕਾਂਗ, ਹੀਰ ਰਾਂਝਾ ਦੇ ਕਿੱਸੇ
3. ਪ੍ਰੋਫੈਸਰ ਪਿਆਰਾ ਸਿੰਘ ਪਦਮ, ਹੀਰ ਵਾਰਿਸ ਸ਼ਾਹ
4. ਸੰਤ ਸਿੰਘ ਸੇਖੋਂ, ਹੀਰ ਵਾਰਿਸ ਸ਼ਾਹ
5. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼
6. ਬੁੱਲ੍ਹੇ ਸ਼ਾਹ, ਕਲਾਮ ਬੁੱਲ੍ਹੇ ਸ਼ਾਹ
7. ਸੁਰਜੀਤ ਹਾਂਸ, ਵਾਰਿਸ ਸ਼ਾਹ ਦੀ ਲਗਜਿਸ਼
8. ਜੇ ਐੱਸ ਗਰੇਵਾਲ, ਸਿੱਖ ਇਤਿਹਾਸ ਕੇ ਫਾਰਸੀ ਸਰੋਤ
9. ਵਿਕੀਪੀਡੀਆ
10 ਨੀਲਮਜੀਤ ਕੌਰ ਹੀਰ ਵਾਰਿਸ ਵਿਚ ਪੰਜਾਬੀ ਸੰਸਕ੍ਰਿਤੀ

ਇਸ਼ਕ ਵਿਚ ਮਾਰ ਖਾ ਕੇ ਉੱਠ ਖੜੋਂਦਾ ਹੈ। ਉਹ ਰੋ-ਰੋ ਕੇ ਹੱਸਦਾ ਹੈ ਅਤੇ ਹੱਸਦਾ ਹੱਸਦਾ ਹੀ ਰੋਣ ਲੱਗ ਜਾਂਦਾ ਹੈ। ਅਜਿਹਾ ਇਸ਼ਕ ਪਹਿਲੀ ਮਾਰ ਨਾਲ ਹੀ ਆਪਣੇ ਸੱਜਣ ਤੋਂ ਬਲਿਹਾਰ ਜਾਂਦਾ ਹੈ ਅਤੇ ਸਦਾ ਲਈ ਆਪਣੇ ਮਸ਼ੂਕ ਦਾ ਹੀ ਹੋ ਜਾਇਆ ਕਰਦਾ ਹੈ:

ਕੂਕੇ ਮਾਰ ਹੀ ਮਾਰ ਤੇ ਪਕੜ ਛਮਕਾਂ,
ਪਾਰਿ ਆਦਮੀ 'ਤੇ ਕਹਿਰਵਾਨ ਹੋਈ।
ਰਾਂਝੇ ਉੱਠ ਕੇ ਆਖਿਆ 'ਵਾਹ ਸੱਜਣ',
ਹੀਰ ਹੱਸ ਕੇ ਤੇ ਮੇਹਰਬਾਨ ਹੋਈ।

ਅੱਖਾਂ ਲੱਗਣ ਸਮੇਂ ਉਹ ਇਕ ਦੂਸਰੇ ਦੇ ਹੋ ਜਾਂਦੇ ਹਨ ਅਜਿਹਾ ਇਸ਼ਕ ਜਣੇ-ਖਣੇ ਦਾ ਕੰਮ ਨਹੀਂ ਹੁੰਦਾ। ਇਹ ਕੰਮ ਤਾਂ ਸੂਰਮੇ ਹੀ ਕਰ ਸਕਦੇ ਹਨ। ਰਾਂਝਾ ਹੀਰ ਨੂੰ ਇਸ ਬਿਖੜੇ ਰਾਹ 'ਤੇ ਲੈ ਤੁਰਦਾ ਹੈ। ਇਸ਼ਕ ਜੱਗ ਦਾ ਗੁਰੂ ਹੈ ਅਤੇ ਇਸ ਦਾ ਚੇਲਾ ਬਣਨਾ ਆਸਾਨ ਕੰਮ ਨਹੀਂ ਹੈ ਅਤੇ ਨਾ ਹੀ ਇਹ ਕੋਈ ਲਾਹੇਵੰਦ ਸੌਦਾ ਹੈ। ਇਸ ਵਪਾਰ ਵਿਚ ਕਦੇ ਕਿਸੇ ਨੇ ਕੁਝ ਵੀ ਨਹੀਂ ਖੱਟਿਆ ਹੈ। ਇਸ ਵਿਚ ਜ਼ਿੰਦਗੀ ਹਾਰਨੀ ਹੀ ਪੈਂਦੀ ਹੈ ਅਤੇ ਸਾਰਾ ਕੁਝ ਗਵਾਉਣਾ ਹੀ ਪੈਂਦਾ ਹੈ। ਵਾਰਿਸ ਸ਼ਾਹ ਦੇ ਸ਼ਬਦਾਂ ਵਿਚ:

ਵਾਰਿਸ ਸ਼ਾਹ ਇਸ ਇਸ਼ਕ ਦੇ ਵਣਜ ਵਿਚੋਂ,
ਕਿਸੇ ਪੱਲੇ ਨਾ ਬੱਧੜੀ ਦੰਮੜੀ ਹੈ।

ਸੱਚਾ ਇਸ਼ਕ ਤਾਂ ਸੱਚੇ ਰੱਬ ਦੀ ਯਾਦ ਵਿਚ ਉਮਰ ਗੁਜ਼ਾਰਨਾ ਹੈ। ਕੱਚੇ ਆਸ਼ਕ ਜਾਂ ਹਿਰਸ ਹਵਸ ਦੇ ਬੰਦੇ ਇਸ ਨੂੰ ਮੇਹਣਾ ਲਾਉਂਦੇ ਹਨ। ਸੱਚੇ ਆਸ਼ਕ ਨੂੰ ਇਸ ਕੰਮ ਤੋਂ ਰੋਕਿਆ ਗਿਆ ਹੈ। ਇਸ਼ਕ ਨੂੰ ਵਿਛੋੜਾ ਹੋਰ ਤਿੱਖਾ ਕਰਦਾ ਹੈ ਅਤੇ ਇਸ ਵਿਛੋੜੇ ਦਾ ਹਮਲਾ ਕੋਈ ਕੋਈ ਹੀ ਸਹਿ ਸਕਦਾ ਹੈ। ਸੱਚੇ ਆਸ਼ਕ ਜਾਨ ਦੀ ਪ੍ਰਵਾਹ ਨਹੀਂ ਕਰਦੇ ਮਨਸੂਰ ਅਤੇ ਸਰਮਦ ਵਰਗੇ ਸੂਲੀਆਂ 'ਤੇ ਚੜ੍ਹ ਆਪਣੀਆਂ ਜਾਨਾਂ ਵਾਰਾਂ ਦਿੰਦੇ ਹਨ ਪਰੰਤੂ ਇਸ ਰਾਹ ਤੋਂ ਨਹੀਂ ਹਟਦੇ। ਇਸ਼ਕ ਇਕ ਚਿੱਟੀ ਚਾਦਰ ਜਿਹਾ ਹੈ, ਜਿਸ ਉਪਰ ਹਵਸ, ਕਾਮਨਾ ਦਾ ਦਾਗ ਬਿਲਕੁਲ ਵੀ ਨਹੀਂ ਲੱਗਣ ਦੇਣਾ ਚਾਹੀਦਾ ਅਤੇ ਨਾ ਹੀ ਇਸ ਉਪਰ ਕੋਈ ਤੋਹਮਤ ਲੱਗਣ ਦੇਣੀ ਚਾਹੀਦੀ ਹੈ। ਮੈਦਾਨੇ ਇਸ਼ਕ ਵਿਚ ਕੁੱਦਣ ਵਾਲੇ ਜੂਝ ਮਰਨਾ ਹੀ ਜਾਣਦੇ ਹਨ ਅਤੇ ਉਹ ਰਣ ਮੈਦਾਨ ਦੇ ਅੰਦਰੋਂ ਨੱਸਣਾ ਬਿਲਕੁਲ ਹੀ ਨਹੀਂ ਜਾਣਦੇ। ਵਾਰਿਸ ਸ਼ਾਹ ਲਿਖਦਾ ਹੈ:

ਵਾਰਿਸ ਸ਼ਾਹ ਮੀਆਂ ਇਨ੍ਹਾਂ ਆਸ਼ਕਾਂ ਨੂੰ
ਫਿਕਰ ਜ਼ਰਾ ਨਾ ਜਿੰਦ ਗਵਾਵਣੇ ਦਾ।
...
ਅਸੀਂ ਇਸ਼ਕ ਦੇ ਆਣ ਮੈਦਾਨ ਰੁਧੇ,
ਬੁਰਾ ਸੂਰਮੇ ਨੂੰ ਰਣੋਂ ਹੱਲਣਾ ਈ।
ਵਾਰਿਸ ਸ਼ਾਹ ਜੇ ਦਰਦ ਫ਼ਿਰਾਕ ਛੁਟੇ,
ਇਕ ਕਟਕ ਫਿਰ ਆਖ ਕਿਸ ਝੱਲਣਾ ਈ।

ਵਾਰਿਸ ਦੀ ਹੀਰ ਵਿਚ ਇਸ਼ਕ ਦਾ ਸੰਕਲਪ ਸੱਚੇ ਸੁੱਚੇ ਪਿਆਰ ਵਾਲਾ ਹੈ। ਇਹ ਆਤਮਾ ਅਤੇ ਪ੍ਰਮਾਤਮਾ ਦਾ ਪਾਕਿ ਪਵਿੱਤਰ ਰਿਸ਼ਤਾ ਹੈ, ਇਹ ਸਰੀਰਾਂ ਦਾ ਸਬੰਧ ਬਿਲਕੁਲ ਵੀ ਨਹੀਂ। ਦੁਨਿਆਵੀ ਪ੍ਰੀਤ ਕੇਵਲ ਉਸ ਸੱਚੀ ਪ੍ਰੀਤ ਤਕ ਪੁੱਜਣ ਦਾ ਸਾਧਨ ਮਾਤਰ ਹੈ। ਇਸ ਦੁਨੀਆ ਦੇ ਅੰਦਰ ਆਸ਼ਕ ਪਾਕ ਦਾਮਨ ਰਹਿੰਦਾ ਹੈ ਅਤੇ ਅਗਲੇ ਜਹਾਨ ਵਿਚ ਵੀ ਸੁਰਖਰੂ ਹੀ ਜਾਂਦਾ ਹੈ:

ਦੋਵੇਂ ਦਾਰਫਨ੍ਹਾ ਥੀਂ ਗਏ ਸਾਬਤ,
ਜਾਇ ਭਰੀ ਨੇ ਡਾਰ ਬਕਾਇ ਮੀਆਂ।
ਦੋਵੇਂ ਰਾਹ ਮਜਾਜ਼ੀ ਦੇ ਗਏ ਸਾਬਤ,
ਨਾਲ ਸਿਦਕ ਦੇ ਗਏ ਵਿਹਾਇ ਮੀਆਂ

ਸਯਦ ਵਾਰਿਸ ਸ਼ਾਹ ਆਪਣੀ ਉਮਰ ਦੇ 76-77 ਉਮਰ ਗੁਜ਼ਾਰ ਕੇ 1799 ਈਸਵੀ ਵਿਚ ਪਾਕਪਟਨ ਵਿਚ ਜੋ ਉਸ ਦੀ ਰਿਹਾਇਸ਼ ਮਲਕਾ ਹਾਂਸ ਤੋਂ ਕੇਵਲ 12 ਕਿਲੋਮੀਟਰ ਵਿੱਥ 'ਤੇ ਸੀ, 'ਤੇ ਅੱਲਾਹ ਨੂੰ ਪਿਆਰਾ ਹੋ ਗਿਆ ਸੀ।

# ਪੰਜਾਬ ਦੇ ਪੇਂਡੂ ਮਜ਼ਦੂਰਾਂ ਦੀ ਦਸ਼ਾ ਅਤੇ ਦਿਸ਼ਾ

ਭਾਰਤ ਦੇ ਕਈ ਸੂਬਿਆਂ ਦੇ ਚੋਣਵੇਂ ਇਲਾਕਿਆਂ (ਪਾਕਿਟਾਂ), ਖਾਸਕਰ ਪੰਜਾਬ ਦੇ ਜ਼ਰਈ ਖੇਤਰ ਦਾ ਸੰਕਟ ਗੰਭੀਰ ਦਿਸ਼ਾ ਅਖ਼ਤਿਆਰ ਕਰ ਚੁੱਕਿਆ ਹੈ। ਸੁਧਰੇ ਹੋਏ ਬੀਜਾਂ, ਰਸਾਇਣਕ ਖਾਦਾਂ, ਕੀੜੇਮਾਰ ਤੇ ਬੂਟੀਮਾਰ ਦਵਾਈਆਂ, ਡੀਜ਼ਲ, ਖੇਤੀ ਮਸ਼ੀਨਰੀ ਆਦਿ ਦੀਆਂ ਕੀਮਤਾਂ ਵਿਚ ਲਗਾਤਾਰ ਵਾਧੇ ਅਤੇ ਖੇਤੀ ਜਿਣਸਾਂ ਦੇ ਮੁੱਲਾਂ ਵਿਚ ਮੁਕਾਬਲਤਨ ਨਿਗੂਣੇ ਵਾਧੇ, ਖੜੋਤ ਜਾਂ ਕਟੌਤੀਆਂ ਹੋਣ ਨਾਲ ਇਸ ਮਾਲ ਵਟਾਂਦਰੇ ਵਿਚਲਾ ਅਸਾਵਾਂਪਣ ਕਿਤੇ ਵੱਧ ਡੂੰਘਾ ਹੋਇਆ ਹੈ। ਖੇਤੀ ਵਿਚੋਂ ਪੈਦਾ ਹੁੰਦੀ ਵਾਫਰ ਕਦਰ (ਮੁਨਾਫੇ) ਦਾ ਵੱਡਾ ਹਿੱਸਾ ਸਾਮਰਾਜੀ ਬਹੁਕੌਮੀ ਕੰਪਨੀਆਂ

ਕਰਮ ਬਰਸਟ
ਸੰਪਰਕ: 94170-73831

ਅਤੇ ਭਾਰਤੀ ਦਲਾਲ ਸਰਮਾਏਦਾਰੀ ਦੇ ਬੋਝੇ ਵਿਚ ਜਾ ਰਿਹਾ ਹੈ। ਸਾਮਰਾਜੀ ਸੰਸਥਾਵਾਂ ਦੇ ਨਿਰਦੇਸ਼ਾਂ ਤਹਿਤ ਸ਼ੁਰੂ ਹੋਈਆਂ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦੀਆਂ ਸਾਮਰਾਜ ਪੱਖੀ ਨੀਤੀਆਂ ਸਦਕਾ ਕਿਸਾਨਾਂ ਅਤੇ ਪੇਂਡੂ ਮਜ਼ਦੂਰਾਂ ਦਾ ਜੀਵਨ ਨਰਕ ਵਰਗਾ ਹੋ ਰਿਹਾ ਹੈ। ਪੰਜਾਬ ਦੇ ਹਜ਼ਾਰਾਂ ਹੀ ਕਿਸਾਨ ਅਤੇ ਮਜ਼ਦੂਰ ਕਰਜ਼ੇ ਮੋੜਨ ਤੋਂ ਅਸਮਰੱਥ ਹੋ ਕੇ, ਖੁਦਕੁਸ਼ੀਆਂ ਲਈ ਮਜਬੂਰ ਹੋਏ ਹਨ। ਪੰਜਾਬ ਵਿਚ 7300 ਪੇਂਡੂ ਮਜ਼ਦੂਰ ਖੁਦਕੁਸ਼ੀਆਂ ਕਰ ਚੁੱਕੇ ਹਨ। ਪੇਂਡੂ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਭਾਵੇਂ ਅਨੁਪਾਤ ਅਨੁਸਾਰ ਕਿਸਾਨਾਂ ਜਿੰਨੀਆਂ ਨਹੀਂ ਲੇਕਿਨ ਉਨ੍ਹਾਂ ਦੀਆਂ ਆਪਣੀਆਂ ਜਥੇਬੰਦੀਆਂ ਕਮਜ਼ੋਰ ਹੋਣ, ਦੂਸਰਾ ਸਰਕਾਰੇ ਦਰਬਾਰੇ ਉਨ੍ਹਾਂ ਦੀ ਪੁੱਗਤ ਨਾ ਹੋਣ ਕਰਕੇ ਉਨ੍ਹਾਂ ਦਾ ਨੋਟਿਸ ਹੀ ਨਹੀਂ ਲਿਆ ਜਾ ਰਿਹਾ। ਅਜੇ ਤਕ ਕਿਸੇ ਵੀ ਸਰਕਾਰੀ ਜਾਂ ਗੈਰ-ਸਰਕਾਰੀ ਸੰਸਥਾ ਨੇ 1960ਵਿਆਂ ਵਿਚ ਸ਼ੁਰੂ ਹੋਏ ਹਰੇ ਇਨਕਲਾਬ ਦੇ ਸਿੱਟੇ ਵਜੋਂ ਖੇਤੀ ਸੈਕਟਰ ਵਿਚ ਹੋਏ ਬੇਢੱਬੇ, ਲੰਗੜੇ ਪੂੰਜੀਵਾਦ ਨਾਲ ਖੇਤ ਮਜ਼ਦੂਰਾਂ ਦੀ ਹੋਈ ਆਰਥਿਕ ਮੰਦਹਾਲੀ ਦਾ ਹਕੀਕੀ ਮੁਲਾਂਕਣ ਨਹੀਂ ਕੀਤਾ।

ਪੇਂਡੂ ਮਜ਼ਦੂਰਾਂ ਦਾ ਪੈਦਾਵਾਰ ਦੇ ਸਾਧਨਾਂ ਉਪਰ ਕੋਈ ਕੰਟਰੋਲ ਨਹੀਂ ਹੈ। ਇਹ ਸਿਰਫ ਆਪਣੀ ਕਿਰਤ ਸ਼ਕਤੀ ਉਪਰ ਜਿਉਂਦੇ ਹਨ, ਭਾਵ ਆਪਣੇ ਜੀਵਨ ਨਿਰਬਾਹ ਲਈ ਪੂੰਜੀਵਾਦੀ ਫਾਰਮਰਾਂ ਕੋਲ ਆਪਣੀ ਕਿਰਤ ਸ਼ਕਤੀ ਵੇਚਦੇ ਹਨ। ਜਿਵੇਂ ਜਿਵੇਂ ਖੇਤੀ ਵਿਚ ਪੂੰਜੀਵਾਦ ਦਾ ਵਿਕਾਸ ਹੁੰਦਾ ਜਾਂਦਾ ਹੈ, ਤਿਵੇਂ ਤਿਵੇਂ ਕਿਸਾਨਾਂ ਦੀ ਗਿਣਤੀ ਘਟਦੀ ਜਾਂਦੀ ਅਤੇ ਖੇਤ ਮਜ਼ਦੂਰਾਂ ਦੀ ਸੰਖਿਆ ਵਧਦੀ ਜਾਂਦੀ ਹੈ। ਕਿਰਤ ਅਤੇ ਜ਼ਮੀਨ ਦੋਵੇਂ ਹੀ ਜਿਣਸ ਵਿਚ ਵਟ ਜਾਂਦੇ ਹਨ। ਬੰਧੇਜ ਅਤੇ ਨਿੱਜੀ ਨਿਰਭਰਤਾ ਦੀ ਥਾਂ ਕਿਰਤ ਸ਼ਕਤੀ ਦੀ ਵੇਚ ਅਤੇ ਖਰੀਦ ਦੇ ਅਨਿੱਜੀ ਰਿਸ਼ਤੇ ਕਾਇਮ ਹੋ ਜਾਂਦੇ ਹਨ। ਪੰਜਾਬ ਦੇ ਪੇਂਡੂ ਮਜ਼ਦੂਰਾਂ ਦਾ ਵਿਸ਼ਲੇਸ਼ਣ ਕਰਨ ਵੇਲੇ ਇਹ ਜ਼ਰੂਰ ਧਿਆਨ ਵਿਚ ਰੱਖਿਆ ਜਾਣਾ ਹੈ ਕਿ ਉਨ੍ਹਾਂ ਵਿਚੋਂ ਬਹੁਗਿਣਤੀ ਆਜ਼ਾਦ ਉਜਰਤੀ ਮਜ਼ਦੂਰਾਂ ਦੀ ਹੈ ਜਾਂ ਨਹੀਂ? ਉਨ੍ਹਾਂ ਵਿਚੋਂ ਕਿੰਨੀ ਫੀਸਦੀ ਅਰਧ ਜਗੀਰੂ ਕਿਸਮ ਦੀ ਨਿੱਜੀ ਨਿਰਭਰਤਾ ਦੀ ਹਾਲਤ ਵਿਚ ਹਨ। ਹੁਣੇ ਜਿਹੇ ਹੋਏ ਸਰਵੇਖਣ ਨੇ ਦਿਖਾਇਆ ਹੈ ਕਿ ਪੰਜਾਬ ਦੇ ਪੇਂਡੂ ਮਜ਼ਦੂਰਾਂ ਦਾ ਸਿਰਫ 6-7 ਫੀਸਦ ਹਿੱਸਾ ਹੀ ਸਾਲ ਭਰ ਦੀ ਪੱਕੀ ਨੌਕਰੀ ਕਰਨ ਵਾਲਿਆਂ ਦਾ ਹੈ। ਜੇ ਇਨ੍ਹਾਂ ਨੂੰ ਬੰਧੂਆ ਮੰਨ ਵੀ ਲਿਆ ਜਾਵੇ ਤਾਂ ਵੀ ਇਹ ਸਮਾਜਿਕ ਕਿਰਤ ਸ਼ਕਤੀ ਦੇ ਪੱਖ ਤੋਂ ਪੈਦਾਵਾਰੀ ਸਬੰਧ ਤੈਅ ਕਰਨ ਵਾਲਾ ਫੈਕਟਰ ਨਹੀਂ ਬਣ ਸਕਦੇ।

ਖੇਤੀ ਵਿਚ ਪੂੰਜੀਵਾਦ ਦਾ ਵਿਕਾਸ ਦੋ-ਧਾਰੀ ਤਲਵਾਰ ਵਾਂਗ ਕੰਮ ਕਰਦਾ ਹੈ। ਇਕ ਪਾਸੇ ਛੋਟੇ ਮਾਲ ਉਤਪਾਦਕਾਂ, ਭਾਵ ਛੋਟੇ ਤੇ ਗਰੀਬ ਅਤੇ ਬੇਜ਼ਮੀਨੇ ਕਿਸਾਨਾਂ ਨੂੰ ਉਨ੍ਹਾਂ ਦੇ ਨਿੱਕੇ ਨਿੱਕੇ ਕਾਰੋਬਾਰਾਂ ਅਤੇ ਬੰਧੂਆਗਿਰੀ ਦੀਆਂ ਅਨੇਕਾਂ ਤੰਦਾਂ ਤੋਂ ਮੁਕਤ ਕਰ ਕੇ, ਆਜ਼ਾਦ ਉਜਰਤੀ ਮਜ਼ਦੂਰਾਂ ਵਿਚ ਬਦਲ ਦਿੰਦਾ ਹੈ; ਦੂਜੇ ਪਾਸੇ ਅਤਿ ਦੇ ਮਸ਼ੀਨੀਕਰਨ ਅਤੇ ਸੰਘਣੀ ਖੇਤੀ ਦੀ ਤਕਨੀਕ ਨਾਲ ਖੇਤ ਮਜ਼ਦੂਰਾਂ ਕੋਲੋਂ ਹੀ ਰੁਜ਼ਗਾਰ ਦੇ ਮੌਕੇ ਖੋਹ ਲੈਂਦਾ ਹੈ ਤੇ ਬੇਕਾਰਾਂ ਦੀ ਵੱਡੀ ਰਾਖਵੀਂ ਫੌਜ ਖੜ੍ਹੀ ਕਰ ਦਿੰਦਾ ਹੈ। ਫਿਰ ਇਹ ਰਾਖਵੀਂ ਫੌਜ ਰੁਜ਼ਗਾਰ ਖ਼ਾਤਰ ਦਰ-ਦਰ ਭਟਕਦੀ ਹੈ। ਪੰਜਾਬ ਦੇ ਹਰ ਨਿੱਕੇ ਵੱਡੇ ਸ਼ਹਿਰ ਵਿਚ ਉੱਸਰ ਚੁੱਕੇ ਕਈ ਕਈ ਲੇਬਰ ਚੌਕ ਖੇਤੀ ਵਿਚੋਂ ਵਿਹਲੇ ਹੋਏ ਇਨ੍ਹਾਂ ਮਜ਼ਦੂਰਾਂ ਦੀ ਕਹਾਣੀ ਬਿਆਨ ਕਰਦੇ ਹਨ। ਜਦੋਂ ਇਨ੍ਹਾਂ ਨੂੰ ਖਾਲੀ ਹੱਥੀਂ ਘਰ ਪਰਤਣਾ ਪੈਂਦਾ ਹੈ ਤਾਂ ਉਨ੍ਹਾਂ ਦੇ ਦਰਦ ਦੀ ਥਾਹ ਨਹੀਂ ਪਾਈ ਜਾ ਸਕਦੀ। ਅਜੀਬ ਵਿਰੋਧਾਭਾਸ ਇਹ ਹੈ ਕਿ ਪੰਜਾਬ ਦਾ ਲੰਗੜਾ ਪੂੰਜੀਵਾਦ ਅਤਿ ਦੇ ਪਛੜੇ ਇਲਾਕਿਆਂ ਦੇ ਮਜ਼ਦੂਰਾਂ ਨੂੰ ਵੀ ਆਪਣੇ ਵੱਲ ਖਿੱਚ ਰਿਹਾ ਹੈ।



ਸਰਕਾਰੀ ਬੁਲਾਰਿਆਂ ਮੁਤਾਬਕ 37 ਲੱਖ ਪਰਵਾਸੀ ਮਜ਼ਦੂਰ ਪੰਜਾਬ ਵਿਚ ਟਿਕੇ ਹੋਏ ਹਨ, ਜਿਨ੍ਹਾਂ ਵਿਚੋਂ ਮੋਟੇ ਤੌਰ 'ਤੇ 4 ਲੱਖ ਖੇਤੀ ਸੈਕਟਰ ਵਿਚ ਹਨ।

ਖੇਤੀ ਸੰਕਟ ਦਾ ਸਭ ਤੋਂ ਬੁਰਾ ਪ੍ਰਭਾਵ ਪੇਂਡੂ ਮਜ਼ਦੂਰਾਂ ਉਪਰ ਪਿਆ ਹੈ। ਸੀਰੀ ਨੌਕਰ ਸਿਸਟਮ ਦੇ ਲਗਭਗ ਲੋਪ ਹੋ ਜਾਣ ਜਾਂ ਬਹੁਤ ਜ਼ਿਆਦਾ ਸੀਮਤ ਹੋ ਜਾਣ ਨਾਲ, ਉਨ੍ਹਾਂ ਦੇ ਪੱਲੇ ਰੁਜ਼ਗਾਰ ਦੀ ਕੋਈ ਜ਼ਾਮਨੀ ਨਹੀਂ ਰਹੀ। ਉਨ੍ਹਾਂ ਦੀ ਆਮਦਨੀ ਅਤੇ ਖਰਚ ਵਿਚਲਾ ਪਾੜਾ ਗੰਭੀਰ ਹੋ ਰਿਹਾ ਹੈ। ਉਨ੍ਹਾਂ ਦਾ ਅੱਧਿਓਂ ਵੱਧ ਹਿੱਸਾ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਿਹਾ ਹੈ ਅਤੇ ਚੋਖਾ ਹਿੱਸਾ ਕਰਜ਼ੇ ਦੀ ਮਾਰ ਝੱਲ ਰਿਹਾ ਹੈ। ਪਹਿਲੀ ਗੱਲ ਤਾਂ ਨਵਾਂ ਕਰਜ਼ਾ ਮਿਲਣਾ ਹੀ ਬੰਦ ਹੋ ਗਿਆ ਹੈ ਅਤੇ ਪੁਰਾਣਾ ਉਤਾਰਨ ਦੀ ਕਿਸੇ ਵਿਚ ਵੀ ਸਮਰੱਥਾ ਨਹੀਂ ਰਹੀ। ਦੇਖਿਆ ਗਿਆ ਹੈ ਕਿ ਸਾਲ ਭਰ ਦੀ ਨੌਕਰੀ ਕਰਨ ਵਾਲੇ ਬਹੁਤੇ ਮਜ਼ਦੂਰ ਸਿਰਫ ਵਿਆਜ ਦੀ ਮੋੜਾਈ ਲਈ ਹੀ ਕੰਮ ਕਰ ਰਹੇ ਹਨ। ਮਜ਼ਦੂਰ ਔਰਤਾਂ ਬਹੁਤ ਹੀ ਨਿਗੂਣੀ ਉਜਰਤ 'ਤੇ ਜਾਂ ਸਿਰਫ ਦੋ ਡੰਗ ਦੀ ਰੋਟੀ ਅਤੇ ਪੁਰਾਣੇ ਕੱਪੜੇ ਮਿਲਣ ਦੀ ਆਸ 'ਤੇ ਹੀ ਧਨੀ ਫਾਰਮਰਾਂ ਦੇ ਭਾਂਡੇ ਮਾਂਜਣ ਅਤੇ ਗੋਹਾ ਕੂੜਾ ਕਰਨ ਦੇ ਕੰਮ ਕਰਨ ਲਈ ਮਜਬੂਰ ਹਨ। ਬਹੁਤ ਸਾਰੇ ਪਿੰਡਾਂ ਵਿਚੋਂ ਗਰੀਬੀ ਅਤੇ ਮਜਬੂਰੀ ਦੀਆਂ ਭੰਨੀਆਂ ਔਰਤਾਂ ਵਲੋਂ ਜਿਸਮਫਰੋਸ਼ੀ ਦੀਆਂ ਕਨਸੋਆਂ ਵੀ ਹਨ। ਪੇਂਡੂ ਮਜ਼ਦੂਰਾਂ ਦੀਆਂ ਹਾਲਤਾਂ ਘੋਰ ਨਰਕ ਵਰਗੀਆਂ ਬਣ ਗਈਆਂ ਹਨ।

ਆਮਦਨ ਵਾਂਗ ਖਪਤ ਦੀ ਵੰਡ ਦੇ ਮਾਮਲੇ ਵਿਚ ਵੀ ਪੇਂਡੂ ਮਜ਼ਦੂਰਾਂ ਅੰਦਰ ਨਾ-ਬਰਾਬਰੀ ਹੈ। ਖੇਤੀ ਅੰਦਰਲੇ ਪੂੰਜੀਵਾਦੀ ਵਿਕਾਸ ਨੇ ਪੇਂਡੂ ਮਜ਼ਦੂਰਾਂ ਕੋਲੋਂ ਕੰਮ ਖੋਹ ਲਿਆ ਹੈ। ਉਹ ਬੇਕਾਰੀ ਜਾਂ ਅਰਧ ਬੇਕਾਰੀ ਦਾ ਸ਼ਿਕਾਰ ਬਣ ਗਿਆ ਹੈ। ਖੇਤੀ ਅਤੇ ਗੈਰ-ਖੇਤੀ ਧੰਦਿਆਂ ਵਿਚੋਂ ਪੇਂਡੂ ਮਜ਼ਦੂਰਾਂ ਨੂੰ ਸਿਰਫ 45 ਫੀਸਦ ਦਿਨਾਂ ਲਈ ਕੰਮ ਮਿਲਦਾ ਹੈ; ਇਸ ਤਰ੍ਹਾਂ ਉਹ ਨਿੱਕੇ ਮੋਟੇ ਕੰਮਾਂ ਦੇ ਬਾਵਜੂਦ ਸਾਲ ਦਾ ਵੱਡਾ ਹਿੱਸਾ (55 ਫੀਸਦ) ਵਿਹਲੇ ਰਹਿ ਕੇ ਕੱਢਣ ਲਈ ਮਜਬੂਰ ਹਨ।

ਪੇਂਡੂ ਮਜ਼ਦੂਰਾਂ ਦਾ ਲਗਭਗ 72 ਫੀਸਦ ਹਿੱਸਾ ਕਰਜ਼ੇ ਹੇਠਾਂ ਦੱਬਿਆ ਹੋਇਆ ਹੈ। ਇਸ ਕਰਜ਼ੇ ਦਾ ਵੱਡਾ ਹਿੱਸਾ (86 ਫੀਸਦੀ) ਗੈਰ-ਸੰਸਥਾਈ ਸਰੋਤਾਂ ਤੋਂ ਲਿਆ ਜਾਂਦਾ ਹੈ। ਪੂੰਜੀਵਾਦੀ ਫਾਰਮਰ (ਧਨੀ ਕਿਸਾਨ) ਅਤੇ ਸ਼ਾਹੂਕਾਰ ਹੀ ਪੇਂਡੂ ਮਜ਼ਦੂਰਾਂ ਦੇ ਲਹਿਣੇਦਾਰ ਬਣੇ ਹੋਏ ਹਨ ਜਿਹੜੇ ਲੱਕ ਤੋੜਵੀਆਂ ਵਿਆਜ ਦਰਾਂ ਵਸੂਲਦੇ ਹਨ। ਆਮਦਨ ਅਤੇ ਖਰਚ ਵਾਲੀਆਂ ਸਾਰਨੀਆਂ ਤੋਂ ਦੇਖਿਆ ਜਾ ਸਕਦਾ ਹੈ ਕਿ ਪੇਂਡੂ ਮਜ਼ਦੂਰਾਂ ਦੇ ਖਰਚੇ ਆਮਦਨ ਤੋਂ ਉਪਰ ਹਨ। ਉਨ੍ਹਾਂ ਦੀ ਆਮਦਨ ਨਾਲ ਰੋਜ਼ਮਰਾ ਮੁੱਢਲੀਆਂ ਲੋੜਾਂ ਵੀ ਪੂਰੀਆਂ ਨਹੀਂ ਹੁੰਦੀਆਂ। ਇਸ ਲਈ ਕਰਜ਼ੇ ਦਾ ਬਹੁਤ ਵੱਡਾ ਹਿੱਸਾ (84.88 ਫੀਸਦ) ਗੈਰ-ਉਤਪਾਦਕ ਖਪਤਕਾਰੀ ਲੋੜਾਂ ਉਪਰ ਹੀ ਖਰਚ ਹੋ ਜਾਂਦਾ ਹੈ। ਕਰਜ਼ੇ ਦੀ ਰਕਮ ਵਿਚ ਉਧਾਰ ਦੀ ਰਕਮ ਰਲਗੱਡ ਹੋਈ ਹੋਈ ਹੈ। ਕਰਜ਼ਾ ਅਸਲ ਵਿਚ ਉਸ ਰਕਮ ਨੂੰ ਹੀ ਮੰਨਿਆ ਜਾਂਦਾ ਹੈ ਜੋ ਮੁੜਨ ਤੋਂ ਆਕੀ ਹੋਈ ਹੋਵੇ। ਇਸ ਲਈ ਪੇਂਡੂ ਮਜ਼ਦੂਰ ਪਰਿਵਾਰਾਂ ਸਿਰ ਚੜ੍ਹੇ ਪੈਸਿਆਂ ਵਿਚੋਂ ਨਿਖੇੜਾ ਕਰਨਾ ਮੁਸ਼ਕਿਲ ਹੈ ਕਿ ਹਕੀਕੀ ਕਰਜ਼ਾ ਕਿੰਨਾ ਹੈ।

ਪੰਜਾਬ ਦੇ ਖੇਤੀ ਅਰਥਚਾਰੇ ਦੀ ਸਮੁੱਚੀ ਤਸਵੀਰ ਨੂੰ ਵਾਚਿਆਂ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਇਹ ਪੂੰਜੀਵਾਦੀ ਲੀਹਾਂ ਉਪਰ ਚੱਲ ਰਿਹਾ ਹੈ ਲੇਕਿਨ ਇਸ ਤੋਂ ਵੀ ਵੱਡਾ ਸੱਚ ਹੈ ਕਿ ਇਹ ਪੂੰਜੀਵਾਦੀ ਵਿਕਾਸ ਸਮਾਜ ਦੀਆਂ ਅੰਦਰੂਨੀ ਵਿਰੋਧਤਾਈਆਂ, ਅਰਥਾਤ ਵਿਕਾਸ ਕਰ ਰਹੀਆਂ ਪੈਦਾਵਾਰੀ ਸ਼ਕਤੀਆਂ ਅਤੇ ਜਗੀਰੂ ਪ੍ਰਬੰਧ ਅੰਦਰਲੇ ਪਛੜੇ ਪੈਦਾਵਾਰੀ ਸਬੰਧਾਂ ਵਿਚਕਾਰਲੀਆਂ ਵਿਰੋਧਤਾਈਆਂ ਦੇ ਖਹਿ-ਭੇੜ ਦਾ ਨਤੀਜਾ ਨਹੀਂ। ਇਹ ਵਿਗੜਿਆ ਹੋਇਆ ਅਤੇ ਅਸਾਂਵੇਪਣ ਦਾ ਸ਼ਿਕਾਰ ਹੈ ਅਤੇ ਇਸ ਦਾ ਸਨਅਤ ਨਾਲ ਸਜੀਵ ਰਿਸ਼ਤਾ ਨਹੀਂ ਬਣ ਸਕਿਆ। ਇਹ ਸਨਅਤੀ ਵਿਕਾਸ ਨੂੰ ਮੋੜਵਾਂ ਹੁਲਾਰਾ ਦੇਣ ਵਿਚ ਅਸਫਲ ਰਿਹਾ ਹੈ। ਇਹ ਉਪਰੋਂ ਥੋਪਿਆ ਹੋਇਆ ਹੈ ਅਤੇ ਸਾਮਰਾਜੀ ਵਿੱਤੀ ਪੂੰਜੀ ਦੀ ਘੁਸਪੈਠ ਦਾ ਨਤੀਜਾ ਹੈ। ਖੇਤੀ ਵਿਚੋਂ ਵਿਹਲੀ ਹੋਈ ਵਾਧੂ ਕਿਰਤ ਸ਼ਕਤੀ ਨੂੰ ਗੁਜ਼ਾਰੇਯੋਗ ਰੁਜ਼ਗਾਰ ਸਮੇਤ, ਸਨਅਤ ਵਿਚ ਸਮੋਇਆ ਨਹੀਂ ਜਾ ਸਕਿਆ।

ਗਰੀਬੀ ਅਤੇ ਮੰਦਹਾਲੀ ਤੋਂ ਇਲਾਵਾ ਪੇਂਡੂ/ਖੇਤ ਮਜ਼ਦੂਰ ਸਿਆਸੀ ਤੇ ਜਥੇਬੰਦਕ ਪੱਖੋਂ ਵੀ ਬੇਸਹਾਰੇ ਦੀ ਹਾਲਤ ਵਿਚ ਹੈ। ਵੰਨ-ਸਵੰਨੀਆਂ ਹਾਕਮ ਜਮਾਤੀ ਸਿਆਸੀ ਸੰਸਦੀ ਪਾਰਟੀਆਂ ਨੇ ਪੇਂਡੂ/ਖੇਤ ਮਜ਼ਦੂਰਾਂ ਨੂੰ ਲੁਭਾਉਣ ਅਤੇ ਭਰਮਾਉਣ ਤੋਂ ਸਿਵਾਇ ਨਾ ਕੁਝ ਕਰਨਾ ਸੀ ਅਤੇ ਨਾ ਹੀ ਕੀਤਾ। ਅੱਜ ਦੀ ਘੜੀ, ਕੁਝ ਗਿਣਵੇਂ ਪਿੰਡਾਂ ਨੂੰ ਛੱਡ ਕੇ ਪੰਜਾਬ ਵਿਚ ਕੋਈ ਵੀ ਅਜਿਹੀ ਖਰੀ ਸਿਆਸੀ ਧਿਰ ਨਹੀਂ ਹੈ ਜੋ ਹਕੀਕੀ ਰੂਪ ਵਿਚ ਪੇਂਡੂ ਮਜ਼ਦੂਰਾਂ ਦੀ ਬਾਂਹ ਬਣ ਸਕਣ ਦਾ ਦਾਅਵਾ ਕਰ ਸਕਦੀ ਹੋਵੇ। ਫਿਰ ਵੀ ਇਹ ਸੱਚ ਹੈ ਕਿ ਜਦੋਂ ਵੀ, ਜਿਸ ਕਿਸੇ ਨੇ ਵੀ ਪੇਂਡੂ ਮਜ਼ਦੂਰਾਂ ਨੂੰ ਗੰਭੀਰਤਾ ਨਾਲ ਲਾਮਬੰਦ ਕਰਨ ਦੀ ਕੋਸ਼ਿਸ਼ ਕੀਤੀ ਹੈ, ਉਸ ਨੂੰ ਭਰਵਾਂ ਹੁੰਗਾਰਾ ਮਿਲਦਾ ਰਿਹਾ ਹੈ। ਮਜ਼ਦੂਰਾਂ ਦੇ ਇਸ ਹੁੰਗਾਰੇ ਨੂੰ ਵਿਆਪਕ ਜਥੇਬੰਦ ਸ਼ਕਲ ਦੇਣ ਦੀ ਲੋੜ ਹੈ। ਉਹ ਸਮਾਂ ਲਾਜ਼ਮੀ ਆਵੇਗਾ ਜਦੋਂ ਪੰਜਾਬ ਦੇ ਖੇਤ ਮਜ਼ਦੂਰ, ਦੇਸ਼ ਵਿਆਪੀ ਇਕਜੁੱਟ ਪ੍ਰਤੀਰੋਧ ਸੰਘਰਸ਼ ਦਾ ਅੰਗ ਬਣਨਗੇ। ਜਿੱਥੋਂ ਤੱਕ ਪੇਂਡੂ ਮਜ਼ਦੂਰਾਂ ਦੇ ਘੋਲਾਂ ਦੀ ਦਿਸ਼ਾ ਤੈਅ ਕਰਨ ਦਾ ਸਵਾਲ ਹੈ, ਇਹ ਕਿਸੇ ਇਕੱਲੇ-ਇਕਹਿਰੇ ਵਿਅਕਤੀ ਦੇ ਹੱਲ ਕਰਨ ਵਾਲਾ ਮਸਲਾ ਨਹੀਂ, ਇਹ ਪੂਰੀ ਇਨਕਲਾਬੀ ਜਮਹੂਰੀ ਲਹਿਰ ਨੂੰ ਹੀ ਭਰਵੇਂ ਵਿਚਾਰ ਵਟਾਂਦਰੇ ਰਾਹੀਂ ਸੁਲਝਾਉਣਾ ਹੋਵੇਗਾ।

## ਕਾਵਿ ਕਿਆਰੀ

### ਐ ਪੰਜਾਬ ਮੇਰੇ!

ਅਮਨ ਨੂੰ ਅੰਗ ਲਾਉਣ ਨੂੰ,
ਬੜੇ ਕਾਹਲੇ ਨੇ ਗੈਰ,
ਪਰ ਤੇਰੀ ਸਲਾਮਤੀ ਦੀ ਹਰਦਮ,
ਮੰਗਦੇ ਹਾਂ ਖ਼ੈਰ।

ਫਿਰਕਾਪ੍ਰਸਤੀ ਦੀ ਸ਼ਤਰੰਜ ਦੇ,
ਖਿਲਾਰਦੇ ਨੇ ਗੋਟੇ,
ਕਦੇ ਹਰਿਮੰਦਰ 'ਚ ਬੇ-ਅਦਬੀ,
ਕਦੇ ਗ੍ਰੰਥ ਦੇ ਟੋਟੇ।

ਪੱਤਰੇ ਬੇਦਾਂ ਦੇ ਨ ਪਾਟ,
ਨ ਬੇਅਦਬ ਹੋਏ ਪੁਰਾਨ,
ਮੰਦਰ, ਮਸਜਿਦ, ਗੁਰਦੁਆਰੇ,
ਨ ਬਾਈਬਲ, ਕੁਰਾਨ।

ਰਿਸ਼ਤੇ ਨਹੁੰ ਮਾਸ ਵਾਲੇ,
ਨਾ ਕਿਧਰੇ ਪਾ ਦੇਣ ਫਿੱਕ,
ਪੰਜਾਬ ਦੀ ਮਿੱਟੀ ਦੇ ਜਾਏ ਹਾਂ,
ਲਹੂ ਦਾ ਰੰਗ ਇਕ।

ਡੁੱਲ੍ਹਦਾ ਖੂਨ ਹੈ ਜਦੋਂ,
ਮਨੁੱਖਤਾ ਜ਼ਾਰੋ ਜ਼ਾਰ ਰੋਂਦੀ ਹੈ,
ਲੱਗੇ ਜ਼ਖਮ ਗਹਿਰੇ ਦਿਲ 'ਤੇ,
ਵਾਰੋ ਵਾਰ ਧੋਂਦੀ ਹੈ।

ਤੇਰੇ ਧੀਆਂ ਪੁੱਤਰ,
ਨ ਕਿਧਰੇ ਅਖਵਾਉਣ ਜੈ ਚੰਦ,
ਤਾਣੀ ਨਾ ਉਲਝੇ ਫੇਰ,
ਨਾ ਪਿਆਰਾਂ ਦੀ ਟੁੱਟੇ ਤੰਦ!

ਧਾੜਵੀ ਪਹਿਲਾਂ ਵੀ ਆਏ,
ਅੱਗੋਂ ਵੀ ਆ ਲੁੱਟਣਗੇ,
ਜ਼ਰਾ ਹੁਸ਼ਿਆਰ ਰਹਿਣਾ ਤੂੰ!
ਲੀਹੋਂ ਲਾਹ ਸੁੱਟਣਗੇ।

ਹੱਸਣ ਵੱਸਣ ਭਾਈਚਾਰੇ,
ਸਹਿਹੋਂਦ ਦਾ ਲੈ ਸਬਕ,
ਵਗੇ ਨਾ ਹਨ੍ਹੇਰੀ ਦਰਦਾਂ ਦੀ,
ਨਾ ਕੋਈ ਉੱਠੇ ਤ੍ਰਬਕ।

-ਸੇਵਾ ਸਿੰਘ ਨੂਰਪੁਰੀ

---

### ਪ੍ਰਧਾਨਗੀ

ਹੰਢਿਆਏ ਤੋਂ ਲਿਆਂਦੀ ਗੋਲਕ।
ਜਤਨੀ ਐ ਲਾਹ ਕੇ ਫੋਲਕ।
ਨੋਟ ਨਾ ਡਿੱਗੇ ਬਾਹਰ।
ਲੱਗੇ ਨੇ ਰਹਿੰਦੇ ਆਹਰ।

ਕੜ ਕੜ ਕਰ ਵਾਲੇ ਡਿੰਗਣ।
ਆਉਂਦੀ ਸੰਗਰਾਂਦ ਹੈ ਜਿੰਦਣ।
ਬਹਿ ਜਾਂਦੇ ਚਾਰ ਚੁਫੇਰੇ।
ਗੋਲਕ ਨੂੰ ਪਾ ਕੇ ਘੇਰੇ।

ਜਿਸ ਦਰ ਨੇ ਭੰਡੀ ਮਾਇਆ।
ਉਥੇ ਹੀ ਭੜਥੂ ਪਾਇਆ।
ਹੁੰਦੇ ਸਿੰਘ ਪੱਗੋ ਪੱਗੀ।
ਚਲਦੀ ਐ ਠੋਰੀ ਠੱਗੀ।

ਹੱਥ ਵਿਚ ਤਲਵਾਰਾਂ ਨੇਜ਼ੇ।
ਅਕਲਾਂ ਤੋਂ ਖਾਲੀ ਭੇਜੇ (ਦਿਮਾਗ)।
ਸੇਵਾ ਤਾਂ ਸਿਰਫ਼ ਬਹਾਨਾ।
ਪਾਉਣਾ ਏਂ ਟਿੰਡ ਵਿਚ ਕਾਨਾ।

ਪ੍ਰਧਾਨਗੀ ਲੈਣੀ ਅੜ ਕੇ।
ਲੈਣੀ ਪਏ ਚਾਹੇ ਲੜ ਕੇ।
ਹੋ ਜੇ ਭਾਵੇਂ ਖੜਕਾ-ਦੜਕਾ।
ਮੁੰਗੀ ਦੀ ਦਾਲ ਨੂੰ ਤੜਕਾ।

ਲੱਗਦੈ ਜੋ ਸ਼ਾਮ ਸਵੇਰੇ।
ਪਚਣਾ ਨਹੀਂ ਮਾਨਾਂ ਤੇਰੇ।
ਚੁੱਪ ਕਰ ਕੇ ਨਾਮ ਧਿਆ ਲੈ।
ਮਾਇਆ ਤੋਂ ਜਾਨ ਛੁਡਾ ਲੈ।

-ਮਾਨ ਭੈਣੀ ਬਾਘੇ ਆਲ਼ਾ
9915545950

---

### ਧੀਆਂ

ਕਹਿੰਦੇ ਧੀਆਂ ਧੀਆਂ ਹੁੰਦੀਆਂ,
ਉਨ੍ਹਾਂ ਵਰਗਾ ਕੋਈ ਨਾ ਹੁੰਦਾ,
ਹਰ ਮੁਸ਼ਕਲ 'ਚ ਨਾਲ ਹੁੰਦੀਆਂ,
ਕਹਿੰਦੇ ਧੀਆਂ ਧੀਆਂ ਹੁੰਦੀਆਂ।

ਧੀਆਂ ਤੋਂ ਬਿਨਾਂ ਕੋਈ ਨਾ ਹੁੰਦਾ,
ਇਹ ਪੁੱਤਾਂ ਵਾਂਗੂੰ ਕਦੇ ਨਾ ਰੁੱਸੀਆਂ,
ਮਾਤਾ-ਪਿਤਾ ਦੀ ਸ਼ਾਨ ਹੁੰਦੀਆਂ,
ਕਹਿੰਦੇ ਧੀਆਂ ਧੀਆਂ ਹੁੰਦੀਆਂ।

ਹਰ ਕੋਈ ਧੀ ਨਾਲ ਪਿਆਰ ਨੀਂ ਕਰਦਾ,
ਕੁੱਖਾਂ ਵਿਚ ਵਾਰ ਵੀ ਕਰਦਾ,
ਧੀਆਂ ਸਭ ਨੂੰ ਪਿਆਰੀਆਂ ਨੀਂ ਹੁੰਦੀਆਂ,
ਕਹਿੰਦੇ ਧੀਆਂ ਧੀਆਂ ਹੁੰਦੀਆਂ।

ਧੀਆਂ ਨੂੰ ਅੱਗੇ ਪੜ੍ਹਨ ਨਾ ਦਿੰਦੇ,
ਉਨ੍ਹਾਂ ਨੂੰ ਘਰ ਦੀ ਨੂੰਹ ਬਣਾ ਦਿੰਦੇ,
ਹਰ ਕੰਮ 'ਚ ਚੰਗੀਆਂ ਹੁੰਦੀਆਂ,
ਕਹਿੰਦੇ ਧੀਆਂ ਧੀਆਂ ਹੁੰਦੀਆਂ।

ਧੀਆਂ ਨੂੰ ਕੋਈ ਸਮਝਦਾ ਨਾ,
ਪੁੱਤਾਂ ਵਾਂਗੂੰ ਪਾਲਦੇ ਨਾ,
ਕਦੇ ਵੀ ਗਲਤੀ ਧੀ ਦੀ ਨਾ ਹੁੰਦੀ,
ਕਹਿੰਦੇ ਧੀਆਂ ਧੀਆਂ ਹੁੰਦੀਆਂ।

-ਗੁਰਪ੍ਰੀਤ ਕੌਰ, ਪਿੰਡ ਚਹਿਲ।

---

### ਕੁਦਰਤ ਨਾਲ ਪੰਗਾ

ਕੁਦਰਤ ਦੇ ਨਾਲ ਪੰਗਾ ਲੈਣ ਦਾ,
ਹੁਣ ਠੇਕਾ ਲੈ ਲਿਆ ਠੇਕੇਦਾਰਾਂ
ਦਰੱਖਤਾਂ ਦੇ ਦੁਸ਼ਮਣ ਏ ਸੀ ਬਣਗੇ,
ਕੁਝ ਬਣ ਗਈਆਂ ਸਰਕਾਰਾਂ।
ਸ਼ਹਿਰਾਂ ਵਿਚ ਕਲੋਨੀਆਂ ਬਣ ਗਈਆਂ,
ਖਾ ਗਈਆਂ ਰੁੱਖ ਹਜ਼ਾਰਾਂ।
ਆਕਸੀਜਨ ਮਿਲੇ ਸਿਲੰਡਰਾਂ ਦੇ ਵਿਚ,
ਸਾਹ ਘੁੱਟਦਾ ਵਿਚ ਬਜ਼ਾਰਾਂ।
ਕੁਦਰਤ ਦੇ ਨਾਲ ਪੰਗਾ ਲੈਣ ਦਾ,
ਹੁਣ ਠੇਕਾ ਲੈ ਲਿਆ ਠੇਕੇਦਾਰਾਂ।

ਧੂੰਏਂ ਨਾਲ ਅੰਬਰ ਕਾਲਾ ਹੋ ਗਿਆ,
ਨਿੱਤ ਲੱਖਾਂ ਚੱਲਣ ਮੋਟਰਕਾਰਾਂ।
ਹਸਪਤਾਲਾਂ ਵਿਚ ਦਵਾਈ ਨਾ ਮਿਲਦੀ,
ਲਗਣ ਲੰਬੀਆਂ ਕਤਾਰਾਂ।
ਜਸਵਿੰਦਰਾ ਬੁੱਧੀਜੀਵੀਆਂ ਦੀ
ਚਿੰਤਾ ਵਧ ਗਈ
ਕੀ ਕਰਨ ਵਿਚਾਰਾਂ
ਜਾਗਦੇ ਰਹੋ, ਦਾ ਹੋਕਾ ਦੇਣਾ ਹੁੰਦਾ
ਹਰ ਰੋਜ਼ ਚੌਕੀਦਾਰਾਂ।
ਕੁਦਰਤ ਦੇ ਨਾਲ ਪੰਗਾ ਲੈਣ ਦਾ,
ਹੁਣ ਠੇਕਾ ਲੈ ਲਿਆ ਠੇਕੇਦਾਰਾਂ
ਧੂੰਏਂ ਨਾਲ ਅੰਬਰ ਕਾਲਾ ਹੋ ਗਿਆ,
ਨਿੱਤ ਲੱਖਾਂ ਚੱਲਣ ਮੋਟਰਕਾਰਾਂ।

-ਸੂਬੇਦਾਰ ਜਸਵਿੰਦਰ ਸਿੰਘ।

---

### ਲੇਖਕ ਦੀ ਮੌਤ-ਓ-ਹਿਯਾਤ

ਲੇਖਕ ਦੀ ਮੌਤ ਉਦੋਂ ਹੁੰਦੀ ਏ
ਜਦ ਉਹ ਹੱਕ-ਸੱਚ ਤੋਂ ਅੱਖਾਂ ਫੇਰ
ਆਪਣਾ ਅਸਤਿਤਵ ਗਿਰਵੀ ਰੱਖ
"ਕਲਮ" ਨੂੰ ਹਿਰਸ ਦੀ ਪੂਰਤੀ ਲਈ
ਚੰਦ ਸਿੱਕਿਆਂ ਦੇ ਇਵਜ਼ ਵੇਚ ਦਿੰਦੈ।

ਹਾਂ ਲੇਖਕ ਦੀ ਮੌਤ ਉਦੋਂ ਹੁੰਦੀ ਏ।
ਜਦ ਉਹ ਆਪਣੀ ਕਲਮ ਰਾਹੀਂ
ਝਰੀਟੇ ਸ਼ਬਦਾਂ ਦਾ ਜਾਲ ਬੁਣ
ਪਾਠਕਾਂ ਦੀ ਚੰਗੀ-ਭਲੀ ਸੋਚ ਨੂੰ
ਗ੍ਰਹਿਣ ਲਾ ਕੁਰਾਹੇ ਪਾ ਦਿੰਦੈ।

ਹਕੀਕੀ ਲੇਖਕ ਉਹ ਹੁੰਦਾ
ਜੋ ਕਦੇ ਮਰਦਾ ਨਈਂ।
ਤੇ ਨਾ ਉਹ ਕਦੀ
ਜਿਉਂਦੇ ਜੀਅ ਲਿਖਣਾ ਛੱਡਦਾ।
ਸਗੋਂ ਉਹ ਤਾਂ ਮਰਨ ਉਪਰੰਤ ਵੀ
ਆਪਣੀਆਂ ਲਿਖਤਾਂ ਰਾਹੀਂ ਸੇਧ ਦਿੰਦੈ।
ਲੋਕਾਂ ਦੇ ਦਿਲਾਂ ਵਿਚ ਵਾਸ ਕਰਦੈ।
ਤੇ ਅਕਸਰ ਆਪਣੀਆਂ ਰਚਨਾਵਾਂ ਰਾਹੀਂ
ਹਮੇਸ਼ਾਂ ਜਿਉਂਦੈ।

-ਮੁਹੰਮਦ ਅੱਬਾਸ ਧਾਲੀਵਾਲ
ਫੋਨ: 9855259650

# ਚਿੱਤ੍ਰ-ਗੁਪਤੁ ਜਬ ਲੇਖਾ ਮਾਗਹਿ

ਮੇਰੇ ਮਨ 'ਚ ਇਹ ਪ੍ਰਭਾਵ ਘਰ ਕਰ ਗਿਆ, ਕਿ ਜੇ ਆਪਣੀ ਸਿਹਤ ਦਾ ਖਿਆਲ ਰੱਖਿਆ ਜਾਏ ਤਾਂ ਬੇਲੋੜੇ ਰੋਗਾਂ ਤੋਂ ਮੁਕਤ ਰਿਹਾ ਜਾ ਸਕਦਾ ਹੈ। ਇਸੇ ਵਿਚਾਰ ਤਹਿਤ ਪੁਣ-ਛਾਣ ਕੇ ਖੁਰਾਕ ਖਾਣੀ, ਨੇਮ ਨਾਲ ਕਸਰਤ ਕਰਨੀ ਆਪਣੀ ਰੋਜ਼ਾਨਾ ਜ਼ਿੰਦਗੀ ਦਾ ਅਹਿਮ ਅੰਗ ਬਣਾ ਲਿਆ। ਸਾਲਾਂਵੱਧੀ ਇਹ ਨੇਮ ਜਾਰੀ ਰੱਖਿਆ ਜੋ ਅੱਜ ਵੀ ਜਾਰੀ ਹੈ। ਮਨ 'ਚ ਇਹ ਧਾਰਨਾ ਬਣੀ ਹੋਈ ਸੀ ਕਿ ਅਸੀਂ ਪੰਜਾਬੀ ਲੋਕ ਸਦੀਆਂ ਤੋਂ ਖੁੱਲ੍ਹਾ ਖਾਣ ਪੀਣ ਦੇ ਆਦੀ ਰਹੇ ਹਾਂ, ਜਿਸ 'ਚ ਦੁੱਧ, ਘਿਓ, ਮਿੱਠਾ, ਪਿੰਨੀਆਂ ਅਤੇ ਹੋਰ ਤਲੇ ਹੋਏ ਅਨੇਕ ਪ੍ਰਕਾਰ ਦੇ ਭਾਰੀ ਖਾਣੇ ਖਾਂਦੇ ਆਏ ਹਾਂ। ਸਮੇਂ ਦੀ ਲੋੜ ਮੁਤਾਬਕ ਰੋਜ਼ਾਨਾ ਹੁੰਦੀ ਸਖਤ ਮੁਸ਼ੱਕਤ ਉਹ ਸਭ ਕੁੱਝ ਹਜ਼ਮ ਤੇ ਜਜ਼ਬ ਕਰ ਜਾਂਦੀ ਸੀ। ਜਿਵੇਂ ਆਪਣੇ ਬਲ ਬਾਹੂ ਦੇ ਜ਼ੋਰ 'ਤੇ ਕਿਸਾਨ ਦਾ



**ਕਲਵੰਤ ਸਿੰਘ ਸਹੋਤਾ**
**604-589-5919**

ਹਲ ਵਾਹੁੰਦੇ, ਪੱਠੇ ਵੱਢਦੇ ਕੁਤਰਦੇ; ਮਜ਼ਦੂਰ ਦਾ ਵੀ ਉਸ ਦੇ ਨਾਲ ਹੀ ਪਸ਼ੂਆਂ ਨੂੰ ਸਾਂਭਦਿਆਂ ਮਿੱਟੀ ਨਾਲ ਮਿੱਟੀ ਹੋਏ ਰਹਿਣਾ, ਤਰਖਾਣ ਦਾ ਬਹੁਤ ਸੀਮਤ ਪੁਰਾਤਨ ਸੰਦਾਂ ਨਾਲ ਨਿਰੋਲ ਇੱਕ ਲੱਕੜ ਦੀ ਗੇਲੀ ਤੋਂ ਹਲ, ਪੰਜਾਲੀਆਂ, ਸੁਹਾਗੇ, ਮੁੰਨੇ, ਚਊ ਬਣਾਉਂਦਿਆਂ ਪਸੀਨੋ ਪਸੀਨੀਂ ਹੋਏ ਰਹਿਣਾ ਅਤੇ ਓਧਰ ਲੁਹਾਰ ਦਾ ਤਪਦੀ ਭੱਠੀ ਮੂਹਰੇ ਬੈਠਿਆਂ ਤੱਤੇ ਲੋਹੇ ਨੂੰ ਕੁੱਟ ਕੁੱਟ ਫਾਲੇ ਚੰਡਣਾ, ਕਹੀਆਂ, ਰੰਬੇ, ਦਾਤੀਆਂ ਬਣਾਉਣੀਆਂ, ਹਲਟਾਂ ਦੀ ਮੁਰੰਮਤ ਤੇ ਨਵੀਆਂ ਟਿੰਡਾਂ, ਮਾਹਲਾਂ ਬਣਾਉਣੀਆਂ ਕੋਈ ਖਾਲਾ ਜੀ ਦਾ ਵਾੜਾ ਨਹੀਂ ਸਨ: ਤੇ ਇੰਜ ਸਭ ਖਾਧਾ-ਪੀਤਾ ਸਰੀਰ 'ਚ ਪਚ ਅਤੇ ਜਜ਼ਬ ਹੋ ਜਾਂਦਾ ਸੀ। ਪਿਛਲੇ ਦਹਾਕਿਆਂ ਤੋਂ ਜਦੋਂ ਦਾ ਅਸੀਂ ਪੱਛਮੀ ਮੁਲਕਾਂ 'ਚ ਪਰਵਾਸ ਕਰਨਾ ਸ਼ੁਰੂ ਕੀਤਾ ਹੈ ਤਾਂ ਸਾਡੇ ਖਾਣ-ਪੀਣ ਤੇ ਖਾਧ ਖੁਰਾਕ ਉਹੀ ਰਹੀ ਹੈ ਪਰ ਮੁਸ਼ੱਕਤ ਅਤੇ ਸਖਤ ਕੰਮ ਪੁਰਾਣੇ ਸਮਿਆਂ ਵਾਲੇ ਨਹੀਂ ਰਹੇ। ਘਰਾਂ 'ਚ ਆਰਾਮ ਦੀ ਜ਼ਿੰਦਗੀ, ਦੋ ਕਦਮ ਵੀ ਜਾਣਾ ਹੋਵੇ ਤਾਂ ਕਾਰਾਂ ਮੋਟਰਾਂ ਦੀ ਵਰਤੋਂ ਨੇ ਸਾਡਾ ਜੀਵਨ ਢੰਗ ਮੁੱਢੋਂ ਹੀ ਬਦਲ ਕੇ ਰੱਖ ਦਿੱਤਾ ਹੈ। ਇਹੀ ਨਵੇਂ ਨਵੇਂ ਰੋਗਾਂ ਦਾ ਸਬੱਬ ਬਣਨ ਲੱਗਿਆ ਹੈ। ਪ੍ਰਾਹੁਣਚਾਰੀ ਪੰਜਾਬੀ ਸੁਭਾਅ 'ਚ ਕੁੱਟ-ਕੁੱਟ ਕੇ ਰੱਜ ਕੇ ਭਰੀ ਹੋਈ ਹੈ। ਅਸੀਂ ਆਏ ਗਏ ਦੀ ਖਾਤਰਦਾਰੀ ਸ਼ਿੱਦਤ ਨਾਲ ਕਰਦੇ ਹਾਂ। ਮੀਟ, ਸ਼ਰਾਬ, ਦੁੱਧ, ਘਿਉ ਅਤੇ ਤੇਲ 'ਚ ਤਲੇ ਹੋਏ ਪਦਾਰਥਾਂ ਦਾ ਸੇਵਨ ਆਪ ਵੀ ਕਰਦੇ ਹਾਂ ਤੇ ਪ੍ਰਾਹੁਣਿਆਂ ਦੀ ਆਓ-ਭਾਗਤ ਵੇਲੇ ਵੀ ਕੋਈ ਕਸਰ ਨਹੀਂ ਛੱਡਦੇ। ਵਿਆਹ ਸ਼ਾਦੀਆਂ, ਧਾਰਮਿਕ ਸਮਾਗਮ, ਸਮਾਜਿਕ ਇਕੱਠਦਾਰੀਆਂ 'ਚ ਤਲੇ ਹੋਏ, ਚਰਬੀ ਨਾਲ ਗੜੁੱਚ ਖਾਣੇ ਪਚਾਕੇ ਮਾਰ ਮਾਰ ਰੱਜ ਰੱਜ ਖਾਂਦੇ ਹਾਂ। ਇੱਥੋਂ ਹੀ ਅਗਲੀ ਸਮੱਸਿਆ ਦੀ ਸ਼ੁਰੂਆਤ ਹੁੰਦੀ ਹੈ, ਜਿਹੜੀ ਅੱਜ-ਕੱਲ੍ਹ ਸਾਡੇ ਲਈ ਮਾਰੂ ਤੇ ਭਿਆਨਕ ਸਾਬਤ ਹੋ ਰਹੀ ਹੈ।


ਮੇਰਾ ਪੁਣ ਛਾਣ ਕੇ ਸਿਹਤਮੰਦ ਖਾਣਾ ਖਾਣ ਅਤੇ ਲਗਾਤਾਰ ਲੰਬੀਆਂ ਦੌੜਾਂ ਲਾਉਣ ਅਤੇ ਪਹਾੜਾਂ 'ਤੇ ਤੁਰਨ/ਚੜ੍ਹਨ ਨਾਲ ਤੰਦਰੁਸਤ ਰਹਿਣ ਦਾ ਭਰਮ ਉਦੋਂ ਖੇਰੂੰ ਖੇਰੂੰ ਹੋ ਗਿਆ ਜਦੋਂ ਮੈਨੂੰ ਪਤਾ ਲੱਗਿਆ ਕਿ ਮੇਰੇ ਦਿਲ ਦੀਆਂ ਪੰਜ ਨਾੜਾਂ ਚਰਬੀ ਜੰਮ ਕੇ ਬੰਦ ਹੋ ਗਈਆਂ ਹਨ ਅਤੇ ਬਾਕੀ ਬੰਦ ਹੋ ਰਹੀਆਂ ਹਨ। ਮੇਰੇ ਲਈ ਇਹ ਖਬਰ ਬੰਬ ਡਿੱਗਣ ਵਾਂਗ ਸੀ। ਦਿਲ ਦੇ ਮਾਹਿਰ ਡਾਕਟਰ ਨੇ ਜਦੋਂ ਮੈਨੂੰ ਇਹ ਖ਼ਬਰ ਦੱਸੀ ਤਾਂ ਉਸ ਦੇ ਦਫਤਰ 'ਚ ਬੈਠਿਆਂ ਮੇਰੇ ਪੈਰਾਂ ਥੱਲਿਓਂ ਜ਼ਮੀਨ ਖਿਸਕ ਗਈ ਜਾਪੀ ਤੇ ਮੈਨੂੰ ਘਰ ਨੂੰ ਮੁੜਨਾ ਮੁਸ਼ਕਲ ਬਣ ਗਿਆ। ਕੋਲੈਸਟਰੋਲ, ਸ਼ੂਗਰ, ਬਲੱਡ ਪ੍ਰੈਸ਼ਰ ਸਭ ਸਹੀ ਹੋਣ ਦੇ ਬਾਵਜੂਦ ਇਹ ਕਿਵੇਂ ਹੋ ਗਿਆ? ਇਸ ਦਾ ਮੈਨੂੰ ਕੋਈ ਥਹੁ ਨਹੀਂ। ਕੁਝ ਹਫਤੇ ਇੰਤਜ਼ਾਰ ਕਰਨ ਮਗਰੋਂ ਮੇਰੀ ਵਾਰੀ ਆਉਣ 'ਤੇ ਦਿਲ ਦੇ ਸਰਜਨ ਨੇ ਮੇਰੀ ਖੱਬੀ ਲੱਤ 'ਚੋਂ ਚਾਰ ਨਾੜਾਂ ਕੱਢ, ਸਾਰੀ ਛਾਤੀ ਖੋਲ੍ਹ ਕੇ ਦਿਲ ਦੁਆਲੇ ਬਾਈ ਪਾਸ ਕਰ ਦਿੱਤੀਆਂ। ਇਸ ਨੂੰ ਕੋਰੋਨਰੀ ਆਰਟਰੀ ਬਾਈਪਾਸ ਗਰਾਫਟ ਕਹਿੰਦੇ ਹਨ। ਮੇਰੇ ਜਾਨਣ ਵਾਲਿਆਂ ਸਭ ਨੂੰ ਹੈਰਾਨੀ ਹੋਈ ਕਿ ਮੇਰੇ ਦਿਲ ਦੀਆਂ ਨਾੜਾਂ ਕਿਵੇਂ ਬੰਦ ਹੋ ਗਈਆਂ? ਮੈਂ ਤਾਂ ਦੌੜ ਦੌੜ ਕੇ ਸੜਕਾਂ ਅਤੇ ਡੰਡੀਆਂ ਘਸਾ ਦਿੱਤੀਆਂ ਤੇ ਪਹਾੜਾਂ 'ਤੇ ਚੜ੍ਹ ਚੜ੍ਹ ਪਹਾੜ ਮਿੱਧ ਸੁੱਟੇ; ਜੇ ਮੇਰਾ ਇਹ ਹਾਲ ਹੋ ਸਕਦਾ ਹੈ ਤਾਂ ਜਿਹੜੇ ਖ਼ੁਰਾਕ ਦਾ ਧਿਆਨ ਵੀ ਨਹੀਂ ਰੱਖਦੇ ਤੇ ਕੋਈ ਕਸਰਤ ਵੀ ਨਹੀਂ ਕਰਦੇ ਉਨ੍ਹਾਂ ਦਾ ਕੀ ਹਾਲ ਹੋਊ? ਮੇਰੇ ਲਈ ਇਹ ਇੱਕ ਵੱਡਾ ਸੁਆਲ ਬਣਿਆ ਹੋਇਆ ਹੈ।

ਹਰੇਕ ਦੇ ਜੀਵਨ 'ਚ ਹਮੇਸ਼ਾਂ ਉਹ ਕੁੱਝ ਨਹੀਂ ਹੁੰਦਾ ਜੋ ਤੁਸੀਂ ਸੋਚਦੇ ਹੋ। ਬਹੁਤ ਕੁੱਝ ਵੱਖਰਾ ਵੀ ਵਾਪਰਦਾ ਹੈ; ਤੁਹਾਡੀ ਸੋਚ ਮੁਤਾਬਕ ਹੀ ਨਹੀਂ ਹਰ ਘਟਨਾ ਘਟਦੀ, ਬਹੁਤ ਕੁੱਝ ਹੋਰ ਦਾ ਹੋਰ ਹੀ ਹੋ ਨਿੱਬੜਦਾ ਹੈ। ਕਾਰ ਚਲਾਉਂਦੇ ਸਮੇਂ ਰੀਅਰ ਵਿਊ ਅਤੇ ਸਾਈਡ ਵਿਊ ਸ਼ੀਸ਼ਿਆਂ ਵਿਚਦੀ ਪਿੱਛੇ ਅਤੇ ਸੱਜੇ ਖੱਬੇ ਆਉਂਦੀਆਂ ਮੋਟਰਾਂ ਗੱਡੀਆਂ ਦਿਸਦੀਆਂ ਹਨ। ਪਰ ਇੱਕ ਥਾਂ ਅਜਿਹਾ ਵੀ ਹੁੰਦਾ ਹੈ ਜਿੱਥੇ ਉਹ ਸ਼ੀਸ਼ੇ ਵੀ ਸਾਨੂੰ ਝਕੰਨੀ ਦੇ ਜਾਂਦੇ ਹਨ। ਇਸ ਨੂੰ ਅੰਨ੍ਹਾ ਖੂੰਜਾ (ਬਲਾਈਂਡ ਕਾਰਨਰ) ਕਹੀਦਾ ਹੈ। ਸਾਡੀ ਜ਼ਿੰਦਗੀ ਦੀ ਕਾਰ ਚਲਦਿਆਂ ਵੀ ਅਜਿਹੇ ਹੀ ਅੰਨੇ ਖੂੰਜਿਆਂ ਨਾਲ ਵਾਹ ਪੈਂਦਾ ਹੈ ਤੇ ਸਾਨੂੰ ਪਤਾ ਉਦੋਂ ਲਗਦਾ ਹੈ ਜਦੋਂ ਠਾਹ ਹੁੰਦੀ ਹੈ ਤੇ ਸੋਚਣ ਲਈ ਮਜਬੂਰ ਹੋ ਜਾਈਦਾ ਹੈ ਕਿ ਇਹ ਕਿਵੇਂ ਹੋ ਗਿਆ। ਮੇਰੇ ਨਾਲ ਵੀ ਇਵੇਂ ਹੀ ਹੋਇਆ।

ਜ਼ਿੰਦਗੀ ਰੰਗ-ਬਰੰਗੀਆਂ ਘਟਨਾਵਾਂ ਦਾ ਸੁਮੇਲ ਹੈ। ਜਦੋਂ ਜੋ ਸਾਡੀ ਮਰਜ਼ੀ ਮੁਤਾਬਕ ਵਾਪਰਦਾ ਹੈ ਤਾਂ ਅਸੀਂ ਖੁਸ਼ ਹੁੰਦੇ ਹਾਂ ਤੇ ਫਖਰ ਕਰਦੇ ਹਾਂ ਕਿ ਇਹ ਸਾਡੀ ਸਿਆਣਪ ਕਰਕੇ ਹੋਇਆ ਹੈ ਅਤੇ ਜੋ ਸਾਡੀ ਸੋਚ ਸਮਝ ਦੇ ਉਲਟ ਵਾਪਰਦਾ ਹੈ ਤਾਂ ਅਸੀਂ ਖ਼ਫਾ ਹੁੰਦੇ ਹਾਂ ਕਿ ਅਜਿਹਾ ਕਿਉਂ ਹੋ ਗਿਆ? ਇਹ ਸਾਡੀ ਸੌੜੀ ਸੋਚ ਦਾ ਪ੍ਰਤੀਕ ਹੈ। ਇਸ ਸੋਚ ਤੋਂ ਛੁਟਕਾਰਾ ਪਾਉਣਾ ਡਾਢਾ ਔਖਾ ਹੈ। ਮਨ 'ਚ ਫੁਰਨੇ ਉਪਜਦੇ ਹਨ, ਜਿਨ੍ਹਾਂ ਦੀ ਪੂਰਤੀ ਲਈ ਬੰਦਾ ਹਰ ਉਪਰਾਲਾ ਕਰਦਾ, ਜੇ ਉਹ ਫੁਰਨੇ ਪੂਰੇ ਹੋ ਜਾਣ ਤਾਂ ਖੁਸ਼ ਹੁੰਦਾ, ਜੇ ਨਾ ਹੋਣ ਤਾਂ ਨਿਰਾਸ਼ ਹੁੰਦਾ। ਇਹ ਮਨੁੱਖੀ ਫ਼ਿਤਰਤ ਹੈ। ਮੇਰੇ ਮਨ 'ਚ ਜਦੋਂ ਫੁਰਨਾ ਬਣੇ ਕਿ ਸਵੇਰੇ ਸਾਝਰੇ ਉੱਠ ਕੇ ਦੌੜ ਕੇ ਆਉਣਾ ਜਾਂ ਪਹਾੜ 'ਤੇ ਹਾਈਕ ਕਰ ਕੇ ਆਉਣਾ; ਜੇ ਇਹ ਪੂਰਾ ਹੋ ਜਾਏ ਤਾਂ ਸਾਰਾ ਦਿਨ ਬਹੁਤ ਵਧੀਆ ਲੰਘੂ ਤੇ ਇਉਂ ਮਹਿਸੂਸ ਹੋਊ ਜਿਵੇਂ ਮੈਂ ਚੰਦ 'ਤੇ ਘੁੰਮ ਆਇਆ ਹੋਵਾਂ, ਤੇ ਜੇ ਇਹ ਨਾ ਹੋਵੇ ਤਾਂ ਸਾਰਾ ਦਿਨ ਮਨ ਬੁਝਿਆ ਬੁਝਿਆ ਰਹੂ। ਹਰ ਦਿਨ ਨੂੰ ਰੌਚਕ ਬਣਾਉਣ ਲਈ ਕੁੱਝ ਨਵਾਂ ਸਿਰਜਦੇ ਰਹਿਣਾ ਚਾਹੀਦਾ, ਇੰਜ ਜ਼ਿੰਦਗੀ 'ਚ ਰੋਚਕਤਾ ਬਣੀ ਰਹਿੰਦੀ ਹੈ। ਜ਼ਿੰਦਗੀ ਜਿਊਣ ਦੇ ਲੱਖਾਂ ਕਰੋੜਾਂ ਤਰੀਕੇ ਹਨ। ਜਿਸ 'ਚ ਵੀ ਖੁਸ਼ੀ ਅਤੇ ਰੋਚਕਤਾ ਹੋਵੇ ਉਹੀ ਦਰੁਸਤ ਹੈ। ਜੇ ਕਿਤੇ ਖੜੋਤ ਵੀ ਆ ਜਾਏ ਤਾਂ ਨਿਰਾਸ਼ ਨਹੀਂ ਹੋਣਾ ਚਹੀਦਾ। ਇੱਕ ਹੋਰ ਹੰਭਲਾ ਮਾਰਨ ਦੀ ਲੋੜ ਹੁੰਦੀ ਹੈ। ਮਨ ਵਿਚਾਰਾਂ ਨਾਲ ਤਕੜਾ ਰਹਿੰਦਾ ਹੈ। ਉਸਾਰੂ ਵਿਚਾਰ ਇਸ ਦੀ ਖੁਰਾਕ ਹਨ, ਇਨ੍ਹਾਂ ਨਾਲ ਇਹ ਖਿੜਿਆ ਰਹਿੰਦਾ। ਔਖੇ ਵੇਲੇ ਵੀ ਢੇਰੀ ਨਹੀਂ ਢਾਹੁੰਦਾ। ਕਈ ਪ੍ਰਚੱਲਤ ਕਹਾਣੀਆਂ ਜਾਂ ਸਾਖੀਆਂ ਅਸੀਂ ਸੁਣਦੇ ਹਾਂ, ਇਹ ਇੱਕੋ ਰਾਤ 'ਚ ਨਹੀਂ ਬਣੀਆਂ ਹੁੰਦੀਆਂ, ਬਲਕਿ ਸਦੀਆਂ ਤੋਂ ਤੁਰੀਆਂ ਆ ਰਹੀਆਂ ਹਨ ਜਿਹੜੀਆਂ ਅਗਾਂਹ ਤੋਂ ਅਗਾਂਹ ਤੁਰਦੀਆਂ ਸਾਡੇ ਤੱਕ ਅੱਪੜਦੀਆਂ ਹਨ। ਉਨ੍ਹਾਂ 'ਚ ਸੱਚੀ ਜਾਂ ਝੂਠੀ ਹੋਣ ਦੀ ਬਹਿਸ 'ਚ ਪੈਣ ਨਾਲੋਂ ਉਨ੍ਹਾਂ ਦਾ ਸਾਰੰਸ਼ ਦੇਖਣਾ ਚਾਹੀਦਾ ਹੈ; ਜੇ ਉਹ ਤੁਹਾਡੇ ਵਿਗੜੇ ਮਨ ਨੂੰ ਸੇਧ ਦੇ ਕੇ ਧਰਵਾਸ ਦੁਆ ਸਕਣ ਤਾਂ ਕੀ ਹਰਜ਼ ਹੈ? ਬੇਲੋੜੀ ਬਹਿਸ ਤੁਹਾਡੇ ਮਨ ਨੂੰ ਖਿਲਾਰਦੀ ਹੈ।

ਮੇਰੀ ਮਾਂ ਅਕਸਰ ਨਸੀਹਤ ਦਿਆ ਕਰਦੀ ਸੀ ਕਿ ਪੁੱਤਰ ਝੂਠ ਨਹੀਂ ਬੋਲਣਾ, ਕੋਈ ਮਾੜਾ ਕੰਮ ਨਹੀਂ ਕਰਨਾ, ਕਿਸੇ ਦਾ ਮਨ ਨਹੀਂ ਦੁਖੀ ਕਰਨਾ, ਚੋਰੀ ਨਹੀਂ ਕਰਨੀ ਆਦਿ। ਅੱਗੇ ਕਿਹਾ ਕਰਦੇ ਸਨ ਕਿ ਚਿੱਤਰ ਅਤੇ ਗੁਪਤ ਤੁਹਾਡੇ ਸੱਜੇ ਅਤੇ ਖੱਬੇ ਮੋਢੇ 'ਤੇ ਬੈਠੇ ਸਾਰਾ ਹਿਸਾਬ ਕਿਤਾਬ ਲਿਖੀ ਜਾ ਰਹੇ ਹਨ ਕਿ ਇਹ ਬੰਦਾ ਪਲ ਪਲ ਕੀ ਕਰ ਰਿਹਾ ਹੈ; ਚੰਗੇ ਕੰਮਾਂ ਦਾ ਵੀ ਅਤੇ ਮਾੜੇ ਕੰਮਾਂ ਦਾ ਵੀ ਰੋਜ਼ਾਨਾ ਲੇਖਾ-ਜੋਖਾ ਕਰ ਕੇ ਧਰਮਰਾਜ ਤਾਈਂ ਅੱਪੜਦਾ ਕਰਦੇ ਹਨ। ਅੱਗੇ ਲੋੜ ਪੈਣ 'ਤੇ ਧਰਮਰਾਜ ਆਪਣੇ ਜਮਦੂਤ ਭੇਜ ਕੇ ਉਸ ਬੰਦੇ ਨੂੰ ਆਪਣੇ ਕੋਲ ਬੁਲਾਉਂਦਾ ਹੈ ਤੇ ਉਸ ਦੇ ਇਸ ਦੁਨੀਆ 'ਚ ਕੀਤੇ ਕਰਮਾਂ ਕਰਕੇ ਅੱਗੇ ਉਸ ਨੂੰ ਨਰਕ ਜਾਂ ਸੁਰਗ ਵੱਲ ਵਿਦਿਆ ਕਰਦਾ ਹੈ। ਹਾਂ ਜੇ ਕਈ ਵਾਰੀ ਗਲਤੀ ਨਾਲ ਜਮਦੂਤ ਸਮੇਂ ਤੋਂ ਪਹਿਲਾਂ ਕਿਸੇ ਬੰਦੇ ਨੂੰ ਧਰਮਰਾਜ ਕੋਲ ਲੈ ਜਾਣ ਤਾਂ ਉਹ ਜਮਦੂਤਾਂ ਨੂੰ ਤਾਕੀਦ ਕਰਦਾ ਹੈ ਕਿ ਇਹ ਤਾਂ ਤੁਸੀਂ ਗਲਤ ਬੰਦਾ ਲੈ ਆਏ, ਜਾਓ ਇਸ ਨੂੰ ਵਾਪਸ ਦੁਨੀਆ 'ਚ ਛੱਡ ਕੇ ਆਓ।

ਇਹ ਮਾਂ ਦੀ ਸੁਣਾਈ ਸਾਖੀ ਯਾਦ ਕਰ ਕੇ ਮੇਰੇ ਮਨ 'ਚ ਖਿਆਲ ਬਣਨ ਲੱਗਾ ਕਿ ਚਿੱਤ੍ਰ ਗੁਪਤ ਤਾਂ ਮੇਰੇ ਮੋਢਿਆਂ 'ਤੇ ਵੀ ਬੈਠੇ ਹੋਣਗੇ, ਤੇ ਮੇਰਾ ਪਲ ਪਲ ਦਾ ਹਿਸਾਬ ਕਿਤਾਬ ਵੀ ਜ਼ਰੂਰ ਕਰਦੇ ਹੋਣਗੇ। ਜਦੋਂ ਮੈਂ ਸੜਕਾਂ 'ਤੇ ਲੰਬੀਆਂ ਦੌੜਾਂ ਲਾਉਨਾ ਤਾਂ ਉਨ੍ਹਾਂ ਦੇ ਤਾਂ ਮੇਰੇ ਮੋਢਿਆਂ 'ਤੇ ਬੈਠਿਆਂ ਦੇ ਪਾਸੇ ਖੁੱਲ੍ਹ ਹੋ ਜਾਂਦੇ ਹੋਣਗੇ! ਮੇਰੇ ਨਾਲੋਂ ਉਨ੍ਹਾਂ ਨੂੰ ਵੱਧ ਕਸ਼ਟ ਹੁੰਦਾ ਹੋਊ। ਜਦੋਂ ਮੈਂ




ਪਹਾੜਾਂ 'ਤੇ ਹਾਈਕ ਕਰਦਾਂ ਤਾਂ ਆਲੇ ਦੁਆਲੇ ਡੂੰਘੀਆਂ ਖੱਡਾਂ ਅਤੇ ਉੱਚੇ ਨੀਵੇਂ ਪਹਾੜ ਦੇਖ ਵੀ ਉਹ ਦੋਵੇਂ ਜ਼ਰੂਰ ਘਬਰਾਉਂਦੇ ਹੋਣਗੇ ਕਿ ਕਿੱਥੇ ਪੰਗੇ 'ਚ ਫਸ ਗਏ ਇਸ ਬੰਦੇ ਦੇ ਮੋਢਿਆਂ 'ਤੇ ਬੈਠ ਕੇ ਇਹ ਤਾਂ ਟਿਕ ਕੇ ਬਹਿੰਦਾ ਹੀ ਨਹੀਂ? ਉਹ ਇਹ ਲੇਖਾ-ਜੋਖਾ ਵੀ ਜ਼ਰੂਰ ਗੰਭੀਰਤਾ ਨਾਲ ਕਰਦੇ ਹੋਣਗੇ ਜਦੋਂ ਮੈਂ ਆਪਣੇ ਸਾਕ-ਸਬੰਧੀਆਂ, ਮਿੱਤਰਾਂ ਦੋਸਤਾਂ ਨੂੰ ਮਿਲਦਾ ਗਿਲਦਾ ਕਹਿਨਾ ਕਿ ਭਾਈ ਕਸਰਤ ਕਰਿਆ ਕਰੋ, ਚੰਗਾ ਖਾਣਾ ਖਾਇਆ ਕਰੋ, ਨਸ਼ਿਆਂ ਤੋਂ ਬਚੋ। ਇਹ ਸਭ ਕੁੱਝ ਦੇਖ ਸੁਣ ਹੁਣ ਚਿੱਤ੍ਰ ਗੁਪਤ ਜ਼ਰੂਰ ਖ਼ਫਾ ਹੁੰਦੇ ਹੋਣਗੇ ਕਿ ਇਹ ਬੰਦਾ ਨਾ ਆਪ ਕੋਈ ਕੌੜਾ ਕਸੈਲ਼ਾ ਖਾਂਦਾ ਨਾ ਹੋਰਾਂ ਨੂੰ ਖਾਣ ਦਿੰਦਾ ਸਗੋਂ ਸਾਨੂੰ ਵੀ ਭੁੱਖੇ ਮਾਰਦਾ ਤੇ ਦੌੜਾਂ ਦੌੜਦਾ ਪਾਸੇ ਸਾਡੇ ਵਾਧੂ ਖੋਲ੍ਹਦਾ; ਇਸ ਦਾ ਕੋਈ ਇਲਾਜ ਹੋਣਾ ਚਾਹੀਦਾ। ਇਹ ਤਾਂ ਲੋਕਾਂ ਨੂੰ ਟਾਹਰਾਂ ਮਾਰ-ਮਾਰ ਦੱਸਦਾ ਕਿ ਪੰਜਾਬੀ ਲੋਕ ਧਾਰਮਿਕ ਸਮਾਗਮਾਂ, ਵਿਆਹਾਂ ਸ਼ਾਦੀਆਂ ਅਤੇ ਪਾਰਟੀਆਂ 'ਤੇ ਕਿਹੋ ਜਿਹੇ ਤੇਲ ਤੇ ਘਿਓ 'ਚ ਗੜੁੱਚ, ਬਣੇ ਹੋਏ ਪਕਵਾਨ ਖਾ-ਖਾ ਕੇ ਆਪਣੇ ਸਰੀਰਾਂ ਦੀ ਜੱਖਣਾ ਪੁੱਟੀ ਜਾ ਰਹੇ ਹਨ; ਤਦੇ ਤਾਂ ਇਹ ਸ਼ੂਗਰ, ਦਿਲ ਦੀਆਂ ਬਿਮਾਰੀਆਂ, ਸਟਰੋਕ, ਬਲੱਡ ਪ੍ਰੈਸ਼ਰ ਆਦਿ ਰੋਗਾਂ ਦੀ ਮਾਰ ਝੱਲ ਰਹੇ ਹਨ। ਕੋਈ ਕਸਰਤ ਨਹੀਂ ਕਰਦੇ, ਖਾ ਖਾ ਢਿੱਡ ਵਧਾਈ ਜਾਂਦੇ ਹਨ ਤੇ ਅੱਗੇ ਬਿਮਾਰੀਆਂ ਦਾ ਸ਼ਿਕਾਰ ਹੋ ਹਸਪਤਾਲਾਂ ਦੇ ਹਸਪਤਾਲ ਭਰੀ ਜਾ ਰਹੇ ਹਨ।

ਇੱਕ ਦਿਨ ਚਿੱਤ੍ਰ ਗੁਪਤ ਨੇ ਸਲਾਹ ਕੀਤੀ ਕਿ ਇਸ ਬੰਦੇ ਨੂੰ ਥੋੜ੍ਹਾ ਸਬਕ ਸਿਖਾਈਏ। ਤਰਕੀਬ ਬਣਾ ਧਰਮਰਾਜ ਦੇ ਦਫਤਰ ਜਾ ਹਾਜ਼ਰ ਹੋਏ ਤੇ ਕਹਿਣ ਲੱਗੇ ਕਿ ਇਹ ਫਲਾਣਾ ਫਲਾਣਾ ਬੰਦਾ ਬਹੁਤ ਡੀਂਗਾਂ ਮਾਰਦਾ ਲੋਕਾਂ 'ਚ ਕਿ ਕਸਰਤ ਕਰੋ, ਸੜਕਾਂ 'ਤੇ ਦੌੜੋ, ਪਹਾੜਾਂ 'ਤੇ ਚੜ੍ਹੋ, ਗਿਣਮਾ ਮਿਣਮਾ ਖਾਓ ਤੇ ਇੰਜ ਲੋਕਾਂ ਨੂੰ ਵੀ ਭੁੱਖੇ ਮਾਰਨ ਦੇ ਰਾਹ ਪਾਉਂਦਾ ਤੇ ਸਾਡੀਆਂ ਵੀ ਦੌੜ ਦੌੜ ਵੱਖੀਆਂ ਚਾੜ੍ਹਦਾ, ਇਸ ਨੇ ਤਾਂ ਸਾਨੂੰ ਡਾਢਾ ਦੁਖੀ ਕੀਤਾ ਪਿਆ। ਸਾਰੀ ਵਿਥਿਆ ਸੁਣ ਕੇ ਧਰਮਰਾਜ ਨੇ ਕਿਹਾ ਜਾਓ ਉਸ ਦੇ ਦਿਲ ਦੀਆਂ ਪੰਜ ਸੱਤ ਨਾੜਾਂ ਅੱਧ ਪਚੱਧੀਆ ਬੰਦ ਕਰ ਦਿਓ ਪਰ ਉਸ ਦੇ ਦਿਲ ਨੂੰ ਕਹਿ ਦਿਓ ਕਿ ਉਹ ਚਲਦਾ ਰਹੇ, ਇਤਨਾ ਕੁ ਕਿ ਜਿਸ ਨਾਲ ਸਰੀਰ ਚਲਦਾ ਰਹੇ ਪਰ ਉਸ ਤੋਂ ਨਾ ਤੇਜ਼ ਦੌੜ ਹੋਵੇ ਤੇ ਨਾ ਹੀ ਫੁਰਤੀ ਨਾਲ ਪਹਾੜਾਂ 'ਤੇ ਚੜ੍ਹ ਸਕੇ ਤਾਂ ਕਿ ਉਸ ਦਾ ਗੁਮਾਨ ਟੁੱਟ ਜਾਏ ਕਿ ਜਿਸ ਕਰਕੇ ਤੂੰ ਸੜਕਾਂ ਘਸਾਉਂਦਾ ਤੇ ਪਹਾੜ ਮਿੱਧਦਾ ਫਿਰਦਾਂ ਉਸ ਮਰਜ਼ ਤੋਂ ਤੂੰ ਵੀ ਨਹੀਂ ਬਚ ਸਕਣਾ! ਕਿਉਂਕਿ ਤੂੰ ਹੰਕਾਰ ਕਰਦਾਂ ਤੇ ਹੋਰਾਂ ਨੂੰ ਐਵੇਂ ਸਮਝਦਾਂ।

ਮਾਂ ਦੀ ਚਿਤ੍ਰ-ਗੁਪਤ ਦੀ ਸੁਣਾਈ ਸਾਖੀ ਵਲ ਧਿਆਨ ਕੇਂਦਰਤ ਕਰ ਕੇ; ਉਸ ਦੀ ਸੱਚੀ ਜਾਂ ਝੂਠੀ ਹੋਣ ਦੀ ਦੁਬਿਧਾ 'ਚ ਨਾ ਪੈਣ ਦੀ ਬਜਾਏ, ਉਸ ਤੋਂ ਉਸਾਰੂ ਸੇਧ ਲੈ ਇਸ ਅਚੰਭੇ ਭਰੀ ਦਿਲ ਦੀਆਂ ਨਾੜਾਂ ਬੰਦ ਹੋਣ ਦੇ ਬਿਰਤਾਂਤ ਤੋਂ ਮਨ ਦਾ ਵਿਗੜਿਆ ਅਤੇ ਉਲਝਿਆ ਸੰਤੁਲਨ ਸੁਲਝਦਾ ਲੱਗਿਆ। ਸਮਝ ਪੈਣ ਲੱਗੀ ਕਿ ਆਪਣੀ ਸੀਮਤ ਮੱਤ, ਸਮਝ ਅਤੇ ਹਾਲਾਤ ਦੇ ਅਨਕੂਲ ਜਿੰਨਾ ਵੀ ਸਹੀ ਚੱਲ ਸਕੋ, ਚੱਲੋ। ਮਨ ਦਾ ਉਸਾਰੂ ਮਿਥਿਆ ਰਾਹ ਨਾ ਛੱਡੋ, ਔਕੜਾਂ ਆਉਣ ਦੇ ਬਾਵਜੂਦ ਵੀ ਅਡੋਲ ਅਤੇ ਅਟੱਲ ਰਹਿਣ ਦਾ ਯਤਨ ਕਰੋ। ਕਈ ਵਾਰੀ ਇਹ ਸਾਡਾ ਇਮਤਿਹਾਨ ਹੁੰਦਾ, ਇਸ 'ਚ ਸਾਡੀ ਪ੍ਰਪੱਕਤਾ ਜਾਂ ਕਚਿਆਈ ਦੀ ਪਰਖ ਹੋਣੀ ਹੁੰਦੀ ਹੈ। ਵਹਿਮਾਂ ਭਰਮਾਂ ਦੀ ਬਜਾਏ ਅਮਲ ਅਤੇ ਉੱਦਮ 'ਚ ਵਿਸ਼ਵਾਸ ਕਰੋ। ਉੱਦਮ ਕਰੋਗੇ ਤਾਂ ਕਾਮਯਾਬੀ ਦੀ ਮੰਜ਼ਿਲ 'ਤੇ ਪਹੁੰਚਣ ਦਾ ਅਮਲ ਸ਼ੁਰੂ ਹੋਏਗਾ। ਮਨ 'ਤੇ ਸੌੜੀਆਂ ਅਤੇ ਅੜਬ ਧਾਰਨਾਵਾਂ ਨੂੰ ਭਾਰੂ ਨਾ ਹੋਣ ਦਿਓ, ਸਮੇਂ ਮੁਤਾਬਕ ਚੱਲਣ ਅਤੇ ਢਲਣ ਦਾ ਯਤਨ ਕਰਦੇ ਰਹੋ। ਡਿਗਦੇ ਮਨ ਨੂੰ ਜਿਹੜੀ ਵੀ ਦਲੀਲ ਢਾਰਸ ਦਿੰਦੀ ਹੋਵੇ ਉਸ ਦਾ ਸਹਾਰਾ ਲੈ ਕੇ ਅੱਗੇ ਵਧਣ ਦਾ ਯਤਨ ਕਰੋ। ਕੋਈ ਦਲੀਲ ਨਿਗੂਣੀ ਜਾਂ ਐਵੇਂ ਨਾ ਸਮਝੋ।

ਚਿੱਤ੍ਰ-ਗਪਤ ਦੇ ਤੁਹਾਡੇ ਰੋਜ਼ਾਨਾ ਦਰਜ ਹੁੰਦੇ ਹਿਸਾਬ ਕਤਾਬ 'ਤੇ ਉਨ੍ਹਾਂ ਦੁਆਰਾ ਧਰਮਰਾਜ ਕੋਲ ਪਹੁੰਚੇ ਲੇਖੇ ਦਾ ਵੀ ਫਿਕਰ ਨਾ ਕਰੋ। ਬਾਣੀ ਦਾ ਕਥਨ ਹੈ " ਚਿਤ੍ਰ ਗੁਪਤ ਜਬ ਲੇਖਾ ਮਾਗਹਿ ਤਬ ਕਉਣ ਪੜਦਾ ਤੇਰਾ ਢਾਕੈ" ਪੜ੍ਹਦਾ ਤਾਂ ਹੈ ਹੀ ਨਹੀਂ, ਸਭ ਕੁੱਝ ਸਾਹਮਣੇ ਸਪੱਸ਼ਟ ਹਕੀਕਤ ਹੈ, ਆਪਣੇ ਹੁਦਰੋਂ ਕਿਸੇ ਦਾ ਬੁਰਾ ਨਹੀਂ ਤੱਕਦੇ, ਕਿਸੇ ਦਾ ਬੁਰਾ ਨਹੀਂ ਲੋਚਦੇ, ਕਿਸੇ ਨੂੰ ਨੁਕਸਾਨ ਨਹੀਂ ਪਹੁੰਚਾਉਂਦੇ, ਈਰਖਾ ਨਹੀਂ ਕਰਦੇ ਤਾਂ ਫਿਰ ਭੈਅ ਤੇ ਡਰ ਕੇਹਾ? ਬਹੁਤੀਆਂ ਆਸਾਂ ਦੇ ਗੱਡੇ ਨਾ ਲੱਦੋ, ਬੇਲੋੜੇ ਨਾ ਪੂਰੇ ਹੋਣ ਵਾਲੇ ਫੁਰਨੇ ਨਾ ਬਣਾਓ। ਸੀਮਤ ਸਾਧਨਾਂ, ਸੀਮਤ ਦਾਇਰੇ 'ਚ ਰਹਿੰਦੇ ਹੋਏ, ਹਾਲਾਤ ਦੇ ਅਨੁਕੂਲ, ਸਾਵੀਂ ਪੱਧਰੀ ਤੰਦਰੁਸਤ ਜ਼ਿੰਦਗੀ ਜੀਓ।

# ਡਿਪਰੈਸ਼ਨ ਤੋਂ ਛੁਟਕਾਰਾ ਸੰਭਵ

ਹਰ ਵਿਅਕਤੀ ਦੀ ਜ਼ਿੰਦਗੀ ਵਿਚ ਅਜਿਹੇ ਉਤਾਰ-ਚੜ੍ਹਾਅ ਆਉਂਦੇ ਹਨ ਅਤੇ ਅਜਿਹੇ ਹਾਲਾਤ ਬਣਦੇ ਹਨ, ਜਿਨ੍ਹਾਂ ਕਾਰਨ ਉਦਾਸ ਹੋ ਜਾਣਾ ਮਨੁੱਖੀ ਸੁਭਾਅ ਅਨੁਸਾਰ ਸੁਭਾਵਿਕ ਹੈ। ਉਦਾਸੀ ਕਈ ਵਾਰੀ ਬਹੁਤ ਥੋੜ੍ਹੇ ਸਮੇਂ ਲਈ ਰਹਿੰਦੀ ਹੈ ਅਤੇ ਕਈ ਵਾਰ ਇਹ ਲੰਬਾ ਸਮਾਂ ਚੱਲਦੀ ਹੈ ਅਤੇ ਕਈ ਵਾਰ ਇਹ ਡਿਪਰੈਸ਼ਨ ਵਿਚ ਬਦਲ ਜਾਂਦੀ ਹੈ। ਡਿਪਰੈਸ਼ਨ ਤੇ ਉਦਾਸੀ ਵਿਚ



**ਗੋਬਿੰਦਰ ਸਿੰਘ ਢੀਂਡਸਾ**
**ਫੋਨ: 92560-66000**

ਫਰਕ ਹੁੰਦਾ ਹੈ, ਆਮ ਸ਼ਬਦਾਂ ਵਿਚ ਕਹਿ ਸਕਦੇ ਹਾਂ ਕਿ ਦੁਖੀ ਹੋਣ ਤੋਂ ਪਹਿਲਾਂ ਜੋ ਚੀਜ਼ਾਂ ਬਹੁਤ ਪਸੰਦ ਸੀ ਜੇਕਰ ਉਹ ਅੱਜ ਵੀ ਖੁਸ਼ੀ ਦਿੰਦੀਆਂ ਹਨ ਤਾਂ ਤੁਹਾਨੂੰ ਡਿਪਰੈਸ਼ਨ ਨਹੀਂ ਹੈ। ਡਿਪਰੈਸ਼ਨ ਪੀੜਤ ਵਿਅਕਤੀ ਉਨ੍ਹਾਂ ਚੀਜ਼ਾਂ ਤੋਂ ਵੀ ਖੁਸ਼ ਨਹੀਂ ਹੁੰਦਾ ਜੋ ਉਸਨੂੰ ਪਸੰਦ ਸੀ।

ਡਿਪਰੈਸ਼ਨ ਦੇ ਵੱਖੋ ਵੱਖ ਕਾਰਨ ਹੋ ਸਕਦੇ ਹਨ ਜਿਵੇਂ ਕਿਸੇ ਕਰੀਬੀ ਦੀ ਮੌਤ, ਹਾਰਮੋਨਜ਼ ਵਿਚ ਬਦਲਾਅ ਅਤੇ ਕਿਸੇ ਗੰਭੀਰ ਬਿਮਾਰੀ ਤੋਂ ਪੀੜਤ ਹੋਣਾ, ਨਤੀਜਾ ਖਰਾਬ ਆਉਣਾ, ਕਿਸੇ ਕੰਮ ਵਿਚ ਉਮੀਦ ਅਨੁਸਾਰ ਸਫਲਤਾ ਨਾ ਮਿਲੇ ਜਾਂ ਕੰਮ ਵਿਗੜ ਜਾਵੇ, ਨੌਕਰੀ ਚਲੀ ਜਾਵੇ, ਕਰਜ਼ ਵਿਚ ਡੁੱਬਣ ਦੀ ਸਥਿਤੀ ਵਿਚ ਵੀ ਵਿਅਕਤੀ ਡਿਪਰੈਸ਼ਨ ਵਿਚ ਚਲਾ ਜਾਂਦਾ ਹੈ।



ਜੋ ਡਿਪਰੈਸ਼ਨ ਤੋਂ ਪੀੜਤ ਹੁੰਦੇ ਹਨ ਉਨ੍ਹਾਂ ਨੂੰ ਇਹ ਪਤਾ ਹੀ ਨਹੀਂ ਲੱਗ ਪਾਉਂਦਾ ਕਿ ਉਹ ਡਿਪਰੈਸ਼ਨ ਦਾ ਸ਼ਿਕਾਰ ਹਨ। ਇਸ ਦੇ ਲਈ ਜ਼ਰੂਰੀ ਹੈ ਕਿ ਪੀੜਤ ਦੇ ਨਜ਼ਦੀਕੀ ਸਥਿਤੀਆਂ ਨੂੰ ਸਮਝਣ ਅਤੇ ਤੁਰੰਤ ਬਣਦੀ ਮਦਦ ਸ਼ੁਰੂ ਕਰਨ। ਲਗਾਤਾਰ ਸ਼ਾਂਤ ਰਹਿਣਾ ਅਤੇ ਰੋਜ਼ਾਨਾ ਦੀ ਕਿਸੇ ਵੀ ਗਤੀਵਿਧੀ ਵਿਚ ਰੁਚੀ ਨਾ ਲੈਣਾ, ਨੀਰਸਤਾ ਭਰ ਜਾਣਾ, ਦੋਸਤ, ਪਰਿਵਾਰ ਅਤੇ ਸਮਾਜ ਤੋਂ ਵੀ ਕੱਟਿਆ ਰਹਿਣਾ, ਜ਼ਿਆਦਾ ਚਿੰਤਾ ਕਰਨਾ, ਜੀਵਨ ਪ੍ਰਤੀ ਨਕਾਰਾਤਮਕ ਨਜ਼ਰੀਆ ਰੱਖਣਾ, ਗੱਲ ਗੱਲ 'ਤੇ ਗੁੱਸਾ ਕਰਨਾ, ਦੁਖੀ ਰਹਿਣਾ, ਨੀਂਦ ਵੱਧ ਆਉਣਾ ਜਾਂ ਬਹੁਤ ਘੱਟ ਆਉਣਾ, ਹਮੇਸ਼ਾਂ ਖੁਦ ਨੂੰ ਕੋਸਦੇ ਰਹਿਣਾ ਅਤੇ ਖੁਸ਼ੀ ਦੇ ਮੌਕਿਆਂ 'ਤੇ ਵੀ ਦੁਖੀ ਰਹਿਣਾ, ਹਮੇਸ਼ਾ ਨੈਗੇਟਿਵ ਗੱਲਾਂ ਕਰਨਾ ਅਤੇ ਕਿਸੇ ਨੂੰ ਵੀ ਮਿਲਣ ਤੋਂ ਬਚਣਾ, ਵੱਧ ਖਾਣਾ ਜਾਂ ਸਾਧਾਰਨ ਤੋਂ ਘੱਟ ਖਾਣਾ ਅਤੇ ਚਿੜ੍ਹ ਕੇ ਜਵਾਬ ਦੇਣਾ, ਵਜ਼ਨ ਦਾ ਅਚਾਨਕ ਵਧਣਾ ਜਾਂ ਤੇਜ਼ੀ ਨਾਲ ਘਟਣਾ, ਥੱਕਿਆ ਥੱਕਿਆ ਮਹਿਸੂਸ ਕਰਨਾ ਡਿਪਰੈਸ਼ਨ ਦੇ ਆਮ ਲੱਛਣ ਹਨ। ਵਾਰ-ਵਾਰ ਮੌਤ ਜਾਂ ਆਤਮ ਹੱਤਿਆ ਦੇ ਵਿਚਾਰ ਆਉਣਾ ਵੀ ਡਿਪਰੈਸ਼ਨ ਦਾ ਲੱਛਣ ਹੈ।

ਡਿਪਰੈਸ਼ਨ ਇਕ ਮਾਨਸਿਕ ਸਮੱਸਿਆ ਹੈ ਪਰ ਇਹ ਪੀੜਤ ਨੂੰ ਸਰੀਰਕ ਰੂਪ ਤੋਂ ਵੀ ਪ੍ਰਭਾਵਿਤ ਕਰਦੀ ਹੈ ਜਿਵੇਂ ਥਕਾਵਟ, ਦੁਬਲਾਪਨ ਜਾਂ ਮੋਟਾਪਾ, ਦਿਲ ਦੀਆਂ ਬਿਮਾਰੀਆਂ, ਸਿਰ ਪੀੜ ਆਦਿ। ਡਿਪਰੈਸ਼ਨ ਸੰਬੰਧੀ ਇਲਾਜ ਦੀ ਸ਼ੁਰੂਆਤ ਮਨੋਵਿਗਿਆਨੀ/ਸਾਈਕੈਟਰਿਸਟ ਨਾਲ ਮੁਲਾਕਾਤ ਤੋਂ ਹੁੰਦੀ ਹੈ।


ਡਿਪਰੈਸ਼ਨ ਇਕ ਬਹੁਤ ਹੀ ਆਮ ਪਰ ਗੰਭੀਰ ਸਮੱਸਿਆ ਹੈ ਜਿਸ ਤੋਂ ਬਾਹਰ ਆਉਣ ਲਈ ਪੀੜਤ ਨੂੰ ਮਨੋਵਿਗਿਆਨੀ/ਸਾਈਕੈਟਰਿਸਟ ਦੀ ਸਹਾਇਤਾ ਲੋੜੀਂਦੀ ਹੁੰਦੀ ਹੈ। ਡਿਪਰੈਸ਼ਨ ਦੇ ਇਲਾਜ ਲਈ ਸਹੀ ਜਾਣਕਾਰੀ ਬਹੁਤ ਜ਼ਰੂਰੀ ਹੈ। ਡਿਪਰੈਸ਼ਨ ਕੋਈ ਪਾਗਲਪਨ ਨਹੀਂ ਹੁੰਦਾ ਅਤੇ ਇਸ ਦੇ ਜ਼ਿਆਦਾਤਰ ਮਰੀਜ਼ ਪੂਰੀ ਤਰ੍ਹਾਂ ਠੀਕ ਹੋ ਸਕਦੇ ਹਨ। ਡਿਪਰੈਸ਼ਨ ਹੋਣ ਦੀ ਸਥਿਤੀ ਵਿਚ ਵਹਿਮਾਂ- ਭਰਮਾਂ ਵਿਚ ਨਹੀਂ ਪੈਣਾ ਚਾਹੀਦਾ, ਜਾਦੂ ਟੂਣਿਆਂ, ਬਾਬਿਆਂ ਦੇ ਚੱਕਰਾਂ ਵਿਚ ਪੈਣ ਤੋਂ ਬਚਣਾ ਚਾਹੀਦਾ ਹੈ। ਪੀੜਤ ਨੂੰ ਇਸ ਸਮੱਸਿਆ ਤੋਂ ਨਿਜਾਤ ਪਾਉਣ ਵਿਚ ਮਨੋਵਿਗਿਆਨੀ/ਸਾਈਕੈਟਰਿਸਟ ਅਤੇ ਮਰੀਜ਼ ਦੇ ਨਾਲ ਨਾਲ ਉਸਦੇ ਪਰਿਵਾਰ ਅਤੇ ਨਜ਼ਦੀਕੀਆਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ।

# ‘ਛੱਲੇ’ ਦੇ ਮੁੜ ਕੇ ਆਉਣ ਦੀਆਂ ਸੰਭਾਵਨਾਵਾਂ ਤਲਾਸ਼ਦਾ ਨਾਟਕ- ਛੱਲਾ

ਨਿਰੰਜਣ ਬੋਹਾ
ਫੋਨ: 91-89682-82700

## ਪੁਸਤਕ ਚਰਚਾ

ਸਾਹਿਤਕ ਖੇਤਰ ਵਿਚ ਡਾ. ਕੁਲਦੀਪ ਸਿੰਘ ਦਾ ਸ਼ੁਮਾਰ ਕਿਸਾਨੀ ਸੰਕਟ ਦੀ ਬਹੁ-ਪਰਤੀ ਪੇਸ਼ਕਾਰੀ ਕਰਨ ਵਾਲੇ ਸਿਰਮੌਰ ਨਾਟਕਕਾਰ ਪ੍ਰੋ. ਅਜਮੇਰ ਸਿੰਘ ਔਲਖ ਦੀ ਲੋਕ ਨਾਟਕ ਪਰੰਪਰਾ ਨੂੰ ਅੱਗੇ ਤੋਰਨ ਵਾਲੇ ਨਾਟਕਕਾਰਾਂ ਵਿਚ ਕੀਤਾ ਜਾਂਦਾ ਹੈ। ਇਸ ਖੇਤਰ ਵਿਚ ਸਮਰਪਿਤ ਭਾਵ ਨਾਲ ਦਿਨ- ਰਾਤ ਕੰਮ ਕਰਨ ਦਾ ਗੁਰ ਉਸ ਆਪਣੇ ਡਾਕਟਰੇਟ ਦੀ ਡਿਗਰੀ ਦੇ ਗਾਈਡ ਗੁਰੂ ਡਾ. ਸਤੀਸ਼ ਕੁਮਾਰ ਵਰਮਾ ਪਾਸੋਂ ਹਾਸਲ ਕੀਤਾ ਹੈ। ਸੰਨ 2005 ਤੋਂ ਲੈ ਕੇ 2022 ਤਕ ਦੇ 17 ਕੁ ਸਾਲ ਦੇ ਛੋਟੇ ਜਿਹੇ ਵਕਫੇ ਦੌਰਾਨ ਜਿੱਥੇ ਉਸ ਸਾਹਿਤ ਦੇ ਖੇਤਰ ‘ਚ 30 ਮੌਲਿਕ ਤੇ ਸੰਪਾਦਿਤ ਪੁਸਤਕਾਂ ਦਾ ਮਹੱਤਵਪੂਰਨ ਯੋਗਦਾਨ ਪਾਇਆ ਹੈ, ਉੱਥੇ ਹੀ ਸੈਂਕੜਿਆਂ ਦੀ ਤਦਾਦ ਵਿਚ ਸਾਹਿਤਕ ਤੇ ਰੰਗਮੰਚੀ ਸਟੇਜਾਂ ‘ਤੇ ਆਪਣੀ ਚਿਰ ਸਥਾਈ ਪ੍ਰਭਾਵ ਵਾਲੀ ਹਾਜ਼ਰੀ ਵੀ ਲੁਆਈ ਹੈ। ਉਸ ਦੀ ਨਵੀਂ ਨਾਟਕ ਪੁਸਤਕ ‘ਛੱਲਾ’ ਆਧੁਨਿਕ ਸਮੇਂ ਦੀ ਪ੍ਰਸੰਗਿਕਤਾ ਅਨੁਸਾਰ ਜੱਲੇ ਮਲਾਹ ਤੇ ਉਸ ਦੇ ਪੁੱਤਰ ਛੱਲੇ ਨਾਲ ਸਬੰਧਤ ਪੰਜਾਬ ਦੀ ਇਕ ਲੋਕ ਕਥਾ ਦੀ ਪੁਨਰ ਵਿਆਖਿਆ ਕਰਦਿਆਂ ਇਸ ਸਿੱਟੇ ਨੂੰ ਵਿਸ਼ੇਸ਼ ਤੌਰ ‘ਤੇ ਉਭਾਰਦੀ ਹੈ ਕਿ ਆਪਣੇ ਮਾਪਿਆਂ ਦੇ ਸਿਰ ਉਤਲੇ ਭਾਰ ਵੰਡਾਉਣ ਦੀ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਉਨ੍ਹਾਂ ਤੋਂ ਦੂਰ ਗਏ ਲੱਖਾਂ ਕਰੋੜਾਂ ਛੱਲੇ (ਨੌਜਵਾਨ) ਅੱਜ ਵੀ ਲੋਕ ਕਥਾ ਦੇ ਇਸ ਪਾਤਰ ਵਾਂਗ ਜਾਨਲੇਵਾ ਖਤਰਿਆਂ ਨਾਲ ਖੇਡਦਿਆਂ ਘਰ ਵਾਪਸੀ ਨੂੰ ਤਰਸ ਰਹੇ ਹਨ। ਸਗੋਂ ਹੁਣ ਤਾਂ ਇਨ੍ਹਾਂ ਛੱਲਿਆਂ ਦੀਆਂ ਮੁਸ਼ਕਲਾਂ ਲੋਕ ਕਥਾ ਦੇ ਛੱਲੇ ਨਾਲੋਂ ਵੀ ਕਈ ਗੁਣਾ ਵਧ ਗਈਆਂ ਹਨ। ਕਾਰਪੋਰੇਟੀ ਘਰਾਣਿਆਂ ਦੀ ਪੁਸ਼ਤ-ਪਨਾਹੀ ਕਰਨ ਵਾਲਾ ਦੇਸ਼ ਦਾ ਨਿਜ਼ਾਮ ਉਨ੍ਹਾਂ ਨੂੰ ਆਪਣੇ ਘਰ ਪਰਿਵਾਰ ਛੱਡ ਕੇ ਵਿਦੇਸ਼ ਜਾਣ ਲਈ ਮਜਬੂਰ ਕਰਦਾ ਹੈ ਤਾਂ ਕਈ ਵਾਰ ਉੱਥੋਂ ਗਿਆਂ ਦੀਆਂ ਹੱਡੀਆਂ ਵੀ ਮਾਪਿਆਂ ਤਕ ਨਹੀਂ ਪਹੁੰਚਦੀਆਂ।




ਨਾਟਕਕਾਰ ਜੱਲੇ ਤੇ ਛੱਲੇ ਦੀ ਲੋਕ ਕਥਾ ਵਿਚਲੀ ਛੱਲੇ ਦੇ ‘ਮੁੜ ਕੇ ਨਾ ਆਉਣ’ ਦੀ ਧਾਰਨਾ ਦਾ ਰੂਪਾਂਤਰਣ ਉਸ ਦੇ ‘ਮੁੜ ਕੇ ਆਉਣ ਦੀ’ ਸੁਖਾਵੀਂ ਸਥਿਤੀ ਵਿਚ ਕਰਨ ਦੀ ਇੱਛਾ ਤਾਂ ਰੱਖਦਾ ਹੈ ਪਰ ਉਸਦਾ ਯਥਾਰਥਵਾਦੀ ਨਜ਼ਰੀਆ ਇਸ ਵਾਪਸੀ ਦੇ ਰਾਹ ਦੀਆਂ ਰੁਕਾਵਟਾਂ ਬਣੀਆਂ ਸਮਕਾਲੀ ਆਰਥਿਕ ਤੇ ਸਮਾਜਿਕ ਸਥਿਤੀਆਂ ਨੂੰ ਨਜ਼ਰ-ਅੰਦਾਜ਼ ਨਹੀਂ ਕਰ ਸਕਦਾ। ਜਦੋਂ ਨਾਟਕਕਾਰ ਦੇ ਜ਼ਿਹਨ ਵਿਚ ਸੰਨ 2014 ਦੌਰਾਨ ਇਰਾਕ ਵਿਚਲੀ ਇਸਲਾਮਿਕ ਸਟੇਟ ਮੂਲਵਾਦੀ ਜਥੇਬੰਦੀ ਵੱਲੋਂ 39 ਭਾਰਤੀ ਛੱਲਿਆਂ ਨੂੰ ਅਗਵਾ ਕਰ ਕੇ ਗੋਲੀਆਂ ਮਾਰਨ ਦੀ ਇਤਿਹਾਸਕ ਘਟਨਾ ਉਸਲਵੱਟੇ ਲੈ ਰਹੀ ਹੋਵੇ ਤਾਂ ਇਹ ਕਾਰਜ ਉਸ ਲਈ ਹੋਰ ਵੀ ਔਖਾ ਹੋ ਜਾਂਦਾ ਹੈ। ਯਥਾਰਥ ਦੀ ਕਰੂਰਤਾ ਉਸ ਨੂੰ ਇਹ ਇਜਾਜ਼ਤ ਨਹੀਂ ਦਿੰਦੀ ਕਿ ਕਿਸੇ ਛੱਲੇ ਨੂੰ ਸੁਖੀ ਸਾਂਦੀ ਵਾਪਸ ਘਰ ਲਿਆ ਕੇ ਹੋਰਨਾਂ ਛੱਲਿਆਂ ਦੇ ਮਾਪਿਆਂ ਨੂੰ ਵੀ ਮਾਨਸਿਕ ਰਾਹਤ ਦੇ ਸਕੇ ਪਰ ਉਹ ਮਾਪਿਆਂ ਦੀ ਇਸ ਆਸ ਨੂੰ ਬਿਲਕੁਲ ਖਤਮ ਹੋਇਆ ਵੀ ਨਹੀਂ ਵੇਖਣਾ ਚਾਹੁੰਦਾ। ਇਸ ਲਈ ਉਹ ਪ੍ਰਾਪਤ ਯਥਾਰਥ ਨੂੰ ਇੱਛਤ ਦੀ ਬਜਾਏ ਸੰਭਾਵਿਤ ਯਥਾਰਥ ਵਿਚ ਬਦਲ ਕੇ ਵਿਚ-ਵਿਚਾਲੇ ਦਾ ਰਾਹ ਲੱਭਦਾ ਹੈ। ਨਾਟਕ ਦੇ ਅੰਤਲੇ ਦ੍ਰਿਸ਼ ਸਮੇਂ ਲੈਪੀ ਬਾਬਾ ਵਲੋਂ ਆਪਣੇ ਗਲ ਵਿਚ ਲਮਕਾਇਆ ਲੈਪਟਾਪ ਲਾਹ ਕੇ ਪਰ੍ਹਾਂ ਵਗਾਹ ਮਾਰਨਾ ਤੇ ਕੋਈ ਨਵਾਂ ਹਾਰਡਵੇਅਰ ਬਣਾਉਣ ਦੀ ਗੱਲ ਕਰਨਾ ਅਜਿਹੇ ਹੀ ਸੰਭਾਵਿਤ ਯਥਾਰਥ ਦੀ ਆਮਦ ਦਾ ਸੰਕੇਤਕ ਪ੍ਰਗਟਾਵਾ ਹੈ। ਨਾਟਕ ਦੇ ਅੰਤਲੇ ਸੀਨ ਵਿਚ ਸੁਣਾਈ ਦਿੰਦੇ ਗੀਤ ਦੇ ਇਹ ਬੋਲ ਵੀ ਇਸ ਸੰਭਾਵਿਤ ਯਥਾਰਥ ਦੀ ਹੀ ਦੂਰਅੰਦੇਸ਼ ਨਿਸ਼ਾਨਦੇਹੀ ਕਰਦੇ ਹਨ:

ਛਲਿਓ ਇੰਝ ਨਹੀਂ ਢਹਿਣਾ
ਏਦਾਂ ਕਦ ਤੱਕ ਬਹਿਣਾ
ਉਏ ਆਖਿਰ ਉਠਣਾ ਪੈਣਾ
ਗੱਲ ਸੁਣ ਛੱਲਿਆ ਹੱਸ ਪੈ
ਤੇਗ ਦੀ ਧਾਰ ‘ਤੇ ਨੱਚ ਪੈ।

ਨਾਟਕ ਵਿਚਲੀ ਕਹਾਣੀ ਅਨੁਸਾਰ ਬੇਰੁਜ਼ਗਾਰੀ ਤੇ ਬੇਕਾਰੀ ਦੇ ਸਤਾਏ ਮਨੀ ਤੇ ਉਸ ਦੇ ਚਾਰ ਹੋਰ ਦੋਸਤ ਭਲਵਾਨ, ਬੰਬੀਰੀ, ਕਾਲਾ ਤੇ ਅੰਗਰੇਜ ਚੰਗੇ ਭਵਿੱਖ ਦੇ ਸੁਪਨੇ ਲੈ ਕੇ ਪੱਛਮੀ ਮੁਲਕ ਅਮਰੀਕਾ ਵੱਲ ਪਰਵਾਜ਼ ਭਰਦੇ ਹਨ ਪਰ ਏਜੰਟ ਵਲੋਂ ਧੋਖਾਧੜੀ ਕੀਤੇ ਜਾਣ ‘ਤੇ ਉਹ ਇਰਾਕ ਵਿਚ ਹੀ ਬੰਧੂਆ ਮਜ਼ਦੂਰ ਬਣ ਕੇ ਰਹਿ ਜਾਂਦੇ ਹਨ। ਨਾਟਕ ਇਸ ਤੱਥ ਨੂੰ ਸਰਵਜਨਕ ਸੱਚ ਵਜੋਂ ਉਭਾਰਦਾ ਹੈ ਕਿ ਦੁਨੀਆ ਭਰ ਦੇ ਸਾਮਰਾਜੀ ਸ਼ਾਸ਼ਕਾਂ, ਲੁਟੇਰਿਆਂ, ਦਰਿੰਦਿਆਂ ਤੇ ਜ਼ਾਲਮਾਂ ਦੀ ਮਾਨਸਿਕਤਾ ਇਕੋ ਜਿਹੀ ਹੁੰਦੀ ਹੈ। ਜੇ ਅਜਿਹੇ ਲੋਕ ਭਾਰਤ ਵਿਚ ਮਨੀ ਵਰਗੇ ਹੋਣਹਾਰ ਨੌਜਵਾਨਾਂ ਨੂੰ ਆਪਣੀ ਵਹਿਸ਼ਤ ਦਾ ਸ਼ਿਕਾਰ ਬਣਾ ਰਹੇ ਹਨ ਤਾਂ ਇਰਾਕ ਵਰਗੇ ਮੂਲਵਾਦੀ ਮੁਲਕਾਂ ਵਿਚ ਅਬੀਰ ਤੇ ਉਸਦੀ ਭਰਜਾਈ ਨੂੰ ਵੀ ਇਹੋ ਜਿਹੀ ਬਿਰਤੀ ਵਾਲੇ ਲੋਕਾਂ ਦੀ ਵਹਿਸ਼ਤ ਤੇ ਦਰਿੰਦਗੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਦੋਂ ਨਾਟਕਕਾਰ ਇਸ ਸਥਿਤੀ ਦਾ ਪ੍ਰਤੀਉਤਰ ਅਬੀਰ ਵਲੋਂ ਮਨੀ ਪ੍ਰਤੀ ਵਿਖਾਈ ਮਾਨਵੀ ਹਮਦਰਦੀ ਰਾਹੀਂ ਸਿਰਜਦਾ ਹੈ ਤਾਂ ਨਾਲ ਹੀ ਇਸ ਮਾਨਵੀ ਸਥਾਪਨਾ ਨੂੰ ਵੀ ਬਲ ਮਿਲ ਜਾਂਦਾ ਹੈ ਕਿ ਬੁਰਾਈ ਤੇ ਦਰਿੰਦਗੀ ਦੇ ਸਮਾਂਤਰ ਮਾਨਵਤਾ, ਸੁਹਿਰਦਤਾ ਤੇ ਚੰਗਿਆਈ ਵੀ ਹਰ ਹਾਲ, ਹਾਰ ਕਾਲ ਤੇ ਹਰ ਸਥਾਨ ‘ਤੇ ਆਪਣੀ ਹੋਂਦ ਜ਼ਰੂਰ ਰੱਖਦੀ ਹੈ। ਜੇ ਅਬੀਰ ਤੇ ਮਨੀ ਵਿਚਕਾਰ ਮਾਨਵੀ ਅਧਾਰ ‘ਤੇ ਭੈਣ-ਭਰਾ ਦਾ ਰਿਸ਼ਤਾ ਉਸਰਦਾ ਹੈ ਤਾਂ ਹੀ ਮਨੀ ਉਸਦੀ ਮਦਦ ਨਾਲ ਆਪਣੇ ਤਿੰਨ ਸਾਥੀਆਂ ਸਮੇਤ ਇਰਾਕ ਦੇ ਬਾਰਡਰ ਏਰੀਏ ਵਿਚ ਪਹੁੰਚਣ ਵਿਚ ਸਫਲ ਹੁੰਦਾ ਹੈ। ਆਈ. ਐਸ (ਇਸਲਾਮਿਕ ਸਟੇਟ) ਜਥੇਬੰਦੀ ਵੱਲੋਂ ਉਸ ਦੇ ਤਿੰਨੇ ਸਾਥੀ ਕਤਲ ਕਰ ਦਿੱਤੇ ਜਾਣ ਤੋਂ ਬਾਅਦ ਉਹ ਅਬੀਰ ਦੀ ਮਦਦ ਨਾਲ ਹੀ ਇਰਾਕੀ ਪੁਲਿਸ ਅੱਗੇ ਆਤਮ ਸਮਰਪਣ ਕਰ ਕੇ ਭਾਰਤ ਵਾਪਸ ਪਰਤਦਾ ਹੈ।

ਮਨੀ ਦੀ ਦੇਸ਼ ਵਾਪਸੀ ‘ਤੇ ਭਾਰਤੀ ਸਟੇਟ ਦੇ ਲੋਕਤੰਤਰੀ ਤੇ ਲੋਕ ਕਲਿਆਣਕਾਰੀ ਹੋਣ ਦਾ ਭਰਮ ਹੀ ਨਹੀਂ ਟੁੱਟਦਾ ਸਗੋਂ ਲੋਕਤੰਤਰ ਦੇ ਨਾਂ ‘ਤੇ ਖੇਡੀ ਜਾ ਰਹੀ ਅਲੋਕਤੰਤਰੀ ਖੇਡ ਦਾ ਸੱਚ ਵੀ ਉਜਾਗਰ ਹੁੰਦਾ ਹੈ। ਪੰਜ ਰਾਜਾਂ ਵਿਚ ਹੋਣ ਵਾਲੀਆਂ ਚੋਣਾਂ ਨੇੜੇ ਹੋਣ ਕਰਕੇ ਜਦੋਂ ਸਰਕਾਰ ਨੂੰ ਲੱਗਦਾ ਹੈ ਕਿ ਇਰਾਕ ਵਿਚ ਅਤਿਵਾਦੀਆਂ ਹੱਥੋਂ ਮਾਰੇ ਗਏ ਭਾਰਤੀ ਨੌਜਵਾਨਾਂ ਦਾ ਸੱਚ ਬਾਹਰ ਆਉਣ ‘ਤੇ ਉਸਨੂੰ ਚੋਣਾਂ ਵਿਚ ਨੁਕਸਾਨ ਹੋ ਸਕਦਾ ਹੈ ਤਾਂ ਉਹ ਇਹ ਸਚਾਈ ਛੁਪਾਉਣ ਲਈ ਵਾਪਸ ਪਰਤੇ ਮਨੀ ‘ਤੇ ਹਰ ਤਰ੍ਹਾਂ ਦਾ ਦਬਾਅ ਪਾਉਂਦੀ ਹੈ। ਇਕ ਪਾਸੇ ਸੱਚ ਲੁਕਾਉਣ ਬਦਲੇ ਉਸਨੂੰ ਆਰਥਿਕ ਸਹਾਇਤਾ ਤੇ ਨੌਕਰੀ ਦਾ ਲਾਲਚ ਦਿੱਤਾ ਜਾਂਦਾ ਹੈ ਤਾਂ ਦੂਜੇ ਪਾਸੇ ਉਸਦਾ ਭਵਿੱਖ ਖਤਮ ਕਰਨ ਦੇ ਡਰਾਵੇ ਵੀ ਦਿੱਤੇ ਜਾਂਦੇ ਹਨ। ਜਦੋਂ ਉਹ ਆਪਣੀ ਜ਼ਮੀਰ ਦੀ ਆਵਾਜ਼ ਅਨੁਸਾਰ ਸੱਚ ਬੋਲਣ ਲਈ ਬਜ਼ਿੱਦ ਰਹਿੰਦਾ ਹੈ ਤਾਂ ਉਸਨੂੰ ਸਰੀਰਕ ਤੇ ਮਾਨਸਿਕ ਤਸੀਹੇ ਵੀ ਦਿੱਤੇ ਜਾਂਦੇ ਹਨ। ਭਾਵੇਂ ਉਸ ਦੀ ਅਡੋਲਤਾ ਆਦਰਸ਼ਕ ਰੰਗਤ ਵਾਲੀ ਹੈ ਪਰ ਪ੍ਰਾਪਤ ਯਥਾਰਥ ਨੂੰ ਸੰਭਾਵਿਤ ਯਥਾਰਥ ਵਿਚ ਤਬਦੀਲ ਕਰਨ ਲਈ ਅਜਿਹੇ ਆਦਰਸ਼ ਦੀ ਸਿਰਜਣਾ ਬਹੁਤ ਜ਼ਰੂਰੀ ਹੁੰਦੀ ਹੈ।

ਨਾਟਕ ਵਿਚਲਾ ਲੈਪੀ ਬਾਬਾ ਦਾ ਕਰੈਕਟਰ ਗੁੰਝਲਦਾਰ ਵੀ ਹੈ ਤੇ ਦਿਲਚਸਪ ਵੀ। ਉਸ ਨੂੰ ਨਾਟਕ ਵਿਚ ਪੜ੍ਹੇ-ਲਿਖੇ ਪਾਗਲ ਵਜੋਂ ਪੇਸ਼ ਕੀਤਾ ਗਿਆ ਹੈ ਪਰ ਉਹ ਜਿਸ ਤਰ੍ਹਾਂ ਦੀ ਦਾਰਸ਼ਨਿਕ ਭਾਸ਼ਾ ਵਿਚ ਮਨੁੱਖੀ ਸੋਚ ਵਿਚ ਆਏ ਨਿਘਾਰ ਦੀ ਗੱਲ ਕਰਦਾ ਹੈ, ਉਸ ਤੋਂ ਲੱਗਦਾ ਹੈ ਕਿ ਅੱਜ ਦੇਸ਼ ਨੂੰ ਸਿਆਣੇ ਤੇ ਚਲਾਕ ਆਗੂਆਂ ਨਾਲੋਂ ਲੈਪੀ ਬਾਬੇ ਵਰਗੇ ਅਰਧ ਪਾਗਲਾਂ ਦੀ ਵੱਧ ਲੋੜ ਹੈ। ਨਾਟਕ ਦੇ ਸਟੇਜੀ ਮੰਚਨ ਦੀਆਂ ਲੋੜਾਂ ਦਾ ਪੂਰਾ ਧਿਆਨ ਰੱਖਿਆ ਗਿਆ ਹੈ। ਕੋਈ ਵੀ ਕੁਸ਼ਲ ਨਿਰਦੇਸ਼ਕ ਇਸ ਦੇ ਮੰਚਨ ਰਾਹੀਂ ਨਾਟਕ ਸਿਰਜਣਾ ਦੀ ਉਦੇਸ਼ਮੁਖੀ ਪਹੁੰਚ ਨੂੰ ਉਭਾਰਨ ਦੇ ਨਾਲ ਨਾਲ ਨਾਟਕ ਦੇ ਦਰਸ਼ਕਾਂ ‘ਤੇ ਆਪਣੀ ਨਿਰਦੇਸ਼ਨ ਕਲਾ ਦਾ ਬੱਝਵਾਂ ਪ੍ਰਭਾਵ ਵੀ ਪਾ ਸਕਦਾ ਹੈ। ਪੁਸਤਕ ‘ਤੇ ਦਰਜ ਜਾਣਕਾਰੀ ਅਨੁਸਾਰ ਇਹ ਨਾਟਕ ਸੁਰਿੰਦਰ ਸਾਗਰ ਦੀ ਨਿਰਦਸ਼ਨਾ ਹੇਠ ਕਈ ਯੂਥ ਫੈਸਟੀਵਲਾਂ ਤੋਂ ਇਲਾਵਾ ਪੰਜਾਬੀ ਯੂਨੀਵਰਿਸਟੀ ਦੇ ਕਲਾ ਭਵਨ ਸਮੇਤ ਕਈ ਹੋਰ ਵੱਡੀਆਂ ਸਟੇਜਾਂ ‘ਤੇ ਸਫਲਤਾ ਪੂਰਵਕ ਖੇਡਿਆ ਜਾ ਚੁੱਕਾ ਹੈ। 96 ਪੰਨਿਆਂ ‘ਤੇ ਆਧਾਰਿਤ 180 ਰੁਪਏ ਮੁੱਲ ਦੀ ਇਸ ਪੁਸਤਕ ਨੂੰ ਓਏਸੀਜ਼ ਪਬਲੀਕੇਸ਼ਨਜ਼ ਪਟਿਆਲਾ ਨੇ ਛਾਪਿਆ ਹੈ।

## ਮਨੁੱਖਤਾ ਨੂੰ ਦਰਪੇਸ਼ ਸੰਕਟ ਅਤੇ ਸਾਮਰਾਜਵਾਦ

(ਸਫਾ 20 ਦਾ ਬਾਕੀ)

ਵੀ ਇਹੀ ਹੈ ਕਿ ਕੁਦਰਤ ਦਾ ਖੁਦ ਨਾਲ ਰਿਸ਼ਤਾ ਹੈ। ਕਿਉਂਕਿ ਮਨੁੱਖ ਵੀ ਕੁਦਰਤ ਦਾ ਹੀ ਅਟੁੱਟ ਅੰਗ ਹੈ।”

ਮਾਰਕਸ ਅਨੁਸਾਰ: “ਮੇਰੀ ਫਲਸਫਈ (ਆਤਮਿਕ) ਹੋਂਦ ਹੀ ਮੇਰੀ ਮਨੁੱਖੀ ਹੋਂਦ ਹੈ। ... ਓਹੀ ਆਤਮਾ ਜਿਹੜੀ ਮਜ਼ਦੂਰਾਂ ਦੇ ਹੱਥੋਂ ਰੇਲ ਗੱਡੀਆਂ ਦਾ ਨਿਰਮਾਣ ਕਰਵਾਉਂਦੀ ਹੈ, ਫਿਲਾਸਫਰਾਂ ਦੇ ਦਿਮਾਗਾਂ ਵਿਚ ਫਿਲਾਸਫੀ ਦੀਆਂ ਧਾਰਨਾਵਾਂ ਦੀ ਸਿਰਜਣਾ ਕਰਦੀ ਹੈ। ਫਿਲਾਸਫਰ ਧਰਤੀ ਵਿਚੋਂ ਖੁੰਬਾਂ ਵਾਂਗੂ ਨਹੀਂ ਉਗਦੇ। ਉਹ ਆਪਣੇ ਸਮੇਂ ਦੀ, ਆਪਣੀ ਕੌਮ ਦੀ ਉਪਜ ਹੁੰਦੇ ਹਨ ਜਿਨ੍ਹਾਂ ਦੇ ਅਤਿ ਸੂਖਮ, ਮਨੁੱਖੀ ਜ਼ਿੰਦਗੀ ਦੇ ਕੀਮਤੀ ਅਦਿਖ ਨਿਚੋੜ, ਫਿਲਾਸਫੀ ਦੇ ਵਿਚਾਰਾਂ ਰਾਹੀਂ ਵਹਿ ਤੁਰਦੇ ਹਨ।... ਹਰ ਸਚੀ ਫਿਲਾਸਫੀ ਆਪਣੇ ਸਮੇਂ ਦਾ ਬੌਧਿਕ ਤੱਤ ਹੁੰਦੀ ਹੈ, ਫ਼ਿਲਾਸਫੀ ਸਭਿਆਚਾਰ ਦੀ ਸਜਿੰਦ ਆਤਮਾ ਹੁੰਦੀ ਹੈ। ਫਿਲਾਸਫੀ ਪੁੱਛਦੀ ਹੈ ਕਿ ਸੱਚ ਕੀ ਹੈ? ਇਹ ਨਹੀਂ ਕਿ ਸੱਚ ਕੀ ਹੋ ਸਕਦਾ ਹੈ। ਫਿਲਾਸਫੀ ਪੁੱਛਦੀ ਹੈ ਕਿ ਸਾਰੀ ਮਨੁੱਖਤਾ ਲਈ ਸੱਚ ਕੀ ਹੈ? ਇਹ ਨਹੀਂ ਕਿ ਕੁਝ ਲੋਕਾਂ ਲਈ ਸੱਚ ਕੀ ਹੈ। ਫਿਲਾਸਫੀ ਦੇ ਆਤਮਿਕ ਸੱਚ ਰਾਜਨੀਤਕ ਭੂਗੋਲਿਕ ਹੱਦਾਂ ਦੀ ਸੀਮਾ ਨਹੀਂ ਮੰਨਦੇ। ... ਦਰਪੇਸ਼ ਫਿਲਾਸਫੀ ਦਾ ਕਾਰਜ ਸਿਰਫ ਏਨਾ ਹੈ ਕਿ ਇਕੱਲਾ ਫਿਲਾਸਫਰ ਉਹ ਕਾਰਜ ਸਪਸ਼ਟ ਕਰੇ ਜਿਹੜਾ ਆਉਣ ਵਾਲੇ ਸਮੇਂ ਵਿਚ ਸਮੁੱਚੀ ਮਨੁੱਖਤਾ ਨੇ ਆਪਣੇ ਅਗਲੇ ਵਿਕਾਸ ਦੌਰਾਨ ਪੂਰਾ ਕਰਨਾ ਹੈ। ... ਜਿਵੇਂ ਕਿਰਤੀ ਜਮਾਤ ਦੇ ਰੂਪ ਵਿਚ ਫਿਲਾਸਫੀ ਆਪਣਾ ਠੋਸ ਹਥਿਆਰ ਲੱਭ ਲੈਂਦੀ ਹੈ, ਉਵੇਂ ਹੀ ਕਿਰਤੀ ਜਮਾਤ ਫਿਲਾਸਫੀ ਦੇ ਰੂਪ ਵਿਚ ਆਪਣਾ ਆਤਮਿਕ ਹਥਿਆਰ ਲੱਭ ਲੈਂਦੀ ਹੈ। ... ਕਿਰਤੀ ਜਮਾਤ ਨੂੰ ਖਤਮ ਕੀਤੇ ਬਿਨਾ ਫਿਲਾਸਫੀ ਹਕੀਕਤ ਨਹੀਂ ਬਣ ਸਕਦੀ ਅਤੇ ਫਿਲਾਸਫੀ ਨੂੰ ਅਮਲ ਵਿਚ ਢਾਲੇ ਬਿਨਾ ਕਿਰਤੀ ਜਮਾਤ ਖਤਮ ਨਹੀਂ ਹੋ ਸਕਦੀ।”

ਮਾਰਕਸ ਦੀ ਵਿਕਸਿਤ ਕੀਤੀ ਭੌਤਿਕਵਾਦੀ ਫਿਲਾਸਫੀ ਦਾ ਸਚ ਇਹ ਹੈ: “ਕੁਦਰਤ ਸਿਰਮੌਰ ਹੈ ਅਤੇ ਮਨੁੱਖ ਦਾ ਆਪਣਾ ਸਰੀਰੀ ਮਨ ਕੁਦਰਤ ਦੀ ਸਿਰਮੌਰ ਸਿਰਜਣਾ ਹੈ। ਇਹੀ ਸ਼ੁਧ ਭੌਤਿਕਵਾਦ ਹੈ। ... ਹਰ ਚੀਜ਼ ਜਿਹੜੀ ਮਨੁੱਖ ਨੂੰ ਹਰਕਤ ਵਿਚ ਲਿਆਉਂਦੀ ਹੈ, ਉਸ ਦੇ ਮਨ ਵਿਚੋਂ ਹੋ ਕੇ ਲੰਘਦੀ ਹੈ। ... ਮਨ ਮਨੁੱਖ ਦਾ ਅਸਲੀ ਤੱਤ ਹੈ ਅਤੇ ਮਨ ਦਾ ਅਸਲੀ ਰੂਪ ਚਿੰਤਨਸ਼ੀਲ, ਤਰਕਸੰਗਤ, ਜਗਿਆਸੂ ਮਨ ਹੈ। ... ਮਨੋਵਿਗਿਆਨ ਦਾ ਮੁਢਲਾ ਨੇਮ ਹੈ ਕਿ ਇਕ ਵਾਰ ਜੇ ਚਿੰਤਨਸ਼ੀਲ ਮਨ ਪੁਰਾਣੀਆਂ ਧਾਰਨਾਵਾਂ ਦੇ ਬੁਣੇ ਭਰਮਜਾਲ ਤੋਂ ਮੁਕਤ ਹੋ ਜਾਏ ਤਾਂ ਉਹ ਮਨੁੱਖ ਦੀ ਅਮਲੀ ਤਾਕਤ ਬਣ ਜਾਂਦਾ ਹੈ। ਉਹ ਸਾਰੀਆਂ ਅਣਮਨੁੱਖੀ ਲੋੜਾਂ ਦੀਆਂ ਇਛਾਵਾਂ ਨੂੰ ਮਨ ਦੀ ਇੱਛਾ ਵਜੋਂ ਪੇਸ਼ ਕੀਤੇ ਜਾਣ ਦੀ ਭਟਕਣਾਂ ਵਿਚੋਂ ਬਾਹਰ ਨਿਕਲ ਕੇ, ਆਪਣੇ ਉਲਟ ਖੜ੍ਹੀ ਸੰਸਾਰ ਹਕੀਕਤ ਦੇ ਵਿਰੁਧ ਡਟ ਜਾਂਦਾ ਹੈ। ... ਉਚੀ ਪਧਰ ਦੀ ਆਤਮਿਕ ਆਜ਼ਾਦੀ ਵਿਕਸਿਤ ਕਰਨ ਲਈ ਜ਼ਰੂਰੀ ਹੈ ਕਿ ਇਕ ਸਮਾਜ (ਇਕ ਮਨੁੱਖ) ਆਪਣੀਆਂ ਸਰੀਰੀ ਲੋੜਾਂ ਦੇ ਬੰਧਨ ਨੂੰ ਤੋੜੇ। ਉਹ ਆਪਣੇ ਮਨ ਦੀਆਂ ਬੇਲੋੜੀਆਂ ਇੱਛਾਵਾਂ ਦੀ ਗੁਲਾਮੀ ਤੋਂ ਮੁਕਤ ਹੋਵੇ।”

‘ਆਪਣੇ ਸਰੀਰ ਦੀਆਂ ਸੀਮਤ ਪਦਾਰਥਕ ਤੇ ਜਜ਼ਬਾਤੀ ਲੋੜਾਂ ਦੀ ਸੁਚੇਤ ਪਛਾਣ ਅਤੇ ਉਹਨਾਂ ਦੀ ਸਮੂਹਿਕ ਪੂਰਤੀ ਹੀ ਮਨੁੱਖੀ ਆਜ਼ਾਦੀ ਦਾ ਭੇਤ ਹੈ।’ ਇਹੀ ਮਨੁੱਖੀ ਮੁਕਤੀ ਦਾ ਭੇਤ ਹੈ। ਇਹ ਮਨੁੱਖੀ ਚੇਤਨਾ ਦੀ ਪੱਧਰ ਉਤੇ ਵਾਪਰਿਆ ਇਨਕਲਾਬ ਹੈ। ਇਹੀ ਕਮਿਊਨਿਸਟ ਇਨਕਲਾਬ ਦੀ ਸ਼ੁਰੂਆਤ ਹੈ। ਰੂਸ ਦੇ ਇਨਕਲਾਬ ਦੇ ਨਾਲ ਜੇ ਮਨੁੱਖੀ ਚੇਤਨਾ ਦੀ ਪੱਧਰ ਉਤੇ ਇਹ ਇਨਕਲਾਬ ਵੀ ਵਾਪਰਿਆ ਹੁੰਦਾ ਤਾਂ ਅੱਜ ਮਨੁਖਤਾ ਮੌਜੂਦਾ ਗੰਭੀਰ ਸਮੱਸਿਆਵਾਂ ਨਾਲ ਜੂਝਣ ਦੀ ਬਜਾਇ ਬੜੇ ਉਚੇ ਸਮਾਜੀ ਪੱਧਰ ਉਤੇ ਪਹੁੰਚੀ ਹੁੰਦੀ। ਉਹ ਸਰਬਤ ਦੇ ਭਲੇ ਲਈ ਸਿਰਫ ਅਰਦਾਸ ਹੀ ਨਾ ਕਰ ਰਹੀ ਹੁੰਦੀ ਬਲਕਿ ਸਰਬਤ ਦੇ ਭਲੇ ਨੂੰ ਸਾਕਾਰ ਕਰ ਰਹੀ ਹੁੰਦੀ। ਰੂਸੀ ਇਨਕਲਾਬ ਦੇ ਆਗੂ ਲੈਨਿਨ ਜੇ ਮਾਰਕਸ ਦੀ ਵਿਕਸਿਤ ਕੀਤੀ ਇਸ ਭੌਤਿਕਵਾਦੀ ਫਿਲਾਸਫੀ ਨੂੰ ਕੇਂਦਰ ਵਿਚ ਰੱਖ ਕੇ ਸਮਾਜਵਾਦੀ ਸਮਾਜ ਦੀ ਸਿਰਜਣਾ ਕਰਨ ਦੇ ਰਾਹ ਪੈਂਦੇ ਤਾਂ ਅੱਜ ਹਾਲਾਤ ਬਿਲਕੁਲ ਵੱਖਰੇ ਹੁੰਦੇ। ਨਾ ਦੂਜੀ ਸੰਸਾਰ ਜੰਗ ਲਗਦੀ ਅਤੇ ਨਾ ਹੀ ਅੱਜ ਪੂੰਜੀਵਾਦ ਮਨੁੱਖਤਾ ਨੂੰ ਇਕ ਵਾਰ ਫਿਰ ਮੌਤ ਦੀ ਕਗਾਰ ਉਤੇ ਲਿਆ ਕੇ ਖੜ੍ਹਾ ਕਰ ਸਕਦਾ। ਨਾ ਹੀ ਅੱਜ ਰੂਸ ਯੂਕਰੇਨ ਦੀ ਜੰਗ ਹੁੰਦੀ।

# ਚੰਗੇ ਕਰਮ ਕਿਵੇਂ ਕਮਾਈਏ



ਦੇਵਿੰਦਰ ਕੌਰ ਧਾਲੀਵਾਲ
ਕੈਲੀਫੋਰਨੀਆ

ਦੁਨੀਆਂ ਬਹੁਤ ਅਜੀਬ ਹੈ, ਕਈ ਵਾਰ ਜੁੜਵਾ ਬੱਚਿਆਂ ਦੇ ਸੁਭਾਅ ਵੀ ਅਲੱਗ ਹੁੰਦੇ ਹਨ। ਮੇਰੀ ਇਕ ਦੋਸਤ ਕੋਲ ਦੋ ਜੁੜਵਾਂ ਧੀਆਂ ਹਨ-ਇਕ ਕੋਲ ਮਾਂ ਲਈ ਹਮਦਰਦੀ ਹੈ, ਦੂਜੀ ਕੋਲ ਨਹੀਂ। ਦੁਨੀਆਂ ਬੜੀ ਬਚਿੱਤਰ ਵੀ ਹੈ। ਜਿਹੜੇ ਮਾਂ-ਬਾਪ ਅੱਡੀ-ਚੋਟੀ ਦਾ ਜੋਰ ਲਾ ਕੇ ਬੱਚਿਆਂ ਨੂੰ ਉਚੀ ਪੜ੍ਹਾਈ ਕਰਾਉਂਦੇ ਹਨ, ਉਹੀ ਬੱਚੇ ਵਡੇ ਹੋ ਕੇ ਸਭ ਕੁਝ ਉਨ੍ਹਾਂ ਤੋਂ ਖੋਹ-ਖਿੰਝ ਕੇ ਸੜਕਾਂ ‘ਤੇ ਰੁਲਣ ਲਈ ਮਜਬੂਰ ਕਰ ਦਿੰਦੇ ਹਨ। ਬੇਘਰੇ ਲੋਕਾਂ ਨੂੰ ਹਮਦਰਦੀ ਰੱਖਣ ਵਾਲੀਆਂ ਸੰਸਥਾਵਾਂ ਸਹਾਰਾ ਦੇ ਰਹੀਆਂ ਹਨ। ਅਜੀਬ ਗੱਲ ਹੈ ਨਾ-ਕੋਈ ਕਿਸੇ ਅਕਾਸ਼ ਵਿਚ ਉਡਦੇ ਦੇਖਣਾ ਚਾਹੁੰਦਾ ਤੇ ਕੋਈ ਫਰਸ਼ ‘ਤੇ ਡਿਗੇ। ਸਭ ਹਮਦਰਦੀ ਦੀ ਗੱਲ ਹੈ। ਇਹੋ ਜਿਹੇ ਜਜ਼ਬਾਤ ਵਿਹੂਣੇ ਬੱਚਿਆਂ ਨੂੰ ਕੁਝ ਨਹੀਂ ਦੇਣਾ ਚਾਹੀਦਾ। ਬੇਘਰਿਆਂ ਨੂੰ ਵੀ ਉਨ੍ਹਾਂ ਸੰਸਥਾਵਾਂ ਨੂੰ ਆਪਣੇ ਬੱਚੇ ਸਮਝਣਾ ਚਾਹੀਦੈ, ਜੋ ਉਨ੍ਹਾਂ ਦੀ ਸੇਵਾ ਕਰਦੇ ਹਨ। ਉਨ੍ਹਾਂ ਦੇ ਸਭ-ਕੁਝ ’ਤੇ ਸੰਸਥਾਵਾਂ ਦਾ ਹੀ ਹੱਕ ਹੋਣਾ ਚਾਹੀਦਾ ਹੈ, ਬੱਚਿਆਂ ਦਾ ਨਹੀਂ। ਮੈਂ ਇਕ ਸੰਸਥਾ ਦੇ ਮੁਖੀ ਗੁਰਪ੍ਰੀਤ ਜੀ ਨੂੰ ਸੜਕ ’ਤੇ ਬੈਠੇ ਬੰਦੇ ਦੀ ਗਲੀ ਹੋਈ ਲੱਤ ਵਿਚੋਂ ਕੀੜੇ ਕੱਢਦੇ ਦੇਖਿਆ ਹੈ। ਧੰਨ ਹਨ ਇਹ ਲੋਕ, ਜੋ ਇਸ ਤਰ੍ਹਾਂ ਸੜਕਾਂ ਅਤੇ ਘਰਾਂ ‘ਚ ਨਜ਼ਰਬੰਦ ਕੀਤੇ ਲੋਕਾਂ ਨੂੰ ਰਿਹਾਅ ਕਰਾ ਕੇ ਨਵਾਂ ਜੀਵਨ ਦੇ ਰਹੇ ਹਨ। ਉਹ ਦੁਖੀਆਂ ਦਾ ਦਰਦੀ ਭਗਤ ਪੂਰਨ ਸਿੰਘ, ਜਿਸ ਨੇ ਕੋਹੜੀਆਂ ਨੂੰ ਵੀ ਗਲ ਨਾਲ ਲਾਇਆ, ਦਾ ਚਲਾਇਆ ਪਿੰਗਲਵਾੜਾ ਅੱਜ ਡਾ. ਇੰਦਰਜੀਤ ਕੌਰ ਦੀ ਨਿਗਰਾਨੀ ਹੇਠ ਚੱਲ ਰਿਹਾ ਹੈ। ਮਨੁੱਖਤਾ ਦੀ ਨਿਸ਼ਕਾਮ ਸੇਵਾ ਕਰਨ ਵਾਲਾ ਹੀ ਅਸਲੀ ਸੰਤ ਹੈ।

ਇਸੇ ਤਰ੍ਹਾਂ ਸਾਡੇ ਸ਼ਹਿਰ ਵਿਚ ਵੀ ਧਰਮੀ ਲੋਕ ਵੱਸਦੇ ਨੇ ਜੋ ਕਿੱਤੇ ਵਜੋਂ ਵੈਟਰਨਰੀ ਡਾਕਟਰ ਹਨ, ਉਨ੍ਹਾਂ ਦੇ ਆਪਣੇ ਹਸਪਤਾਲ ਹਨ ਜੋ ਬੇਜ਼ੁਬਾਨੇ ਕੁੱਤੇ-ਬਿੱਲੀਆਂ ਦਾ ਇਲਾਜ ਕਈ ਵਾਰ ਓਪਰੇਸ਼ਨ ਨਾਲ ਕਰਦੇ ਹਨ। ਬਾਹਰਲੇ ਮੁਲਕਾਂ ਵਿਚ ਇਨ੍ਹਾਂ ਜੀਵਾਂ ਦੀਆਂ ਬਿਮਾਰੀਆਂ ‘ਤੇ ਬੰਦਿਆਂ ਦੀਆਂ ਬਿਮਾਰੀਆਂ ਦੇ ਇਲਾਜ ਜਿੰਨਾ ਹੀ ਪੈਸਾ ਖਰਚ ਹੁੰਦਾ ਹੈ।

ਅਸੀਂ ਬੜੇ ਖੁਸ਼ਕਿਸਮਤ ਹਾਂ ਸਾਡੇ ਸ਼ਹਿਰ ਵਿਚ ਦੋ ਬੜੀਆਂ ਅੱਛੀਆਂ ਸ਼ਖ਼ਸੀਅਤਾਂ (ਵੈਟਰਨਰੀ ਡਾਕਟਰ) ਆਪਣੀਆਂ ਸੇਵਾਵਾਂ ਨਾਲ ਬੰਦੇ ਤਾਂ ਕੀ ਜਾਨਵਰਾਂ ਤੱਕ ਨੂੰ ਵੀ ਸੁੱਖ ਪਹੁੰਚਾ ਰਹੇ ਹਨ। ਉਹ ਹਨ ਸਾਡੇ ਸ਼ਹਿਰ ਦੇ ਸਤਿਕਾਰਯੋਗ ਡਾਕਟਰ ਜਗਪਾਲ ਸਿੰਘ ਦਿਓਲ ਜੀ ਤੇ ਬੀਬੀ ਡਾਕਟਰ ਜਸਵਿੰਦਰ ਕੌਰ ਜੀ। ਇਨ੍ਹਾਂ ਦੋਨਾਂ ਦੇ ਦਿਲ ਐਨੇ ਕੋਮਲ ਹਨ, ਮੈਨੂੰ ਗੱਲ ਕਰਨ ਤੋਂ ਬਾਅਦ ਪਤਾ ਲੱਗਾ।

ਡਾ. ਜਗਪਾਲ ਸਿੰਘ ਦਿਓਲ, ਜਿਨ੍ਹਾਂ ਨੂੰ ਮੈਂ ਪਹਿਲੀ ਵਾਰ ਫੋਨ ਕਰ ਕੇ ਆਪਣੀ ਕੈਂਸਰ ਨਾਲ ਪੀੜਤ ਗਵਾਂਢਣ ਦੇ ਕੁੱਤੇ ਦੇ ਇਲਾਜ ਬਾਰੇ ਪੁੱਛਿਆ ਤਾਂ ਉਹ ਆਪ ਛੁੱਟੀ ‘ਤੇ ਸ਼ਹਿਰ ਤੋਂ ਬਾਹਰ ਸਨ। ਉਨ੍ਹਾਂ ਬੜੇ ਹੀ ਪਿਆਰ-ਸਤਿਕਾਰ ਨਾਲ ਗੱਲ ਕੀਤੀ ਤੇ ਕਿਹਾ, ਜੀ ਤੁਸੀਂ ਕੁੱਤੇ ਨੂੰ ਮੇਰੀ ਕਲੀਨਿਕ ’ਚ ਲੈ ਜਾਓ। ਮੈਂ ਕਲੀਨਿਕ ਵਿਚ ਕੰਮ ਕਰਨ ਵਾਲੀਆਂ ਲੜਕੀਆਂ ਨੂੰ ਸਮਝਾ ਦਿਆਂਗਾ ਉਹ ਕੁੱਤੇ ਦਾ ਇਲਾਜ ਕਰ ਦੇਣਗੇ। ਬਿੱਲ ਦਾ ਫਿਕਰ ਨਾ ਕਰੋ। ਬਿੱਲ ਮੈਂ ਆਪੇ ਦੇ ਦਿਆਗਾਂ। ਕਲੀਨਿਕ ਵਿਚ ਉਨ੍ਹਾਂ ਕੁੱਤੇ ਦੇ ਐਕਸਰੇਅ ਲਏ, ਟੀਕੇ ਲਾਏ ਤੇ ਐਂਟੀਬਾਓਟਿਕ ਦਿੱਤੇ। ਕੁੱਤਾ ਇਕ ਬੇਜ਼ੁਬਾਨ ਆਤਮਾ ਹੈ। ਉਸ ਦੇ ਦਰਦ ਦਾ ਰੰਗ ਵੀ ਇਨਸਾਨ ਵਾਂਗ ਹੀ ਹੈ, ਬੇਸ਼ਕ ਉਹ ਬੋਲ ਕੇ ਨਹੀਂ ਦੱਸ ਸਕਦਾ। ਕੁੱਤੇ ਨੂੰ ਦਰਦ ਤੋਂ ਰਾਹਤ ਮਿਲੀ। ਇਹ ਇਕ ਬਹੁਤ ਹੀ ਚੰਗਾ ਕਰਮ ਡਾ. ਜਗਰੂਪ ਸਿੰਘ ਦਿਓਲ ਨੇ ਕਮਾਇਆ। ਇਸ ਤੋਂ ਵੱਡਾ ਪੁੰਨ ਦਾ ਕੰਮ ਹੋਰ ਕੀ ਹੋ ਸਕਦੈ। ਕਿਸੇ ਮਰਦੇ ਨੂੰ ਜ਼ਿੰਦਗੀ ਦੇਣਾ। ਮੈਂ ਡਾਕਟਰ ਦਿਓਲ ਸਾਹਿਬ ਜੀ ਦੀ ਇਸ ਸੇਵਾ ਲਈ ਤਹਿ ਦਿਲ ਤੋਂ ਰਿਣੀ ਹਾਂ।

ਮੇਰੀ ਗਵਾਂਢਣ ਕੋਲ ਦੋ ਕੁੱਤੇ ਹਨ ਪਰ ਉਨ੍ਹਾਂ ‘ਚੋਂ ਇਕ ਮਰ ਗਿਆ। ਉਸਦਾ ਇਕ ਦਿਨ ਸਵੇਰੇ ਫੋਨ ਆਇਆ ਉੱਚੀ-ਉੱਚੀ ਰੋਂਦੀ ਕਹਿੰਦੀ, ਮੇਰਾ ਕੁੱਤਾ ਮਰ ਗਿਆ। ਮੇਰਾ ਲੰਬੇ ਸਮੇਂ ਤੋਂ ਸਾਥੀ ਸੀ। ਕਹਿੰਦੀ ਮੇਰੇ ਕੋਲ ਤਾਂ ਸੰਸਕਾਰ ਕਰਨ ਲਈ ਵੀ ਪੈਸੇ ਨਹੀਂ। ਮੈਂ ਕੁੱਤਾ ਫ਼ਰੀਜਰ ‘ਚ ਰੱਖ ਦਿੱਤਾ ਹੈ। ਜਦੋਂ ਪੈਸੇ ਹੋਣਗੇ ਕੁੱਤੇ ਦਾ ਸੰਸਕਾਰ ਕਰ ਦਿਆਂਗੀ। ਮੈਂ ਡਾ. ਜਸਵਿੰਦਰ ਜੀ ਹੋਰਾਂ ਨੂੰ ਫੋਨ ਕਰ ਕੇ ਆਪਣੀ ਗਵਾਂਢਣ ਦੇ ਹਾਲਾਤ ਤੋਂ ਜਾਣੂ ਕਰਵਾਇਆ। ਉਸਨੂੰ ਸਿਰ ਵਿਚ ਕੈਂਸਰ ਹੈ। ਦਵਾਈ ਦੇ ਟੀਕੇ ਲਾ ਕੇ ਕਈ ਕਈ ਦਿਨ ਪਈ ਰਹਿੰਦੀ ਹੈ। ਉੱਠ ਨਹੀਂ ਸਕਦੀ, ਉਸ ਦੇ ਕੁੱਤੇ ਦੇ ਸੰਸਕਾਰ ਦਾ ਕਿੱਦਾਂ ਕੀਤਾ ਜਾਵੇ? ਡਾ. ਸਾਹਿਬਾ ਨੇ ਉਸੇ ਵਕਤ ਕਿਹਾ, ਮੇਰੇ ਹਸਪਤਾਲ ਦੇ ਕਾਊਂਟਰ ‘ਤੇ ਕੁੱਤੇ ਦੀ ਲਾਸ਼ ਬੈਗ ਵਿਚ ਪਾ ਕੇ ਛੱਡ ਦਿਓ, ਮੈਂ ਆਪੇ ਸੰਸਕਾਰ ਕਰਵਾ ਦਿਆਂਗੀ। ਮੇਰੇ ਵਲ਼ੋਂ ਸੇਵਾ ਹੈ।

ਸੋ ਪਾਠਕੋ ਚੰਗੇ ਧਰਮੀ ਬੰਦੇ ਅਜੇ ਵੀ ਇਸੇ ਧਰਤੀ ‘ਤੇ ਰਹਿੰਦੇ ਹਨ ਅਤੇ ਚੰਗੇ ਕਰਮ ਕਮਾ ਰਹੇ ਹਨ। ਦੋਹਾਂ ਡਾਕਟਰਾਂ ਦੀ ਮੈਂ ਬਹੁਤ ਤਹਿ ਦਿਲ ਤੋਂ ਰਿਣੀ ਹਾਂ ਜਿਨ੍ਹਾਂ ਨੇ ਇਕੋ ਫੋਨ ਕਾਲ ‘ਤੇ ਐਨਾ ਮਾਣ ਬਖ਼ਸ਼ਿਆ ਤੇ ਇਹ ਡਾਕਟਰ ਸਾਡੇ ਸ਼ਹਿਰ ਦੇ ਹੀਰੇ ਤੇ ਹੀਰੋ ਹਨ। ਸਾਨੂੰ ਇਨ੍ਹਾਂ ‘ਤੇ ਮਾਣ ਹੈ। ਸ਼ਾਲਾ ਇਨ੍ਹਾਂ ਦੇ ਹਸਪਤਾਲ ਦਿਨ-ਦੁੱਗਣੀ ਤਰੱਕੀ ਕਰਨ। ਇਨ੍ਹਾਂ ਤੋਂ ਪਹਿਲਾਂ ਡਾ. ਸਰਬਜੀਤ ਸਿੰਘ ਜੀ ਨੇ ਮੇਰੀ ਮੈਨੇਜਰ ਦੇ ਕੁੱਤੇ ਦਾ ਵੀ ਮੁਫਤ ਇਲਾਜ ਕੀਤਾ ਸੀ।

# ਵਿਚਾਰਧਾਰਕ ਪਾਕੀਜ਼ਗੀ ਅਤੇ ਕਲਾਤਮਿਕ ਆਜ਼ਾਦੀ ਦਾ ਪ੍ਰਤੀਕ ਜੀਨ ਲਾਕ ਗੋਦਾਰਦ



**ਡਾ. ਕੁਲਦੀਪ ਕੌਰ**
ਫੋਨ: +91-98554-04330

*ਜੀਨ ਲਾਕ ਗੋਦਾਰਦ ਦੀ ਫਿਲਮ 'ਬਰੈਥਲੈੱਸ' ਵਿਚ ਦੋ ਕਿਰਦਾਰ ਪੈਟਰੀਸ਼ੀਆ ਫਰੇਨਕਿਨੀ ਅਤੇ ਪਰਵਲੈਸਕੋ ਆਪਸ ਵਿਚ ਗੱਲਬਾਤ ਕਰ ਰਹੇ ਹਨ:*

*ਪੈਟਰੀਸ਼ੀਆ: ਤੇਰੀ ਸਭ ਤੋਂ ਵੱਡੀ ਇੱਛਾ ਕੀ ਹੈ?*


*ਪਰਵਲੈਸਕੋ: ਅਮਰ ਹੋਣਾ... ਫਿਰ ਮਰ ਜਾਣਾ।*


*ਪੈਟਰੀਸ਼ੀਆ: ਮੈਨੂੰ ਸਮਝ ਨਹੀਂ ਆ ਰਹੀ ਕਿ ਮੈਂ ਆਜ਼ਾਦ ਹੋਣ ਕਰ ਕੇ ਉਦਾਸ ਹਾਂ, ਜਾਂ ਇਸ ਲਈ ਆਜ਼ਾਦ ਨਹੀਂ ਹਾਂ ਕਿਉਂਕਿ ਮੈਂ ਉਦਾਸ ਹਾਂ।*

*ਪੈਟਰੀਸੀਅ: ਤੇਰੀ ਆਖਰੀ ਸਤਰ ਖੂਬਸੂਰਤ ਹੈ- 'ਦੁੱਖ' ਅਤੇ 'ਕੁਝ ਵੀ ਨਹੀਂ' ਵਿਚੋਂ ਇਕ ਚੁਣਨਾ ਪਵੇ ਤਾਂ ਮੈਂ 'ਦੁੱਖ' ਚੁਣਾਂਗੀ।*

*ਤੇ ਤੁਸੀਂ??*






*ਫਿਲਮਸਾਜ਼ ਜੀਨ ਲਾਕ ਗੋਦਾਰਦ ਅਤੇ ਫਿਲਮ 'ਬਰੈਥਲੈੱਸ' ਤੇ 'ਕਨਟੈਂਪਟ' ਦੇ ਪੋਸਟਰ।*





*ਫਿਲਮ ਬਣਾਉਂਦਿਆਂ ਫਿਲਮਸਾਜ਼ ਜੀਨ ਲਾਕ ਗੋਦਾਰਦ ਅਤੇ (ਸੱਜੇ) ਚੜ੍ਹਦੀ ਉਮਰੇ ਫਿਲਮਸਾਜ਼ ਜੀਨ ਲਾਕ ਗੋਦਾਰਦ।*

ਜੀਨ ਲਾਕ ਗੋਦਾਰਦ (3 ਦਸੰਬਰ 1930-13 ਸਤੰਬਰ 2022) ਨੇ ਵੀ ਜ਼ਿੰਦਗੀ ਵਿਚ ਅਜਿਹੀਆਂ ਫਿਲਮਾਂ ਬਣਾਉਣ ਦਾ 'ਦੁੱਖ' ਚੁਣਿਆ ਜਿਸ ਨੇ ਉਸ ਨੂੰ ਜ਼ਿੰਦਗੀ ਦੇ 'ਕੁੱਝ ਵੀ ਨਹੀਂ' ਦੇ ਖਲਾਅ ਤੋਂ ਉਭਰਾ ਕੇ ਫਰਾਂਸ ਅਤੇ ਸੰਸਾਰ ਦੇ ਸਿਨੇਮੇ ਨੂੰ ਨਵੀਂ ਰੌਸ਼ਨੀ ਵੱਲ ਮੋੜਿਆ। ਇਹ ਰੋਸ਼ਨੀ ਵਿਚਾਰਾਂ ਦੇ ਟਕਰਾਉ ਅਤੇ ਸਿਨੇਮਈ ਭਾਸ਼ਾ ਦੀਆਂ ਪੇਚੀਦਗੀਆਂ ਲਈ ਨਵਾਂ ਕੈਨਵਸ ਘੜਨ ਦੀ ਜਦੋ-ਜਹਿਦ ਵਿਚੋਂ ਨਿਕਲਦੀ ਹੈ। ਉਸ ਦੀਆਂ ਫਿਲਮਾਂ ਨੂੰ 'ਬੋਧਿਕ ਲਿਖਤਾਂ' ਮੰਨਿਆ ਜਾਂਦਾ ਹੈ।

ਆਪਣੀ ਪਹਿਲੀ ਹੀ ਫਿਲਮ 'ਬਰੈਥਲੈੱਸ' ਜਿਸ ਦੀ ਕਹਾਣੀ ਉਸ ਦੇ ਸਮਕਾਲੀ ਫਿਲਮਸਾਜ਼ ਫਰੈਨਕਿਸ ਟਰੂਫੌਟ ਨੇ ਲਿਖੀ ਸੀ, ਰਾਹੀਂ ਉਸ ਨੇ ਸਿਨੇਮਾ, ਚਿੱਤਰਕਾਰੀ, ਕਵਿਤਾ ਅਤੇ ਦਾਰਸ਼ਨਿਕ ਬਿਰਤਾਂਤ ਨੂੰ ਆਪਸ ਵਿਚ ਇੰਨੀ ਬੁਰੀ ਤਰ੍ਹਾਂ ਰਲਗੱਡ ਕਰ ਦਿੱਤਾ ਕਿ ਇਨਸਾਨੀ ਜਾਮੇ ਦੀਆਂ ਰਮਜ਼ਾਂ ਪਰਤ-ਦਰ-ਪਰਤ ਖੁੱਲ੍ਹਣੀਆਂ ਸ਼ੁਰੂ ਹੋ ਗਈਆਂ। ਉਸ ਨੇ ਆਪਣੀ ਪਹਿਲੀ ਹੀ ਫਿਲਮ ਬਿਨਾ ਕਿਸੇ ਪਟਕਥਾ ਤੋਂ ਬਣਾਈ, ਪੂਰੀ ਰਾਤ ਜਾਗਦਿਆਂ ਡਾਇਲਾਗ ਕਾਗਜ਼ 'ਤੇ ਝਰੀਟੇ, ਦ੍ਰਿਸ਼ਾਂ ਵਿਚ ਅਦਾਕਾਰਾਂ ਨੂੰ ਬਾਹਰਲੇ ਤੇ ਅੰਦਰਲੇ ਜਜ਼ਬਾਤ ਨਾਲ ਘੁਲਣ ਦਾ ਪੂਰਾ ਮੌਕਾ ਦਿੱਤਾ ਤੇ ਨਿਰਦੇਸ਼ਕ ਵਜੋਂ ਆਪਣੀ ਆਲਟਰ ਈਗੋ ਨੂੰ ਪਰਦੇ 'ਤੇ ਬੇਚੈਨ, ਬੇਕਸ ਤੇ ਤੜਫਣ ਲਈ ਛੱਡ ਦਿਤਾ। ਉਸ ਦੀਆਂ ਫਿਲਮਾਂ ਦੇ ਕਿਰਦਾਰ ਆਪਹੁਦਰੇ ਹਨ, ਅਚਾਨਕ ਫੈਸਲੇ ਕਰਦੇ ਹਨ, ਮੌਕੇ ਦੇ ਵਹਾਅ ਵਿਚ ਰੁੜ੍ਹ ਜਾਂਦੇ ਹਨ ਅਤੇ ਅਕਸਰ ਦੂਜਿਆਂ ਦੀ ਦਿਖਾਈ ਅਸਲੀਅਤ ਵਿਚੋਂ ਅਸਲ ਸੱਚ ਨਿਤਾਰਨ ਤੋਂ ਖੁੰਝ ਜਾਂਦੇ ਹਨ।

ਉਸ ਦਾ ਸਿਨੇਮਾ ਇਕੋ ਸਮੇਂ ਦਾਰਸ਼ਨਿਕਤਾ, ਵਿਚਾਰਧਾਰਾ ਤੇ ਆਦਰਸ਼ਾਂ ਦੇ ਉੱਚ-ਮੁਹਾਣਿਆਂ ਨਾਲ ਟਕਰਾਉਂਦਾ ਤੇ ਲਹੂ-ਲੁਹਾਣ ਹੁੰਦਾ ਹੈ। ਇਸ ਦਾ ਇਕ ਕਾਰਨ ਉਸ ਦੇ ਆਲੇ-ਦੁਆਲੇ ਖਤਰਨਾਕ ਤੇਜ਼ੀ ਨਾਲ ਵਾਪਰ ਰਹੀਆਂ ਸਿਆਸੀ, ਆਰਥਿਕ, ਸਮਾਜਿਕ, ਧਾਰਮਿਕ ਘਟਨਾਵਾਂ ਸਨ; ਦੂਜਾ ਕਾਰਨ ਉਸ ਉਪਰ ਪ੍ਰਸਿੱਧ ਭੂ-ਵਿਗਿਆਨੀ ਅਤੇ ਮਾਨਵ ਵਿਗਿਆਨੀ ਜੀਨ ਰੌਚ ਦਾ ਡੂੰਘਾ ਅਤੇ ਤਿਖੇਰਾ ਪ੍ਰਭਾਵ ਸੀ। ਯਾਦ ਰਹੇ, ਜੀਨ ਰੌਚ ਨੇ ਆਪਣੀ ਦਸਤਾਵੇਜ਼ੀ ਫਿਲਮ 'ਸਿਨੇਮਾ ਵਰਇਟੇ' (ਸਿਨੇਮਾ ਦਾ ਸੱਚ) ਵਿਚੋਂ ਦ੍ਰਿਸ਼ ਫਿਲਮਾਂਕਣ ਅਤੇ ਦ੍ਰਿਸ਼ਾਂ ਦੀ ਸੰਪਾਦਨਾ ਦੇ ਪ੍ਰੰਪਰਾਗਤ ਢੰਗਾਂ ਨੂੰ ਰੱਦ ਕਰ ਦਿੱਤਾ ਸੀ।

ਗੋਦਾਰਦ ਦਾ ਸਿਨੇਮਾ 'ਹੋਂਦ ਦੇ ਦਵੰਦਾਂ' ਦੀ ਬਾਰੀਕ ਫਿਲਮਸਾਜ਼ੀ ਦਾ ਸਿਨੇਮਾ ਹੈ। ਉਸ ਦੀ ਕਲਾ 'ਇਕ ਇਨਸਾਨ ਕੁਝ ਵੀ ਨਹੀਂ ਜਾਣ ਸਕਦਾ, ਖਾਸ ਤੌਰ 'ਤੇ ਖੁਦ ਦੇ ਜੀਵਨ ਬਾਰੇ ਜਾਣਨ ਤੋਂ ਬਿਨਾ ਪਰ ਖੁਦ ਤੋਂ ਬਿਨਾ ਇਨਸਾਨ ਕੋਲ ਹੋਰ ਕੁਝ ਹੈ ਵੀ ਨਹੀਂ' ਤੋਂ ਸ਼ੁਰੂ ਹੋ ਕੇ 'ਹੋਣ ਦੀਆਂ ਸਾਰੀਆਂ ਸੰਭਾਵਨਾਵਾਂ' ਦੀ ਕਲੀਨੀਕਲ ਸਟੱਡੀ ਕਰਨ ਦੀ ਕਲਾ ਹੈ। ਉਸ ਦੀ 1963 ਵਿਚ ਬਣੀ ਫਿਲਮ 'ਲੀ ਮੀਪਰਸ' (ਕਨਟੈਂਪਟ) ਇਟਲੀ ਦੇ ਪ੍ਰਸਿੱਧ ਨਾਵਲਕਾਰ ਅਲਬਰਟੋ ਮੋਰਾਵਿਆ ਦੇ ਨਾਵਲ 'ਤੇ ਆਧਾਰਿਤ ਹੈ। ਇਹ ਫਿਲਮ ਇਸ ਲਈ ਬੇਹੱਦ ਖ਼ਾਸ ਹੈ ਕਿਉਂਕਿ ਉਹ ਸਿਨੇਮਾ ਦੇ ਪ੍ਰੰਪਰਾਗਤ ਫਿਲਮਾਂਕਣ ਅਤੇ ਸੰਪਾਦਕੀ ਤਕਨੀਕਾਂ ਤੇ ਢੰਗਾਂ ਨੂੰ ਉਕਾ ਹੀ ਰੱਦ ਕਰਦਿਆਂ ਇਸ ਨੂੰ ਸਿਆਸੀ ਤਿਕੜਮਬਾਜ਼ੀ, ਕਲਾ ਦੇ ਬਾਜ਼ਾਰੀਕਰਨ ਅਤੇ 'ਡੀਕੰਸਟਰੱਕਸ਼ਨ ਗੇਜ਼' ਨੂੰ ਪੱਕੇ ਪੈਰੀਂ ਕਰਨ ਲਈ ਵਰਤਦਾ ਹੈ। ਇਸ ਫਿਲਮ ਦੇ ਰਿਲੀਜ਼ ਹੁੰਦਿਆਂ ਹੀ ਇਸ ਦੀ ਆਲੋਚਨਾ ਸ਼ੁਰੂ ਹੋ ਗਈ। ਆਲੋਚਕਾਂ ਅਨੁਸਾਰ ਫਿਲਮ, ਸਿਨੇਮਾ ਬਣਾਉਣ ਅਤੇ ਸੋਚਣ ਦੇ ਢੰਗਾਂ ਬਾਰੇ ਬਹੁਤ ਗੰਭੀਰ ਹੈ ਪਰ ਬੇਦਰਦ ਤਰੀਕੇ ਨਾਲ ਨਫ਼ਰਤ ਦੀ ਹੱਦ ਤੱਕ ਵਿਅੰਗਾਤਮਿਕ ਹੈ ਜਿਸ ਕਰਕੇ ਦਰਸ਼ਕਾਂ ਦੇ ਦਿਮਾਗ ਅੰਦਰ ਵਿਚਾਰਾਂ ਦਾ ਘਮਸਾਣ ਮੱਚ ਜਾਂਦਾ ਹੈ।

ਇਸ ਫਿਲਮ ਨੂੰ ਕੁਝ ਦਰਸ਼ਕਾਂ ਨੇ ਹੋਮਰ ਦੀ 'ਉਡੀਸੀ' ਦੀ ਪੁਨਰ-ਸਿਰਜਣਾ ਦਾ ਨਾਮ ਵੀ ਦਿੱਤਾ ਪਰ ਗੋਦਾਰਦ ਅਨੁਸਾਰ, ਇਹ ਫਿਲਮ ਕਲਟ ਦੇ ਵਪਾਰੀਕਰਨ ਨੂੰ ਖਾਰਜ ਕਰਨ ਅਤੇ ਕਲਾਤਮਿਕਤਾ ਨੂੰ ਬਚਾਈ ਰੱਖਣ ਦੀ ਜ਼ਿੱਦ ਹੈ। ਇਸ ਦਲੀਲ ਨੂੰ ਇੰਦਾਂ ਵੀ ਸਮਝਿਆ ਜਾ ਸਕਦਾ ਹੈ ਕਿ ਇਸ ਫਿਲਮ ਵਿਚ ਮੁੱਖ ਭੂਮਿਕਾ ਨਿਭਾ ਰਹੀ ਅਭਿਨੇਤਰੀ ਬਰਾਂਜਿਟ ਬਾਰਦੋ ਉਸ ਸਮੇਂ ਗਲੈਮਰ ਦੀ ਦੁਨੀਆ ਦੀ ਸਿਖਰ 'ਤੇ ਸੀ। ਫਿਲਮ ਰਿਲੀਜ਼ ਹੋਣ ਤੋਂ ਬਾਅਦ ਕਿਸੇ ਨੇ ਗੋਦਾਰਦ ਨੂੰ ਪੁੱਛਿਆ ਕਿ ਉਹਨੇ ਇੰਨੀ ਮਸ਼ਹੂਰ ਅਭਿਨੇਤਰੀ ਤੋਂ ਆਪਣੀ ਫਿਲਮ ਵਿਚ 'ਨਿਊਡ ਸੀਨ' ਕਿਉਂ ਨਹੀਂ ਕਰਵਾਇਆ ਤਾਂ ਉਸ ਦਾ ਜਵਾਬ ਸੀ ਕਿ ਸ਼ਾਇਦ ਤੁਸੀਂ ਫਿਲਮ ਵਿਚ ਇਸ ਵਿਆਹੇ ਜੋੜੇ ਦੀ ਉਹ ਗੱਲਬਾਤ ਨਹੀਂ ਸੁਣੀ ਜਿਸ ਵਿਚ ਅਭਿਨੇਤਰੀ ਆਪਣੇ ਪਤੀ ਤੋਂ ਸਵਾਲ ਪੁੱਛਦੀ ਹੈ: 'ਤੈਨੂੰ ਮੇਰੇ ਸਰੀਰ ਦੇ ਕਿਹੜੇ-ਕਿਹੜੇ ਅੰਗ ਪਸੰਦ ਹਨ।' ਗੋਦਾਰਦ ਇਕ ਸੈਕਸ-ਦ੍ਰਿਸ਼ ਨੂੰ 'ਸਰੀਰ ਬਾਰੇ ਅਸੁਰੱਖਿਅਤ ਮਹਿਸੂਸ ਕਰਨ' ਦੀ ਮਾਨਸਿਕ ਗੁੰਝਲ ਵਿਚ ਤਬਦੀਲ ਕਰ ਦਿੰਦਾ ਹੈ। ਇਸ ਦੇ ਨਾਲ ਹੀ ਉਨ੍ਹਾਂ ਦੇ ਵਿਆਹ ਸਬੰਧਾਂ ਵਿਚ ਆ ਰਹੀਆਂ ਤ੍ਰੇੜਾਂ ਹੋਰ ਪ੍ਰਤੱਖ ਹੋ ਉਠਦੀਆਂ ਹਨ।

ਇਸੇ ਤਰ੍ਹਾਂ ਉਹ ਇਸ ਫਿਲਮ ਵਿਚ ਫਿਲਮ ਨਿਰਦੇਸ਼ਕ ਦੀ ਭੂਮਿਕਾ ਨਿਭਾ ਰਹੇ ਪ੍ਰਸਿੱਧ ਫਿਲਮਸਾਜ਼ ਫਰਿਟਜ਼ ਲੈਂਗ ਨੂੰ ਫਿਲਮ ਦੇ ਦ੍ਰਿਸ਼ਾਂ ਵਿਚਕਾਰ ਹੀ ਇਹ ਸਮਝਾਉਂਦਾ ਹੈ ਕਿ 'ਸਿਨੇਮਾਸਕੋਪ' ਫਿਲਮਾਂਕਣ ਦੀ ਤਕਨੀਕ 'ਕੱਫਣਾਂ ਅਤੇ ਸੱਪਾਂ ਲਈ ਤਾਂ ਕਾਰਗਰ ਹੋ ਸਕਦੀ ਹੈ, ਆਮ ਜਨਤਾ ਲਈ ਨਹੀਂ'।

ਗੋਦਾਰਦ ਇਨਸਾਨ ਅਤੇ ਫਿਲਮਸਾਜ਼ ਵਜੋਂ ਗੁੰਝਲਦਾਰ ਹੈ। ਇਕੋ ਸਮੇਂ ਜਿੱਥੇ ਫਿਲਮ 'ਕੰਨਟੈਂਪਟ' ਵਿਚ ਉਹ ਸਿਨੇਮਾ ਬਣਾਉਣ ਦੀਆਂ ਵਿਧੀਆਂ ਅਤੇ ਤਕਨੀਕਾਂ ਦੀਆਂ ਧੱਜੀਆਂ ਉਡਾ ਰਿਹਾ ਹੈ; ਦੂਜੇ ਪਾਸੇ ਸਿਨੇਮਾ ਦੇ ਇਤਿਹਾਸ ਨੂੰ ਸਮਝਣ ਦਾ ਮਹੱਤਵਪੂਰਨ ਕੰਮ 'ਹਿਸਟਰੀ (ਜ) ਡੂ ਸਿਨੇਮਾ' ਲਈ ਦਿਨ-ਰਾਤ ਯਤਨਸ਼ੀਲ ਹੈ।

ਸਿਨੇਮਾ ਬਣਾਉਣ ਦੀ ਸਿਆਸਤ ਜਿੰਨੇ ਖੂਬਸੂਰਤ ਤਰੀਕੇ ਨਾਲ ਗੋਦਾਰਦ ਦੀਆਂ ਫਿਲਮਾਂ ਵਿਚੋਂ ਨਜ਼ਰੀਂ ਪੈਂਦੀ ਹੈ, ਉਹ ਉਸ ਦੀ ਕਲਾਤਮਿਕ ਅਤੇ ਆਪਣੇ ਸਮੇਂ ਦੀਆਂ ਸਿਆਸੀ, ਸਮਾਜਿਕ ਲੜਾਈਆਂ ਨਾਲ ਰਿਸ਼ਤੇ ਦੀ ਪਾਕੀਜ਼ਗੀ ਵਿਚੋਂ ਨਿਕਲਦੀ ਹੈ। ਉਸ ਦੀ ਫਿਲਮ 'ਐਲਫਾਵਿਲੇ' ਉਸ ਸਰਕਾਰੀ-ਤੰਤਰ ਦੇ ਆਲੇ-ਦੁਆਲੇ ਘੁੰਮਦੀ ਹੈ ਜਿਸ ਵਿਚ ਸਰਕਾਰਾਂ ਆਪਣੇ ਨਾਗਰਿਕਾਂ ਦੀ ਪਛਾਣ, ਤਕਨੀਕ ਦੀ ਸਹਾਇਤਾ ਨਾਲ ਖ਼ਤਮ ਕਰਨ 'ਤੇ ਉਤਾਰੂ ਹਨ। ਉਸ ਦੀ ਇਕ ਹੋਰ ਸਿਆਸੀ ਫਿਲਮ 'ਮੇਡ ਇਨ ਯੂ.ਐਸ.ਏ.' ਸਿਆਸੀ ਕਤਲਾਂ ਦੀਆਂ ਸਾਜ਼ਿਸ਼ਾਂ ਅਤੇ ਉਨ੍ਹਾਂ ਪਿੱਛੇ ਕੰਮ ਕਰਦੇ ਪਿਆਦਿਆਂ ਨੂੰ ਫੋਕਸ ਵਿਚ ਲਿਆਉਂਦੀ ਹੈ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਦੇ ਫਰਾਂਸ ਦਾ ਉਲਝਿਆ ਆਰਥਿਕ ਢਾਂਚਾ ਅਤੇ ਇਸ ਵਿਚ ਜੀਅ ਰਹੇ ਫਰਾਂਸ ਦੇ ਲੋਕਾਂ ਵੱਲੋਂ ਉਸ ਸਮੇਂ ਕੀਤੇ ਵਿਰੋਧ ਅਤੇ ਧਰਨਿਆਂ ਵਿਚ ਉਹ ਜਾਣਿਆ-ਪਛਾਣਿਆ ਚਿਹਰਾ ਰਿਹਾ।

1970 ਵਿਚ ਬਣਾਈ ਉਸ ਦੀ ਫਿਲਮ 'ਹੇਅਰ ਐਂਡ ਐਲਸਵੇਅਰ' ਵਿਚ ਉਹ ਪਿਕਾਸੋ ਦੁਆਰਾ ਬਣਾਈ ਕ੍ਰਿਤ 'ਗੁਰਨਿਕਾ' ਦੀ ਗੱਲ ਕਰਦਾ ਹੈ। ਫਿਲਮਾਂ ਤੋਂ ਬਾਹਰ ਉਸ ਦੀ ਪ੍ਰਸਿੱਧ ਚਿੰਤਕ ਐਡਨਰੋ ਨਾਲ ਕੀਤੀ ਬਹਿਸ ਵਿਚ ਉਹ ਦ੍ਰਿਸ਼ ਅਤੇ ਸ਼ਬਦਾਂ ਦੀ ਮਨੁੱਖੀ ਭਾਵਾਂ ਨੂੰ ਪ੍ਰਗਟਾਉਣ ਦੀਆਂ ਸਮਰੱਥਾਵਾਂ ਤੇ ਸੰਭਾਵਨਾਵਾਂ ਦੀ ਗੱਲ ਅੱਗੇ ਤੋਰਦਾ ਹੈ। ਫਿਲਮ 'ਲਾ ਚਿਨਨਾਉਂਸ' ਵਿਚ ਉਹ ਸੁਹਜ ਦੀਆਂ ਧਾਰਨਾਵਾਂ 'ਤੇ ਟੇਢੇ ਦਾਅ ਕੱਟ ਮਾਰਦਾ ਹੈ ਅਤੇ 'ਪ੍ਰਤੀਕਿਰਿਆਵਾਦੀ' ਕਲਾਕਾਰਾਂ ਤੇ ਚਿੰਤਕਾਂ ਅਤੇ 'ਕ੍ਰਾਂਤੀਕਾਰੀ' ਕਲਾਕਾਰਾਂ ਤੇ ਚਿੰਤਕਾਂ ਵਿਚਕਾਰ ਸਿੱਧੀ ਲਕੀਰ ਖਿੱਚ ਦਿੰਦਾ ਹੈ।

ਜਿੱਥੇ ਫਰਾਂਸ ਦੇ ਸਿਨੇਮਾ ਅਤੇ ਕਲਾ ਵਿਚੋਂ ਪ੍ਰਸਿੱਧ ਦਾਰਸ਼ਨਿਕਾਂ ਦੀ ਦੇਣ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ, ਗੋਦਾਰਦ ਦੀਆਂ ਫਿਲਮਾਂ ਵਿਚੋਂ ਜੀਨ ਪਾਲ ਸਾਰਤਰ, ਬ੍ਰਿਟੋਨ, ਅਲਥੂਸਰ ਤੇ ਵਾਲਟਰ ਬੈਂਜਾਮਿਨ ਨੂੰ ਸਾਫ਼ ਪੜ੍ਹਿਆ ਜਾ ਸਕਦਾ ਹੈ। ਉਸ ਦਾ ਸਿਨੇਮਾ 'ਆਪਣੀ' ਧਿਰ ਨਾਲ ਖੜ੍ਹਨ ਦਾ ਸਿਨੇਮਾ ਹੈ। ਆਪਣੀਆਂ ਫਿਲਮਾਂ 'ਗੁੱਡਬਾਏ ਟੂ ਲੈਂਨਗਜ਼', 'ਵੀਕ ਐਂਡ', 'ਮਸਕੁਲੀਨ ਫੈਮੁਨਿਨ', 'ਇਮੇਜ', 'ਬੈਂਡ ਆਫ ਆਊਟਸਾਈਡਰਜ਼', 'ਟੂ ਆਰ ਥ੍ਰੀ ਥਿੰਗਜ਼', 'ਏ ਵਿਮੈਨ ਇਜ਼ ਏ ਵਿਮੈਨ', 'ਫਾਰ ਐਵਰ ਮੋਜ਼ਾਰਟ', 'ਐਵਰੀਮੈਨ ਫਾਰ ਹਿਮ', 'ਜਸਟ ਗ੍ਰੇਟ', 'ਡਿਟੈਕਟਿਵ', 'ਕੀਪ ਯੂਅਰ ਰਾਈਟ ਅੱਪ' ਆਦਿ ਅਤੇ ਆਪਣੀਆਂ ਫਿਲਮਾਂ ਤੋਂ ਬਾਹਰ ਉਹ ਚਾਹੇ 'ਗੂਚੇ ਪ੍ਰੋਲੋਤਾਰੀਅਨ' ਨਾਮੀ ਮਾਓਵਾਦੀ ਪਾਰਟੀ ਲਈ ਉਸ ਦੇ ਲਿਖੇ ਲੇਖ ਹੋਣ, ਭਾਵੇਂ ਮੈਂਗਜ਼ੀਨ 'ਲਿਬਰੇਸ਼ਨ' ਨੂੰ ਖੜ੍ਹਾ ਕਰਨ ਵਿਚ ਨਿਭਾਈ ਭੂਮਿਕਾ ਹੋਵੇ, ਭਾਵੇਂ ਚਿੱਲੀ ਤੇ ਵੀਅਤਨਾਮ ਵਰਗੇ ਮੁਲਕਾਂ ਵਿਰੁੱਧ ਸਾਮਰਾਜਵਾਦੀ ਤਾਕਤਾਂ ਦੇ ਨਾਪਾਕ ਇਰਾਦਿਆਂ ਦਾ ਵਿਰੋਧ ਹੋਵੇ, ਗੋਦਾਰਦ ਆਪਣੀ ਕਲਾ, ਸੁਹਜ, ਸਮਾਜਿਕ ਇਮਾਨਦਾਰੀ ਅਤੇ ਸਿਆਸੀ ਵਿਚਾਰਧਾਰਕ ਨਜ਼ਰੀਏ ਉਤੇ ਖਰਾ ਉਤਰਦਾ ਹੈ।

ਉਸ ਅਨੁਸਾਰ, "ਮੈਂ ਸ਼ਬਦਾਂ ਦਾ ਚਿੱਤਰਕਾਰ ਹਾਂ। ਮੈਂ ਸਾਰਾ ਕੁਝ ਸਹੇਜਣਾ ਚਾਹੁੰਦਾ ਹਾਂ, ਮੈਂ ਸਾਰਾ ਕੁਝ ਆਪਸ ਵਿਚ ਰਲਗੱਡ ਕਰਨਾ ਚਾਹੁੰਦਾ ਹਾਂ ਅਤੇ ਮੈਂ ਸਾਰਾ ਕੁਝ ਕਹਿ ਦੇਣਾ ਚਾਹੁੰਦਾ ਹਾਂ।" ਉਸ ਦੇ ਕਹੇ ਅਨੁਸਾਰ ਹੀ 'ਅਮਰ ਹੋ ਜਾਣਾ ਤੇ ਮਰ ਜਾਣਾ' ਉਸ ਦੀ ਜ਼ਿੰਦਗੀ ਦਾ ਸਮਅਰਥੀ ਹੋ ਨਿਬੜਿਆ।

*ਜਿੱਥੇ ਫਰਾਂਸ ਦੇ ਸਿਨੇਮਾ ਅਤੇ ਕਲਾ ਵਿਚੋਂ ਪ੍ਰਸਿੱਧ ਦਾਰਸ਼ਨਿਕਾਂ ਦੀ ਦੇਣ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ, ਗੋਦਾਰਦ ਦੀਆਂ ਫਿਲਮਾਂ ਵਿਚੋਂ ਜੀਨ ਪਾਲ ਸਾਰਤਰ, ਬ੍ਰਿਟੋਨ, ਅਲਥੂਸਰ ਤੇ ਵਾਲਟਰ ਬੈਂਜਾਮਿਨ ਨੂੰ ਸਾਫ਼ ਪੜ੍ਹਿਆ ਜਾ ਸਕਦਾ ਹੈ। ਉਸ ਦਾ ਸਿਨੇਮਾ 'ਆਪਣੀ' ਧਿਰ ਨਾਲ ਖੜ੍ਹਨ ਦਾ ਸਿਨੇਮਾ ਹੈ। ਆਪਣੀਆਂ ਫਿਲਮਾਂ 'ਗੁੱਡਬਾਏ ਟੂ ਲੈਨਗਜ਼', 'ਵੀਕ ਐਂਡ', 'ਮਸਕੁਲੀਨ ਫੈਮੁਨਿਨ', 'ਇਮੇਜ', 'ਬੈਂਡ ਆਫ ਆਊਟਸਾਈਡਰਜ਼', 'ਟੂ ਆਰ ਥ੍ਰੀ ਥਿੰਗਜ਼', 'ਏ ਵਿਮੈਨ ਇਜ਼ ਏ ਵਿਮੈਨ', 'ਫਾਰ ਐਵਰ ਮੋਜ਼ਾਰਟ', 'ਐਵਰੀਮੈਨ ਫਾਰ ਹਿਮ', 'ਜਸਟ ਗ੍ਰੇਟ', 'ਡਿਟੈਕਟਿਵ', 'ਕੀਪ ਯੂਅਰ ਰਾਈਟ ਅੱਪ' ਆਦਿ ਅਤੇ ਆਪਣੀਆਂ ਫਿਲਮਾਂ ਤੋਂ ਬਾਹਰ ਉਹ ਚਾਹੇ 'ਗੂਚੇ ਪ੍ਰੋਲੋਤਾਰੀਅਨ' ਨਾਮੀ ਮਾਓਵਾਦੀ ਪਾਰਟੀ ਲਈ ਉਸ ਦੇ ਲਿਖੇ ਲੇਖ ਹੋਣ, ਭਾਵੇਂ ਮੈਂਗਜ਼ੀਨ 'ਲਿਬਰੇਸ਼ਨ' ਨੂੰ ਖੜ੍ਹਾ ਕਰਨ ਵਿਚ ਨਿਭਾਈ ਭੂਮਿਕਾ ਹੋਵੇ, ਭਾਵੇਂ ਚਿੱਲੀ ਤੇ ਵੀਅਤਨਾਮ ਵਰਗੇ ਮੁਲਕਾਂ ਵਿਰੁੱਧ ਸਾਮਰਾਜਵਾਦੀ ਤਾਕਤਾਂ ਦੇ ਨਾਪਾਕ ਇਰਾਦਿਆਂ ਦਾ ਵਿਰੋਧ ਹੋਵੇ, ਗੋਦਾਰਦ ਆਪਣੀ ਕਲਾ, ਸੁਹਜ, ਸਮਾਜਿਕ ਇਮਾਨਦਾਰੀ ਅਤੇ ਸਿਆਸੀ ਵਿਚਾਰਧਾਰਕ ਨਜ਼ਰੀਏ ਉਤੇ ਖਰਾ ਉਤਰਦਾ ਹੈ। ਉਸ ਅਨੁਸਾਰ, "ਮੈਂ ਸ਼ਬਦਾਂ ਦਾ ਚਿੱਤਰਕਾਰ ਹਾਂ। ਮੈਂ ਸਾਰਾ ਕੁਝ ਸਹੇਜਣਾ ਚਾਹੁੰਦਾ ਹਾਂ, ਮੈਂ ਸਾਰਾ ਕੁਝ ਆਪਸ ਵਿਚ ਰਲਗੱਡ ਕਰਨਾ ਚਾਹੁੰਦਾ ਹਾਂ ਅਤੇ ਮੈਂ ਸਾਰਾ ਕੁਝ ਕਹਿ ਦੇਣਾ ਚਾਹੁੰਦਾ ਹਾਂ।" ਉਸ ਦੇ ਕਹੇ ਅਨੁਸਾਰ ਹੀ 'ਅਮਰ ਹੋ ਜਾਣਾ ਤੇ ਮਰ ਜਾਣਾ' ਉਸ ਦੀ ਜ਼ਿੰਦਗੀ ਦਾ ਸਮਅਰਥੀ ਹੋ ਨਿਬੜਿਆ।*

# ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਕੈਂਟਨ (ਮਿਸ਼ੀਗਨ)

**48055 Michigan Ave., Canton, MI 48188**

## ਕਥਾ ਵਿਆਖਿਆ

### 3 ਅਕਤੂਬਰ ਸੋਮਵਾਰ ਤੋਂ 9 ਅਕਤੂਬਰ ਐਤਵਾਰ ਤਕ

**ਭਾਈ ਸਾਹਿਬ ਸਿੰਘ ਜੀ ਵੈਨਕੂਵਰ ਵਾਲੇ**

3 ਅਕਤੂਬਰ ਤੋਂ 8 ਅਕਤੂਬਰ ਤੱਕ, ਸਮਾਂ: ਸ਼ਾਮ 7 ਤੋਂ 8 ਵਜੇ ਤੱਕ

9 ਅਕਤੂਬਰ, ਐਤਵਾਰ

ਸਵੇਰੇ 11:30 ਤੋਂ ਦੁਪਹਿਰ 12:30 ਵਜੇ ਤੱਕ

*ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ*

ਗੁਰੂ ਕਾ ਲੰਗਰ ਅਤੁੱਟ ਵਰਤੇਗਾ



ਭਾਈ ਸਾਹਿਬ ਸਿੰਘ ਜੀ ਵੈਨਕੂਵਰ ਵਾਲੇ

ਹੋਰ ਜਾਣਕਾਰੀ ਲਈ ਸੰਪਰਕ ਕਰੋ

ਫੋਨ: 586-709-1781